PANJAB TIMES
# ਪੰਜਾਬ ਟਾਈਮਜ਼
£2
ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ
9th - 16th May 2024 • Issue No. 3029
Europe's Leading Panjabi Weekly Since 1965
Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!


Tel: 020 8571 6680
India:+91-181 5086389

### -ਮਾਮਲਾ 'ਸਿੱਖਜ਼ ਫਾਰ ਜਸਟਿਸ' ਤੋਂ 1.60 ਕਰੋੜ ਡਾਲਰ ਫੰਡ ਪ੍ਰਾਪਤ ਕਰਨ ਦਾ-

# ਦਿੱਲੀ ਦੇ ਉਪ-ਰਾਜਪਾਲ ਨੇ ਕੀਤੀ ਸਿਫਾਰਸ਼ ਕਿ ਕੇਜਰੀਵਾਲ ਖ਼ਿਲਾਫ਼ ਐਨ.ਆਈ.ਏ. ਜਾਂਚ ਕਰੇ

## ✪ ਆਪ ਆਗੂ ਭਾਰਦਵਾਜ ਬੋਲੇ-'ਹਾਰ ਦੇ ਡਰ ਕਾਰਨ ਭਾਜਪਾ ਲਗਾ ਰਹੀ ਏ ਝੂਠੇ ਦੋਸ਼'





ਨਵੀਂ ਦਿੱਲੀ-ਦਿੱਲੀ ਦੇ ਉਪ-ਰਾਜਪਾਲ ਵੀ. ਕੇ. ਸਕਸੈਨਾ ਨੇ ਹੁਣੇ ਜਿਹੇ ਇੰਡੀਆ ਵਿੱਚ ਪਾਬੰਦੀਸ਼ੁਦਾ ਜਥੇਬੰਦੀ 'ਸਿੱਖਜ਼ ਫਾਰ ਜਸਟਿਸ' ਤੋਂ ਸਿਆਸੀ ਫੰਡ ਪ੍ਰਾਪਤ ਕਰਨ ਲਈ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵਿਰੁੱਧ ਐਨ.ਆਈ.ਏ. ਜਾਂਚ ਦੀ ਸਿਫ਼ਾਰਸ਼ ਕੀਤੀ ਹੈ। ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ 'ਚ ਲੈਫਟੀਨੈਂਟ ਗਵਰਨਰ ਦੇ ਸਕੱਤਰੇਤ ਨੇ ਕਿਹਾ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ 'ਆਪ' ਪਾਰਟੀ ਨੇ ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਲਈ ਖ਼ਾਲਿਸਤਾਨੀ ਸਮੂਹਾਂ ਤੋਂ 1.60 ਕਰੋੜ ਡਾਲਰ ਦੀ ਫੰਡਿੰਗ ਪ੍ਰਾਪਤ ਕੀਤੀ ਸੀ। ਦੱਸ ਦਈਏ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਵੀ ਇਹ ਮੁੱਦਾ ਉਠਿਆ ਸੀ। ਉਸ ਸਮੇਂ ਤਤਕਾਲੀ ਮੁੱਖ ਮੰਤਰੀ ਅਤੇ ਕਾਂਗਰਸੀ ਆਗੂ ਚਰਨਜੀਤ ਸਿੰਘ ਚੰਨੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਲਿਖ ਕੇ ਦੋਸ਼ ਲਾਇਆ ਸੀ, ਕਿ ਸਿੱਖ ਫਾਰ ਜਸਟਿਸ ਲਗਾਤਾਰ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਹੈ ਅਤੇ ਚੋਣਾਂ ਵਿੱਚ ਵੀ ਪਾਰਟੀ ਨੂੰ ਫੰਡ ਵੀ ਦੇ ਰਹੀ ਹੈ।

ਦਰਅਸਲ, ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਲਈ ਵੋਟਿੰਗ 20 ਫਰਵਰੀ 2022 ਨੂੰ ਹੋਣੀ ਸੀ। ਇਸ ਤੋਂ ਠੀਕ ਪਹਿਲਾਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਇਕ ਪੱਤਰ ਸਾਹਮਣੇ ਆਇਆ ਸੀ, ਜੋ ਉਨ੍ਹਾਂ ਨੇ ਵੋਟਿੰਗ ਤੋਂ ਦੋ ਦਿਨ ਪਹਿਲਾਂ 18 ਫਰਵਰੀ 2022 ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਲਿਖਿਆ ਸੀ। ਇਸ ਪੱਤਰ ਵਿਚ ਉਨ੍ਹਾਂ ਨੇ ਖਾਲਿਸਤਾਨੀ ਸੰਗਠਨ ਸਿੱਖ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਦੇ ਉਸੇ ਪੱਤਰ ਦਾ ਹਵਾਲਾ ਦਿੱਤਾ ਸੀ, ਜਿਸ ਬਾਰੇ ਐੱਲ.ਜੀ. ਚੰਨੀ ਨੇ ਲਿਖਿਆ ਸੀ ਕਿ ਪੰਨੂ ਦਾ ਇਹ ਪੱਤਰ ਪੰਜਾਬੀ ਭਾਸ਼ਾ ਵਿੱਚ ਲਿਖਿਆ ਗਿਆ ਸੀ ਅਤੇ ਇਸ ਵਿੱਚ ਕਿਹਾ ਗਿਆ ਸੀ ਕਿ ਪਾਬੰਦੀਸ਼ੁਦਾ ਜਥੇਬੰਦੀ ਸਿੱਖ ਫਾਰ ਜਸਟਿਸ ਲਗਾਤਾਰ ਆਮ ਆਦਮੀ ਪਾਰਟੀ ਦੇ ਸੰਪਰਕ ਵਿੱਚ ਹੈ।

ਬਾਕੀ ਹਿਸਾ ਸਫਾ 4 ਤੇ ਪੜ੍ਹੋ →

## ਡੰਗ ਮਨਚੰਦੇ ਦੇ

rajinder.pardesi7@gmail.com

ਤੇਜਿੰਦਰ ਮਨਚੰਦਾ ਪ੍ਰਦੇਸੀ

ਸਰ ਇਹ ਹਨ ਸੋਸ਼ਲ ਮੀਡੀਆ ਦੇ ਬਦਮਾਸ਼! ਪਹਿਲਾਂ ਇਨ੍ਹਾਂ ਦੀ ਕੰਪਨੀ ਸਾਡੀ ਵਿਰੋਧੀ ਪਾਰਟੀ ਲਈ ਕੰਮ ਕਰਦੀ ਸੀ, ਹੁਣ ਆਪਾਂ ਖਰੀਦ ਲਏ ਹਨ, ਸੋਸ਼ਲ ਮੀਡੀਆ ਤੇ ਆਪਣੇ ਖਿਲਾਫ਼ ਕਿਸੇ ਨੂੰ ਖੰਘਣ ਨਹੀਂ ਦੇਣਗੇ।



## ਸਾਊਥਾਲ ਵਿੱਚ ਫੇਮਸ ਪੰਜਾਬੀ ਮੇਲੇ ਮੌਕੇ ਹਜ਼ਾਰਾਂ ਦਰਸ਼ਕਾਂ ਦਾ ਹੋਇਆ ਵੱਡਾ ਇਕੱਠ





# ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ, ਰਾਮਗੜ੍ਹੀਆ ਸਭਾ ਡਰਬੀ ਵਿਖੇ ਅਹਿਮ ਸ਼ਖਸੀਅਤਾਂ ਦੀ ਹਾਜ਼ਰੀ ਵਿੱਚ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਦਾ ਉਦਘਾਟਨ

ਡਰਬੀ (ਪੰਜਾਬ ਟਾਈਮਜ਼) – ਪੰਥ ਦੇ ਮਹਾਨ ਜਰਨੈਲ ਸ: ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਮੌਕੇ ਉਹਨਾਂ ਦਾ ਬੁੱਤ ਰਾਮਗੜ੍ਹੀਆ ਸਭਾ ਡਰਬੀ ਵਿਖੇ ਲਾ ਕੇ ਬੀਤੇ ਸੋਮਵਾਰ ਨੂੰ ਉਦਘਾਟਨ ਕੀਤਾ ਗਿਆ। ਪੰਜ ਪਿਆਰਿਆਂ ਦੀ ਅਗਵਾਈ ਹੇਠ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤੇ ਦਾ ਉਦਘਾਟਨ ਕਰਨ ਸਮੇਂ ਯੂ ਕੇ ਭਰ ਦੀਆਂ ਰਾਮਗੜ੍ਹੀਆ ਸਭਾਵਾਂ ਦੇ ਉਘੇ ਆਗੂ ਪਹੁੰਚੇ ਹੋਏ ਸਨ । ਇਹਨਾਂ ਦੇ ਇਲਾਵਾ ਸਥਾਨਕ ਐਮ ਪੀ ਮਾਰਗ੍ਰੇਟ ਬੈਕਿਟ, ਲੌਰਡ ਮੇਅਰ ਅਤੇ ਹੋਰ ਅਹਿਮ ਸ਼ਖਸੀਅਤਾਂ ਵੀ ਹਾਜ਼ਰ ਸਨ। ਇਸ ਦੇ ਨਾਲ ਹੀ ਰਾਗਮੜ੍ਹੀਆ ਦਰਵਾਜ਼ੇ ਦਾ ਵੀ ਉਦਘਾਟਨ ਕੀਤਾ ਗਿਆ। ਇਹ ਗੇਟ ਵੀ ਮਹਾਰਾਜਾ ਸਾਹਿਬ ਦੀ ਸ਼ਖਸੀਅਤ ਨੂੰ ਸਮਰਪਿਤ ਹੈ।

*ਨੋਟ: ਹੋਰ ਤਸਵੀਰਾਂ ਅਗਲੇ ਹਫ਼ਤੇ ਦੇਖੋ*









# ਸਿੰਘ ਸਭਾ ਡਰਬੀ ਵਿਖੇ ਖਾਲਸਾ ਸਾਜਨਾ ਦਿਵਸ ਦੇ ਸਬੰਧ 'ਚ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ ਗਿਆ

ਡਰਬੀ (ਪੰਜਾਬ ਟਾਈਮਜ਼) – ਬੀਤੇ ਐਤਵਾਰ ਇਥੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਖਾਲਸਾ ਪੰਥ ਦਾ ਸਾਜਨਾ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਹਫ਼ਤਾਵਾਰੀ ਦੀਵਾਨ ਦੌਰਾਨ ਗੁਰੂ ਘਰ ਦੇ ਹਜ਼ੂਰੀ ਰਾਗੀ ਜਥੇ ਵੱਲੋਂ ਕੀਰਤਨ ਕੀਤਾ ਗਿਆ। ਬਾਅਦ ਵਿੱਚ ਭਾਈ ਲਖਵੀਰ ਸਿੰਘ, ਬੀਬੀ ਸੁਰਿੰਦਰ ਕੌਰ ਵਿਰਕ, ਬੀਬੀ ਪ੍ਰਮਜੀਤ ਕੌਰ, ਬੀਬੀ ਨਵਜੋਤ ਕੌਰ ਵਿਰਕ ਅਤੇ ਉਹਨਾਂ ਦੇ ਸਹਿਯੋਗੀਆਂ ਦੁਆਰਾ ਤਿਆਰ ਕੀਤੇ ਗਏ ਬੱਚਿਆਂ ਨੇ ਬਹੁਤ ਹੀ ਖੂਬਸੂਰਤੀ ਨਾਲ ਵੱਖ ਵੱਖ ਝਾਕੀਆਂ ਪੇਸ਼ ਕਰਕੇ ਵਿਸਾਖੀ ਪੂਰਬ ਮਨਾਇਆ।

ਇਸ ਦੌਰਾਨ ਬੱਚਿਆਂ ਪੁਰਾਤਨ ਸਮੇਂ ਦੇ ਪੰਜਾਬ ਦੇ ਪਹਿਰਾਵੇ ਸਮੇਤ ਕਈ ਝਾਕੀਆਂ ਪੇਸ਼ ਕੀਤੀਆਂ। ਬੱਚਿਆਂ ਨੇ ਕਵੀਸ਼ਰੀ ਰਾਹੀਂ ਸਿੱਖ ਇਤਿਹਾਸ ਦਾ ਵਰਣਨ ਕੀਤਾ, ਜਿਸ ਤੋਂ ਸੰਗਤਾਂ ਬਹੁਤ ਪ੍ਰਭਾਵਿਤ ਹੋਈਆਂ। ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਤੇ ਉਹਨਾਂ ਦੀ ਤਿਆਰੀ ਵਿੱਚ ਮਦਦ ਕਰਨ ਵਾਲੇ ਅਧਿਆਪਕਾਂ ਤੇ ਬੱਚਿਆਂ ਦੇ ਮਾਪਿਆਂ ਦਾ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਡਾ: ਦਲਜੀਤ ਸਿੰਘ ਨੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ। ਉਹਨਾਂ ਕਿਹਾ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਮਾਪਿਆਂ ਅਤੇ ਗੁਰੂ ਘਰ ਦੇ ਨਿਸ਼ਕਾਮ ਸੇਵਾਦਾਰਾਂ ਵੱਲੋਂ ਬਹੁਤ ਹੀ ਮਿਹਨਤ ਕੀਤੀ ਜਾਂਦੀ ਹੈ ਤੇ ਉਹਨਾਂ ਦੀ ਤਿਆਰੀ ਕਰਵਾਈ ਜਾਂਦੀ ਹੈ। ਜਿਸ ਲਈ ਅਸੀਂ ਸਾਰੇ ਅਧਿਆਪਕਾਂ, ਮਾਪਿਆਂ ਅਤੇ ਬੱਚਿਆਂ ਦਾ ਬਹੁਤ ਹੀ ਧੰਨਵਾਦ ਕਰਦੇ ਹਾਂ। ਇਸ ਉਪਰੰਤ ਭਾਗ ਲੈਣ ਵਾਲੇ ਬੱਚਿਆਂ ਨੂੰ ਇਨਾਮ ਅਤੇ ਉਨ੍ਹਾਂ ਦੇ ਅਧਿਆਪਕਾਂ ਨੂੰ ਗੁਲਦਸਤੇ ਦੇ ਕੇ ਸਨਮਾਨ ਕੀਤਾ ਗਿਆ।















ਉਪਰ ਤਸਵੀਰਾਂ 'ਚ ਸਿੰਘ ਸਭਾ ਡਰਬੀ ਦੇ ਬੱਚੇ ਝਾਕੀਆਂ ਪੇਸ਼ ਕਰਦੇ ਹੋਏ ਅਤੇ ਹੇਠਾਂ ਗੁਰੂ ਘਰ ਵੱਲੋਂ ਬੱਚਿਆਂ ਤੇ ਅਧਿਆਪਕਾਂ ਦਾ ਸਨਮਾਨ ਕਰਦੇ ਹੋਏ

# ਭਾਈ ਨਿੱਝਰ ਕਤਲ ਕਾਂਡ ਦੀ ਜਾਂਚ ਮੋਦੀ ਸਰਕਾਰ ਲਈ ਬਣੀ ਵੱਡੀ ਸਿਰਦਰਦੀ, ਕੈਨੇਡਾ ਨਾਲ ਭੇੜ ਹੋਈ ਤਿੱਖੀ

**✪ ਕੈਨੇਡੀਅਨ ਅਧਿਕਾਰੀਆਂ ਅਨੁਸਾਰ ਦੋਸ਼ੀ ਭਾਰਤੀ ਏਜੰਸੀਆਂ ਦੇ ਨੈਟਵਰਕ ਦਾ ਹਿੱਸਾ, ਲਾਰੈਂਸ ਗੈਂਗ ਨਾਲ ਜੁੜੇ ਤਾਰ ✪ ਟਰੂਡੋ ਨੇ ਕਿਹਾ ਕਿ ਹੋਰ ਗ੍ਰਿਫਤਾਰੀਆਂ ਹੋ ਸਕਦੀਆਂ ਨੇ ✪ ਭਾਰਤੀ ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਖਾਲਿਸਤਾਨੀਆਂ ਨੂੰ ਉਤਸ਼ਾਹਿਤ ਕਰ ਰਿਹੈ ਹੈ ਕੈਨੇਡਾ**



ਓਨਟਾਰੀਓ-ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਕਤਲ ਕਾਂਡ ਵਿਚ 3 ਪੰਜਾਬੀ ਮੂਲ ਦੇ ਭਾਰਤੀਆਂ 22 ਸਾਲਾ ਕਰਨ ਬਰਾੜ ਫ਼ਰੀਦਕੋਟ, 26 ਸਾਲਾ ਕਰਨਪ੍ਰੀਤ ਸਿੰਘ ਗੁਰਦਾਸਪੁਰ ਅਤੇ 22 ਸਾਲਾ ਕਮਲਪ੍ਰੀਤ ਸਿੰਘ ਜਲੰਧਰ ਦੀ ਗ੍ਰਿਫਤਾਰੀ ਤੋਂ ਬਾਅਦ ਭਾਰਤ ਤੇ ਕੈਨੇਡਾ ਵਿਚਾਲੇ ਤਣਾਅ ਵਧ ਗਿਆ ਹੈ। ਇਨ੍ਹਾਂ ਦੋਸ਼ੀਆਂ ਨੂੰ ਕੈਨੇਡਾ ਦੇ ਸ਼ਹਿਰ ਐਡਮਿੰਟਨ ਤੋਂ ਹਿਰਾਸਤ ਵਿੱਚ ਲਿਆ ਗਿਆ ਸੀ। ਹੁਣ ਕੈਨੇਡੀਅਨ ਪੁਲਿਸ ਵਲੋਂ ਇਸ ਘਟਨਾ ਨਾਲ ਤਿੰਨ ਹੋਰ ਕਤਲਾਂ ਨੂੰ ਜੋੜ ਕੇ ਜਾਂਚ ਨੂੰ ਅੱਗੇ ਵਧਾਉਣ ਦਾ ਐਲਾਨ ਕੀਤਾ ਗਿਆ ਹੈ। ਇਹ ਵੀ ਸੰਕੇਤ ਮਿਲੇ ਹਨ ਕਿ ਜਲਦੀ ਹੀ ਕੁਝ ਹੋਰ ਗ੍ਰਿਫਤਾਰੀਆਂ ਵੀ ਹੋ ਸਕਦੀਆਂ ਹਨ।

ਆਈਐੱਚਆਈਟੀ ਦੇ ਇੰਚਾਰਜ ਅਫ਼ਸਰ ਸੁਪਰਟੈਂਨਡੈਂਟ ਮਨਦੀਪ ਮੂਕਰ ਅਨੁਸਾਰ ਇਹ ਜਾਂਚ ਅਜੇ ਜਾਰੀ ਹੈ। ਅਸੀਂ ਜਾਣਦੇ ਹਾਂ ਕਿ ਇਸ ਕਤਲਕਾਂਡ ਵਿੱਚ ਕਈ ਹੋਰ ਲੋਕਾਂ ਨੇ ਵੀ ਭੂਮਿਕਾ ਨਿਭਾਈ ਹੋ ਸਕਦੀ ਹੈ। ਅਸੀਂ ਉਨ੍ਹਾਂ ਲੋਕਾਂ ਨੂੰ ਪਛਾਨਣ ਅਤੇ ਗ੍ਰਿਫਤਾਰ ਕਰਨ ਤੱਕ ਜਾਂਚ ਜਾਰੀ ਰਖਾਂਗੇ। ਉਨ੍ਹਾਂ ਨੇ ਕਿਹਾ ਕਿ ਇਹ ਤਿੰਨੇ, ਕਥਿਤ ਦੋਸ਼ੀ ਐਡਮਿੰਟਨ, ਐਲਬਰਟਾ ਵਿੱਚ ਰਹਿ ਰਹੇ ਸਨ, ਜਿੱਥੋਂ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਗੈਰ ਰਸਮੀ ਬ੍ਰੀਫਿੰਗ ਵਿੱਚ, ਕੈਨੇਡੀਅਨ ਅਧਿਕਾਰੀਆਂ ਨੇ ਟਿੱਪਣੀ ਕੀਤੀ ਸੀ ਕਿ ਤਿੰਨੇ ਦੋਸ਼ੀ "ਇੱਕ ਸੰਗਠਿਤ ਅਪਰਾਧਿਕ ਨੈਟਵਰਕ" ਦਾ ਹਿੱਸਾ ਸਨ ਜੋ ਭਾਰਤ ਸਰਕਾਰ ਅਤੇ ਇਸਦੀਆਂ ਖੁਫੀਆ ਏਜੰਸੀਆਂ ਵਲੋਂ ਕੰਮ ਕਰ ਰਿਹਾ ਸੀ।


ਪੁਲਿਸ ਦੇ ਅਸਿਸਟੈਂਟ ਕਮਿਸ਼ਨਰ ਡੇਵਿਡ ਟੇਬੁਲ ਅਨੁਸਾਰ ਤਿੰਨੇ ਜਣੇ ਤਿੰਨ ਤੋਂ ਪੰਜ ਸਾਲ ਤੋਂ ਕੈਨੇਡਾ ਵਿੱਚ ਰਹਿ ਰਹੇ ਸਨ। ਜਾਂਚ ਜਾਰੀ ਹੈ, ਜਿਸ ਵਿੱਚ ਇਨ੍ਹਾਂ ਦੇ "ਭਾਰਤ ਸਰਕਾਰ ਨਾਲ ਸੰਬੰਧ" ਹੋਣ ਦਾ ਪਹਿਲੂ ਵੀ ਸ਼ਾਮਲ ਹੈ। ਉਨ੍ਹਾਂ ਨੇ ਕਿਹਾ ਭਾਰਤ ਇਸ ਬਾਰੇ ਸਹਿਯੋਗ ਨਹੀਂ ਦੇ ਰਿਹਾ।

ਸੂਤਰਾਂ ਨੇ ਦੱਸਿਆ ਕਿ ਜਾਂਚਕਰਤਾਵਾਂ ਨੇ ਕੁਝ ਮਹੀਨੇ ਪਹਿਲਾਂ ਕੈਨੇਡੀਅਨ ਮੀਡੀਆ ਵਿੱਚ ਛਪੀਆਂ ਰਿਪੋਰਟਾਂ ਤੇ ਕੈਨੇਡੀਅਨ ਏਜੰਸੀਆਂ ਦੇ ਸ਼ੱਕ ਮੁਤਾਬਕ ਗ੍ਰਿਫ਼ਤਾਰ ਕੀਤੇ ਤਿੰਨੇ ਨੌਜਵਾਨ ਤਿਹਾੜ ਜੇਲ ਵਿਚ ਬੰਦ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੇ ਦੋਸ਼ੀ ਗੈਂਗਸਟਰ ਲਾਰੈਂਸ ਬਿਸ਼ਨੋਈ ਗੈਂਗ ਨਾਲ ਸਬੰਧਤ ਹਨ। ਪੁਲਿਸ ਨੂੰ ਇਨ੍ਹਾਂ ਸ਼ੱਕੀਆਂ ਦਾ ਨਿੱਝਰ ਹੱਤਿਆ ਕਾਂਡ ਤੋਂ ਇਲਾਵਾ ਵਿੰਨੀਪੈਗ ਵਿਖੇ ਸਤੰਬਰ 2023 ਵਿਚ ਇਕ ਗੈਂਗਸਟਰ ਸੁਖਦੂਲ ਗਿੱਲ ਉਰਫ ਸੁੱਖਾ ਦੁੱਨੇਕੇ ਤੇ ਐਡਮਿੰਟਨ ਵਿਖੇ 2023 ਵਿਚ ਬਿਜ਼ਨਸਮੈਨ ਹਰਪ੍ਰੀਤ ਉੱਪਲ ਤੇ ਉਸ ਦੇ 11 ਸਾਲਾ ਪੁੱਤਰ ਦੀ ਹੱਤਿਆ ਦੇ ਮਾਮਲੇ ਵਿਚ ਵੀ ਸ਼ਾਮਿਲ ਹੋਣ ਦਾ ਸ਼ੱਕ ਹੈ ਗੈਂਗਸਟਰ ਸੁੱਖਾ ਦੁੱਨੇਕੇ ਪੰਜਾਬ ਵਿਚ ਗੈਂਗਸਟਰ ਬੰਬੀਹਾ ਗਰੁੱਪ ਦਾ ਮੈਂਬਰ ਸੀ, ਜੋ 2017 ਦੌਰਾਨ ਜਾਅਲੀ ਪਾਸਪੋਰਟ 'ਤੇ ਕੈਨੇਡਾ ਪੁੱਜਾ ਸੀ।

ਕਾਬਿਲੇਗੌਰ ਹੈ ਕਿ ਓਨਟਾਰੀਓ ਵਿੱਚ ਸਿੱਖ ਫਾਊਂਡੇਸ਼ਨ ਆਫ ਕੈਨੇਡਾ ਦੇ ਸ਼ਤਾਬਦੀ ਸਮਾਗਮ ਵਿੱਚ ਟਰੂਡੋ ਨੇ ਕਿਹਾ ਸੀ ਕਿ ਕੈਨੇਡਾ ਇੱਕ ਕਾਨੂੰਨ ਦੀ ਪਾਲਣਾ ਕਰਨ ਵਾਲਾ ਦੇਸ਼ ਹੈ। ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਇੱਥੇ ਹਰ ਵਿਅਕਤੀ ਨੂੰ ਵਿਤਕਰੇ ਅਤੇ ਹਿੰਸਾ ਤੋਂ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।

ਬਾਕੀ ਹਿਸਾ ਸਫਾ 49 ਤੇ ਪੜ੍ਹੋ

## ਨਿੱਝਰ ਦਾ ਕਤਲ ਭਾਰਤ ਨੇ ਕਰਵਾਇਆ : ਜਗਮੀਤ ਸਿੰਘ ਦਾ ਦੋਸ਼



ਕੈਨੇਡਾ ਦੇ ਵੱਡੇ ਸਿੱਖ ਨੇਤਾ ਜਗਮੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤ ਨੇ ਕਰਵਾਇਆ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਪੋਸਟ ਵਿਚ ਜਗਮੀਤ ਸਿੰਘ ਨੇ ਲਿਖਿਆ, 'ਭਾਰਤ ਸਰਕਾਰ ਨੇ ਕਾਤਲਾਂ ਦੀ ਮਦਦ ਨਾਲ ਕੈਨੇਡੀਅਨ ਨਾਗਰਿਕ ਦਾ ਕੈਨੇਡਾ ਦੀ ਧਰਤੀ 'ਤੇ ਕਤਲ ਕਰਵਾ ਦਿੱਤਾ, ਉਹ ਵੀ ਧਾਰਮਿਕ ਸਥਾਨ 'ਤੇ। ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜੇ ਕੋਈ ਭਾਰਤੀ ਏਜੰਟ ਜਾਂ ਭਾਰਤ ਸਰਕਾਰ ਦਾ ਵਿਅਕਤੀ ਇਸ ਮਾਮਲੇ ਵਿੱਚ ਸ਼ਾਮਲ ਹੋਇਆ ਤਾਂ ਉਸ ਵਿਰੁੱਧ ਕੈਨੇਡਾ ਦੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ। ਹਰਦੀਪ ਸਿੰਘ ਨਿੱਝਰ ਨੂੰ ਕੈਨੇਡਾ ਵਿੱਚ ਜਮਹੂਰੀਅਤ ਅਤੇ ਪ੍ਰਗਟਾਵੇ ਦੀ ਆਜ਼ਾਦੀ ਲਈ ਇਨਸਾਫ਼ ਮਿਲਣਾ ਜ਼ਰੂਰੀ ਹੈ।

## ਕੌਣ ਨੇ ਕਥਿਤ ਕਾਤਲ



ਗ੍ਰਿਫ਼ਤਾਰ ਕੀਤੇ ਤਿੰਨੋਂ ਦੋਸ਼ੀ ਪੰਜਾਬ ਨਾਲ ਸਬੰਧਿਤ ਹਨ। ਜਾਣਕਾਰੀ ਮੁਤਾਬਕ ਦੋਸ਼ੀ ਕਰਨ ਦੇ ਦਾਦਾ ਬਲਬੀਰ ਸਿੰਘ ਬਰਾੜ 'ਕਰਨ ਬਿਸਤਰ ਭੰਡਾਰ' ਨਾਮ ਦਾ ਇੱਕ ਸਥਾਨਕ ਕਾਰੋਬਾਰ ਚਲਾਉਂਦੇ ਹਨ। ਕਰਨ ਮਾਪਿਆਂ ਦਾ ਇਕਲੌਤਾ ਪੁੱਤ ਹੈ। ਕਰਨ ਬਰਾੜ ਦੀ ਮਾਤਾ ਰਮਨ ਕੌਰ ਬਰਾੜ ਅੱਜਕੱਲ ਸਿੰਗਾਪੁਰ ਵਿੱਚ ਰਹਿੰਦੇ ਹਨ, ਉੱਥੇ ਉਹ ਨੌਕਰੀ ਕਰਦੇ ਹਨ। ਕਰਨ ਦੇ ਪਿਤਾ ਮਨਦੀਪ ਸਿੰਘ ਦੀ ਬੀਤੇ ਮਹੀਨੇ 18 ਅਪ੍ਰੈਲ ਨੂੰ ਮੌਤ ਹੋ ਗਈ ਸੀ, ਜਿਸ ਕਰਕੇ ਕਰਨ ਦੀ ਮਾਤਾ ਭਾਰਤ ਵੀ ਆਏ ਹੋਏ ਸਨ। ਕਰਨ ਦੀ ਕੈਨੇਡਾ ਵਿਚ ਗ੍ਰਿਫਤਾਰੀ ਦੀ ਘਟਨਾ ਤੋਂ ਬਾਅਦ ਕਰਨ ਦੇ ਘਰ ਨੂੰ ਤਾਲਾ ਲੱਗਿਆ ਹੋਇਆ ਸੀ। ਕਰਨ ਬਰਾੜ ਕਰੀਬ ਸਾਢੇ ਚਾਰ ਸਾਲ ਪਹਿਲਾਂ ਕੈਨੇਡਾ ਗਿਆ ਸੀ। ਫਰੀਦਕੋਟ ਦੇ ਐਸਪੀ ਜਸਮੀਤ ਸਿੰਘ ਨੇ ਕਿਹਾ ਕਿ ਕਰਨ ਬਰਾੜ ਦਾ ਕੋਈ ਵੀ ਪੁਰਾਣਾ ਅਪਰਾਧਕ ਰਿਕਾਰਡ ਨਹੀਂ ਹੈ।

ਦੂਸਰੇ ਦੋਸ਼ੀ ਕਰਨਪ੍ਰੀਤ ਸਿੰਘ ਪਿੰਡ ਸੁੰਡਲ ਗੁਰਦਾਸਪੁਰ ਸਾਧਾਰਨ ਕਿਸਾਨ ਪਰਿਵਾਰ ਨਾਲ ਸਬੰਧ ਰੱਖਦਾ ਹੈ। ਉਨ੍ਹਾਂ ਦੇ ਪਿਤਾ ਦੁਬਈ ਵਿੱਚ ਟਰੱਕ ਵੀ ਚਲਾਉਂਦੇ ਰਹੇ ਹਨ। ਕਰਨਪ੍ਰੀਤ ਆਪਣੀ ਮੁੱਢਲੀ ਪੜ੍ਹਾਈ ਪੂਰੀ ਕਰਨ ਮਗਰੋਂ 2016 ਵਿੱਚ ਦੁਬਈ ਚਲਾ ਗਿਆ ਸੀ, ਜਿੱਥੇ ਉਸ ਨੇ ਆਪਣੇ ਪਿਤਾ ਨਾਲ ਕਰੀਬ ਚਾਰ ਸਾਲ ਟਰੱਕ ਡਰਾਈਵਰ ਵਜੋਂ ਕੰਮ ਕੀਤਾ। ਕਰਨਪ੍ਰੀਤ ਵਰਕ ਪਰਮਿਟ ਉੱਤੇ ਕੈਨੇਡਾ ਗਿਆ ਸੀ। ਕਰਨਪ੍ਰੀਤ ਪਿਛਲੇ ਕਰੀਬ ਤਿੰਨ ਸਾਲਾਂ ਤੋਂ ਕੈਨੇਡਾ ਵਿੱਚ ਟਰੱਕ ਚਲਾਉਂਦਾ ਸੀ। ਕਰਨਪ੍ਰੀਤ ਦੇ ਪਰਿਵਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਗੱਲ ਉੱਤੇ ਯਕੀਨ ਨਹੀਂ ਹੋ ਰਿਹਾ ਕਿ ਉਨ੍ਹਾਂ ਦੇ ਪੁੱਤਰ ਦੀ ਅਜਿਹੇ ਕਿਸੇ ਜੁਰਮ ਵਿੱਚ ਸ਼ਮੂਲੀਅਤ ਹੋ ਸਕਦੀ ਹੈ। ਕਰਨਪ੍ਰੀਤ ਦੀਆਂ ਦੋ ਭੈਣਾਂ ਹਨ, ਦੋਵੇਂ ਵਿਆਹੀਆਂ ਹੋਈਆਂ ਹਨ। ਪਰਿਵਾਰਕ ਮੈਂਬਰਾਂ ਅਨੁਸਾਰ ਉਨ੍ਹਾਂ ਨੇ ਕਰਨਪ੍ਰੀਤ ਨੂੰ ਕਰਜ਼ਾ ਚੁੱਕ ਕੇ ਕੈਨੇਡਾ ਭੇਜਣ ਦਾ ਪ੍ਰਬੰਧ ਕੀਤਾ ਸੀ।

ਤੀਜਾ ਦੋਸ਼ੀ ਕਮਲਪ੍ਰੀਤ ਸਿੰਘ, ਜਲੰਧਰ ਜ਼ਿਲ੍ਹੇ ਦੇ ਨਕੋਦਰ ਸਬ ਡਵੀਜ਼ਨ ਦੇ ਪਿੰਡ ਚੱਕ ਕਲਾਂ ਨਾਲ ਸਬੰਧਤ ਹੈ। ਕਮਲਪ੍ਰੀਤ ਸਿੰਘ ਨੇ ਨਕੋਦਰ ਦੇ ਇੱਕ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਈ ਕੀਤੀ ਅਤੇ ਸਾਲ 2019 ਵਿੱਚ ਆਪਣੀ +2 ਪੂਰੀ ਕੀਤੀ। ਉਸ ਤੋਂ ਬਾਅਦ ਉਹ ਐਡਮਿੰਟਨ ਵਿੱਚ ਸਟੱਡੀ ਪਰਮਿਟ 'ਤੇ ਕੈਨੇਡਾ ਚਲਾ ਗਿਆ ਸੀ।

ਕਮਲਪ੍ਰੀਤ ਦਾ ਪਰਿਵਾਰ ਆਰਥਿਕ ਪੱਖੋਂ ਮਜ਼ਬੂਤ ਹੈ ਕਿਉਂਕਿ ਉਸਦੇ ਪਿਤਾ ਸਤਨਾਮ ਸਿੰਘ ਦਾ ਆੜ੍ਹਤ ਦਾ ਕੰਮ ਹੈ ਤੇ ਨਾਲ ਹੀ ਉਨ੍ਹਾਂ ਕੋਲ ਪਿੰਡ ਵਿੱਚ ਚੰਗੀ ਜ਼ਮੀਨ ਵੀ ਹੈ। ਕਮਲਪ੍ਰੀਤ ਦੀ ਭੈਣ ਵੀ ਕੈਨੇਡਾ ਵਿੱਚ ਰਹਿੰਦੀ ਹੈ। ਜਲੰਧਰ ਦਿਹਾਤੀ ਦੇ ਸੀਨੀਅਰ ਪੁਲਿਸ ਕਪਤਾਨ, ਅੰਕੁਰ ਗੁਪਤਾ ਅਨੁਸਾਰ ਕਮਲਪ੍ਰੀਤ ਸਿੰਘ ਦਾ ਜਲੰਧਰ ਜ਼ਿਲ੍ਹੇ ਵਿੱਚ ਕੋਈ ਵੀ ਅਪਰਾਧਿਕ ਰਿਕਾਰਡ ਨਹੀਂ ਹੈ।


## ਪੰਜਾਬ ਟਾਈਮਜ਼ ਔਨ ਲਾਈਨ ਪੜ੍ਹਨ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਲੌਗ ਕਰੋ

ਅਸੀਂ ਆਪਣੇ ਬਹੁਤ ਸਾਰੇ ਪਾਠਕਾਂ ਨੂੰ ਪੰਜਾਬ ਟਾਈਮਜ਼ ਪੇਪਰ ਵੱਖ ਵੱਖ ਸੋਸ਼ਲ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਭੇਜਦੇ ਆ ਰਹੇ ਹਾਂ। ਬਹੁਤ ਸਾਰੇ ਪਾਠਕ ਤਾਂ ਇੰਝ ਲਗਾਤਾਰ ਪੇਪਰ ਨਾਲ ਜੁੜੇ ਹੋਏ ਹਨ, ਤੇ ਆਨਲਾਈਨ ਪੇਪਰ ਦਾ ਲਾਭ ਲੈ ਰਹੇ ਹਨ। ਪਰ ਕੁੱਝ ਪਾਠਕ ਨਹੀਂ ਵੀ ਚਾਹੁੰਦੇ ਹੁੰਦੇ ਕਿ ਪੇਪਰ ਸੋਸ਼ਲ ਮੀਡੀਆ ਰਾਹੀਂ ਪੋਸਟ ਕੀਤਾ ਜਾਵੇ। ਇਸ ਲਈ ਅਦਾਰੇ ਦੇ ਪ੍ਰਬੰਧਕਾਂ ਨੇ ਫ਼ੈਸਲਾ ਕੀਤਾ ਹੈ ਕਿ ਅੱਗੇ ਤੋਂ ਸੋਸ਼ਲ ਮੀਡੀਆ ਰਾਹੀਂ ਪੇਪਰ ਕਿਸੇ ਨੂੰ ਵੀ ਨਹੀਂ ਭੇਜਿਆ ਜਾਵੇਗਾ। ਪਰ ਔਨ ਲਾਈਨ ਪੇਪਰ ਪੜ੍ਹਨ ਦੇ ਚਾਹਵਾਨ ਫਿਰ ਵੀ ਪੇਪਰ ਦੇਖ ਸਕਦੇ ਹਨ। ਜਿਹੜੇ ਪਾਠਕ ਪੇਪਰ ਕਾਪੀ ਲੈਣੀ ਚਾਹੁੰਦੇ ਹਨ, ਉਹ ਸਾਡੇ ਨਾਲ ਫੋਨ: 07966 388388 ਤੇ ਸੰਪਰਕ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹਨ।

ਪੇਪਰ ਔਨਲਾਈਨ ਵੈਬਸਾਈਟ 'ਤੇ ਅਤੇ ਫੇਸ ਬੁੱਕ 'ਤੇ ਵੀ ਉਪਲੱਬਧ ਹੈ। ਹੇਠਾਂ ਦਿੱਤੀ ਵੈਬਸਾਈਟ 'ਤੇ ਜਾ ਕੇ ਪੇਪਰ ਲੌਗ ਕਰ ਸਕਦੇ ਹੋ:

**www.panjabtimes.uk**

## -ਮਾਮਲਾ ਸੁਮੇਧ ਸੈਣੀ ਖ਼ਿਲਾਫ਼ ਤੀਹਰੇ ਕਤਲ ਕੇਸ ਦਾ-

# ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਦਿੱਤਾ ਹੁਕਮ ਕਿ ਸੁਣਵਾਈ ਜਲਦੀ ਪੂਰੀ ਕੀਤੀ ਜਾਵੇ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਨੂੰ ਕਿਹਾ ਹੈ ਕਿ 1994 ਦੇ ਤੀਹਰੇ ਕਤਲ ਕੇਸ ਦੀ ਸੁਣਵਾਈ ਜਲਦੀ ਮੁਕੰਮਲ ਕੀਤੀ ਜਾਵੇ ਜਿਸ ਵਿਚ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਮੁਲਜ਼ਮ ਹੈ। ਹਾਈ ਕੋਰਟ ਨੇ ਇਸ ਮਾਮਲੇ ਨੂੰ ਕਿਸੇ ਹੋਰ ਟਰਾਇਲ ਕੋਰਟ ਵਿਚ ਭੇਜਣ ਤੋਂ ਇਨਕਾਰ ਕਰ ਦਿੱਤਾ। ਜਸਟਿਸ ਜਯੋਤੀ ਸਿੰਘ ਨੇ ਹੁਕਮਾਂ ਵਿੱਚ ਕਿਹਾ, 'ਵਿਸ਼ੇਸ਼ ਜੱਜ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਜਾਂਦਾ ਹੈ ਕਿ ਇਸ ਮਾਮਲੇ ਵਿੱਚ ਬੇਲੋੜੀ ਦੇਰੀ ਨਾ ਕੀਤੀ ਜਾਵੇ।'

ਇਸ ਤੋਂ ਪਹਿਲਾਂ ਵਿਸ਼ੇਸ਼ ਜੱਜ ਸੁਨੈਨਾ ਸ਼ਰਮਾ ਦੀ ਅਦਾਲਤ ਤੋਂ ਕੇਸ ਤਬਦੀਲ ਕਰਨ ਦੀ ਮੰਗ ਕੀਤੀ ਗਈ ਸੀ ਪਰ ਅਦਾਲਤ ਨੇ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਲੰਬੇ ਸਮੇਂ ਤੋਂ ਹੋ ਰਹੀ ਹੈ ਤੇ ਕੇਸ ਨੂੰ ਹੋਰ ਥਾਂ ਭੇਜਣ ਨਾਲ ਨਵੇਂ ਜੱਜ ਨੂੰ ਇਸ ਮਾਮਲੇ ਦੀ ਦੁਬਾਰਾ ਸੁਣਵਾਈ ਕਰਨੀ ਪਵੇਗੀ ਜਿਸ ਕਾਰਨ ਹੋਰ ਦੇਰੀ ਹੋਵੇਗੀ। ਅਦਾਲਤ ਨੇ ਕਿਹਾ ਕਿ ਇਸ ਸਬੰਧ ਵਿਚ ਪਟੀਸ਼ਨ ਨੂੰ ਮਨਜ਼ੂਰ ਕਰਨ ਦਾ ਕੋਈ ਆਧਾਰ ਨਹੀਂ ਹੈ। ਦੱਸਣਾ ਬਣਦਾ ਹੈ ਕਿ ਇਹ ਕੇਸ ਰਾਊਜ਼ ਐਵੇਨਿਊ ਕੋਰਟ ਵਿਚ ਸੁਣਵਾਈ ਅਧੀਨ ਹੈ।

ਯਾਦ ਰਹੇ ਕਿ 15 ਮਾਰਚ 1994 ਦੌਰਾਨ ਵਿਨੋਦ ਕੁਮਾਰ, ਉਸ ਦੇ ਸਾਲੇ ਅਸ਼ੋਕ ਕੁਮਾਰ ਅਤੇ ਡਰਾਈਵਰ ਮੁਖ਼ਤਿਆਰ ਸਿੰਘ ਨੂੰ ਲੁਧਿਆਣਾ ਦੇ ਐੱਸ ਐਸ ਪੀ ਸੁਮੇਧ ਸੈਣੀ ਦੇ ਹੁਕਮ ਉੱਤੇ ਹਿਰਾਸਤ ਵਿੱਚ ਲਿਆ ਗਿਆ



ਸੀ। ਇਸ ਤੋਂ ਬਾਅਦ ਇਹਨਾਂ ਤਿੰਨਾਂ ਨੂੰ ਮੁੜ ਕੇ ਨਹੀਂ ਦੇਖਿਆ ਗਿਆ। 24 ਮਾਰਚ 1994 ਦੌਰਾਨ ਵਿਨੋਦ ਕੁਮਾਰ ਦੇ ਭਰਾ ਅਸੀਸ਼ ਦੀ ਪਟੀਸ਼ਨ ਉੱਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਕੇਸ ਸੀਬੀਆਈ ਨੂੰ ਸੌਂਪਿਆ ਸੀ। 18 ਅਪ੍ਰੈਲ 1994 ਦੌਰਾਨ ਲੁਧਿਆਣਾ ਦੇ ਉਸ ਸਮੇਂ ਦੇ ਐੱਸਐੱਸਪੀ ਸੁਮੇਧ ਸੈਣੀ ਅਤੇ ਐਸਪੀ ਲੁਧਿਆਣਾ ਸੁਖਮਿੰਦਰ ਸਿੰਘ,ਲੁਧਿਆਣਾ ਦੇ ਐਸ ਐਚ ਓ - ਇੰਸਪੈਕਟਰ ਪਰਮਜੀਤ ਸਿੰਘ , ਐਸ ਐਚ ਓ- ਇੰਸਪੈਕਟਰ ਕੋਤਵਾਲੀ ਬਲਵੀਰ ਤਿਵਾੜੀ ਦੇ ਖ਼ਿਲਾਫ਼ ਕੇਸ ਦਰਜ ਹੋਇਆ ਸੀ। ਸੀਬੀਆਈ ਨੇ ਦੋਸ਼ ਲਾਇਆ ਸੀ ਕਿ ਪੁਲੀਸ ਅਧਿਕਾਰੀਆਂ ਨੇ ਸੈਣੀ ਦੇ ਇਸ਼ਾਰੇ 'ਤੇ ਤਿੰਨਾਂ ਵਿਅਕਤੀਆਂ ਦੀ ਹੱਤਿਆ ਕੀਤੀ ਸੀ। ਸੁਪਰੀਮ ਕੋਰਟ ਦੀਆਂ ਹਦਾਇਤਾਂ ਤੋਂ ਬਾਅਦ 5 ਮਈ 2004 - ਦੌਰਾਨ ਮ੍ਰਿਤਕ ਦੀ ਮਾਂ ਅਮਰ ਕੌਰ ਦੀ ਪਟੀਸ਼ਨ ਉੱਤੇ ਕੇਸ ਅੰਬਾਲਾ ਤੋਂ ਦਿੱਲੀ ਤਬਦੀਲ ਕੀਤਾ ਗਿਆ ਸੀ। ਅਮਰ ਕੌਰ ਦੀ ਦਲੀਲ ਸੀ ਕਿ ਅੰਬਾਲਾ ਵਿਖੇ ਸੁਮੇਧ ਸੈਣੀ ਕੇਸ ਦੇ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। 5 ਦਸੰਬਰ 2006 ਦੌਰਾਨ ਸਥਾਨਕ ਅਦਾਲਤ ਵਲੋਂ ਸੈਣੀ ਅਤੇ ਤਿੰਨ ਹੋਰਨਾਂ ਖ਼ਿਲਾਫ਼ ਦੋਸ਼ ਤੈਅ ਕੀਤੇ ਗਏ। ਅਮਰ ਕੌਰ ਨੇ ਆਪਣੇ ਕੇਸ ਨੂੰ ਫਾਸਟ-ਟਰੈਕ ਯਾਨੀ ਛੇਤੀ ਛੇਤੀ ਸੁਣਵਾਈ ਕਰਨ ਦੀ ਮੰਗ ਕੀਤੀ ਸੀ ਤਾਂ ਕਿ ਉਹ ਸ਼ਾਂਤੀ ਨਾਲ ਮਰ ਸਕੇ। ਆਪਣੇ ਪੁੱਤ ਦੀ ਮੌਤ ਦੇ ਇਨਸਾਫ਼ ਦਾ ਇੰਤਜ਼ਾਰ ਕਰਦੀ ਕਰਦੀ 100 ਸਾਲਾ ਅਮਰ ਕੌਰ 12 ਦਸੰਬਰ 2017 ਦੌਰਾਨ ਆਖ਼ਰ ਇਸ ਜਹਾਨ ਤੋਂ ਰੁਖ਼ਸਤ ਹੋ ਗਈ ਸੀ।

## ਕਿਸਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਸ਼ੁਰੂ !

### ✪ ਸਿਟ ਨੇ ਬਾਜਵਾ ਤੇ ਕਿਸਾਨ ਆਗੂਆਂ ਦੇ ਬਿਆਨ ਕੀਤੇ ਦਰਜ



ਖਨੌਰੀ-ਖਨੌਰੀ ਬਾਰਡਰ 'ਤੇ ਕਿਸਾਨ ਨੌਜਵਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਕਰ ਰਹੀ ਸਿਟ ਨੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਬਿਆਨ ਦਰਜ ਕੀਤਾ ਹੈ। ਹਾਈਕੋਰਟ ਵਿੱਚ ਸ਼ੁਭਕਰਨ ਨੂੰ ਲੈਕੇ ਜਿਹੜੀ ਪਟੀਸ਼ਨ ਪਾਈ ਗਈ ਸੀ ਉਸ ਵਿੱਚ ਬਾਜਵਾ ਮੁੱਖ ਪਟੀਸ਼ਨਕਰਤਾ ਸਨ। ਉਨ੍ਹਾਂ ਦੱਸਿਆ ਕਿ ਮੈਨੂੰ ਪਹਿਲਾਂ ਵੀ ਨੋਟਿਸ ਜਾਰੀ ਕੀਤਾ ਗਿਆ ਸੀ ਪਰ ਸਮਾਂ ਨਾ ਹੋਣ ਦੀ ਵਜ੍ਹਾ ਕਰਕੇ ਮੇਰੇ ਵਕੀਲ ਪੇਸ਼ ਹੋਏ ਸਨ ਅੱਜ ਮੈਂ ਆਪ ਪਹੁੰਚ ਕੇ ਸਾਰੀਆਂ ਚੀਜ਼ਾਂ ਦੱਸੀਆਂ ਹਨ ਅਤੇ ਉਮੀਦ ਕਰਦਾ ਹਾਂ ਸ਼ੁਭਕਰਨ ਦੇ ਪਰਿਵਾਰ ਦੇ ਨਾਲ ਇਨਸਾਫ ਹੋਵੇਗਾ। ਸਿਟ ਹੁਣ ਕਿਸਾਨਾਂ ਦੇ ਬਿਆਨ ਦਰਜ ਕਰੇਗੀ।

ਉਧਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨ ਆਗੂਆਂ ਨੇ ਵੀ ਸ਼ੁਭਕਰਨ ਦੇ ਮਾਮਲੇ ਵਿੱਚ ਆਪਣੇ ਬਿਆਨ ਦਰਜ ਕਰਵਾਏ ਹਨ, ਉਨ੍ਹਾਂ ਕਿਹਾ ਸਾਨੂੰ ਉਮੀਦ ਹੈ ਸਿਟ ਸ਼ੁਭਕਰਨ ਨੂੰ ਇਨਸਾਫ ਜ਼ਰੂਰ ਦੇਵੇਗੀ। ਇਸ ਤੋਂ ਪਹਿਲਾਂ ਪੰਜਾਬ ਹਰਿਆਣਾ ਹਾਈਕੋਰਟ ਨੇ ਸ਼ੁਭਕਰਨ ਦੇ ਮਾਮਲੇ ਵਿੱਚ ਸਿਟ ਦਾ ਗਠਨ ਕੀਤਾ ਸੀ, ਜਿਸ ਵਿੱਚ ਪੰਜਾਬ ਅਤੇ ਹਰਿਆਣਾ ਦੋਵਾਂ ਦੇ ਅਫਸਰ ਸ਼ਾਮਲ ਸਨ। ਹਰਿਆਣਾ ਸਰਕਾਰ ਹਾਈਕੋਰਟ ਦੇ ਫੈਸਲੇ ਦੇ ਖਿਲਾਫ ਸੁਪਰੀਮ ਕੋਰਟ ਪਹੁੰਚੀ ਸੀ, ਪਰ ਦੇਸ਼ ਦੀ ਸੁਪਰੀਮ ਅਦਾਲਤ ਨੇ ਸਿਟ ਨੂੰ ਰੱਦ ਕਰਨ ਦੀ ਪਟੀਸ਼ਨ ਖਾਰਜ ਕਰਦੇ ਹੋਏ ਕਿਹਾ ਸੀ, ਜਦੋਂ ਤੱਕ ਸਿਟ ਦੀ ਰਿਪੋਰਟ ਨਹੀਂ ਆਉਂਦੀ ਅਸੀਂ ਇਸ ਦੀ ਜਾਂਚ ਨੂੰ ਰੋਕਣ ਦਾ ਆਦੇਸ਼ ਨਹੀਂ ਦੇ ਸਕਦੇ ਹਾਂ।

## -ਮਾਮਲਾ 'ਸਿੱਖਜ਼ ਫਾਰ ਜਸਟਿਸ' ਤੋਂ 1.60 ਕਰੋੜ ਡਾਲਰ ਫੰਡ ਪ੍ਰਾਪਤ ਕਰਨ ਦਾ-

### ਮੁੱਖ ਸਫ਼ੇ ਦਾ ਬਾਕੀ ਹਿੱਸਾ

ਪੱਤਰ ਵਿੱਚ ਇਹ ਵੀ ਲਿਖਿਆ ਗਿਆ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵਾਂਗ ਇਹ ਜਥੇਬੰਦੀ 2022 ਦੀਆਂ ਚੋਣਾਂ ਵਿੱਚ ਵੀ ਆਪ ਪਾਰਟੀ ਦਾ ਸਮਰਥਨ ਕਰ ਰਹੀ ਹੈ।

ਚੰਨੀ ਨੇ ਆਪਣੇ ਪੱਤਰ ਵਿੱਚ ਕਿਹਾ ਸੀ ਕਿ ਇਹ ਦੇਸ਼ ਦੀ ਸੁਰੱਖਿਆ ਅਤੇ ਅਖੰਡਤਾ ਲਈ ਬਹੁਤ ਗੰਭੀਰ ਮਾਮਲਾ ਹੈ ਅਤੇ ਇਸ ਦੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ। ਚੰਨੀ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿੱਚ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ। ਚੰਨੀ ਨੇ ਆਪਣੇ ਪੱਤਰ ਵਿੱਚ ਇਹ ਵੀ ਲਿਖਿਆ ਸੀ ਕਿ ਆਪ ਪਾਰਟੀ ਦੇ ਸੰਸਥਾਪਕ ਮੈਂਬਰ ਕੁਮਾਰ ਵਿਸ਼ਵਾਸ ਨੇ ਵੀ ਕੇਜਰੀਵਾਲ ਦੇ ਖਾਲਿਸਤਾਨੀਆਂ ਨਾਲ ਸਬੰਧਾਂ ਦੇ ਦੋਸ਼ ਲਾਏ ਹਨ। ਇਨ੍ਹਾਂ ਦੋਸ਼ਾਂ ਦੀ ਵੀ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ।

ਯਾਦ ਰਹੇ ਕਿ ਪ੍ਰੋਫੈਸਰ ਭੁੱਲਰ, ਜੋ ਕਿ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਹੈ, ਨੂੰ 1993 ਦੌਰਾਨ ਦਿੱਲੀ ਵਿਚ ਹੋਏ ਬੰਬ ਧਮਾਕੇ ਵਿਚ 9 ਲੋਕਾਂ ਦੀ ਹੱਤਿਆ ਦੇ ਮਾਮਲੇ ਵਿਚ ਦੋਸ਼ੀ ਠਹਿਰਾਇਆ ਗਿਆ ਸੀ। ਉਨ੍ਹਾਂ ਨੂੰ 25 ਅਗਸਤ 2001 ਨੂੰ ਇਕ ਟਾਡਾ ਅਦਾਲਤ ਵਲੋਂ ਮੌਤ ਦੀ ਸਜ਼ਾ ਸੁਣਾਈ ਗਈ ਸੀ ਤੇ ਸੁਪਰੀਮ ਕੋਰਟ ਦੁਆਰਾ ਉਸ ਦੀ ਮੌਤ ਦੀ ਸਜ਼ਾ ਨੂੰ ਘਟਾ ਦਿੱਤੇ ਜਾਣ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਭੁੱਲਰ ਨੂੰ ਜੂਨ 2015 ਦੌਰਾਨ ਸਿਹਤ ਕਾਰਨਾਂ ਕਰਕੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ।

ਸੂਤਰਾਂ ਅਨੁਸਾਰ ਰਾਜਪਾਲ ਸਕਸੈਨਾ ਨੇ ਪੱਤਰ ਵਿਚ ਕਿਹਾ ਹੈ ਕਿ ਸ਼ਿਕਾਇਤਕਰਤਾ ਵਲੋਂ ਜੋੜੇ ਗਏ ਇਲੈਕਟ੍ਰਾਨਿਕ ਸਬੂਤਾਂ ਲਈ ਫੋਰੈਂਸਿਕ ਜਾਂਚ ਸਮੇਤ ਹੋਰ ਜਾਂਚ ਦੀ ਲੋੜ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਸ਼ਿਕਾਇਤ ਇਕ ਮੁੱਖ ਮੰਤਰੀ ਵਿਰੁੱਧ ਕੀਤੀ ਗਈ ਹੈ ਤੇ ਇਕ ਪਾਬੰਦੀਸ਼ੁਦਾ ਸੰਗਠਨ ਤੋਂ ਪ੍ਰਾਪਤ ਸਿਆਸੀ ਫੰਡਿੰਗ ਨਾਲ ਸਬੰਧਿਤ ਹੈ। ਇਹ ਕਦਮ ਚੱਲ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਸੁਪਰੀਮ ਕੋਰਟ ਵਲੋਂ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦੇਣ ਬਾਰੇ ਵਿਚਾਰ ਕਰਨ ਤੋਂ ਇਕ ਦਿਨ ਪਹਿਲਾਂ ਆਇਆ ਹੈ। 'ਆਪ' ਮੁਖੀ, ਜੋ ਤਿਹਾੜ ਜੇਲ੍ਹ 'ਚ ਬੰਦ ਹਨ, ਨੂੰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ 21 ਮਾਰਚ ਨੂੰ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਗ੍ਰਿਫਤਾਰ ਕੀਤਾ ਸੀ। ਇਹ ਸ਼ਿਕਾਇਤ ਖ਼ਾਲਿਸਤਾਨੀ ਸਮਰਥਕ ਗੁਰਪਤਵੰਤ ਸਿੰਘ ਪੰਨੂ ਦੁਆਰਾ ਜਾਰੀ ਕੀਤੀ ਗਈ ਵੀਡੀਓ ਦਾ ਹਵਾਲਾ ਦਿੰਦੀ ਹੈ, ਜਿਸ ਵਿਚ ਉਸ ਨੇ ਦੋਸ਼ ਲਗਾਇਆ ਸੀ ਕਿ ਕੇਜਰੀਵਾਲ ਦੀ ਅਗਵਾਈ ਵਾਲੀ 'ਆਪ' ਨੇ 2014 ਤੋਂ 2022 ਦਰਮਿਆਨ ਖ਼ਾਲਿਸਤਾਨੀ ਸਮੂਹਾਂ ਤੋਂ 16 ਮਿਲੀਅਨ ਡਾਲਰ ਪ੍ਰਾਪਤ ਕੀਤੇ ਹਨ। ਐਲ.ਜੀ. ਨੂੰ ਦਿੱਤੀ ਸ਼ਿਕਾਇਤ ਵਿਚ ਇਹ ਵੀ ਦੋਸ਼ ਲਾਇਆ ਗਿਆ ਹੈ ਕਿ ਕੇਜਰੀਵਾਲ ਨੇ 2014 ਵਿਚ ਆਪਣੀ ਫੇਰੀ ਦੌਰਾਨ ਗੁਰਦੁਆਰਾ ਰਿਚਮੰਡ ਹਿੱਲਜ਼ ਨਿਊਯਾਰਕ ਵਿਖੇ ਖ਼ਾਲਿਸਤਾਨੀ ਆਗੂਆਂ ਨਾਲ ਬੰਦ ਕਮਰਾ ਮੀਟਿੰਗਾਂ ਕੀਤੀਆਂ ਸਨ। ਕੇਜਰੀਵਾਲ ਨੇ 'ਆਪ' ਨੂੰ ਕਾਫ਼ੀ ਵਿੱਤੀ ਸਹਾਇਤਾ ਦੇ ਬਦਲੇ ਖ਼ਾਲਿਸਤਾਨੀ ਸਮਰਥਕਾਂ ਨੂੰ ਭੁੱਲਰ ਦੀ ਰਿਹਾਈ ਕਰਵਾਉਣ ਦਾ ਵਾਅਦਾ ਕੀਤਾ ਸੀ। ਸੂਤਰਾਂ ਅਨੁਸਾਰ ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ 'ਤੇ ਪੋਸਟਾਂ ਦੀ ਇਕ ਲੜੀ ਵਿਚ ਇਕ ਸਾਬਕਾ 'ਆਪ' ਵਰਕਰ ਮੁਨੀਸ਼ ਕੁਮਾਰ ਰਾਏਜ਼ਾਦਾ ਨੇ ਵੀ ਖ਼ਾਲਿਸਤਾਨੀ ਨੇਤਾਵਾਂ ਨਾਲ ਕੇਜਰੀਵਾਲ ਦੀ ਮੁਲਾਕਾਤ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ ਹਨ।

### 'ਆਪ' ਪਾਰਟੀ ਦੇ ਆਗੂ ਦਾ ਪ੍ਰਤੀਕਰਮ

ਦਿੱਲੀ ਦੀ ਆਪ ਸਰਕਾਰ ਦੇ ਮੰਤਰੀ ਸੌਰਭ ਭਾਰਦਵਾਜ ਦਾ ਕਹਿਣਾ ਹੈ ਕਿ ਪੰਜਾਬ ਚੋਣਾਂ ਤੋਂ ਬਾਅਦ ਇੱਕ ਵਾਰ ਫਿਰ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਹ ਮੁੱਦਾ ਉਠਾਇਆ ਜਾ ਰਿਹਾ ਹੈ, ਜਦਕਿ ਇਹ ਪੂਰੀ ਤਰ੍ਹਾਂ ਨਾਲ ਝੂਠੇ ਅਤੇ ਬੇਬੁਨਿਆਦ ਦੋਸ਼ ਹਨ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੋਸ਼ਾਂ ਦਾ ਜਵਾਬ ਦਿੱਤਾ ਸੀ, ਹੁਣ ਦੇਸ਼ ਦੇ ਲੋਕ ਵੀ ਜਵਾਬ ਦੇਣਗੇ। ਭਾਰਦਵਾਜ ਨੇ ਇਹ ਵੀ ਕਿਹਾ ਕਿ ਅਮਿਤ ਸ਼ਾਹ ਨੇ ਕਿਹਾ ਸੀ ਕਿ ਉਹ ਜਾਂਚ ਕਰਨਗੇ, ਪਰ ਜਾਂਚ ਵਿਚ ਕੁੱਝ ਨਹੀਂ ਨਿਕਲਿਆ ਸੀ। ਦਰਅਸਲ, ਭਾਜਪਾ ਹਾਰ ਦੇ ਡਰ ਕਰਕੇ ਇਹ ਸਭ ਇਲਜ਼ਾਮ ਲਗਾ ਰਹੀ ਹੈ। ਭਾਰਦਵਾਜ ਇੱਥੇ ਹੀ ਨਹੀਂ ਰੁਕੇ। ਉਨ੍ਹਾਂ ਨੇ ਕਿਹਾ ਕਿ ਐਲੀ ਸਾਬ੍ਹ ਭਾਜਪਾ ਦੇ ਏਜੰਟ ਹਨ। ਸੀਐਮ ਕੇਜਰੀਵਾਲ ਦੇ ਖਿਲਾਫ ਹੁਣ ਇੱਕ ਹੋਰ ਵੱਡੀ ਸਾਜਸ਼ ਰਚੀ ਜਾ ਰਹੀ ਹੈ। ਦਰਅਸਲ, ਭਾਜਪਾ ਦਿੱਲੀ ਤੋਂ ਆਪਣੀ ਲੋਕ ਸਭਾ ਸੀਟ ਹਾਰ ਰਹੀ ਹੈ। ਹਾਰ ਦਾ ਮੂੰਹ ਦੇਖ ਕੇ ਹੁਣ ਭਾਜਪਾ ਬੌਖਲਾ ਗਈ ਹੈ ਅਤੇ ਇਸ ਤਰ੍ਹਾਂ ਦੀਆਂ ਸਾਜਸ਼ਾਂ ਰਚ ਰਹੀ ਹੈ।

ਵਿਦੇਸ਼ਾਂ ਵਿੱਚ ਵਸਦੇ ਸਿੱਖ ਪੰਜਾਬ ਵਿੱਚ ਬਦਲਾਅ ਕਰਨਾ ਚਾਹੁੰਦੇ ਸਨ । ਉਨ੍ਹਾਂ ਵੱਲੋਂ ਪਿਛਲੇ ਸਮੇਂ ਆਪ ਦੇ ਵਿਧਾਇਕਾਂ ਤੇ ਪਾਰਟੀ ਨੂੰ ਫੰਡ ਦਿੱਤੇ ਗਏ ਸਨ । ਪਰ ਸਿੱਖ ਫਾਰ ਜਸਟਿਸ ਵੱਲੋਂ ਇਨੀ ਰਕਮ ਦਿੱਤੀ ਗਈ ਹੈ ਠੀਕ ਨਹੀਂ ਲਗਦੀ । ਸਿੱਖ ਫਾਰ ਜਸਟਿਸ ਨੇ ਅਜੇ ਤੱਕ ਇਸ ਦੀ ਪੁਸ਼ਟੀ ਨਹੀਂ ਕੀਤੀ ।

# ਇੰਗਲੈਂਡ ਵਿਚ 3 ਲੱਖ ਪੌਂਡ ਦੀ ਫਰੌਤੀ ਮੰਗਣ ਵਾਲੇ 5 ਪੰਜਾਬੀਆਂ ਸਮੇਤ 6 ਮੈਂਬਰੀ ਗ੍ਰੋਹ ਨੂੰ 80 ਸਾਲ ਕੈਦ


ਨੌਟਿੰਘਮ ਪੁਲਿਸ ਵੱਲੋਂ ਦੋਸ਼ੀਆਂ ਦੀਆਂ ਜਾਰੀ ਤਸਵੀਰਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਸ਼ਹਿਰ ਨੌਟਿੰਘਮ ਵਿਚ ਇੱਕ ਫਿਲਮੀ ਅੰਦਾਜ਼ ਵਿੱਚ 43 ਸਾਲਾ ਵਿਅਕਤੀ (ਪੀੜਤ ਦੀ ਪਹਿਚਾਣ ਗੁਪਤ ਰੱਖੀ ਗਈ ਹੈ) ਨੂੰ ਅਗਵਾਹ ਕਰਕੇ ਉਸ ਦੇ ਪਿਤਾ ਅਤੇ ਪ੍ਰੀਵਾਰ ਪਾਸੋਂ 3 ਲੱਖ ਪੌਂਡ ਦੀ ਫਰੌਤੀ ਮੰਗਣ ਵਾਲੇ 5 ਪੰਜਾਬੀਆਂ ਸਮੇਤ 6 ਮੈਂਬਰੀ ਗ੍ਰੋਹ ਨੂੰ 80 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਨੌਟਿੰਘਮ ਕਰਾਊਨ ਕੋਰਟ ਵਿੱਚ ਦੱਸਿਆ ਗਿਆ ਨਕਾਬਪੋਸ਼ ਗ੍ਰੋਹ ਦੇ ਮੈਂਬਰਾਂ ਨੇ ਪੀੜਤ ਨੂੰ ਬੇਰਹਿਮੀ ਨਾਲ ਕੁੱਟਿਆ, ਤਸੀਹੇ ਦਿੱਤੇ ਅਤੇ ਉਸਦੇ ਸਿਰ 'ਤੇ ਬੰਦੂਕ ਰੱਖ ਕੇ ਉਸਦੇ ਪਿਤਾ ਨੂੰ 3 ਲੱਖ ਪੌਂਡ ਦੀ ਫਿਰੌਤੀ ਮੰਗੀ ਗਈ। ਪੀੜਤ ਦੇ ਪਿਤਾ ਨੂੰ ਉਸਦੇ ਪੁੱਤਰ ਦੀਆਂ ਉਂਗਲਾਂ ਕੱਟ ਦੇਣ ਦੀਆਂ ਧਮਕੀਆਂ ਦਿੱਤੀਆਂ।

ਪੀੜਤ ਨੂੰ 32 ਘੰਟਿਆਂ ਦੌਰਾਨ ਬੰਧਕ ਬਣਾ ਕੇ ਵੋਲਟਨ ਅਤੇ ਟੌਪ ਵੈਲੀ ਦੇ ਪਤਿਆਂ 'ਤੇ ਰੱਖਿਆ ਗਿਆ ਸੀ, ਉਸਨੇ ਚਿਹਰੇ 'ਤੇ ਪੈਟਰੋਲ ਪਾਇਆ ਅਤੇ ਮੂੰਹ ਵਿੱਚ ਚਾਕੂ ਰੱਖ ਕੇ ਧਮਕਾਇਆ ਗਿਆ।

ਨਾਟਿੰਘਮ ਕ੍ਰਾਊਨ ਕੋਰਟ ਵਿੱਚ ਜੱਜ ਮਾਈਕਲ ਔਟੀ ਕੇਸੀ ਨੇ ਗਰੋਹ ਦੇ ਮੈਂਬਰ ਦਰਸ਼ਨ ਰਾਠੌਰ (58) ਵਾਸੀ ਲਾਰਵੁੱਡ ਗਰੋਵ, ਵੁੱਡਥਰੋਪ ਅਤੇ ਹੁਣ ਵਾਸੀ ਹਾਈ ਸਟਰੀਟ, ਮੈਬਲਥਰੋਪ ਨੂੰ 16 ਸਾਲ ਕੈਦ, ਉਸਦੇ ਪੁੱਤਰ ਸਰਵਨ ਰਾਠੌਰ (30) ਨੂੰ 13 ਸਾਲ ਕੈਦ, ਰਿਸ਼ਤੇਦਾਰ ਇੰਦਰਪਾਲ ਸਿੰਘ (34) ਵਾਸੀ ਪੈਂਬਰਟਨ ਸਟਰੀਟ ਨੂੰ 14 ਸਾਲ ਕੈਦ, ਨਿਰਵੈਰ ਸਿੰਘ (56) ਵਾਸੀ ਰੈਵਲਸਟੋਕ ਵੇਅ, ਟਾਪ ਵੈਲੀ ਨੂੰ 6 ਸਾਲ ਕੈਦ, ਜੈਮੀ ਰੈਗੇਟ (20) ਵਾਸੀ ਹੈਡਲੀ ਰੋਡ, ਲਿਫੁੱਕ, ਹੈਂਪਸ਼ਾਇਰ ਨੂੰ 12 ਸਾਲ ਕੈਦ ਅਤੇ ਖਾਲਸਾ ਜੋਗਾ ਸਿੰਘ ਦਿਗਪਾਲ (39) ਵਾਸੀ ਸੈਲਿਸਬਰੀ ਰੋਡ, ਸਾਊਥਸੀ, ਹੈਂਪਸ਼ਾਇਰ ਨੂੰ 18 ਸਾਲ ਕੈਦ ਸਮੇਤ ਕੁੱਲ ਮਿਲਾ ਕੇ ਲਗਭਗ 80 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਸਜ਼ਾ ਸੁਣਾਉਂਦੇ ਹੋਏ, ਜੱਜ ਮਾਈਕਲ ਔਟੀ ਕੇਸੀ ਨੇ ਬਚਾਓ ਪੱਖ ਨੂੰ ਪੀੜਤ ਨਾਲ ਉਮਰ ਭਰ ਲਈ ਸੰਪਰਕ ਨਾ ਕਰਨ ਦੀ ਪਾਬੰਦੀ ਦੇ ਹੁਕਮ ਸੁਣਾਏ ਹਨ।

ਜਾਂਚ ਚੀਫ ਇੰਸਪੈਕਟਰ ਕਲੈਰੀ ਡੀਨ ਨੇ ਕਿਹਾ ਕਿ ਇਹ ਬਹੁਤ ਹੀ ਬੇਰਹਿਮ ਯੋਜਨਾ ਵੱਧ ਅਪਰਾਧ ਸੀ। ਜਾਸੂਸਾਂ ਦੀ ਮਦਦ ਨਾਲ ਪੀੜਤ ਦੀ ਸੁਰੱਖਿਅਤ ਰਿਹਾਈ ਲਈ ਬਹੁਤ ਮੇਹਨਤ ਕਰਨੀ ਪਈ।

### ✪ ਭਰਾ ਤੇ ਭਰਜਾਈ ਤੋਂ ਦੁਖੀ ਹੋ ਕੇ ਕਦਮ ਚੁੱਕਿਆ, ਬਾਪ ਨੇ ਰਿਪੋਟ ਦਰਜ਼ ਕਰਵਾਈ

## ਹਾਕੀ ਦੀ ਨੈਸ਼ਨਲ ਖਿਡਾਰਣ ਸੁਮਨਦੀਪ ਕੌਰ ਨੇ ਕੀਤੀ ਆਤਮ-ਹੱਤਿਆ



ਫਤਹਿਗੜ੍ਹ ਸਾਹਿਬ-ਹਾਕੀ ਦੀ ਨੈਸ਼ਨਲ ਖਿਡਾਰੀ ਵੱਲੋਂ ਆਤਮਹੱਤਿਆ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਹਾਕੀ ਖਿਡਾਰਣ ਸੁਮਨਦੀਪ ਕੌਰ ਵਲੋਂ ਭਰਾ ਤੇ ਭਰਜਾਈ ਤੋਂ ਦੁਖੀ ਹੋ ਕੇ ਇਹ ਕਦਮ ਚੁੱਕਿਆ ਗਿਆ ਹੈ, ਜਿਸ ਦੇ ਚੱਲਦੇ ਭਰਾ-ਭਰਜਾਈ ਖਿਲਾਫ ਮਾਮਲਾ ਦਰਜ ਕਰਕੇ ਭਰਾ ਨੂੰ ਥਾਣਾ ਮੂਲੇਪੁਰ ਪੁਲਸ ਨੇ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਪ੍ਰਿਥਵੀ ਰਾਜ ਨੇ ਦੱਸਿਆ ਕਿ ਜਸਪਾਲ ਸਿੰਘ ਪੁੱਤਰ ਬੰਤ ਸਿੰਘ ਬਾਸੀ ਪਿੰਡ ਨਲੀਨਾ ਖੁਰਦ ਨੇ ਸ਼ਿਕਾਇਤ ਕੀਤੀ ਸੀ ਕਿ ਉਸ ਦੀਆਂ ਤਿੰਨ ਲੜਕੀਆਂ ਅਤੇ ਇਕ ਪੁੱਤਰ ਹੈ, ਦੋ ਲੜਕੀਆਂ ਤੇ ਇਕ ਪੁੱਤਰ ਵਿਆਹਿਆ ਹੈ।

ਉਸ ਦੇ ਲੜਕੇ ਬਿਕਰਮਜੀਤ ਸਿੰਘ ਦਾ ਵਿਆਹ ਲਗਭਗ ਪੰਜ ਮਹੀਨੇ ਪਹਿਲਾਂ ਹੋਇਆ ਹੈ। ਉਸ ਦੇ ਲੜਕੇ ਦਾ ਪਹਿਲਾ ਵਿਆਹ ਹੈ ਜਦ ਕਿ ਉਸ ਦੀ ਨੂੰਹ ਪਿੰਕੀ ਦਾ ਇਹ ਦੂਸਰਾ ਵਿਆਹ ਸੀ। ਉਸ ਦੀ ਛੋਟੀ ਲੜਕੀ ਸੁਮਨਦੀਪ ਕੌਰ ਹਾਕੀ ਦੀ ਨੈਸ਼ਨਲ ਖਿਡਾਰੀ ਸੀ ਅਤੇ ਐੱਮ. ਏ. ਪੰਜਾਬੀ ਦੀ ਪੜ੍ਹਾਈ ਯੂਨੀਵਰਸਿਟੀ ਪਟਿਆਲਾ ਤੋਂ ਕਰ ਰਹੀ ਸੀ, ਹਮੇਸ਼ਾ ਸ਼ਿਕਾਇਤ ਕਰਦੀ ਸੀ ਕਿ ਉਸ ਦਾ ਭਰਾ ਬਿਕਰਮਜੀਤ ਸਿੰਘ ਅਤੇ ਉਸ ਦੀ ਭਰਜਾਈ ਪਿੰਕੀ ਉਸ ਨੂੰ ਹਮੇਸ਼ਾ ਤੰਗ ਪਰੇਸ਼ਾਨ ਕਰਦੇ ਹਨ, ਜਿਨ੍ਹਾਂ ਤੋਂ ਦੁਖੀ ਹੋ ਕੇ ਸੁਮਨਦੀਪ ਕੌਰ ਬੀਤੇ ਦਿਨ ਘਰੋਂ ਚਲੀ ਗਈ ਸੀ ਅਤੇ ਉਸਨੇ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਸੁਮਨਦੀਪ ਕੌਰ ਦੀ ਲਾਸ਼ ਨਹਿਰ ’ਚੋਂ ਮਿਲ ਗਈ ਹੈ । ਜਸਪਾਲ ਸਿੰਘ ਦੇ ਬਿਆਨਾਂ ’ਤੇ ਪੁਲਸ ਨੇ ਬਿਕਰਮਜੀਤ ਸਿੰਘ ਅਤੇ ਉਸ ਦੀ ਪਤਨੀ ਖਿਲਾਫ ਮਾਮਲਾ ਦਰਜ ਕਰਕੇ ਬਿਕਰਮਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਪਿੰਕੀ ਫਰਾਰ ਹੈ।

### -ਮਾਮਲਾ ਲਾਹੌਰ ਵਿਚ ਭਾਈ ਪੰਜਵੜ ਦੇ ਕਤਲ ਦਾ-

## ਇਕ ਸਾਲ ਬਾਅਦ ਵੀ ਲਾਹੌਰ ਪੁਲਿਸ ਨਹੀਂ ਲਭ ਸਕੀ ਕਾਤਲਾਂ ਨੂੰ



ਅੰਮ੍ਰਿਤਸਰ-ਇਕ ਵਰ੍ਹਾ ਪਹਿਲਾਂ 6 ਮਈ ਨੂੰ ਦੋ ਕਥਿਤ ਅਣਪਛਾਤੇ ਮੋਟਰਸਾਈਕਲ ਸਵਾਰ ਬੰਦੂਕਧਾਰੀਆਂ ਵਲੋਂ ਪਾਕਿਸਤਾਨ ਦੇ ਲਾਹੌਰ ਵਿਚ ਜੌਹਰ ਟਾਊਨ ਸਥਿਤ ਆਪਣੀ ਰਿਹਾਇਸ਼ ਨੇੜੇ ਸਨ ਫਲਾਵਰ ਹਾਊਸਿੰਗ ਸੁਸਾਇਟੀ ਦੇ ਪਾਰਕ ਵਿਚ ਸਵੇਰ ਦੀ ਸੈਰ ਕਰ ਰਹੇ ਖ਼ਾਲਿਸਤਾਨ ਕਮਾਂਡੋ ਫੋਰਸ (ਕੇ.ਸੀ.ਐੱਫ.) ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਉਰਫ਼ ਮਲਿਕ ਸਰਦਾਰ ਸਿੰਘ ਨੂੰ ਨਿਸ਼ਾਨਾ ਬਣਾਉਣ ਵਾਲੇ ਹੱਤਿਆਰਿਆਂ ਬਾਰੇ ਲਾਹੌਰ ਪੁਲਿਸ ਅਤੇ ਖ਼ੁਫ਼ੀਆ ਏਜੰਸੀ ਆਈ. ਐਸ. ਆਈ. ਨੂੰ ਅਜੇ ਤਕ ਕੋਈ ਸੁਰਾਗ ਨਹੀਂ ਮਿਲਿਆ। ਇਸ ਮਾਮਲੇ ’ਚ ਬਕਾਇਦਾ ਵੀਡੀਓ ਜਾਰੀ ਕਰਕੇ ਆਈ. ਐੱਸ. ਆਈ., ਮਿਲਟਰੀ ਇੰਟੈਲੀਜੈਂਸ ਅਤੇ ਅੱਤਵਾਦ ਰੋਕੂ ਵਿਭਾਗ ਦੀ ਖਿਚਾਈ ਕਰਨ ਵਾਲੇ ਪਾਕਿਸਤਾਨੀ ਮੇਜਰ (ਸੇਵਾਮੁਕਤ) ਆਦਿਲ ਫ਼ਾਰੂਕ ਰਜ਼ਾ ਵੀ ਅਜੇ ਤਕ ਪੁਲਿਸ ਅਤੇ ਫ਼ੌਜ ਦੀ ਪਹੁੰਚ ਤੋਂ ਦੂਰ ਹੈ।

ਦੱਸਣਯੋਗ ਹੈ ਕਿ ਮੇਜਰ ਆਦਿਲ ਰਜ਼ਾ ਨੇ ਵੀਡੀਓ ਜਾਰੀ ਕਰਕੇ ਕਿਹਾ ਸੀ ਕਿ ਜੇਕਰ ਆਈ. ਐੱਸ. ਆਈ. ਭਾਈ ਪੰਜਵੜ ਦੀ ਸੁਰੱਖਿਆ ਨਹੀਂ ਕਰ ਸਕੀ ਤਾਂ ਪਾਕਿ ਵਿਚ ਰਹਿੰਦੇ ਹੋਰ ਖਾੜਕੂਆਂ ਦੀ ਸੁਰੱਖਿਆ ਕਿਵੇਂ ਕਰੇਗੀ। ਪਾਕਿਸਤਾਨੀ ਫ਼ੌਜ ਦੇ ਮੀਡੀਆ ਵਿੰਗ ਇੰਟਰ-ਸਰਵਿਸਜ਼ ਪਬਲਿਕ ਰਿਲੇਸ਼ਨਜ਼ ਮੁਤਾਬਿਕ ਮੇਜਰ ਆਦਿਲ ਰਜ਼ਾ ਅਤੇ ਇਕ ਹੋਰ ਫ਼ੌਜੀ ਅਫ਼ਸਰ ਕੈਪਟਨ (ਸੇਵਾਮੁਕਤ) ਹੈਦਰ ਰਜ਼ਾ ਮਹਿਦੀ ਨੂੰ ਦੇਸ਼ ਧ੍ਰੋਹ ਲਈ ਦੋਸ਼ੀ ਠਹਿਰਾਉਂਦਿਆਂ ਕੋਰਟ ਮਾਰਸ਼ਲ ਦੌਰਾਨ ਕ੍ਰਮਵਾਰ 14 ਅਤੇ 12 ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਫਿਲਹਾਲ ਇਹ ਦੋਵੇਂ ਸਾਬਕਾ ਅਫ਼ਸਰ ਇਸ ਵੇਲੇ ਵਿਦੇਸ਼ ’ਵਿਚ ਹਨ।

## ਸੁਪਰੀਮ ਕੋਰਟ ਨੇ ਕੌਮੀ ਇਨਸਾਫ ਮੋਰਚੇ ਨੂੰ ਦਿੱਤੀ ਵੱਡੀ ਰਾਹਤ !

### ✪ ਹਾਈ ਕੋਰਟ ਦੇ ਫੈਸਲੇ ’ਤੇ ਰੋਕ ਲਗਾਈ



ਬਿਉਰੋ ਰਿਪੋਰਟ-ਬੰਦੀ ਸਿੰਘਾਂ ਦੀ ਰਿਹਾਈ ਦੇ ਲਈ ਮੁਹਾਲੀ ਅਤੇ ਚੰਡੀਗੜ੍ਹ ਦੀ ਸਰਹੱਦ ‘ਤੇ ਲੱਗੇ ਕੌਮੀ ਇਨਸਾਫ ਮੋਰਚੇ ਨੂੰ ਲੈਕੇ ਸੁਪਰੀਮ ਕੋਰਟ ਨੇ ਵੱਡੀ ਰਾਹਤ ਦਿੱਤੀ ਹੈ। ਹਾਈਕੋਰਟ ਨੇ ਇਕ ਹਫਤੇ ਦੇ ਅੰਦਰ ਮੋਰਚੇ ਨੂੰ ਹਟਾਉਣ ਦੇ ਨਿਰਦੇਸ਼ ਦਿੱਤੇ ਸਨ, ਜਿਸ ਦੇ ਖਿਲਾਫ ਪੰਜਾਬ ਅਤੇ ਚੰਡੀਗੜ੍ਹ ਪੁਲਿਸ ਨੇ ਸੁਪਰੀਮ ਕੋਰਟ ਦਾ ਰੁੱਖ ਕੀਤਾ ਸੀ। ਅਦਾਲਤ ਵਿੱਚ ਦੋਵਾਂ ਪੁਲਿਸ ਨੇ ਕਿਹਾ ਦੇਸ਼ ਅਤੇ ਪੰਜਾਬ ਵਿੱਚ ਲੋਕਸਭਾ ਚੋਣਾਂ ਹੋ ਰਹੀਆਂ ਹਨ, ਜੇਕਰ ਧੱਕੇ ਨਾਲ ਮੋਰਚੇ ਨੂੰ ਖਤਮ ਕਰਵਾਉਣ ਦੀ ਕੋਸ਼ਿਸ ਕੀਤੀ ਤਾਂ ਮਾਹੌਲ ਖਰਾਬ ਹੋ ਸਕਦਾ ਹੈ। ਜਿਸ ਤੋਂ ਬਾਅਦ ਸੁਪਰੀਮ ਕੋਰਟ ਨੇ ਪੰਜਾਬ ਹਰਿਆਣਾ ਹਾਈਕੋਰਟ ਦੇ ਫੈਸਲੇ ’ਤੇ ਅਗਲੀ ਸੁਣਵਾਈ ਤੱਕ ਰੋਕ ਲੱਗਾ ਦਿੱਤੀ ਹੈ। ਚੰਡੀਗੜ੍ਹ ਦੀ ਪੁਲਿਸ ਨੇ ਹਾਈਕੋਰਟ ਦੇ ਫੈਸਲੇ ਦੇ ਖਿਲਾਫ 25 ਅਪ੍ਰੈਲ ਅਤੇ ਪੰਜਾਬ ਸਰਕਾਰ ਨੇ 28 ਅਪ੍ਰੈਲ ਨੂੰ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖਲ ਕੀਤੀ ਸੀ। ਹਾਈਕੋਰਟ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ ਕੁਝ ਬੰਦੇ ਸੜ੍ਹਕ ਰੋਕੀ ਬੈਠੇ ਹਨ ਅਤੇ ਇਨ੍ਹਾਂ ਕਾਰਨ ਆਮ ਲੋਕਾਂ ਨੂੰ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ ਹੈ। ਸਿਰਫ਼ ਏਨਾ ਹੀ ਨਹੀਂ ਅਦਾਲਤ ਨੇ ਕਿਹਾ ਸੀ ਸੜਕ ਖਾਲੀ ਕਰਵਾਉਣ ਲਈ ਸਰਕਾਰ ਕੋਲ ਇਹ ਸਹੀ ਮੌਕਾ ਹੈ ਕਿਉਂਕਿ ਜ਼ਿਆਦਾਤਰ ਪ੍ਰਦਰਸ਼ਨ ਕਰਨ ਵਾਲੇ ਪਿੰਡਾਂ ਤੋਂ ਹਨ ਅਤੇ ਉਨ੍ਹਾਂ ਨੇ ਫ਼ਸਲ ਕੱਟਣ ਲਈ ਜਾਣਾ ਹੈ,ਬੈਂਚ ਨੇ ਕੇਂਦਰ ਸਰਕਾਰ ਤੋਂ ਪੁੱਛਿਆ ਸੀ ਕਿ ਇਸ ਮਾਮਲੇ ਵਿੱਚ ਕੀ ਕੀਤਾ ਜਾ ਰਿਹਾ ਹੈ। ਜਿਸ ’ਤੇ ਕੇਂਦਰ ਨੇ ਕਿਹਾ ਕਾਨੂੰਨ ਦੇ ਹਾਲਤ ਠੀਕ ਰੱਖਣਾ ਸੂਬੇ ਦਾ ਕੰਮ ਹੈ, ਜੇਕਰ ਸੂਬਾ ਹਾਲਾਤ ਨਹੀਂ ਸੰਭਾਲ ਸਕਦਾ ਹੈ ਤਾਂ ਕੇਂਦਰੀ ਫੋਰਸ ਦਿੱਤੀ ਜਾ ਸਕਦੀ ਹੈ। ਮੋਰਚੇ ਤੇ ਪੰਜਾਬ ਸਰਕਾਰ ਨੇ ਬੈਂਚ ਕੋਲੋਂ ਇੱਕ ਹਫਤੇ ਦਾ ਸਮਾਂ ਮੰਗਿਆ ਸੀ।

ਮਾਮਲਾ ਪੁੰਛ ਵਿਚ ਫੌਜ ਦੇ ਕਾਫਲੇ 'ਤੇ ਹੋਏ ਅੱਤਵਾਦੀ ਹਮਲੇ ਦਾ

# ਮੋਦੀ ਤੇ ਚੰਨੀ ਵਿਚਾਲੇ ਬਹਿਸ ਹੋਈ ਤਿਖੀ

ਜੰਮੂ-ਕਸ਼ਮੀਰ ਦੇ ਪੁੰਛ 'ਚ ਹਵਾਈ ਫੌਜ ਦੇ ਕਾਫਲੇ 'ਤੇ ਹੋਏ ਅੱਤਵਾਦੀ ਹਮਲੇ ਨੂੰ ਲੈ ਕੇ ਪੰਜਾਬ ਦੀ ਜਲੰਧਰ ਲੋਕ ਸਭਾ ਸੀਟ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਦੇ ਵਿਵਾਦਿਤ ਬਿਆਨ 'ਤੇ ਪ੍ਰਧਾਨ ਮੰਤਰੀ ਮੋਦੀ ਦੀ ਟਿੱਪਣੀ ਤੋਂ ਬਾਅਦ ਸੂਬੇ ਵਿਚ ਸਿਆਸਤ ਗਰਮਾ ਗਈ ਹੈ। ਹੁਣ ਇਸ ਬਾਰੇ ਚੰਨੀ ਨੇ ਕਿਹਾ ਕਿ ਪਾਕਿਸਤਾਨ ਨੂੰ ਦੋ ਹਿੱਸਿਆਂ ਵਿੱਚ ਵੰਡਣ ਵਾਲਾ ਕੋਈ ਹੋਰ ਨਹੀਂ ਬਲਕਿ ਕਾਂਗਰਸ ਹੀ ਹੈ। ਕਾਂਗਰਸ ਸ਼ਹੀਦਾਂ ਪ੍ਰਤੀ ਹਮੇਸ਼ਾ ਹਮਦਰਦੀ ਰੱਖਦੀ ਹੈ ਅਤੇ ਰਹੇਗੀ।

ਇਹ ਮੁੱਦਾ ਰਾਜਨੀਤੀ ਦਾ ਨਹੀਂ ਹੈ। ਸਾਡੀ ਸਰਕਾਰ ਹਰ ਪਾਕਿਸਤਾਨ ਦੇ ਸਾਹਮਣੇ ਹਿੱਕ ਤਾਣ ਕੇ ਖੜੀ ਹੈ। ਅੱਜ ਮਸਲਾ ਰਾਜਨੀਤੀ ਦਾ ਨਹੀਂ, ਸਗੋਂ ਉਨ੍ਹਾਂ ਲੋਕਾਂ ਦਾ ਹੈ ਜੋ ਉਸ ਰਾਜਨੀਤੀ ਨੂੰ ਬਦਲਣਾ ਚਾਹੁੰਦੇ ਹਨ। ਚੰਨੀ ਨੇ ਕਿਹਾ-ਅੱਜ ਜੇਕਰ ਦੇਸ਼ ਆਜ਼ਾਦ ਹੋਇਆ ਹੈ ਤਾਂ ਉਹ ਕਾਂਗਰਸ ਦੀ ਬਦੌਲਤ ਹੈ। ਚੰਨੀ ਨੇ ਕਿਹਾ-ਭਾਜਪਾ 400 ਤੋਂ ਅੱਗੇ ਕੁਝ ਕਰ ਸਕੇਗੀ, 400 ਤੱਕ ਸਿਰਫ ਕਾਂਗਰਸ ਹੀ ਰਹੇਗੀ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਜਦੋਂ ਕਾਂਗਰਸ ਕੋਲ ਹੋਰ ਕੋਈ ਮੁੱਦਾ ਨਹੀਂ ਬਚਿਆ ਤਾਂ ਉਹ ਝੂਠੇ ਦੋਸ਼ ਲਾਉਣ ਲੱਗ ਪਏ। ਚੰਨੀ ਦਾ ਨਾਂ ਲਏ ਬਿਨਾਂ ਪੀਐਮ ਮੋਦੀ ਨੇ ਕਿਹਾ ਕਿ ਕਾਂਗਰਸ ਦੇ ਸਾਬਕਾ ਸੀਐਮ ਦਾ ਕਹਿਣਾ ਹੈ ਕਿ ਫੌਜ 'ਤੇ ਹਮਲਾ ਸਟੰਟ ਸੀ। ਇਸ ਤੋਂ ਕਾਂਗਰਸ ਦੀ ਮਾਨਸਿਕਤਾ ਦਾ ਪਤਾ ਲੱਗਦਾ ਹੈ। ਕਾਂਗਰਸ ਜਿੱਤ ਤੋਂ ਬਾਅਦ ਹਰ ਵਾਰ ਪਾਕਿਸਤਾਨ ਦੇ ਗੁਣਗਾਨ ਕਰਦੀ ਹੈ। ਇਸ ਤੋਂ ਕਾਂਗਰਸ ਦੇ ਦੇਸ਼ ਪ੍ਰਤੀ ਇਰਾਦੇ ਸਾਫ਼ ਨਜ਼ਰ ਆ ਰਹੇ ਹਨ। ਜਿਸ ਤੋਂ ਬਾਅਦ ਸੂਬੇ ਵਿਚ ਸਿਆਸਤ ਗਰਮਾ ਗਈ ਹੈ। ਦੱਸ ਦੇਈਏ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਸੀ ਕਿ ਪੁੰਛ ਹਮਲਾ ਭਾਜਪਾ ਦਾ ਸਟੰਟ ਹੈ। ਕੇਂਦਰ ਸਰਕਾਰ ਹਰ ਵਾਰ ਅਜਿਹਾ ਡਰਾਮਾ ਕਰਦੀ ਰਹੀ ਹੈ। ਇਹ ਪਹਿਲਾਂ ਤੋਂ ਯੋਜਨਾਬੱਧ ਸਟੰਟ ਹਨ ਅਤੇ ਭਾਜਪਾ ਨੂੰ ਜਿਤਾਉਣ ਲਈ ਕੀਤੇ ਗਏ ਹਨ। ਲੋਕਾਂ ਨੂੰ ਮਾਰਨਾ ਅਤੇ ਉਨ੍ਹਾਂ ਦੀਆਂ ਲਾਸ਼ਾਂ ਨਾਲ ਖੇਡਣਾ ਭਾਜਪਾ ਦਾ ਕੰਮ ਹੈ।

ਉਧਰ, ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਇਸ ਵਿਵਾਦਤ ਬਿਆਨ ਤੋਂ ਕੁਝ ਸਮੇਂ ਬਾਅਦ ਸਪੱਸ਼ਟੀਕਰਨ ਦਿੱਤਾ ਸੀ। ਉਦੋਂ ਚੰਨੀ ਨੇ ਕਿਹਾ ਸੀ ਕਿ ਮੇਰੇ ਬਿਆਨ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਗਿਆ ਸੀ। ਮੇਰਾ ਕਹਿਣ ਦਾ ਮਤਲਬ ਇਹ ਸੀ ਕਿ ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਅਜਿਹਾ ਹੀ ਹਮਲਾ ਹੋਇਆ ਸੀ। ਹਾਲਾਂਕਿ, ਭਾਜਪਾ ਵੱਲੋਂ ਇਸ ਦੀ ਜਾਂਚ ਨਹੀਂ ਕੀਤੀ ਗਈ ਅਤੇ ਹੁਣ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਉਕਤ ਹਮਲੇ ਵਿੱਚ ਕੌਣ-ਕੌਣ ਸ਼ਾਮਲ ਸਨ।

# ਆਈਏਐਸ ਪਰਮਪਾਲ ਦੇ ਚੋਣ ਲੜਨ ਦੀ ਰਾਹ ਵਿਚ ਅੜਿਕਾ ਬਣਿਆ ਪੰਜਾਬ ਸਰਕਾਰ ਦਾ ਨੋਟਿਸ

## ✪ ਡਿਊਟੀ 'ਤੇ ਵਾਪਸ ਆਉਣ ਦੇ ਹੁਕਮ ਜਾਰੀ

ਬਠਿੰਡਾ-ਭਾਜਪਾ ਉਮੀਦਵਾਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਆਈਏਐਸ ਪਰਮਪਾਲ ਕੌਰ ਮਲੂਕਾ ਦੇ ਅਸਤੀਫ਼ੇ ਦਾ ਮਸਲਾ ਹੱਲ ਨਹੀਂ ਹੋਇਆ ਹੈ। ਹੁਣ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਤੁਰੰਤ ਆਪਣੀ ਡਿਊਟੀ ਜੁਆਇਨ ਕਰਨ ਲਈ ਕਿਹਾ ਹੈ, ਕਿਉਂਕਿ ਉਨ੍ਹਾਂ ਨੂੰ ਤਿੰਨ ਮਹੀਨਿਆਂ ਦੇ ਨੋਟਿਸ ਪੀਰੀਅਡ ਤੋਂ ਛੋਟ ਨਹੀਂ ਦਿੱਤੀ ਗਈ ਹੈ। ਉਨ੍ਹਾਂ ਨੂੰ ਡਿਊਟੀ ਤੋਂ ਮੁਕਤ ਜਾਂ ਸੇਵਾਮੁਕਤ ਨਹੀਂ ਮੰਨਿਆ ਜਾ ਸਕਦਾ। ਪਰਮਪਾਲ ਕੌਰ ਮਲੂਕਾ ਵੱਲੋਂ ਸਵੈ-ਇੱਛਤ ਸੇਵਾਮੁਕਤੀ ਦੀ ਪ੍ਰਕਿਰਿਆ ਅਪਣਾਉਣ ਦੀ ਸੂਰਤ ਵਿੱਚ ਉਨ੍ਹਾਂ ਨੂੰ ਡਿਊਟੀ ਜੁਆਇਨ ਨਾ ਕਰਨ ਦੀ ਸੂਰਤ ਵਿੱਚ ਬਣਦੀ ਕਾਰਵਾਈ ਦੀ ਚਿਤਾਵਨੀ ਦਿੱਤੀ ਗਈ ਹੈ। ਸੂਤਰਾਂ ਮੁਤਾਬਕ ਪਰਮਪਾਲ ਨੇ ਵੀਆਰਐਸ ਪ੍ਰਕਿਰਿਆ ਅਪਣਾਈ ਸੀ ਤਾਂ ਜੋ ਨੌਕਰੀ ਛੱਡਣ ਤੋਂ ਬਾਅਦ ਉਹ ਸਾਰੇ ਲਾਭ ਪ੍ਰਾਪਤ ਕਰ ਸਕਣ ਜੋ ਕਿਸੇ ਵੀ ਆਈਏਐਸ



ਅਧਿਕਾਰੀ ਨੂੰ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਬਾਅਦ ਸੇਵਾਮੁਕਤੀ 'ਤੇ ਮਿਲਦੀ ਹੈ। ਦੱਸ ਦਈਏ ਕਿ ਪਰਮਪਾਲ ਕੌਰ ਦਿੱਲੀ 'ਚ ਭਾਜਪਾ 'ਚ ਸ਼ਾਮਲ ਹੋਈ ਸੀ, ਜਿਸ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਬਠਿੰਡਾ ਤੋਂ ਆਪਣਾ ਉਮੀਦਵਾਰ ਐਲਾਨ ਦਿੱਤਾ ਸੀ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਪੋਸਟ ਕੀਤਾ ਸੀ ਕਿ ਉਨ੍ਹਾਂ ਦਾ ਅਸਤੀਫਾ ਅਜੇ ਸਵੀਕਾਰ ਨਹੀਂ ਕੀਤਾ ਗਿਆ ਹੈ। ਮਾਨ ਨੇ ਕਿਹਾ ਸੀ ਕਿ ਅਸਤੀਫਾ ਕਦੋਂ ਅਤੇ ਕਿਵੇਂ ਪ੍ਰਵਾਨ ਕਰਨਾ ਹੈ, ਇਹ ਫੈਸਲਾ ਕਰਨਾ ਮੁੱਖ ਮੰਤਰੀ ਦਾ ਅਧਿਕਾਰ ਹੈ ਅਤੇ ਕੁਝ ਕਾਨੂੰਨੀ ਫਰਜ਼ ਵੀ ਹਨ।

# ਤੀਜੇ ਗੇੜ ਲਈ 11 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਪੈਂਦੇ 93 ਹਲਕਿਆਂ ਲਈ ਪਈਆਂ ਵੋਟਾਂ

## ✪ ਅਮਿਤ ਸ਼ਾਹ, ਸਿੰਧੀਆ, ਮਾਂਡਵੀਆ ਅਤੇ ਚੌਹਾਨ ਸਣੇ ਕਈ ਆਗੂਆਂ ਦੀ ਸਿਆਸੀ ਕਿਸਮਤ ਈਵੀਐੱਮਜ਼ ਵਿੱਚ ਬੰਦ


ਨਵੀਂ ਦਿੱਲੀ-ਲੋਕ ਸਭਾ ਚੋਣਾਂ ਦੇ ਤੀਜੇ ਗੇੜ ਲਈ 11 ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਪੈਂਦੇ 93 ਹਲਕਿਆਂ ਲਈ ਵੋਟਾਂ ਪਈਆਂ। ਇਸ ਗੇੜ ਵਿਚ 63 ਫੀਸਦ ਤੋਂ ਵੱਧ ਪੋਲਿੰਗ ਦਰਜ ਕੀਤੀ ਗਈ ਹੈ। ਅਸਾਮ ਵਿਚ ਸਭ ਤੋਂ ਵੱਧ 77.06 ਫੀਸਦ ਤੇ ਉੱਤਰ ਪ੍ਰਦੇਸ਼ ਵਿਚ ਸਭ ਤੋਂ ਘੱਟ 57.34 ਫੀਸਦ ਪੋਲਿੰਗ ਹੋਈ ਹੈ। ਗੋਆ ਵਿਚ 75.13 ਫੀਸਦ, ਪੱਛਮੀ ਬੰਗਾਲ ਵਿਚ 73.96 ਫੀਸਦ, ਗੁਜਰਾਤ 57.62 ਫੀਸਦ, ਮਹਾਰਾਸ਼ਟਰ 61.44 ਫੀਸਦ ਤੇ ਬਿਹਾਰ ਵਿਚ 58.16 ਫੀਸਦ ਵੋਟਾਂ ਪਈਆਂ। ਪੱਛਮੀ ਬੰਗਾਲ ਵਿਚ ਹਿੰਸਾ ਦੀਆਂ ਇੱਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਚੋਣ ਅਮਲ ਅਮਨ-ਅਮਾਨ ਨਾਲ ਸਿਰੇ ਚੜ੍ਹ ਗਿਆ। ਯੂਪੀ ਦੇ ਮੈਨਪੁਰੀ ਹਲਕੇ ਵਿਚ ਸਮਾਜਵਾਦੀ ਪਾਰਟੀ ਆਗੂ ਅਖਿਲੇਸ਼ ਯਾਦਵ ਨੇ 'ਚੋਣ ਬੂਥ ਲੁੱਟੇ' ਜਾਣ ਦਾ ਦਾਅਵਾ ਕੀਤਾ।



ਤੀਜੇ ਗੇੜ ਦੀ ਪੋਲਿੰਗ ਮਗਰੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਜਿਓਤਿਰਦਿੱਤਿਆ ਸਿੰਧੀਆ, ਮਨਸੁਖ ਮਾਂਡਵੀਆ, ਪ੍ਰਹਿਲਾਦ ਜੋਸ਼ੀ, ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ (ਵਿਦਿਸ਼ਾ), ਕਾਂਗਰਸ ਆਗੂ ਦਿਗਵਿਜੈ ਸਿੰਘ ਸਣੇ ਕਈ ਸਿਆਸੀ ਆਗੂਆਂ ਦੀ ਕਿਸਮਤ ਈਵੀਐੱਮਜ਼ ਵਿਚ ਬੰਦ ਹੋ ਗਈ। ਇਸ ਗੇੜ ਮਗਰੋਂ ਲੋਕ ਸਭਾ ਦੀਆਂ 543 ਸੀਟਾਂ ਵਿਚੋਂ 282 ਸੀਟਾਂ ਲਈ ਵੋਟਿੰਗ ਦਾ ਅਮਲ ਪੂਰਾ ਹੋ ਗਿਆ ਹੈ। ਅਗਲੇ ਚਾਰ ਗੇੜਾਂ ਤਹਿਤ 13 ਮਈ, 20 ਮਈ, 25 ਮਈ ਤੇ 1 ਜੂਨ ਨੂੰ ਵੋਟਾਂ ਪੈਣਗੀਆਂ ਜਦੋਂਕਿ ਵੋਟਾਂ ਦੀ ਗਿਣਤੀ 4 ਜੂਨ ਨੂੰ ਹੋਵੇਗੀ। ਚੋਣ ਕਮਿਸ਼ਨ ਮੁਤਾਬਕ ਤੀਜੇ ਗੇੜ ਵਿਚ 63 ਫੀਸਦ ਤੋਂ ਵੱਧ ਪੋਲਿੰਗ ਰਿਕਾਰਡ ਕੀਤੀ ਗਈ ਹੈ। ਪਹਿਲੇ ਤੇ ਦੂਜੇ ਗੇੜ ਵਿਚ ਕ੍ਰਮਵਾਰ 66.14 ਫੀਸਦ ਤੇ 66.71 ਫੀਸਦ ਵੋਟਾਂ ਪਈਆਂ ਸਨ।

# ਭਾਜਪਾ ਪ੍ਰਧਾਨ ਸੁਨੀਲ ਜਾਖੜ ਕਿਸਾਨਾਂ ਦੇ ਘਿਰਾਓ ਤੋਂ ਔਖੇ

## ✪ ਕਿਹਾ ਕਿ ਭਾਜਪਾ ਉਮੀਦਵਾਰਾਂ ਨੂੰ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹੈ ✪ ਭਾਜਪਾ ਵਫ਼ਦ ਵਲੋਂ ਚੋਣ ਕਮਿਸ਼ਨ ਨੂੰ ਮੰਗ ਪੱਤਰ



ਚੰਡੀਗੜ੍ਹ-ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿਚ ਇਕ ਵਫ਼ਦ ਨੇ ਮੁੱਖ ਚੋਣ ਕਮਿਸ਼ਨਰ ਨੂੰ ਮੰਗ ਪੱਤਰ ਸੌਂਪਿਆ ਹੈ। ਉਨ੍ਹਾਂ ਕਿਹਾ ਕਿ ਚੋਣਾਂ ਵਿਚ ਭਾਜਪਾ ਦੇ ਉਮੀਦਵਾਰਾਂ ਦੇ ਚੋਣ ਪ੍ਰਚਾਰ ਦੌਰਾਨ ਪਾਏ ਜਾ ਰਹੇ ਕਿਸਾਨਾਂ ਵਲੋਂ ਅੜਿੱਕਿਆਂ ਨੂੰ ਲੈ ਕੇ ਕਿਸੇ ਵੀ ਕਿਸਮ ਦੀ ਕਾਰਵਾਈ ਨਾ ਹੋਣਾ ਸੂਬੇ ਵਿਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਪ੍ਰਕਿਰਿਆ ਦੇ ਅਮਲ ਉੱਤੇ ਸਵਾਲੀਆ ਨਿਸ਼ਾਨ ਲਾ ਰਹੀ ਹੈ। ਉਨ੍ਹਾਂ ਲਿੱਖਿਆ ਕਿ ਵਿਰੋਧ ਪ੍ਰਦਰਸ਼ਨਾਂ ਨੂੰ ਕਾਬੂ ਵਿਚ ਰੱਖਣ 'ਚ ਅਸਫਲ ਭਗਵੰਤ ਮਾਨ ਸਰਕਾਰ ਉਲਟਾ ਪੀੜਤ ਭਾਜਪਾ ਆਗੂਆਂ 'ਤੇ ਪਰਚੇ ਦਰਜ ਕਰਕੇ ਸੂਬੇ 'ਚ 'ਕਾਨੂੰਨ ਦਾ ਰਾਜ' ਨਾ ਹੋਣ ਦਾ ਸਬੂਤ ਦੇ ਰਹੀ ਹੈ। ਚੋਣ ਕਮਿਸ਼ਨ ਨੂੰ ਦਿੱਤੀ ਸ਼ਿਕਾਇਤ ਮਗਰੋਂ ਕਮਿਸ਼ਨ ਨੇ ਪੰਜਾਬ ਦੇ ਪੁਲਿਸ ਮੁਖੀ ਨੂੰ ਨੋਟਿਸ ਜਾਰੀ ਕਰਕੇ ਇਸ ਮਾਮਲੇ ਵਿਚ ਰਿਪੋਰਟ ਤਲਬ ਕੀਤੀ ਹੈ। ਚੋਣ ਕਮਿਸ਼ਨ ਨੇ ਚੋਣਾਂ ਦੌਰਾਨ ਅਮਨ ਕਾਨੂੰਨ ਦੀ ਸਥਿਤੀ ਸੰਬੰਧੀ ਰਿਪੋਰਟ ਮੰਗੀ ਹੈ। ਇਸ ਤੋਂ ਪਹਿਲਾਂ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਚੋਣ ਕਮਿਸ਼ਨਰ ਸ੍ਰੀ ਸਿਬਿਨ ਸੀ. ਨੂੰ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਬੀਤੇ ਦਿਨੀਂ ਪਟਿਆਲਾ ਦੇ ਪਿੰਡ ਸੇਹਰਾ ਵਿਚ ਪਾਰਟੀ ਉਮੀਦਵਾਰ ਪ੍ਰਨੀਤ ਕੌਰ ਦਾ ਕਾਫਲਾ ਰੋਕਣ ਸਮੇਂ ਇਕ ਕਿਸਾਨ ਸੁਰਿੰਦਰਪਾਲ ਸਿੰਘ ਪਿੰਡ ਆਕੜੀ, ਜੋ ਕਿ ਗਰਮੀ ਤੇ ਧੁੱਪ ਕਾਰਨ ਆਪਣੇ-ਆਪ ਸੜਕ 'ਤੇ ਡਿੱਗਿਆ ਤੇ ਉਸਦੀ ਇਲਾਜ ਦੌਰਾਨ ਅਫ਼ਸੋਸਨਾਕ ਮੌਤ ਹੋਈ, ਪਰ ਸਿਤਮ ਦੀ ਗੱਲ ਇਹ ਹੈ ਕਿ ਉਕਤ ਘਟਨਾ ਸੰਬੰਧੀ ਵੀਡੀਓ ਸਾਹਮਣੇ ਆਉਣ ਦੇ ਬਾਵਜੂਦ ਮੌਕੇ 'ਤੇ ਮੌਜੂਦ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਤੇ ਹੋਰਨਾਂ ਅਣਪਛਾਤਿਆਂ ਖ਼ਿਲਾਫ਼ ਧਾਰਾ 304 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸੂਬੇ 'ਚ ਭਾਜਪਾ ਉਮੀਦਵਾਰਾਂ ਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਿਆ ਜਾ ਰਿਹਾ ਹੈ ਤੇ ਦੂਜੇ ਪਾਸੇ ਭਗਵੰਤ ਮਾਨ ਸਰਕਾਰ ਹੱਥ 'ਤੇ ਹੱਥ ਧਰੀ ਤਮਾਸ਼ਬੀਨ ਬਣੀ ਬੈਠੀ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਮੰਗ ਪੱਤਰ ਦੇ ਕੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਗਈ ਹੈ ਕਿ ਪੰਜਾਬ ਚੋਣ ਕਮਿਸ਼ਨ ਆਪਣੇ ਹੱਕਾਂ ਨੂੰ ਵਰਤ ਕੇ ਸੂਬੇ ਵਿਚ ਸੁਤੰਤਰ ਤੇ ਪਾਰਦਰਸ਼ੀ ਢੰਗ ਨਾਲ ਚੋਣ ਅਮਲ ਚਲਾਉਣ ਲਈ ਬਣਦੀ ਜ਼ਿੰਮੇਵਾਰੀ ਨਿਭਾਵੇ।

# ਲੋਕ ਸਭਾ ਚੋਣਾਂ-2024-ਦੌਰਾਨ ਪੰਥਕ ਤੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਕਾਲੀ ਦਲ

**✪ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਤੇ ਪੰਜਾਬ ਦੀ ਖੁਦਮੁਖਤਿਆਰੀ ਹਾਲੇ ਵੀ ਵੱਡਾ ਪੰਥਕ ਮੁਦਾ ✪ ਰਾਜਾਂ ਲਈ ਵਧੇਰੇ ਅਧਿਕਾਰ ਹਾਸਲ ਕਰਨਾ ਅਕਾਲੀ ਦਲ ਦਾ ਮੁਖ ਏਜੰਡਾ ਹੋਵੇ-ਚਿੰਤਕ ਸਤਨਾਮ ਮਾਣਕ ✪ ਸ਼੍ਰੋਮਣੀ ਕਮੇਟੀ ਨੂੰ ਨਿਰੋਲ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਸਿੱਖ ਪ੍ਰਚਾਰ ਲਈ ਆਜ਼ਾਦ ਕਰਨਾ ਪਵੇਗਾ-ਬਾਗੜੀਆਂ ✪ ਪੰਥ ਤੇ ਪੰਜਾਬ ਦਾ ਵਿਸ਼ਵਾਸ ਜਿਤਣਾ ਸਾਡਾ ਪਹਿਲਾ ਮਨੋਰਥ, ਭਾਵੇਂ ਅਸੀਂ ਕੋਈ ਸੀਟ ਨਾ ਜਿਤੀਏ-ਸੁਖਬੀਰ**

ਸ਼੍ਰੋਮਣੀ ਅਕਾਲੀ ਦਲ ਜਿਸ ਨੇ ਦੇਸ਼ ਦੀ ਆਜ਼ਾਦੀ ਅਤੇ ਆਜ਼ਾਦੀ ਤੋਂ ਬਾਅਦ ਦੇਸ਼ ਦੀ ਰਾਜਨੀਤੀ ਅਤੇ ਖ਼ਾਸ ਕਰਕੇ ਪੰਜਾਬ ਦੀ ਸਿਆਸਤ ਵਿਚ ਅਹਿਮ ਰੋਲ ਅਦਾ ਕੀਤਾ ਸੀ, ਅੱਜ ਕਈ ਤਰ੍ਹਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਜੇਕਰ ਪਿਛਲੇ ਇਤਿਹਾਸ ਨੂੰ ਛੱਡ ਵੀ ਦੇਈਏ ਤਾਂ ਵੀ 1997 ਤੋਂ 2002 ਅਤੇ ਫਿਰ 2007 ਤੋਂ ਲੈ ਕੇ 2017 ਤੱਕ ਇਸ ਨੇ ਪੰਜਾਬ 'ਤੇ 15 ਸਾਲ ਰਾਜ ਕੀਤਾ ਹੈ।

ਇਸ ਸਮੇਂ ਦੌਰਾਨ ਇਸ ਨੇ ਪੰਜਾਬ ਦੇ ਬੁਨਿਆਦੀ ਢਾਂਚੇ ਦੇ ਵਿਕਾਸ, ਇਤਿਹਾਸਕ ਯਾਦਗਾਰਾਂ ਦੀ ਉਸਾਰੀ ਅਤੇ ਕਿਸਾਨਾਂ ਤੇ ਹੋਰ ਗ਼ਰੀਬ ਵਰਗਾਂ ਦੀ ਭਲਾਈ ਲਈ ਅਨੇਕਾਂ ਵਿਕਾਸ ਦੇ ਕਾਰਜ ਕੀਤੇ ਹਨ ਅਤੇ ਪੰਜਾਬ ਦੀ ਖ਼ੁਦਮੁਖ਼ਤਿਆਰੀ ਲਈ ਸੰਘਰਸ਼ ਵੀ ਲੜਿਆ ਹੈ। ਬਿਨਾਂ ਸ਼ੱਕ ਇਸ ਸਮੇਂ ਦੌਰਾਨ ਇਸ ਦੀ ਲੀਡਰਸ਼ਿਪ ਨੇ ਕਈ ਵੱਡੀਆਂ ਗ਼ਲਤੀਆਂ ਵੀ ਕੀਤੀਆਂ ਹਨ, ਜਿਨ੍ਹਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨਾਲ ਸੰਬੰਧਿਤ ਘਟਨਾਵਾਂ ਨਾਲ ਠੀਕ ਤਰ੍ਹਾਂ ਨਾਲ ਨਾ ਨਿਪਟਣਾ, ਨਸ਼ਿਆਂ ਦੇ ਪ੍ਰਚਲਣ ਨੂੰ ਰੋਕਣ ਵਿਚ ਅਸਫਲ ਰਹਿਣਾ, ਵੱਡੀ ਪੱਧਰ 'ਤੇ ਕਰਜ਼ਾ ਚੁੱਕਣਾ, ਰੇਤਾ-ਬਜਰੀ ਦੇ ਮਾਫੀਏ 'ਤੇ ਕੰਟਰੋਲ ਨਾ ਕਰ ਸਕਣਾ ਅਤੇ ਪ੍ਰਸ਼ਾਸਨ ਵਿਚੋਂ ਵੀ ਭ੍ਰਿਸ਼ਟਾਚਾਰ ਨੂੰ ਸਮਾਪਤ ਨਾ ਕਰ ਸਕਣਾ ਆਦਿ ਸ਼ਾਮਿਲ ਹਨ।

ਅਜਿਹੇ ਕਾਰਨਾਂ ਕਰਕੇ ਸਿਖਾਂ ਦੇ ਬਦਜ਼ਨ ਹੋਣ ਸਦਕਾ 2017 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਇਹ ਪਾਰਟੀ ਸੱਤਾ ਤੋਂ ਬਾਹਰ ਹੋ ਗਈ। ਇਸ ਨੂੰ ਵਿਧਾਨ ਸਭਾ ਦੀਆਂ ਸਿਰਫ਼ 15 ਸੀਟਾਂ ਮਿਲ ਸਕੀਆਂ ਅਤੇ ਇਹ 25.2 ਫ਼ੀਸਦੀ ਵੋਟਾਂ ਹੀ ਹਾਸਲ ਕਰ ਸਕੀ। 2019 ਦੀਆਂ ਲੋਕ ਸਭਾ ਚੋਣਾਂ ਵਿਚ ਵੀ ਪਾਰਟੀ ਦੀ ਕਾਰਗੁਜ਼ਾਰੀ ਕੋਈ ਬਿਹਤਰ ਨਹੀਂ ਰਹੀ, ਇਹ ਸਿਰਫ਼ ਬਠਿੰਡਾ ਤੇ ਫਿਰੋਜ਼ਪੁਰ ਦੀਆਂ 2 ਹੀ ਸੀਟਾਂ ਜਿੱਤ ਸਕੀ। ਦੋ ਸੀਟਾਂ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਇਸ ਦੀ ਭਾਈਵਾਲ ਪਾਰਟੀ ਭਾਜਪਾ ਨੇ ਜਿੱਤੀਆਂ ਅਤੇ ਬਾਕੀ 8 ਸੀਟਾਂ ਕਾਂਗਰਸ ਅਤੇ ਇਕ ਸੀਟ ਆਮ ਆਦਮੀ ਪਾਰਟੀ ਨੇ ਜਿੱਤੀ। ਲੋਕ ਸਭਾ ਦੀ ਉਸ ਚੋਣ ਦੌਰਾਨ ਪਾਰਟੀ ਨੇ 27.45 ਫ਼ੀਸਦੀ ਵੋਟਾਂ ਹਾਸਲ ਕੀਤੀਆਂ। ਬਾਅਦ ਵਿਚ ਕਿਸਾਨ ਅੰਦੋਲਨ ਦੇ ਮੁੱਦੇ 'ਤੇ ਇਸ ਨੇ ਆਪਣੀ ਪੁਰਾਣੀ ਭਾਈਵਾਲ ਪਾਰਟੀ ਭਾਜਪਾ ਨਾਲੋਂ ਨਾਤਾ ਤੋੜ ਲਿਆ ਅਤੇ 2022 ਦੀਆਂ ਵਿਧਾਨ ਸਭਾ ਚੋਣਾਂ ਇਸ ਨੇ ਬਸਪਾ ਨਾਲ ਗੱਠਜੋੜ ਕਰਕੇ ਲੜੀਆਂ, ਇਸ ਨੂੰ ਸਿਰਫ਼ 3 ਸੀਟਾਂ ਪ੍ਰਾਪਤ ਹੋਈਆਂ। ਇਸ ਦਾ ਵੋਟ ਸ਼ੇਅਰ ਵੀ ਘਟ ਕੇ 18.38 ਫ਼ੀਸਦੀ ਰਹਿ ਗਿਆ। ਇਸ ਦੀ ਨਵੀਂ ਬਣੀ ਭਾਈਵਾਲ ਪਾਰਟੀ ਬਸਪਾ ਨੂੰ ਵੀ ਸਿਰਫ਼ ਇਕ ਸੀਟ ਪ੍ਰਾਪਤ ਹੋਈ।

ਮੌਜੂਦਾ ਲੋਕ ਸਭਾ ਚੋਣਾਂ ਸਮੇਂ ਵੀ ਸਥਿਤੀਆਂ ਅਜਿਹੀਆਂ ਬਣੀਆਂ ਕਿ ਇਸ ਦਾ ਪੰਥਕ ਮੁੱਦਿਆਂ ਕਾਰਣ ਭਾਜਪਾ ਨਾਲ ਚੋਣ ਸਮਝੌਤਾ ਨਹੀਂ ਹੋ ਸਕਿਆ। ਭਾਜਪਾ ਅਕਾਲੀ ਦਲ ਦੀ ਮੰਗ ਬੰਦੀ ਸਿਖਾਂ ਦੀ ਰਿਹਾਈ ਲਈ ਤਿਆਰ ਨਹੀਂ ਸੀ ਖ਼ਾਸ ਕਰਕੇ ਦੁਬਾਰਾ ਕਿਸਾਨ ਅੰਦੋਲਨ ਸ਼ੁਰੂ ਹੋਣ ਅਤੇ ਇਸ ਦੌਰਾਨ ਹਰਿਆਣੇ ਨਾਲ ਲਗਦੀਆਂ ਸ਼ੰਭੂ ਅਤੇ ਖਨੌਰੀ ਦੀਆਂ ਸਰਹੱਦਾਂ 'ਤੇ ਜੋ ਘਟਨਾਕ੍ਰਮ ਵਾਪਰਿਆ, ਉਸ ਨੇ ਸਮਝੌਤੇ ਦੀਆਂ ਸੰਭਾਵਨਾਵਾਂ ਹੋਰ ਵੀ ਘਟਾ ਦਿੱਤੀਆਂ ਸਨ।



ਬਸਪਾ ਨਾਲੋਂ ਵੀ ਇਸ ਦਾ ਗੱਠਜੋੜ ਸਮਾਪਤ ਹੋ ਗਿਆ ਜਿਸ ਕਾਰਨ ਹੁਣ ਲੋਕ ਸਭਾ ਦੀਆਂ ਚੋਣਾਂ ਦਾ ਇਹ ਪਾਰਟੀ ਇਕੱਲਿਆਂ ਹੀ ਸਾਹਮਣਾ ਕਰ ਰਹੀ ਹੈ। ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਆਖਰੀ ਪੜਾਅ ਵਿਚ 1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ ਪੈਣ ਵਿਚ ਲਗਭਗ ਇਕ ਮਹੀਨੇ ਦਾ ਸਮਾਂ ਬਾਕੀ ਹੈ।

ਹੁਣ ਤੱਕ ਇਸ ਨੇ ਚੰਡੀਗੜ੍ਹ ਸਮੇਤ ਪੰਜਾਬ ਦੀਆਂ ਸਾਰੀਆਂ 14 ਸੀਟਾਂ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ : ਦਲਜੀਤ ਸਿੰਘ ਚੀਮਾ (ਗੁਰਦਾਸਪੁਰ), ਪ੍ਰੇਮ ਸਿੰਘ ਚੰਦੂਮਾਜਰਾ (ਸ੍ਰੀ ਅਨੰਦਪੁਰ ਸਾਹਿਬ), ਐਨ.ਕੇ. ਸ਼ਰਮਾ (ਪਟਿਆਲਾ), ਅਨਿਲ ਜੋਸ਼ੀ (ਸ੍ਰੀ ਅੰਮ੍ਰਿਤਸਰ ਸਾਹਿਬ), ਬਿਕਰਮਜੀਤ ਸਿੰਘ ਖ਼ਾਲਸਾ (ਫ਼ਤਹਿਗੜ੍ਹ ਸਾਹਿਬ), ਰਾਜਵਿੰਦਰ ਸਿੰਘ (ਫ਼ਰੀਦਕੋਟ), ਇਕਬਾਲ ਸਿੰਘ ਝੂੰਦਾਂ (ਸੰਗਰੂਰ), ਹਰਸਿਮਰਤ ਕੌਰ ਬਾਦਲ (ਬਠਿੰਡਾ), ਮਹਿੰਦਰ ਸਿੰਘ ਕੇ.ਪੀ. (ਜਲੰਧਰ), ਖਡੂਰ ਸਾਹਿਬ ਤੋਂ ਵਿਰਸਾ ਸਿੰਘ ਵਲਟੋਹਾ, ਰਣਜੀਤ ਸਿੰਘ ਢਿੱਲੋਂ (ਲੁਧਿਆਣਾ), ਸੋਹਣ ਸਿੰਘ ਠੰਡਲ (ਹੁਸ਼ਿਆਰਪੁਰ), ਨਰਦੇਵ ਸਿੰਘ ਬੌਬੀਮਾਨ (ਫ਼ਿਰੋਜ਼ਪੁਰ) ਅਤੇ ਹਰਦੀਪ ਸਿੰਘ ਸੈਣੀ (ਚੰਡੀਗੜ੍ਹ)। ਇਨ੍ਹਾਂ ਸਥਿਤੀਆਂ ਵਿਚ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਦੀ ਰਣਨੀਤੀ ਕੀ ਹੋਵੇ ?

ਪ੍ਰਸਿੱਧ ਪੱਤਰਕਾਰ ਤੇ ਚਿੰਤਕ ਸਤਨਾਮ ਮਾਣਕ ਦੀ ਰਾਇ ਤਾਂ ਇਹ ਹੈ ਕਿ ਪਾਰਟੀ ਨੂੰ ਆਪਣੇ ਪਿਛਲੇ ਸੰਘਰਸ਼ਮਈ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਪੂਰੀ ਦ੍ਰਿੜ੍ਹਤਾ ਨਾਲ ਇਹ ਚੋਣਾਂ ਲੜਨੀਆਂ ਚਾਹੀਦੀਆਂ ਹਨ। ਪਾਰਟੀ ਨੂੰ ਇਸ ਸਮੇਂ ਪੰਜਾਬੀਆਂ ਤੇ ਪੰਥ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ ਕਿ ਅਕਾਲੀ ਦਲ ਦੀ ਪੰਥ ਤੇ ਪੰਜਾਬ ਨਾਲ ਠੋਸ ਪ੍ਰਤੀਬੱਧਤਾ ਹੈ।

ਇਨ੍ਹਾਂ ਚੋਣਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਤਰਜੀਹ ਪੰਜਾਬ ਦੇ ਲੋਕਾਂ ਅਤੇ ਖ਼ਾਸ ਕਰਕੇ ਸਿੱਖ ਭਾਈਚਾਰੇ ਦਾ ਮੁੜ ਤੋਂ ਵਿਸ਼ਵਾਸ ਪ੍ਰਾਪਤ ਕਰਨ ਦੀ ਹੋਣੀ ਚਾਹੀਦੀ ਹੈ। ਘੱਟ-ਗਿਣਤੀ ਦੇ ਹੱਕਾਂ ਹਿੱਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਅਤੇ ਪੰਜਾਬੀ ਸੂਬੇ ਦਾ ਬਹੁਪੱਖੀ ਵਿਕਾਸ ਕਰਨਾ, ਰਾਜ ਦੇ ਲੋਕਾਂ ਨੂੰ ਬਿਹਤਰ ਜੀਵਨ ਪੱਧਰ ਦੇਣਾ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਕੇ ਰਾਜਾਂ ਲਈ ਵਧੇਰੇ ਅਧਿਕਾਰ ਹਾਸਲ ਕਰਨਾ ਸ਼੍ਰੋਮਣੀ ਅਕਾਲੀ ਦਲ ਦਾ ਮੁਖ ਏਜੰਡਾ ਹੋਣਾ ਚਾਹੀਦਾ ਹੈ। ਪ੍ਰਸਿੱਧ ਚਿੰਤਕ ਹਮੀਰ ਸਿੰਘ ਆਖਦੇ ਹਨ ਕਿ 2012 ਤੋਂ 2017 ਤੱਕ ਸਰਕਾਰ ਚਲਾਉਣ ਸਮੇਂ ਇਹ ਸਿੱਖ ਪੰਥ ਅਤੇ ਕਿਸਾਨੀ ਵਿਚ ਆਪਣਾ ਮਜ਼ਬੂਤ ਅਧਾਰ ਬਣਾ ਕੇ ਨਹੀਂ ਰੱਖ ਸਕੀ, ਇਸ ਕਾਰਨ ਹੀ ਇਸ ਦੀ ਹਾਲਤ ਪਤਲੀ ਹੋਈ ਹੈ। 2020 ਵਿਚ ਆਰੰਭ ਹੋਏ ਕਿਸਾਨ ਅੰਦੋਲਨ ਦੀਆਂ ਮੰਗਾਂ ਸੰਬੰਧੀ ਵੀ ਸਮੇਂ ਸਿਰ ਇਹ ਸਪੱਸ਼ਟ ਸਟੈਂਡ ਨਹੀਂ ਲੈ ਸਕੀ।

ਇਸ 'ਤੇ ਇਹ ਵੀ ਦੋਸ਼ ਲਗਦੇ ਰਹੇ ਹਨ ਕਿ ਭਾਜਪਾ ਦੀ ਲੰਮੇ ਸਮੇਂ ਤੱਕ ਭਾਈਵਾਲ ਰਹਿਣ ਕਾਰਨ ਇਹ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ, ਰਾਜਧਾਨੀ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਹਾਸਲ ਕਰਨ ਅਤੇ ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਪ੍ਰਾਪਤ ਕਰਨ ਦੇ ਮਾਮਲਿਆਂ ਨੂੰ ਵੀ ਇਹ ਜ਼ੋਰਦਾਰ ਢੰਗ ਨਾਲ ਉਠਾਉਣ ਵਿਚ ਅਸਫਲ ਰਹੀ ਹੈ। ਪਰ ਅੱਜ ਜਦੋਂ ਅਕਾਲੀ ਦਲ ਭਾਜਪਾ ਦਾ ਭਾਈਵਾਲ ਨਹੀਂ ਰਿਹਾ ਅਤੇ ਭਾਜਪਾ ਵੀ ਵਧੇਰੇ ਦ੍ਰਿੜ੍ਹਤਾ ਨਾਲ ਆਪਣੇ ਸਿਆਸੀ ਲਾਭਾਂ ਲਈ ਫਿਰਕੂ ਧਰੁਵੀਕਰਨ ਦੀ ਰਾਜਨੀਤੀ 'ਤੇ ਚਲਦੀ ਹੋਈ ਘੱਟ-ਗਿਣਤੀਆਂ ਵਿਰੁੱਧ ਪੈਂਤੜੇਬਾਜ਼ੀ ਕਰ ਰਹੀ ਹੈ ਤਾਂ ਅਕਾਲੀ ਦਲ ਕੋਲ ਵੀ ਇਕ ਵੱਡਾ ਮੌਕਾ ਹੈ ਕਿ ਉਹ ਆਪਣੇ ਪੁਰਾਣੇ ਮੁੱਖ ਸਿਧਾਂਤਾਂ ਵੱਲ ਪਰਤ ਕੇ ਆਪਣੇ-ਆਪ ਨੂੰ ਮੁੜ ਮਜ਼ਬੂਤ ਕਰੇ। ਇਸ ਸਮੇਂ ਪੰਜਾਬ ਨੂੰ ਇਕ ਅਜਿਹੀ ਮਜ਼ਬੂਤ ਖੇਤਰੀ ਪਾਰਟੀ ਦੀ ਲੋੜ ਹੈ, ਜੋ ਰਾਜ ਦੇ ਹੱਕਾਂ, ਹਿੱਤਾਂ ਦੀ ਰਾਖੀ ਕਰ ਸਕੇ, ਸਿੱਖ ਘੱਟ-ਗਿਣਤੀ ਦੇ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮਸਲੇ ਹੱਲ ਕਰਵਾ ਸਕੇ, ਕਿਸਾਨਾਂ ਨੂੰ ਫ਼ਸਲਾਂ ਦੇ ਵਾਜਬ ਭਾਅ ਦੁਆ ਸਕੇ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾ ਹੈ ਕਿ ਲੋਕ ਸਭਾ ਦੀਆਂ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਕਿੰਨੀਆਂ ਸੀਟਾਂ ਜਿੱਤਦਾ ਹੈ ਜਾਂ ਨਹੀਂ ਜਿੱਤਦਾ, ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਅਕਾਲੀ ਦਲ ਦਾ ਮੁਖ ਮਨੋਰਥ ਸਿੱਖ ਭਾਈਚਾਰੇ ਅਤੇ ਪੰਜਾਬ ਦੇ ਹੋਰ ਸਮੂਹ ਲੋਕਾਂ ਦਾ ਵਿਸ਼ਵਾਸ ਜਿੱਤਣਾ ਹੈ।

ਪੰਜਾਬ ਦੇ ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਇਸ ਸੰਬੰਧੀ ਇਨ੍ਹਾਂ ਚੋਣਾਂ ਵਿਚ ਅਕਾਲੀ ਦਲ ਚੋਖੀ ਪ੍ਰਾਪਤੀ ਹਾਸਲ ਕਰਦਾ ਹੈ ਤਾਂ ਭਵਿੱਖ ਦੀ ਰਾਜਨੀਤੀ ਵਿਚ ਇਹ ਮੁੜ ਵੱਡਾ ਰੋਲ ਅਦਾ ਕਰਨ ਦੇ ਸਮਰੱਥ ਹੋ ਜਾਵੇਗਾ। ਜਿਸ ਤਰ੍ਹਾਂ ਦੀ ਇਸ ਸਮੇਂ ਦੇਸ਼ ਵਿਚ ਫਿਰਕੂ ਰਾਜਨੀਤੀ ਚੱਲ ਰਹੀ ਹੈ, ਉਸ ਵਿਚ ਅਕਾਲੀ ਦਲ ਵਰਗੀ ਪਾਰਟੀ ਦਾ ਮਜ਼ਬੂਤ ਹੋਣਾ, ਆਪਣੇ ਖਿੱਤੇ ਦੇ ਲੋਕਾਂ ਨੂੰ ਸੁਚੱਜੀ ਰਹਿਨੁਮਾਈ ਦੇਣਾ ਬੇਹੱਦ ਜ਼ਰੂਰੀ ਹੈ।

ਸਿਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ ਦਾ ਕਹਿਣਾ ਹੈ ਕਿ ਹੁਣ ਅਕਾਲੀ ਦਲ ਉਸ ਸਥਾਨ 'ਤੇ ਆ ਖੜ੍ਹਾ ਹੋਇਆ ਹੈ ਜਿੱਥੇ ਇਸ ਲਈ ਆਪਣਾ ਵੱਕਾਰ ਬਣਾਈ ਰੱਖਣਾ ਹੀ ਮੁੱਖ ਚੁਣੌਤੀ ਬਣ ਗਿਆ ਹੈ। ਹੁਣ ਅਕਾਲੀ ਦਲ ਨੂੰ ਮੁੜ ਖੜ੍ਹਾ ਹੋਣ ਲਈ ਆਪਣੇ ਆਪ ਵਿੱਚ ਸੁਧਾਰ ਕਰਨੇ ਪੈਣਗੇ ਅਤੇ ਸ਼੍ਰੋਮਣੀ ਕਮੇਟੀ ਨੂੰ ਨਿਰੋਲ ਗੁਰਦੁਆਰਿਆਂ ਦੀ ਸਾਂਭ ਸੰਭਾਲ ਅਤੇ ਸਿੱਖ ਪ੍ਰਚਾਰ ਲਈ ਆਜ਼ਾਦ ਕਰਨਾ ਪਵੇਗਾ। ਇਸ ਨਾਲ ਹੀ ਇਹ ਸਿੱਖਾਂ ਦਾ ਭਰੋਸਾ ਜਿੱਤ ਸਕਦਾ ਹੈ। ਸਿਰਫ ਵੋਟਾਂ ਖਾਤਰ ਇਨ੍ਹਾਂ ਸਾਝੀਆਂ ਧਾਰਮਿਕ ਸੰਸਥਾਵਾਂ ਨੂੰ ਵਰਤਣਾ ਬੰਦ ਕਰਨ ਵਿੱਚ ਹੀ ਅਕਾਲੀ ਦਲ ਦੀ ਭਲਾਈ ਹੈ।

## ਪੁਤਿਨ 5 ਵੀਂ ਵਾਰ ਰੂਸ ਦਾ ਬਣਿਆ ਰਾਸ਼ਟਰਪਤੀ, 33 ਸ਼ਬਦਾਂ 'ਚ ਚੁੱਕੀ ਸਹੁੰ

ਵਲਾਦੀਮੀਰ ਪੁਤਿਨ 5ਵੀਂ ਵਾਰ ਰੂਸ ਦੇ ਰਾਸ਼ਟਰਪਤੀ ਬਣੇ ਹਨ। ਪੁਤਿਨ ਨੇ ਮਾਸਕੋ ਦੇ ਗ੍ਰੈਂਡ ਕ੍ਰੇਮਲਿਨ ਪੈਲੇਸ ਵਿੱਚ 33 ਸ਼ਬਦਾਂ ਵਿੱਚ ਸਹੁੰ ਚੁੱਕੀ। ਇਹ ਉਹੀ ਸਥਾਨ ਹੈ ਜਿੱਥੇ ਰੂਸ ਦੇ ਜ਼ਾਰ ਪਰਿਵਾਰ ਦੇ ਤਿੰਨ ਰਾਜਿਆਂ (ਸਿਕੰਦਰ II, ਅਲੈਗਜ਼ੈਂਡਰ III ਅਤੇ ਨਿਕੋਲਸ II) ਦੀ ਤਾਜਪੋਸ਼ੀ ਕੀਤੀ ਗਈ ਸੀ। ਸਹੁੰ ਚੁੱਕਣ ਤੋਂ ਬਾਅਦ ਪੁਤਿਨ ਨੇ ਕਿਹਾ ਹੈ ਕਿ ਅਸੀਂ ਹੋਰ ਮਜ਼ਬੂਤ ਹੋਵਾਂਗੇ। ਅਸੀਂ ਉਨ੍ਹਾਂ ਦੇਸ਼ਾਂ ਨਾਲ ਆਪਣੇ ਸਬੰਧਾਂ ਨੂੰ ਮਜ਼ਬੂਤ ਕਰਾਂਗੇ, ਜੋ ਸਾਨੂੰ ਦੁਸ਼ਮਣ ਸਮਝਦੇ ਹਨ। ਮੈਂ ਜਨਤਾ ਦਾ ਵਿਸ਼ਵਾਸ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗਾ। ਰੂਸ ਵਿਚ 15-17 ਮਾਰਚ ਨੂੰ ਹੋਈਆਂ ਚੋਣਾਂ ਵਿਚ ਪੁਤਿਨ ਨੂੰ 88% ਵੋਟਾਂ ਮਿਲੀਆਂ। ਉਨ੍ਹਾਂ ਦੇ ਵਿਰੋਧੀ ਨਿਕੋਲੇ ਖਾਰੀਤੋਨੋਵ ਨੂੰ ਸਿਰਫ਼ 4% ਵੋਟਾਂ ਮਿਲੀਆਂ।

ਵਿਚਾਰ :– ਜਿਸ ਵਿਅਕਤੀ ਨੇ ਜ਼ਬਾਨ ਵਸ ਵਿਚ ਕਰ ਲਈ ਉਸ ਨੇ ਸਾਰਾ ਸੰਸਾਰ ਵਸ ਵਿਚ ਕਰ ਲਿਆ।



ਰਜਿੰਦਰ ਸਿੰਘ ਪੁਰੇਵਾਲ

# ਲੋਕ ਸਭਾ ਚੋਣਾਂ ਦੇ ਪ੍ਰਚਾਰ ਵਿਚੋਂ ਗਾਇਬ ਪੰਜਾਬ ਤੇ ਪੰਥ ਦੇ ਮੁੱਦੇ ਬਨਾਮ ਅਕਾਲੀ ਦਲ

1980 ਦੇ ਦਹਾਕੇ ਤੱਕ ਪੰਜਾਬ ਖੇਤੀ 'ਚ ਨੰਬਰ ਇਕ 'ਤੇ ਰਿਹਾ ਅਤੇ ਉਦਯੋਗ ਵਿਚ ਦੂਜੇ ਸਥਾਨ 'ਤੇ ਸੀ। ਇਸ ਦਹਾਕੇ ਦੇ ਸੰਤਾਪ ਦੌਰ ਨੇ ਪੰਜਾਬ ਨੂੰ ਝੰਜੋੜਿਆ ਪਰ ਉਸ ਵਿਚੋਂ ਵੀ ਇਹ ਉਭਰ ਆਇਆ। ਇਸ ਤੋਂ ਬਾਅਦ ਜਦੋਂ ਦੀ ਸਦੀ ਬਦਲੀ ਹੈ, ਪੰਜਾਬ ਦਿਨ-ਬ-ਦਿਨ ਹੇਠਾਂ ਵੱਲ ਨੂੰ ਜਾ ਰਿਹਾ ਹੈ ਅਤੇ ਅੱਜ ਹਾਲਾਤ ਇਹ ਹਨ ਕਿ ਪੰਜਾਬ ਅਰਥ-ਵਿਵਸਥਾ ਦੇ ਹਿਸਾਬ ਨਾਲ 16ਵੇਂ ਸਥਾਨ 'ਤੇ ਪਹੁੰਚ ਚੁੱਕਾ ਹੈ। ਇਸ ਸਥਿਤੀ ਦਾ ਜਦੋਂ ਵਿਸ਼ਲੇਸ਼ਣ ਕਰਦੇ ਹਾਂ ਤਾਂ ਕਈ ਕਾਰਨ ਸਾਹਮਣੇ ਆਉਂਦੇ ਹਨ। ਇਨ੍ਹਾਂ 'ਚੋਂ ਸਭ ਤੋਂ ਵੱਡਾ ਕਾਰਨ ਹੈ ਸਿਆਸੀ ਪਾਰਟੀਆਂ 'ਚ ਆ ਰਿਹਾ ਨਿਘਾਰ ਤੇ ਅਕਾਲੀ ਦਲ ਦਾ ਕਿਸਾਨੀ, ਪੰਜਾਬ ਤੇ ਪੰਥਕ ਮੁਦੇ ਤਿਆਗਣਾ ਤੇ ਸਿਰਫ ਸਤਾ ਵਲ ਧਿਆਨ ਕੇਂਦਰਿਤ ਕਰਨਾ। ਬਾਕੀ ਦੀਆਂ ਅਲਾਮਤਾਂ ਇਸੇ ਸਥਿਤੀ ਦੀ ਪੈਦਾਵਾਰ ਹਨ। ਪੰਜਾਬ ਵਿੱਚ ਲੋਕ ਸਭਾ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁਕਾ ਹੈ। ਸੂਬੇ ਵਿੱਚ ਸੱਤਾਧਾਰੀ ਧਿਰ ਆਮ ਆਦਮੀ ਪਾਰਟੀ, ਵਿਰੋਧੀ ਧਿਰ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਭਾਜਪਾ ਵੱਲੋਂ ਇਕ ਦੂਜੇ 'ਤੇ ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ। ਅੱਜ ਇਉਂ ਲੱਗਦਾ ਹੈ, ਜਿਵੇਂ ਪੰਜਾਬ ਵਿਚ ਲੀਡਰਾਂ ਦੀ ਘਾਟ ਪੈ ਗਈ ਹੋਵੇ। ਪਾਰਟੀਆਂ ਜਾਂ ਤਾਂ ਦੂਜੀਆਂ ਪਾਰਟੀਆਂ ਦੇ ਲੀਡਰਾਂ ਨੂੰ ਆਪਣੇ ਵੱਲ ਖਿੱਚ ਕੇ ਟਿਕਟਾਂ ਦੇ ਰਹੀਆਂ ਹਨ ਜਾਂ ਫਿਰ ਆਪਣੇ ਹੀ ਮੰਤਰੀਆਂ ਜਾਂ ਐੱਮ.ਐੱਲ.ਏਜ਼ ਨੂੰ ਟਿਕਟਾਂ ਦੇ ਰਹੀਆਂ ਹਨ। ਕਈ ਲੀਡਰ ਇਕ ਪਾਰਟੀ ਦੀ ਮਿਲੀ ਟਿਕਟ ਛੱਡ ਕੇ ਦੂਜੀ ਪਾਰਟੀ ਤੋਂ ਟਿਕਟ ਲੈ ਰਹੇ ਹਨ। ਇਸ ਨਾਲ ਉਨ੍ਹਾਂ ਦੀ ਪਾਰਟੀ ਦੀ ਸਾਖ ਤਾਂ ਡਿੱਗਦੀ ਹੀ ਹੈ ਪਰ ਨਾਲ ਹੀ ਪਾਰਟੀ ਲੀਡਰਸ਼ਿਪ 'ਤੇ ਵੀ ਸਵਾਲ ਖੜ੍ਹੇ ਹੁੰਦੇ ਹਨ। ਦਲ ਬਦਲੀ ਦੇ ਰੁਝਾਨ ਕਾਰਣ ਆਮ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਪੰਜਾਬ ਵਿਚ ਇਮਾਨਦਾਰ, ਸੂਝਵਾਨ, ਨਿਰਸਵਾਰਥ ਸੱਚੇ-ਸੁੱਚੇ ਲੀਡਰਾਂ ਦਾ ਕਾਲ ਪੈ ਗਿਆ ਹੈ। ਲੋਕਾਂ ਨੂੰ ਇਹ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਕਿ ਆਖਰ ਵੋਟ ਕਿਸ ਨੂੰ ਪਾਈਏ ?

ਪੰਜਾਬ, ਜੋ ਕਿ ਇਸ ਵੇਲੇ ਇਕ ਮੁਸ਼ਕਿਲ ਦੌਰ 'ਚੋਂ ਗੁਜ਼ਰ ਰਿਹਾ ਹੈ, ਦੀ ਨੌਜਵਾਨ ਪੀੜ੍ਹੀ ਤੇ ਕਿਸਾਨੀ 'ਚ ਵੱਡੀ ਬੇਚੈਨੀ ਹੈ ਤੇ ਨੌਜਵਾਨ ਪੀੜ੍ਹੀ ਵੱਡੇ ਪੱਧਰ 'ਤੇ ਦੂਜੇ ਦੇਸ਼ਾਂ ਵੱਲ ਪ੍ਰਵਾਸ ਕਰ ਰਹੀ ਹੈ। ਪੰਜਾਬ ਨਸ਼ਿਆਂ, ਰੁਜ਼ਗਾਰ ਦੇ ਸਾਧਨ ਸੁੰਗੜ ਜਾਣ ਤੇ ਵਿੱਦਿਅਕ ਸਹੂਲਤਾਂ ਦੇ ਸਮੇਂ ਦੇ ਹਾਣੀ ਨਾ ਬਣਨ ਦੀ ਸਮੱਸਿਆ ਨਾਲ ਜੂਝ ਰਿਹਾ ਹੈ ਤੇ ਚੰਡੀਗੜ੍ਹ, ਦਰਿਆਈ ਪਾਣੀ, ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਵਰਗੇ ਮੁੱਦਿਆਂ ਨੂੰ, ਜੋ ਪੰਜਾਬ ਦੇ ਲੋਕਾਂ ਦੇ ਮਨਾਂ ਤੇ ਦਿਲਾਂ ਨਾਲ ਲੰਬੇ ਸਮੇਂ ਤੋਂ ਜੁੜੇ ਹੋਏ ਹਨ, ਰਾਜਨੀਤਕ ਪਾਰਟੀਆਂ ਕੋਈ ਮਹੱਤਤਾ ਹੀ ਨਹੀਂ ਦੇ ਰਹੀਆਂ ।

ਹੈਰਾਨੀ ਇਸ ਗਲ ਦੀ ਹੈ ਕਿ ਸੂਬੇ ਦੇ ਅਸਲ ਮੁੱਦਿਆਂ ਬਾਰੇ ਕੋਈ ਚਰਚਾ ਨਹੀਂ ਕਰ ਰਿਹਾ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਜ਼ਮੀਨੀ ਪਾਣੀ ਘਟਦਾ ਜਾ ਰਿਹਾ ਹੈ, ਜਿਸ ਕਰਕੇ ਲੋਕਾਂ ਨੂੰ ਭਵਿੱਖ ਵਿੱਚ ਪਾਣੀ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇੱਥੋਂ ਦੀ ਉਪਜਾਊ ਜ਼ਮੀਨ ਬੰਜਰ ਹੁੰਦੀ ਜਾ ਰਹੀ ਹੈ। ਕਿਸਾਨ ਐੱਮਐੱਸਪੀ 'ਤੇ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਕਿਸਾਨ-ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਰੁਕ ਨਹੀਂ ਰਹੀਆਂ। ਕਿਸਾਨੀ ਮੁਦਿਆਂ ਕਾਰਣ ਭਾਜਪਾ ਉਮੀਦਵਾਰਾਂ ਦੇ ਘਿਰਾਓ ਜਾਰੀ ਹਨ। ਪਿੰਡਾਂ ਵਿਚ ਭਾਜਪਾ ਉਮੀਦਵਾਰਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਜਾ ਰਿਹਾ ਹੈ। ਪਰ ਇਸ ਮਾਮਲੇ ਵਿਚ ਚੰਗੀ ਗਲ ਇਹ ਹੈ ਕਿ ਸ੍ਰੋਮਣੀ ਅਕਾਲੀ ਦਲ ਪੰਥ ਤੇ ਪੰਜਾਬ ਦੇ ਮੁਦਿਆਂ ਵਲ ਕੇਂਦਰਿਤ ਹੋ ਗਿਆ ਹੈ। ਕਾਂਗਰਸ,ਆਪ ਤੇ ਭਾਜਪਾ ਉਸਦੇ ਨਿਸ਼ਾਨੇ ਉਪਰ ਹਨ। ਜੇਕਰ ਉਹ ਖਡੂਰ ਸਾਹਿਬ ਦੀ ਸੀਟ ਤੋਂ ਆਪਣਾ ਉਮੀਦਵਾਰ ਅੰਮ੍ਰਿਤ ਪਾਲ ਸਿੰਘ ਦੇ ਹਕ ਵਿਚ ਬਿਠਾ ਲਵੇ ਤਾਂ ਉਸਦਾ ਪੰਥ ਵਿਚ ਵਿਸ਼ਵਾਸ ਬਹਾਲ ਹੋ ਸਕਦਾ ਹੈ। ਇਸ ਦਾ ਕਾਰਣ ਹੈ ਕਿ ਅਕਾਲੀ ਦਲ ਦਾ ਹਾਲੇ ਤਕ ਕੋਈ ਬਦਲ ਨਹੀਂ ਜੋ ਪੰਜਾਬ ਦੇ ਹਿਤਾਂ ਦੀ ਰਾਖੀ ਕਰ ਸਕੇ।ਸੁਖਬੀਰ ਸਿੰਘ ਬਾਦਲ ਪ੍ਰਧਾਨ ਸ੍ਰੋਮਣੀ ਅਕਾਲੀ ਦਲ ਵਲੋਂ ਭਾਜਪਾ ਨੂੰ ਘੇਰਨਾ ਕਿ ਉਹ ਪੰਥਕ ਸੰਸਥਾਵਾਂ ਉਪਰ ਕਬਜੇ ਕਰ ਰਹੀ ਹੈ। ਸਿਖ ਜਗਤ ਸੁਚੇਤ ਹੋਵੇ। ਇਹ ਸਹੀ ਪਹੁੰਚ ਹੈ।ਪੰਥਕ ਸੰਸਥਾਵਾਂ ਦੀ ਰਾਖੀ ਵੀ ਅਕਾਲੀ ਦਲ ਕਰ ਸਕਦਾ ਹੈ। ਇਹ ਰਾਖੀ ਕੇਂਦਰੀ ਪਾਰਟੀਆਂ ਨਹੀਂ ਕਰ ਸਕਦੀਆਂ। ਛੋਟੇ ਪੰਥਕ ਧੜਿਆਂ ਤੋਂ ਵੀ ਇਹ ਆਸ ਨਹੀਂ ਰਖੀ ਜਾ ਸਕਦੀ। ਕਿਉਂ ਪੰਥਕ ਧੜੇ ਸੰਗਰੂਰ ਤੇ ਖਡੂਰ ਸਾਹਿਬ ਤਕ ਸੀਮਤ ਰਹਿ ਗਏ ਹਨ। ਚੰਗਾ ਹੁੰਦਾ ਇਸ ਸੰਕਟ ਦੌਰਾਨ ਪੰਥਕ ਧੜੇ ਤੇ ਅਕਾਲੀ ਦਲ ਮਿਲਕੇ ਚੋਣ ਲੜਦੇ ਤੇ ਪੰਜਾਬ ਹਿਤੂ ਵਧੀਆ ਏਜੰਡਾ ਤਹਿ ਕਰਦੇ।

ਨਸ਼ਿਆਂ ਕਾਰਨ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ। ਵੱਡੀ ਗਿਣਤੀ ਨੌਜਵਾਨ ਪਰਵਾਸ ਕਰ ਰਹੇ ਹਨ। ਇਨ੍ਹਾਂ ਬਾਰੇ ਸਾਰੀਆਂ ਰਾਜਸੀ ਪਾਰਟੀਆਂ ਚੁੱਪ ਹਨ। ਕੇਂਦਰ ਸਰਕਾਰ ਦੇ ਕਈ ਫੈਸਲਿਆਂ ਕਾਰਨ ਰਾਜਾਂ ਦੇ ਅਧਿਕਾਰ ਸੰਕਟ ਵਿੱਚ ਪਏ ਹੋਏ ਹਨ। ਕੇਂਦਰ ਸਰਕਾਰ ਵੱਲੋਂ ਸਰਹੱਦੀ ਖੇਤਰ ਵਿੱਚ ਬੀਐੱਸਐੱਫ ਦਾ ਅਧਿਕਾਰ ਖੇਤਰ 50 ਕਿਲੋਮੀਟਰ ਤੱਕ ਵਧਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਨਾਲ ਸਬੰਧਤ ਵਧੇਰੇ ਮੁੱਦੇ ਹਨ, ਜਿਨ੍ਹਾਂ ਬਾਰੇ ਕੋਈ ਵੀ ਰਾਜਸੀ ਪਾਰਟੀ ਗੱਲ ਕਰਨ ਲਈ ਤਿਆਰ ਨਹੀਂ। ਪਰ ਅਕਾਲੀ ਦਲ ਤੋਂ ਆਸ ਹੈ ਕਿ ਉਹ ਆਪਣੇ ਚੋਣ ਘੋਸ਼ਣਾ ਪੱਤਰ ਵਿੱਚ ਇਨ੍ਹਾਂ ਮੁੱਦਿਆਂ ਨੂੰ ਜ਼ਰੂਰ ਚੁੱਕਣਗੇ। ਅਕਾਲੀ ਦਲ ਨੂੰ ਨਿਰਸਵਾਰਥ ਹੋਕੇ ਲੋਕ-ਪੱਖੀ ਕੰਮ ਕਰਨ ਦੀ ਲੋੜ ਹੈ ਲੋਕ ਆਪੇ ਹੀ ਅਕਾਲੀ ਦਲ ਨੂੰ ਸਿਰ ਉੱਪਰ ਚੁੱਕ ਲੈਣਗੇ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# NEED FOR STRONG SIKH VOICE IN INDIAN PARLIAMENT TO REPRESENT PANTH AND PANJAB



Gurmukh Singh OBE

*Sikhs have always insisted that any state fit and entitled to demand their allegiance must ab initio recognise and concede its own self-limited character…and they must be approached at state level as a collective group and* [political] *entity and they must be governed impersonally, that is, through the rule of law* (Sirdar Kapur Singh, *The Golden Temple: Its Theo-political Status*).

Hindutva nationalism is the reality of the state of India today. Complaints about diaspora Sikh interference in Indian affairs need to be balanced against Indian independence movements spear-headed by the Sikhs from abroad.

In the current and foreseeable nationalist politics and policies of India leading towards an authoritarian state, there is an apparent conflict of Panjab-Panthic interests and those of Sikhs living in other parts of India. Quite rightly, the latter are apprehensive about own future in India. For them, any mention of part or full Sikh autonomy of any sort is too loud. Any demonstration in the diaspora for Sikh rights brings the Sikh Indians in Delhi out in the streets against own fellow Sikhs abroad.

The national status of the Panth predates the creation of India as a nation in 1947. Following armed revolts against oppressive Mughal and colonial regimes, Sikhs have always sought an independent voice through the democratic process in India. In diaspora countries too they are active as a political group, albeit, working with other political parties. In recent years, while Sikh influence in and from Panjab has declined, political Sikh activism in the enlarged diaspora has increased.

Paradoxically, violent Indian state reaction including 1984 Ghalughara, against Sikh political activism demanding language parity, religio-cultural freedom and agro-economic progress in Panjab, has raised the global profile of the Sikhs as a distinct theo-temporal community. Following alleged *Indian state sanctioned and sponsored assassination* (ref Washington Post) of Hardeep Singh Nijjar in Canada and other similar suspected killing of Sikhs elsewhere, Sikhs have attracted global media attention and *understanding*. The point is that, the openly partial treatment of Sikhs in Panjab by the successive Indian central governments since 1947 has continually made the *Sikh point for them* that they should be treated as a distinct political entity because they are being so treated by the Indian state in any case!

Therefore, the continuing Sikh need is to be effectively represented in the Indian Parliament entitled to decide own future through the democratic process. They cannot influence Parliamentary decisions on their own but the Parliament does provide Sikh MPs the opportunity to raise issues of Panjab and Panthic concern and to appeal to the other parties and the global community to seek justice.

In this connection, much discussion is focussed on the election of a suitable candidate from Khadur Sahib. More so with the announcement that Bhai Amritpal Singh, now known globally and at present in a Jail in Assam, is standing for election as an MP. Of course, it is entirely for local Panjabi voters to decide on the basis of personal qualities and standing, who can best represent Panjab and Panthic issues.

While Sikhs can have a voice in the Indian Parliament which will also be heard globally, they can only bring about legislative reforms by working with other Indian parties.

There are lessons for future Sikh politicians from the Indian farmers just cause, led by the farmers of Panjab and enthused by the Sikhi egalitarian spirit

Gurmukh Singh OBE, Ret'd Principal Civil Servant (UK) sewauk2005@yahoo.co.uk

# ਸਰਕਾਰ ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ ਲਈ ਖੜੀਆਂ ਕਰਨ ਲੱਗੀ ਮੁਸ਼ਕਲਾਂ

**○ ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਤੇ ਖਾਲਸ਼ਾ ਗਰੁਪ ਦੇ ਵੱਟਸਐਪ ਗਰੁੱਪ ਕੀਤੇ ਬਲਾਕ ○ ਚੋਣ ਕਮਿਸ਼ਨ ਇਨਸਾਫ ਕਰੇ, ਨਿਰਪੱਖ ਭੂਮਿਕਾ ਨਿਭਾਵੇ-ਬੀਬੀ ਖਾਲੜਾ**

**○ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਨੇ ਵਿਰੋਧੀ ਧਿਰਾਂ ਨੂੰ ਪਾਈਆਂ ਭਾਜੜਾਂ ○ ਦਮਦਮੀ ਟਕਸਾਲ, ਸਿੰਘ ਸਾਹਿਬ ਰੋਡੇ ਵਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਦਾ ਐਲਾਨ**





### ਵਿਸ਼ਲੇਸ਼ਣ

ਵਾਰਿਸ ਪੰਜਾਬ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਚੋਣ ਲੜਨ ਦੇ ਐਲਾਨ ਤੋਂ ਬਾਅਦ ਇਹ ਸੀਟ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿਚ 'ਹਾਟ ਸੀਟ' ਬਣ ਗਈ ਹੈ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿਚ ਰਹਿੰਦੇ ਖ਼ਾਸ ਕਰਕੇ ਪੰਜਾਬੀਆਂ ਦੀ ਨਜ਼ਰਾਂ ਖਡੂਰ ਸਾਹਿਬ ਸੀਟ 'ਤੇ ਟਿਕ ਗਈਆਂ ਹਨ ਖ਼ਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੇ ਸਾਬਕਾ ਵਿਧਾਇਕ ਵਿਰਸਾ ਸਿੰਘ ਵਲਟੋਹਾ, ਕਾਂਗਰਸ ਨੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜੀਰਾ, ਆਪ ਪਾਰਟੀ ਨੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਭਾਜਪਾ ਨੇ ਸਾਬਕਾ ਵਿਧਾਇਕ ਮਨਜੀਤ ਸਿੰਘ ਮੰਨਾ ਨੂੰ ਆਪਣਾ ਉਮੀਦਵਾਰ ਐਲਾਨ ਦਿੱਤਾ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ (ਮਾਨ) ਵਲੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਪਣੇ ਐਲਾਨੇ ਉਮੀਦਵਾਰ ਹਰਪਾਲ ਸਿੰਘ ਬਲ੍ਹੇਰ ਨੂੰ ਬਿਠਾ ਕੇ ਉਨ੍ਹਾਂ ਦਾ ਸਾਥ ਦੇਣ ਦਾ ਐਲਾਨ ਕਰ ਦਿੱਤਾ ਹੈ। ਮੀਡੀਆ ਅਦਾਰੇ ਤੇ ਸਿਆਸੀ ਮਾਹਿਰ ਆਖ ਰਹੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਕਾਰਣ ਪੰਜਾਬ ਦਾ ਚੋਣ ਦ੍ਰਿਸ਼ ਬਦਲ ਗਿਆ ਹੈ। ਇਸ ਨਾਲ ਸਭ ਸਿਆਸੀ ਪਾਰਟੀਆਂ ਖਾਸ ਕਰਕੇ ਅਕਾਲੀ ਦਲ ਨੂੰ ਵਡਾ ਸਿਆਸੀ ਨੁਕਸਾਨ ਹੋ ਸਕਦਾ ਹੈ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਤੇ ਭਾਈ ਅੰਮ੍ਰਿਤਪਾਲ ਸਿੰਘ ਦਾ ਪਰਿਵਾਰ ਹਾਲਾਂਕਿ ਨਸ਼ਾ ਵਿਰੋਧੀ, ਜਾਬਰ ਕਨੂੰਨਾਂ, ਮਨੁੱਖੀ ਅਧਿਕਾਰਾਂ ਅਤੇ ਅੰਮਿਬ ਪ੍ਰਚਾਰ ਮੁਹਿੰਮ ਦਾ ਹੀ ਜ਼ਿਕਰ ਕਰ ਰਹੇ ਹਨ, ਲੇਕਿਨ ਭਾਜਪਾ ਸਮੇਤ ਕੁਝ ਸਿਆਸੀ ਧਿਰਾਂ ਇਸ ਘਟਨਾਕ੍ਰਮ ਨੂੰ ਲੈ ਕੇ ਵੋਟਰਾਂ ਵਿਚ ਡਰ ਤੇ ਸਹਿਮ ਦਾ ਮਾਹੌਲ ਦੁਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਸ ਦਾ ਸਿਆਸੀ ਲਾਹਾ ਮਿਲ ਸਕੇ। ਬੀਤੇ ਸਮੇਂ ਦੌਰਾਨ ਪੰਜਾਬ ਵਿਚ ਸਿਖ ਅਵਾਮ ਅਕਾਲੀ ਦਲ ਤੋਂ ਨਿਰਾਸ਼ ਹੋਕੇ ਆਪ ਪਾਰਟੀ ਜਾਂ ਕੁਝ ਹੋਰ ਪਾਰਟੀਆਂ ਨੂੰ ਵੋਟ ਵੀ ਪਾਉਂਦਾ ਰਿਹਾ ਹੁਣ ਸਮਝਿਆ ਜਾ ਰਿਹਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਮੈਦਾਨ ਵਿਚ ਨਿਤਰਨ ਕਾਰਣ ਪੰਥਕ ਵੋਟਰ ਆਪ ਪਾਰਟੀ, ਕਾਂਗਰਸ ਨਾਲੋਂ ਟੁੱਟ ਸਕਦਾ ਹੈ। ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਿਰੁੱਧ ਮੌਜੂਦਾ ਭਗਵੰਤ ਮਾਨ ਸਰਕਾਰ ਵਲੋਂ ਦੋ ਸਾਲਾਂ ਦੀ ਨਜ਼ਰਬੰਦੀ ਨੂੰ ਲੈ ਕੇ ਐਨ.ਐਸ.ਏ. ਲਗਾਏ ਜਾਣ ਅਤੇ ਉਨ੍ਹਾਂ ਨੂੰ ਸਥਾਪਤ ਕਾਨੂੰਨਾਂ ਦੇ ਵਿਰੁੱਧ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਨਜ਼ਰਬੰਦ ਕਰਨ ਦੀ ਤੁਲਨਾ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਨਾਲ ਕੀਤੀ ਜਾ ਰਹੀ ਹੈ ਅਤੇ ਇਹ ਆਉਂਦੇ ਦਿਨਾਂ ਦੌਰਾਨ ਮੁੱਦਾ ਵੀ ਬਣ ਸਕਦਾ ਹੈ। ਇਸ ਕਾਰਣ ਲੋਕਾਂ ਦੀ ਭਾਈ ਅੰਮ੍ਰਿਤਪਾਲ ਸਿੰਘ ਨਾਲ ਹਮਦਰਦੀ ਵੀ ਹੈ। ਚਰਚਾ ਇਹ ਵੀ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਕੁਝ ਹੋਰ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ। ਭਾਈ ਅੰਮਿਬਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਆਪਣੇ ਲੜਕੇ ਦੀ ਚੋਣ ਦੀ ਕਮਾਨ ਸੰਭਾਲੀ ਹੋਈ ਹੈ ਅਤੇ ਖਾੜਕੂਵਾਦ ਦੌਰਾਨ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਅਤੇ ਮਨੁੱਖੀ ਅਧਿਕਾਰਾਂ ਲਈ ਜੂਝਣ ਵਾਲੇ ਸ਼ਹੀਦ ਹੋਏ ਭਾਈ ਜਸਵੰਤ ਸਿੰਘ ਖਾਲੜਾ ਦੀ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੇ ਵੀ ਇਸ ਚੋਣ ਦੀ ਕਮਾਨ ਸੰਭਾਲ ਲਈ ਹੈ। ਭਾਵੇਂ ਭਾਈ ਅੰਮ੍ਰਿਤਪਾਲ ਸਿੰਘ ਦੀ ਚੋਣ ਪ੍ਰਚਾਰ ਬਹੁਤ ਹੀ ਤੇਜ਼ ਤਰਾਰ ਤਰੀਕੇ ਨਾਲ ਸ਼ੁਰੂ ਹੋਈ ਹੈ, ਪਰ ਹੁਣ ਇਹ ਵੀ ਦੇਖਣਾ ਹੋਵੇਗਾ ਕਿ ਚੋਣ ਕਮਿਸ਼ਨ ਉਨ੍ਹਾਂ ਦੀ ਨਾਮਜ਼ਦਗੀ ਸਵੀਕਾਰ ਕਰਦਾ ਹੈ ਜਾਂ ਉਸ ਨੂੰ ਰੱਦ ਕਰ ਦਿੰਦਾ ਹੈ। ਇਸ ਉਪਰ ਵੀ ਸਾਰੀਆਂ ਪਾਰਟੀਆਂ ਦੀਆਂ ਨਜ਼ਰਾਂ ਟਿਕੀਆਂ ਹੋਈਆਂ ਹਨ। ਇਥੋਂ ਤੱਕ ਕਿ ਅਕਾਲੀ ਦਲ ਦੇ ਕੁਝ ਵੱਡੇ ਆਗੂ ਵੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਪੰਥਕ ਹਿੱਤਾਂ ਲਈ ਭਾਈ ਅੰਮਿਬਪਾਲ ਸਿੰਘ ਖ਼ਾਲਸਾ ਦਾ ਸਾਥ ਦੇਣ ਬਾਰੇ ਕਹਿ ਰਹੇ ਹਨ। ਅਕਾਲ ਤਖਤ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ,ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਨੇ ਵੀ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰ ਦਿਤੀ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਭਾਈ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਅੰਮ੍ਰਿਤ ਪਾਲ ਸਿੰਘ ਵੱਲੋਂ ਚੋਣ ਲੜਨ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿੱਚ ਉਹਨਾਂ ਨੇ ਆਖਿਆ ਕਿ ਭਾਰਤ ਦੇ ਸੰਵਿਧਾਨ ਮੁਤਾਬਕ ਹਰ ਇੱਕ ਵਿਅਕਤੀ ਨੂੰ ਚੋਣ ਲੜਨ ਦਾ ਹੱਕ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਖਡੂਰ ਸਾਹਿਬ ਤੋਂ ਉਮੀਦਵਾਰ ਬਣਨ ਕਾਰਣ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਤੇ ਅਕਾਲੀ ਦਲ ਦੇ ਮਾਝਾ ਜਰਨੈਲ ਬਿਕਰਮਜੀਤ ਸਿੰਘ ਮਜੀਠੀਆ ਨੇ ਖਡੂਰ ਸਾਹਿਬ ਤੋਂ ਚੋਣ ਲੜਨ ਦਾ ਵਿਚਾਰ ਛਡ ਦਿਤਾ ਸੀ। ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 2019 ਲੋਕ ਸਭਾ ਚੋਣ ਦੌਰਾਨ ਖਡੂਰ ਸਾਹਿਬ ਹਲਕੇ ਤੋਂ ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਨੂੰ 214489 ਵੋਟਾਂ ਮਿਲੀਆਂ। ਬੀਬੀ ਖਾਲੜਾ ਦੀ ਵੋਟ ਹੁਣ ਭਾਈ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿਚ ਭੁਗਤ ਸਕਦੀ ਹੈ।

## ਅੰਮ੍ਰਿਤਪਾਲ ਸਿੰਘ ਵੱਲੋਂ ਖਡੂਰ ਸਾਹਿਬ ਤੋਂ ਚੋਣ ਲੜਣ ਬਾਰੇ ਕੀ ਕਹਿੰਦਾ ਹੈ ਕਾਨੂੰਨ

ਹੁਣ ਸੁਆਲ ਇਹ ਉਠ ਰਿਹਾ ਹੈ ਕਿ ਕਨੂੰਨ ਅਨੁਸਾਰ ਭਾਈ ਅੰਮ੍ਰਿਤਪਾਲ ਸਿੰਘ ਚੋਣ ਲੜ ਸਕਣਗੇ। ਲੋਕ ਪ੍ਰਤੀਨਿਧਤਾ ਐਕਟ, 1951 ਕਿਸੇ ਅਪਰਾਧ ਲਈ ਦੋਸ਼ੀ ਠਹਿਰਾਏ ਗਏ ਅਤੇ ਦੋ ਸਾਲ ਜਾਂ ਇਸ ਤੋਂ ਵੱਧ ਦੀ ਕੈਦ ਦੀ ਸਜ਼ਾ ਕੱਟ ਰਹੇ ਵਿਅਕਤੀਆਂ ਨੂੰ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਦੀ ਮੈਂਬਰਸ਼ਿਪ ਤੋਂ ਦੇ ਅਯੋਗ ਕਰਾਰ ਦਿੰਦਾ ਹੈ। ਐਕਟ ਦੀ ਧਾਰਾ 8 (3) ਕਹਿੰਦੀ ਹੈ: "ਕਿਸੇ ਵਿਅਕਤੀ ਨੂੰ ਕਿਸੇ ਅਪਰਾਧ ਲਈ ਦੋਸ਼ੀ ਠਹਿਰਾਇਆ ਗਿਆ ਹੈ ਅਤੇ ਉਸ ਨੂੰ ਦੋ ਸਾਲ ਤੋਂ ਵੱਧ ਦੀ ਕੈਦ ਦੀ ਸਜ਼ਾ ਦਿੱਤੀ ਗਈ ਹੈ, ਉਸ ਨੂੰ ਦੋਸ਼ੀ ਠਹਿਰਾਏ ਜਾਣ ਦੀ ਮਿਤੀ ਤੋਂ ਅਯੋਗ ਠਹਿਰਾਇਆ ਜਾਵੇਗਾ ਅਤੇ ਉਸ ਦੀ ਰਿਹਾਈ ਤੋਂ ਬਾਅਦ ਛੇ ਸਾਲਾਂ ਦੀ ਹੋਰ ਮਿਆਦ ਲਈ ਅਯੋਗ ਠਹਿਰਾਇਆ ਜਾਵੇਗਾ।"

ਪਰ ਇਹ ਐਕਟ ਅੰਡਰ ਟਰਾਇਲਾਂ ਨੂੰ ਚੋਣ ਲੜਨ ਤੋਂ ਨਹੀਂ ਰੋਕਦਾ। ਅੰਮ੍ਰਿਤਪਾਲ ਸਿੰਘ ਨੂੰ ਅਜੇ ਤੱਕ ਦੋਸ਼ੀ ਨਹੀਂ ਠਹਿਰਾਇਆ ਗਿਆ। ਇਸ ਲਈ ਉਹ ਲੋਕ ਸਭਾ ਚੋਣਾਂ ਲੜ ਸਕਦੇ ਹਨ। ਨਿਯਮਾਂ ਮੁਤਾਬਕ, ਨਾਮਜ਼ਦਗੀ ਦਾਖ਼ਲ ਕਰਨ ਲਈ, ਉਮੀਦਵਾਰ ਜਾਂ ਪ੍ਰਸਤਾਵਕ, ਜੋ ਕਿ ਸਬੰਧਤ ਹਲਕੇ ਦਾ ਵੋਟਰ ਹੈ, ਨੂੰ ਪੂਰੇ ਨਾਮਜ਼ਦਗੀ ਫਾਰਮ ਦੇ ਨਾਲ ਰਿਟਰਨਿੰਗ ਅਫਸਰ (ਆਰ.ਓ.) ਦੇ ਸਾਹਮਣੇ ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣਾ ਚਾਹੀਦਾ ਹੈ। ਇਸ ਦਾ ਮਤਲਬ ਹੈ ਕਿ ਅੰਮ੍ਰਿਤਪਾਲ ਸਿੰਘ ਦਾ ਨਾਮਜ਼ਦਗੀ ਭਰਨ ਲਈ ਹਾਜ਼ਰ ਹੋਣਾ ਲਾਜ਼ਮੀ ਨਹੀਂ ਹੈ।

### ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਵਲੋਂ ਸਰਕਾਰ ਉਪਰ ਦੋਸ਼

ਖਡੂਰ ਸਾਹਿਬ ਸੀਟ ਤੋਂ ਚੋਣ ਲੜ ਰਹੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਹੁਣੇ ਜਿਹੇ ਇਲਜ਼ਾਮ ਲਾਇਆ ਕਿ ਕੇਂਦਰ ਅਤੇ ਸੂਬਾ ਸਰਕਾਰ ਉਨ੍ਹਾਂ ਦੀ ਚੋਣ ਮੁਹਿੰਮ ਵਿੱਚ ਰੁਕਾਵਟਾਂ ਖੜ੍ਹੀਆਂ ਕਰ ਰਹੀ ਹੈ। ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਦੱਸਿਆ ਕਿ ਖਡੂਰ ਸਾਹਿਬ ਦੇ ਨੌਂ ਹਿੱਸਿਆਂ ਵਾਲੇ ਵਟਸਐਪ ਗਰੁੱਪਾਂ ਨੂੰ ਪ੍ਰਚਾਰ ਲਈ ਬਲਾਕ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੋਸ਼ਲ ਮੀਡੀਆ ਅਕਾਊਂਟ ਨੂੰ ਬਲਾਕ ਕਰਨ ਤੋਂ ਇਲਾਵਾ ਅਧਿਕਾਰੀ ਅੰਮ੍ਰਿਤਪਾਲ ਦੀ ਨਾਮਜ਼ਦਗੀ ਭਰਨ ਵਿੱਚ ਵੀ ਮੁਸ਼ਕਲਾਂ ਪੈਦਾ ਕਰ ਸਕਦੇ ਹਨ। ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਚੋਣ ਕਮਿਸ਼ਨ ਨੂੰ ਇਸ ਮਾਮਲੇ ਵਿੱਚ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਅੰਮ੍ਰਿਤਪਾਲ ਸਿੰਘ ਦੀ ਚੋਣ ਮੁਹਿੰਮ ਦੀ ਇੰਚਾਰਜ ਪਰਮਜੀਤ ਕੌਰ ਖਾਲੜਾ ਨੇ ਕਿਹਾ ਹੈ ਕਿ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਾਰਣ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੇ ਦੋ ਪੇਜ ਵੀ ਬਲਾਕ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡਾ 'ਐਕਸ' ਖਾਤਾ ਰੋਕ ਲਿਆ ਗਿਆ ਹੈ। ਇੱਥੋਂ ਤੱਕ ਕਿ ਫੇਸਬੁੱਕ ਪੇਜ ਨੂੰ 'ਰੀਡਾਇਰੈਕਟ' ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਚੋਣ ਪ੍ਰਚਾਰ ਕਰਨ ਤੋਂ ਰੋਕਣ ਲਈ ਅਜਿਹੇ ਹੱਥਕੰਡੇ ਅਪਨਾਏ ਜਾ ਰਹੇ ਹਨ। ਇਹ ਜਮਹੂਰੀਅਤ ਦੀ ਨਿਸ਼ਾਨੀ ਨਹੀਂ। ਹਿਟਲਰਸ਼ਾਹੀ ਹੈ। ਇਸ ਦੇ ਨਤੀਜੇ ਸਹੀ ਨਹੀਂ ਨਿਕਲਣਗੇ। ਚੋਣ ਕਮਿਸ਼ਨ ਇਸ ਬਾਰੇ ਸੰਵਿਧਾਨਕ ਪਹੁੰਚ ਅਪਨਾਵੇ।

# 75,000 ਸਾਲ ਪਹਿਲਾਂ ਇਰਾਕੀ ਗੁਫਾ 'ਚ ਦੱਬੀ ਨਿਏਂਡਰਥਲ ਔਰਤ ਦਾ ਚਿਹਰਾ ਆਇਆ ਸਾਹਮਣੇ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੁਰ-ਾਤੱਤਵ-ਵਿਗਿਆਨੀਆਂ ਨੇ 75,000 ਸਾਲ ਪਹਿਲਾਂ ਇੱਕ ਗੁਫਾ ਵਿੱਚ ਰਹਿਣ ਵਾਲੀ ਨਿਏਂਡਰਥਲ ਔਰਤ ਦੇ ਮਨੁੱਖ ਵਰਗੇ ਚਿਹਰੇ ਦਾ ਪੁਨਰ ਨਿਰਮਾਣ ਕੀਤਾ ਹੈ, ਜਿੱਥੇ ਅਲੋਪ ਹੋ ਚੁੱਕੀਆਂ ਪ੍ਰਜਾਤੀਆਂ ਨੇ ਵਿਲੱਖਣ ਅੰਤਿਮ ਸੰਸਕਾਰ ਦੀਆਂ ਰਸਮਾਂ ਕੀਤੀਆਂ ਹੋਣਗੀਆਂ।**

ਨਿਏਂਡਰਥਲ ਔਰਤ, ਜਿਸ ਦਾ ਨਾਂ ਸ਼ਨੀਡਾਰ ਜ਼ੈਡ ਦਿੱਤਾ ਗਿਆ ਹੈ, ਉਸ ਦੀਆਂ ਹੱਡੀਆਂ ਦੇ ਟੁਕੜੇ ਪਹਿਲੀ ਵਾਰ 2018 ਵਿੱਚ ਇਰਾਕੀ ਕੁਰਦਿਸਤਾਨ ਦੀ ਇੱਕ ਗੁਫਾ ਵਿੱਚੋਂ ਲੱਭੇ ਗਏ ਸਨ, ਜਿੱਥੇ ਉਸ ਦੀਆਂ ਅੰਤਮ ਰਸਮਾਂ ਨਿਭਾਈਆਂ ਹੋ ਸਕਦੀਆਂ ਹਨ।

1950 ਦੇ ਦਹਾਕੇ ਤੋਂ ਬਾਅਦ ਦੇ ਅਧਿਐਨਾਂ ਨੇ ਦਿਖਾਇਆ ਹੈ ਕਿ ਨਿਏਂਡਰਥਲ ਆਪਣੇ ਮੁਰਦਿਆਂ ਨੂੰ ਗੁਫਾ ਵਿੱਚ ਦਫ਼ਨਾਉਂਦੇ ਸਨ ਅਤੇ ਅੰਤਿਮ ਸੰਸਕਾਰ ਦੀਆਂ ਰਸਮਾਂ ਨਿਭਾਉਂਦਿਆਂ ਉਹਨਾਂ ਨੂੰ ਫੁੱਲਾਂ ਦੇ ਬਿਸਤਰੇ 'ਤੇ ਪਾ ਕੇ ਦਫਨਾਉਂਦੇ ਸਨ।

ਇਸ ਗੁਫਾ ਤੋਂ ਇਕੱਠੇ ਕੀਤੇ ਗਏ ਸਬੂਤਾਂ ਦੌਰਾਨ ਸਾਹਮਣੇ ਆਇਆ ਹੈ ਕਿ ਨਿਏਂਡਰਥਲ ਪ੍ਰਾਚੀਨ ਪ੍ਰਾਣੀਆਂ ਨਾਲੋਂ ਕਿਤੇ ਜ਼ਿਆਦਾ ਸੂਝਵਾਨ ਸਨ ਜਿਨ੍ਹਾਂ ਨੂੰ ਬਹੁਤ ਸਾਰੇ ਲੋਕਾਂ ਨੇ ਮਾਨਵ ਦੀ ਇਸ ਪੁਰਾਤੱਤਵ ਪ੍ਰਜਾਤੀ ਨਾਲ ਜੁੜੇ ਸਟਾਕੀ ਫਰੇਮ ਅਤੇ ਬਾਂਦਰ ਵਰਗੀ ਮੱਥੇ ਦੀ ਦਿੱਖ ਅਧਾਰਤ ਮੰਨਿਆ ਸੀ।

ਹਾਲਾਂਕਿ ਨਿਏਂਡਰਥਲ ਪ੍ਰਜਾਤੀ ਦੇ ਲੋਕਾਂ ਦੀ ਦੀ ਮੌਤ 40,000 ਸਾਲ ਪਹਿਲਾਂ ਹੋ ਚੁੱਕੀ ਹੈ। ਉਹਨਾਂ ਦੀਆਂ ਖੋਪੜੀਆਂ ਮਨੁੱਖਾਂ ਨਾਲੋਂ ਬਿਲਕੁਲ ਵੱਖਰੀਆਂ ਸਨ, ਇਸ ਨਿਏਂਡਰਥਲ ਔਰਤ ਦਾ ਚਿਹਰਾ ਮੁੜ-ਬਣਾਇਆ ਹੈ। ਖੋਜ਼ ਅਨੁਸਾਰ ਮੌਤ ਸਮੇਂ ਉਸ ਦੀ ਉਮਰ ਚਾਲੀ ਸਾਲ ਸੀ ਅਤੇ ਉਸ ਦੀ ਦਿੱਖ ਮਨੁੱਖ ਵਰਗੀ ਸੀ।



ਵਿਗਿਆਨੀਆਂ ਵੱਲੋਂ 40,000 ਸਾਲ ਪਹਿਲਾਂ ਖ਼ਤਮ ਹੋਈ ਮਨੁੱਖੀ ਪ੍ਰਜਾਤੀ ਦਾ ਤਿਆਰ ਕੀਤਾ ਚਿਹਰਾ

ਕੈਂਬਰਿਜ ਯੂਨੀਵਰਸਿਟੀ ਦੇ ਪੁਰਾਤੱਤਵ ਵਿਭਾਗ ਦੀ ਡਾ: ਐਮਾ ਪੋਮੇਰੋਏ ਨੇ ਕਿਹਾ, " ਨਿਏਂਡਰਥਲ ਦੀਆਂ ਖੋਪੜੀਆਂ ਉੱਤੇ ਵੱਡੇ ਭਰਵੱਟੇ ਅਤੇ ਛੋਟੀ ਠੋਡੀ ਹੁੰਦੀ ਹੈ, ਪ੍ਰਮੁੱਖ ਵੱਡੇ ਨੱਕ ਹੁੰਦੇ ਹਨ।" "ਪਰ ਦੁਬਾਰਾ ਬਣਾਇਆ ਗਿਆ ਚਿਹਰਾ ਦੱਸਦਾ ਹੈ ਕਿ ਉਹ ਜ਼ਿੰਦਗੀ ਵਿਚ ਬਹੁਤੇ ਗੰਭੀਰ ਨਹੀਂ ਹੁੰਦੇ ਸਨ।"

## ਲੰਡਨ ਅਸੈਂਬਲੀ, ਮੇਅਰ ਸਮੇਤ 107 ਕੌਂਸਲਾਂ ਦੀਆਂ ਚੋਣਾਂ ਪਈਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਅਸੈਂਬਲੀ, ਮੇਅਰ ਸਮੇਤ ਇੰਗਲੈਂਡ ਅਤੇ ਵੇਲਜ਼ ਦੀਆਂ 107 ਕੌਂਸਲਾਂ ਦੀਆਂ ਚੋਣਾਂ ਪਈਆਂ। ਝਦ ਕਿ ਸੱਤਾਧਾਰੀ ਪਾਰਟੀ ਦੇ ਸਾਂਸਦ ਵੱਲੋਂ ਅਸਤੀਫਾਂ ਦੇਣ ਤੋਂ ਬਾਅਦ ਖਾਲੀ ਹੋਈ ਬਲੈਕਪੂਲ ਦੱਖਣੀ ਹਲਕੇ ਵਿਚ ਜਿਮਨੀ ਚੋਣ ਲਈ ਲੋਕਾਂ ਨੇ ਵੋਟਾਂ ਪਾਈਆਂ। ਇਥੇ ਹੀ ਬੱਸ ਨਹੀਂ ਇਹਨਾਂ ਚੋਣਾਂ ਮੌਕੇ ਲੋਕਾਂ ਨੇ 37 ਪੁਲਿਸ ਅਤੇ ਕ੍ਰਾਈਮ ਕਮਿਸ਼ਨਰ ਉਮੀਦਵਾਰਾਂ ਲਈ ਵੀ ਮੱਤਦਾਨ ਕੀਤਾ। ਲੰਡਨ ਮੇਅਰ, ਵੈਸਟ ਮਿਡਲੈਂਡ, ਮਾਨਚੈਸਟਰ, ਲਿਵਰਪੂਲ ਸਿਟੀ, ਦੱਖਣੀ ਯੌਰਕਸ਼ਾਇਰ, ਵੈਸਟ ਯੌਰਕਸ਼ਾਇਰ, ਟੀਸ ਵੈਲੀ ਤੋਂ ਇਲਾਵਾ ਪੂਰਬੀ ਮਿਡਲੈਂਡ, ਉੱਤਰ ਪੂਰਬੀ ਅਤੇ ਯੌਰਕ ਅਤੇ ਉੱਤਰੀ ਯੌਰਕਸ਼ਾਇਰ ਵਿੱਚ ਪਹਿਲੀ ਵਾਰ ਮੇਅਰ ਲਈ ਵੋਟਾਂ ਪਈਆਂ ਹਨ। ਇਸ ਵਾਰ ਮਤਦਾਤਾਵਾਂ ਵੱਲੋਂ ਸਾਲਫੋਰਡ ਦੇ ਮੇਅਰ ਅਤੇ ਕੌਂਸਲ ਲੀਡਰ ਦੀ ਚੋਣ ਲਈ ਵੀ ਵੋਟਾਂ ਪਈਆਂ ਹਨ।

## ਅਮਰੀਕਾ ਵਿਚ ਪਾਸਟਰ ਨੂੰ ਗੋਲੀ ਮਾਰਨ ਤੋਂ ਪਹਿਲਾਂ ਹੀ ਸ਼ੱਕੀ ਨੂੰ ਕੀਤਾ ਕਾਬੂ



ਪਾਸਟਰ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕਰਦਾ ਹੋਇਆ ਸ਼ੱਕੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ) – ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਨਾਰਥ ਬਰੈਡਾਕ ਵਿਖੇ ਜੀਸਸ ਡਵੈਲਿੰਗ ਪਲੇਸ ਚਰਚ ਵਿਚ ਉਸ ਵੇਲੇ ਹਾਲਾਤ ਗੰਭੀਰ ਬਣ ਗਏ ਜਦੋਂ ਇਕ ਸ਼ੱਕੀ ਨੇ ਪਾਸਟਰ ਦੇ ਚੇਹਰੇ 'ਤੇ ਗੰਨ ਤਾਨ ਲਈ। ਇਸ ਤੋਂ ਪਹਿਲਾਂ ਕਿ ਉਹ ਗੰਨ ਦਾ ਘੋੜਾ ਨੱਪਦਾ ਚਰਚ ਦੇ ਇਕ ਹੋਰ ਮੈਂਬਰ ਨੇ ਉਸ ਨੂੰ ਕਾਬੂ ਕਰ ਲਿਆ। ਇਹ ਜਾਣਕਾਰੀ ਪੈਨਸਿਲਵਾਨੀਆ ਸਟੇਟ ਪੁਲਿਸ ਨੇ ਦਿੱਤੀ ਹੈ। ਘਟਨਾ ਉਪਰੰਤ ਪਾਸਟਰ ਗਲੈਨ ਜਰਮਨੀ ਨੇ ਕਿਹਾ ਕਿ ਕਿਸੇ ਅਦਿੱਖ ਸ਼ਕਤੀ ਦੇ ਅਚਾਨਕ ਦਖਲ ਦੇਣ ਕਾਰਨ ਉਸ ਦੀ ਜਾਨ ਬਚੀ ਹੈ। ਪੁਲਿਸ ਨੇ ਕਿਹਾ ਹੈ ਕਿ ਸ਼ੱਕੀ ਨੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਅਸਫਲ ਰਿਹਾ। ਪੁਲਿਸ ਨੇ ਸ਼ੱਕੀ ਦੀ ਪਛਾਣ 26 ਸਾਲਾ ਬਰਨਾਰਡ ਜੂਨੀਅਰ ਪੋਲਾਈਟ ਵਜੋਂ ਕੀਤੀ ਹੈ। ਸ਼ੱਕੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਸਮਤੇ ਹੋਰ ਅਪਰਾਧਕ ਦੋਸ਼ ਆਇਦ ਕੀਤੇ ਗਏ ਹਨ। ਅਜੇ ਇਹ ਸਪਸ਼ਟ ਨਹੀਂ ਹੈ ਕਿ ਸ਼ੱਕੀ ਨੇ ਪਾਸਟਰ ਦੀ ਜਾਨ ਲੈਣ ਦੀ ਕਿਉਂ ਕੋਸ਼ਿਸ਼ ਕੀਤੀ।

## ਹਰਨਾਮ ਸਿੰਘ ਖਾਲਸਾ ਨੇ ਸਿੱਖਾਂ ਨੂੰ 5-5 ਬੱਚੇ ਪੈਦਾ ਕਰਨ ਦੀ ਕੀਤੀ ਅਪੀਲ

**ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਖਾਲਸਾ ਨੇ ਇੱਕ ਵੱਡਾ ਬਿਆਨ ਦਿੰਦਿਆਂ ਸਿੱਖਾਂ ਨੂੰ ਪੰਜਾਬ ਵਿੱਚ 5-5 ਬੱਚੇ ਪੈਦਾ ਕਰਨ ਦੀ ਅਪੀਲ ਕੀਤੀ ਹੈ। ਹਰਨਾਮ ਸਿੰਘ ਧੁੰਮਾ ਨੇ ਕਿਹਾ ਕਿ ਪੰਜਾਬ ਵਿੱਚ ਸਿੱਖਾਂ ਦੀ ਆਬਾਦੀ 52 ਫ਼ੀਸਦੀ ਹੈ ਤੇ ਬਾਕੀ ਬਾਹਰਲੇ ਹਨ।ਉਨ੍ਹਾਂ ਨੇ ਕਿਹਾ ਕਿ ਆਉਣ ਵਾਲੇ ਸਾਲਾਂ ਵਿੱਚ ਸਿੱਖ ਪੰਜਾਬ ਵਿੱਚ ਘੱਟ ਗਿਣਤੀ ਹੋਣਗੇ ਅਤੇ ਬਾਹਰਲੇ ਲੋਕਾਂ ਦੇ ਹੱਥੋਂ ਕੁੱਟ ਖਾਇਆ ਕਰਨਗੇ। ਖਾਲਸਾ ਨੇ ਕਿਹਾ ਕਿ ਇਕ ਪਰਿਵਾਰ ਵਿੱਚ 5 ਬੱਚੇ ਪੈਦਾ ਕਰੋ ,ਜੋ ਬੱਚੇ ਨਹੀਂ ਪਾਲ ਸਕਦਾ ,ਉਹ ਲੋਕ ਉਨ੍ਹਾਂ ਨੂੰ ਦੇ ਦੇਣ ,ਉਹ ਸਾਂਭ ਲੈਣਗੇ। ਉਨ੍ਹਾਂ ਨੇ ਕਿਹਾ ਕਿ ਮੈਂ ਬੱਚਿਆਂ ਨੂੰ ਪੜ੍ਹਾਵਾਂਗਾ ਵੀ ਅਤੇ ਗੁਰੂ ਘਰ ਨਾਲ ਵੀ ਜੋੜਾਂਗਾ।**

## ਬਰਤਾਨਵੀ ਫਾਰਮਾਸਿਊਟੀਕਲ ਕੰਪਨੀ ਐਸਟਰਾਜੈਨਿਕਾ ਵਿਸ਼ਵ ਭਰ ਤੋਂ ਕੋਵਿਡ ਵੈਕਸੀਨ ਵਾਪਿਸ ਮੰਗਵਾਉਣ ਲੱਗੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨਵੀ ਫਾਰਮਾਸਿਊਟੀਕਲ ਕੰਪਨੀ ਐਸਟਰਾਜੈਨਿਕਾ ਨੇ ਆਕਸਫੋਰਡ ਯੂਨੀਵਰਸਿਟੀ ਦੇ ਸਹਿਯੋਗ ਨਾਲ ਵਿਕਸਿਤ ਕੀਤੀ ਗਈ ਆਪਣੀ ਕੋਵਿਡ 19 ਵੈਕਸੀਨ ਨੂੰ ਵਿਸ਼ਵ ਭਰ ਤੋਂ ਵਾਪਸ ਲੈਣ ਦਾ ਐਲਾਨ ਕੀਤਾ ਹੈ। ਇਹ ਫੈਸਲਾ ਵੈਕਸੀਨ ਨਾਲ ਜੁੜੇ ਦੁਰਲੱਭ ਮਾੜੇ ਪ੍ਰਭਾਵਾਂ ਨੂੰ ਸਵੀਕਾਰ ਕਰਨ ਦੀਆਂ ਰਿਪੋਰਟਾਂ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਲਿਆ ਗਿਆ ਹੈ। ਸੀਰਮ ਇੰਸਟੀਚਿਊਟ ਆਫ ਇੰਡੀਆ ਦੁਆਰਾ ਨਿਰਮਿਤ ਕੋਵਿਸ਼ੀਲਡ ਦੇ ਨਾਂ ਨਾਲ ਜਾਣੇ ਜਾਂਦੇ ਟੀਕੇ ਨੂੰ ਹੁਣ ਵਪਾਰਕ ਕਾਰਨਾਂ ਕਰਕੇ ਐਸਟਰਾਜੈਨਿਕਾ ਦੁਆਰਾ ਦੁਨੀਆ ਭਰ ਵਿੱਚ ਵੰਡਣਾ ਬੰਦ ਕੀਤਾ ਜਾ ਰਿਹਾ ਹੈ।

ਯੂ ਕੇ ਦੇ ਟੈਲੀਗ੍ਰਾਫ ਅਖ਼ਬਾਰ ਇੱਕ ਰਿਪੋਰਟ ਦੇ ਅਨੁਸਾਰ, ਐਸਟਰਾਜੈਨਿਕਾ ਦਾ ਕਹਿਣਾ ਹੈ ਕਿ ਇਸ ਨੇ ਵਿਸ਼ਵ ਪੱਧਰ 'ਤੇ ਉਪਲਬਧ ਅੱਪਡੇਟ ਕੀਤੇ ਕੋਵਿਡ 19 ਟੀਕਿਆਂ ਦੀ ਬਹੁਤਾਤ ਕਾਰਨ ਵਾਪਸ ਲਿਆ ਹੈ, ਜੋ ਖਾਸ ਤੌਰ 'ਤੇ ਵਾਇਰਸ ਦੇ ਉੱਭਰ ਰਹੇ ਰੂਪਾਂ ਨੂੰ ਹੱਲ ਕਰਨ ਲਈ ਤਿਆਰ ਕੀਤੇ ਗਏ ਹਨ। ਇਸ ਕਦਮ ਵਿੱਚ ਯੂਰਪੀਅਨ ਯੂਨੀਅਨ ਵਿੱਚ ਵੈਕਸੀਨ ਦੇ ਮਾਰਕੀਟਿੰਗ ਅਧਿਕਾਰ ਨੂੰ ਸਵੈਇੱਛਤ ਤੌਰ 'ਤੇ ਵਾਪਸ ਲੈਣਾ ਅਤੇ ਇਸ ਦੇ ਉਤਪਾਦਨ ਨੂੰ ਬੰਦ ਕਰਨਾ ਸ਼ਾਮਲ ਹੈ, ਇਸ ਨੂੰ ਵਰਤੋਂ ਯੋਗ ਨਹੀਂ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਦੀ ਕਾਰਵਾਈ ਦੂਜੇ ਦੇਸ਼ਾਂ ਵਿੱਚ ਕੀਤੇ ਜਾਣ ਦੀ ਉਮੀਦ ਹੈ ਜਿੱਥੇ ਇਹ ਟੀਕਾ ਤਿਆਰ ਕੀਤਾ ਗਿਆ ਹੈ।

ਐਸਟਰਾਜ਼ੇਨੇਕਾ ਨੂੰ ਯੂ ਕੇ ਵਿੱਚ 100 ਮਿਲੀਅਨ ਪੌਂਡ ਦੇ ਮੁਕੱਦਮੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਦਾਲਤੀ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਐਸਟਰਾਜ਼ੇਨੇਕਾ ਦੇ ਫਰਵਰੀ ਵਿੱਚ ਦੁਰਲੱਭ ਘਟਨਾਵਾਂ ਦੇ ਦਾਖਲੇ ਵਿੱਚ ਜਿੱਥੇ ਵੈਕਸੀਨ ਥ੍ਰੋਮਬੋਸਾਈਟੋਪੇਨੀਆ ਸਿੰਡਰੋਮ ਨਾਲ ਥ੍ਰੋਮੋਬਸਿਸ ਦਾ ਕਾਰਨ ਬਣ ਸਕਦੀ ਹੈ, ਇੱਕ ਅਜਿਹੀ ਸਥਿਤੀ ਜਿਸ ਵਿੱਚ ਖੂਨ ਦੇ ਥੱਕੇ ਅਤੇ ਘੱਟ ਖੂਨ ਦੇ ਪਲੇਟਲੇਟ ਦੀ ਗਿਣਤੀ ਸ਼ਾਮਲ ਹੈ। ਇਸ ਸਿੰਡਰੋਮ ਨੂੰ ਬਰਤਾਨੀਆਂ ਵਿੱਚ ਘੱਟੋ ਘੱਟ 81 ਮੌਤਾਂ ਨਾਲ ਜੋੜਿਆ ਗਿਆ ਹੈ। ਇਹਨਾਂ ਕਾਨੂੰਨੀ ਲੜਾਈਆਂ ਦੇ ਬਾਵਜੂਦ, ਐਸਟਰਾਜੈਨਿਕਾ ਨੇ ਕੋਵਿਸ਼ੀਲਡ ਨੂੰ ਵਾਪਸ ਲੈਣ ਅਤੇ ਚੱਲ ਰਹੇ ਮੁਕੱਦਮੇ ਦਰਮਿਆਨ ਕਿਸੇ ਵੀ ਸਿੱਧੇ ਸਬੰਧ ਤੋਂ ਇਨਕਾਰ ਕੀਤਾ ਹੈ।

ਐਸਟਰਾਜੈਨਿਕਾ ਨੇ ਕਿਹਾ ਹੈ ਕਿ ਮਹਾਂਮਾਰੀ ਨਾਲ ਨਜਿੱਠਣ ਲਈ ਇਸਦੇ ਟੀਕੇ ਦੇ ਮਹੱਤਵਪੂਰਨ ਯੋਗਦਾਨ ਪਾਇਆ ਹੈ, ਇਸਦੀ ਵਰਤੋਂ ਦੇ ਪਹਿਲੇ ਸਾਲ ਦੇ ਅੰਦਰ 65 ਲੱਖ ਤੋਂ ਵੱਧ ਜਾਨਾਂ ਬਚਾਈਆਂ ਗਈਆਂ ਸਨ, ਅਤੇ ਵਿਸ਼ਵ ਪੱਧਰ 'ਤੇ ਤਿੰਨ ਅਰਬ ਤੋਂ ਵੱਧ ਖੁਰਾਕਾਂ ਦੀ ਸਪਲਾਈ ਕੀਤੀ ਗਈ ਸੀ।

## ਯੂ ਕੇ ਤੋਂ ਪਹਿਲੇ ਸ਼ਰਨਾਰਥੀ ਨੂੰ ਰਾਜਸੀ ਪਨਾਹ ਅਰਜ਼ੀ ਰੱਦ ਹੋਣ ਤੇ ਰਵਾਂਡਾ ਭੇਜਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਰਵਾਂਡਾ ਬਿੱਲ ਪਾਸ ਹੋਣ ਤੋਂ ਬਾਅਦ ਯੂ ਕੇ ਨੇ ਅਫਰੀਕੀ ਮੂਲ ਦੇ ਪਹਿਲੇ ਸ਼ਰਨਾਰਥੀ ਨੂੰ ਰਵਾਂਡਾ ਭੇਜਿਆ ਹੈ। ਉਕਤ ਵਿਅਕਤੀ ਨੂੰ ਚਾਰਟਡ ਫਲਾਈਟ ਰਾਹੀਂ ਕਿਗਲੀ ਲਈ ਰਵਾਨਾ ਕੀਤਾ ਗਿਆ ਅਤੇ ਮੁੜ ਵਸੇਬੇ ਲਈ 3000 ਪੌਂਡ ਵੀ ਅਦਾ ਕੀਤੇ ਗਏ। ਸ਼ਰਨਾਰਥੀ ਦੀ ਪਹਿਚਾਣ ਗੁਪਤ ਰੱਖੀ ਗਈ ਹੈ, 2023 ਦੇ ਅਖ਼ੀਰ ਵਿੱਚ ਉਸ ਦੀ ਪਨਾਹ ਅਰਜ਼ੀ ਰੱਦ ਹੋ ਗਈ ਸੀ। ਬੀਤੇ ਵਰ੍ਹੇ ਕੁੱਲ੍ਹ 19000 ਪਨਾਹ ਲੈਣ ਵਿੱਚ ਅਸਫ਼ਲ ਰਹਿਣ ਵਾਲੇ ਸਵੈਇੱਛਤ ਤੌਰ ਤੇ ਯੂ ਕੇ ਤੋਂ ਬਾਹਰ ਭੇਜਿਆ ਗਿਆ ਸੀ। ਜਦ ਕਿ ਯੂ ਕੇ ਵਿੱਚ ਅਜੇ ਵੀ 10 ਹਜ਼ਾਰ ਤੋਂ ਵੱਧ ਅਜੇਹੇ ਪ੍ਰਵਾਸੀ ਹਨ ਜਿਹਨਾਂ ਨੂੰ ਵਾਪਿਸ ਉਹਨਾਂ ਦੇ ਦੇਸ਼ ਨਹੀਂ ਭੇਜਿਆ ਜਾ ਸਕਦਾ। ਸਮਝੌਤੇ ਅਨੁਸਾਰ ਰਵਾਂਡਾ ਨੇ 5700 ਲੋਕਾਂ ਨੂੰ ਸਵੀਕਾਰ ਕਰਨ ਲਈ ਸਹਿਮਤੀ ਦਿੱਤੀ ਹੈ। ਗ੍ਰਹਿ ਵਿਭਾਗ ਅਨੁਸਾਰ ਹਜ਼ਾਰਾਂ ਲੋਕ ਲਾਪਤਾ ਹਨ, ਜਿਹਨਾਂ ਨੂੰ ਰਵਾਂਡਾ ਭੇਜਿਆ ਜਾਣਾ ਹੈ।

# ਹੇਜ਼ ਵਿਖੇ ਹੋਏ ਸਾਲਾਨਾ "ਫੇਮਸ ਪੰਜਾਬੀ ਮੇਲਾ 2024" ਦਾ ਹਜ਼ਾਰਾਂ ਦਰਸ਼ਕਾਂ ਨੇ ਮਾਣਿਆਂ ਅਨਦ



ਸੰਬੋਧਨ ਕਰਦੇ ਹੋਏ ਆਗੂ ਅਤੇ ਮੇਲੇ ਤੇ ਰੰਗ ਬਖੇਰਦੇ ਹੋਏ ਕਲਾਕਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹੇਜ਼ ਵਿਖੇ ਸਾਲਾਨਾ "ਫੇਮਸ ਪੰਜਾਬੀ ਮੇਲਾ 2024" ਕਰਵਾਇਆ ਗਿਆ। ਜਿਸ ਵਿੱਚ ਪਹੁੰਚੇ ਹਜ਼ਾਰਾਂ ਦਰਸ਼ਕਾਂ ਨੇ ਪੰਜਾਬੀ ਗੀਤ ਸੰਗੀਤ ਦਾ ਅਨਦ ਮਾਣਿਆਂ। ਪ੍ਰਤਾਪ ਸਿੰਘ ਸੀ ਪੀ ਐਮ ਦੀ ਅਗਵਾਈ ਵਿੱਚ ਸਥਾਨਿਕ ਕਾਰੋਬਾਰੀਆਂ ਅਤੇ ਪੰਜਾਬੀ ਸੱਭਿਆਚਾਰ ਦੇ ਹਿਤੈਸ਼ੀਆਂ ਦੇ ਸਾਂਝੇ ਯਤਨਾਂ ਸਦਕਾ ਕਰਵਾਏ ਗਏ ਇਸ ਮੇਲੇ ਦੀ ਆਰੰਭਤਾ ਕਰਦਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ: ਹਿੰਮਤ ਸਿੰਘ ਸੋਹੀ, ਸ: ਸੁਖਦੇਵ ਸਿੰਘ ਔਜਲਾ, ਐਮ ਪੀ ਵਰਿੰਦਰ ਸ਼ਰਮਾਂ, ਬਲਜਿੰਦਰ ਸਿੰਘ ਰਾਠੌਰ ਅਤੇ ਕੈਂਸਰ ਵਰਲਡ ਕੇਅਰ ਦੇ ਡਾ: ਕੁਲਵੰਤ ਸਿੰਘ ਧਾਲੀਵਾਲ ਨੇ ਸੁਭਕਾਮਾਨਾਵਾਂ ਦਿੱਤੀਆਂ।

ਮੁੰਡੇ ਪੰਜਾਬ ਦੇ, ਰਾਣੀ ਜਾਗੋ ਗਰੁੱਪ ਵੱਲੋਂ ਗਿੱਧੇ ਭੰਗੜੇ ਦੀ ਝਲਕ ਪੇਸ਼ ਕੀਤੀ ਗਈ। ਪ੍ਰਸਿੱਧ ਗਾਇਕ ਹਰਜੀਤ ਹਰਮਨ, ਅਮਨ ਰੋਜ਼ੀ, ਮਨੀ ਲੌਂਗੀਆ, ਬਾਣੀ ਸੰਧੂ, ਜੀ ਖਾਨ, ਬਲਦੇਵ ਔਜਲਾ ਬੁਲਟ, ਇੰਦਰਜੀਤ ਲੰਡਨ, ਲੱਕੀ ਰਾਏ ਸਮੇਤ ਲੰਡਨ ਦੇ ਕਲਾਕਾਰਾਂ ਨੇ ਖੂਬ ਰੰਗ ਬੰਨਿਆਂ। ਸਟੇਜ ਦੀ ਕਾਰਵਾਈ ਬਲਜਿੰਦਰ ਸਿੰਘ, ਸੋਖਾ ਢੇਸੀ, ਬਿੱਟੂ ਖੰਗੂੜਾ ਨੇ ਨਿਭਾਈ। ਮੇਲੇ ਨੂੰ ਕਾਮਯਾਬ ਕਰਨ ਲਈ ਬਲਜੀਤ ਸਿੰਘ ਮੱਲੀ, ਕੰਮਾ ਔਜਲਾ, ਰਾਜਿੰਦਰਬੀਰ ਸਿੰਘ, ਇਸ਼ਟਮੀਤ ਸਿੰਘ ਢੁੱਲ, ਪਲਵਿੰਦਰ ਸਿੰਘ, ਬਲਵਿੰਦਰ ਸਿੰਘ ਬਿੱਲਾ ਗਿੱਲ ਦੀਨੇਵਾਲੀਆ, ਜਸਪਾਲ ਸਿੰਘ ਬਿੰਦ, ਬਲਜਿੰਦਰ ਸਿੰਘ ਜੈਨਪੁਰੀਆ, ਜੱਗਾ ਮੋਮੀ, ਸੋਢੀ, ਪ੍ਰੀਤ ਟਾਂਡੀ, ਗੁਰਜੀਤ ਝੰਡ, ਸਤਨਾਮ ਸਿੰਘ, ਰਾਜਵਿੰਦਰ ਕਿੰਦਾ, ਜੇ ਪੀ ਸਿੰਘ ਆਦਿ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਇਸ ਮੌਕੇ ਸਾਊਥਾਲ ਕਬੱਡੀ ਕਲੱਬ, ਸਲੋਹ ਕਬੱਡੀ ਕਲੱਬ ਸਮੇਤ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ ਹੋਏ ਸਨ। ਜਿਹਨਾਂ ਵਿੱਚ ਸਤਿੰਦਰ ਸਿੰਘ ਗੋਲਡੀ, ਕੁਲਵੰਤ ਸਿੰਘ ਚੱਠਾ, ਹਰਵਿੰਦਰ ਸਿੰਘ ਹੀਥਰੋ ਕੰਕਰੀਟ, ਸਰਬਜੀਤ ਸਿੰਘ ਗਰੇਵਾਲ, ਜਸਵੰਤ ਸਿੰਘ ਗਰੇਵਾਲ, ਗੁਰਮੀਤ ਸਿੰਘ ਰੰਧਾਵਾ, ਪਾਲਾ ਬੱਜਵਾਂ, ਕੌਂਸਲਰ ਰਾਜੂ ਸੰਸਾਰਪੁਰੀ, ਕੌਂਸਲਰ ਗੁਰਸ਼ਰਨ ਸਿੰਘ ਮੰਡ, ਪਾਲੀ ਸੰਘਾ, ਬਿੱਲਾ ਕਪੂਰਥਲੀਆ, ਸ਼ਰਬੀਰ ਮੋਮੀ, ਬਿੱਲਾ ਸੰਧੂ, ਅਵਤਾਰ ਸਿੰਘ ਚੌਹਾਨ, ਬਾਗੀ ਅਟਵਾਲ, ਅਮਨਦੀਪ ਸਿੰਘ ਸਿੱਧੂ, ਹਰਮਨ ਸਿੰਘ, ਪੰਮਾ ਔਜਲਾ, ਅਮਰਜੀਤ, ਲਵਲੀ ਰੰਧਾਵਾ, ਗੈਰੀ ਅਟਵਾਲ ਆਦਿ ਹਾਜ਼ਰ ਸਨ।

# ਇੰਗਲੈਂਡ ਦੀਆਂ ਸਥਾਨਿਕ ਚੋਣਾਂ ਵਿੱਚ ਜਿੱਤ ਦੇ ਝੰਡੇ ਗੱਡਣ ਵਾਲਿਆਂ ਵਿੱਚ ਪੰਜਾਬੀ ਵੀ ਸ਼ਾਮਿਲ



ਪ੍ਰਿਸ਼ ਸ਼ਰਮਾਂ, ਅਮਰਜੀਤ ਸਿੰਘ ਖੰਗੂੜਾ, ਭਗਵੰਤ ਸਿੰਘ ਪੰਧੇਰ ਅਤੇ ਸ਼ਰਨਜੀਤ ਕੌਰ ਢਿਲੋਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਅਤੇ ਵੇਲਜ਼ ਦੀਆਂ ਸਥਾਨਿਕ ਕੌਂਸਲ ਚੋਣਾਂ ਵਿੱਚ ਜਿੱਤਾਂ ਦਰਜ਼ ਕਰਨ ਵਾਲੇ ਉਮੀਦਵਾਰਾਂ ਵਿੱਚ ਵੱਖ ਵੱਖ ਪਾਰਟੀਆਂ ਵੱਲੋਂ ਕਿਸਮਤ ਅਜ਼ਮਾਈ ਕਰਨ ਵਾਲੇ ਕਈ ਪੰਜਾਬੀਆਂ ਨੇ ਵੀ ਬਾਜ਼ੀ ਮਾਰੀ ਹੈ। ਦੇਸ਼ ਭਰ ਵਿੱਚ ਮੱਤਦਾਤਾਵਾਂ ਦਾ ਜਿਆਦਾ ਝੁਕਾਅ ਲੇਬਰ ਵੱਲ ਰਿਹਾ। ਇਥੋਂ ਤੱਕ ਕਿ ਬ੍ਰਮਿੰਘਮ ਮੇਅਰ ਦੀ ਸਿੱਧੀ ਚੋਣ ਵਿੱਚ ਲੇਬਰ ਪਾਰਟੀ ਦੇ ਉਮੀਦਵਾਰ ਨੇ ਇਤਿਹਾਸਕ ਜਿੱਤ ਦਰਜ ਕੀਤੀ ਹੈ। ਪਰ ਇਸ ਦੇ ਬਾਵਜੂਦ ਕੰਜ਼ਰਵੇਟਿਵ ਪਾਰਟੀ ਦੇ ਵੈਸਟ ਮਿਡਲੈਂਡ ਦੇ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਦੇ ਤਿੰਨ ਪੰਜਾਬੀ ਉਮੀਦਵਾਰਾਂ ਨੇ ਜਿੱਤ ਦਰਜ਼ ਕੀਤੀ ਹੈ। ਸੋਲੀਹੁੱਲ ਦੇ ਸ਼ੈਰਲੇ ਵੈਸਟ ਤੋਂ ਪੰਜਾਬੀ ਮੂਲ ਦੇ ਪ੍ਰਿਸ਼ ਸ਼ਰਮਾਂ ਨੇ ਕੰਜ਼ਰਵੇਟਿਵ ਪਾਰਟੀ ਵੱਲੋਂ 1449 ਵੋਟਾਂ ਪ੍ਰਾਪਤ ਕਰਕੇ ਇਤਿਹਾਸਕ ਜਿੱਤ ਦਰਜ਼ ਕੀਤੀ ਹੈ, ਕਿਉਂਕਿ ਉਕਤ ਸੀਟ ਤੇ ਪਹਿਲਾਂ ਗਰੀਨ ਪਾਰਟੀ ਦਾ ਕਬਜ਼ਾ ਸੀ। ਪ੍ਰਿਸ਼ ਸ਼ਰਮਾਂ ਅੰਮ੍ਰਿਤਸਰ ਜਿਲ੍ਹੇ ਨਾਲ ਸਬੰਧਿਤ ਸਨ।

ਨਿਊਟਨ ਐਂਡ ਬੈਡਵਰਥ ਦੇ ਹਲਕਾ ਕੈਂਪ ਹਿੱਲ ਤੋਂ ਸ਼ਰਨਜੀਤ ਕੌਰ ਢਿਲੋਂ ਲੇਬਰ ਪਾਰਟੀ ਵੱਲੋਂ, ਹਲਕਾ ਪੌਪਲਰ ਤੋਂ ਭਗਵੰਤ ਸਿੰਘ ਪੰਧੇਰ ਅਤੇ ਅਮਰਜੀਤ ਸਿੰਘ ਖੰਗੂੜਾ ਦੋਵਾਂ ਨੇ ਕੰਜ਼ਰਵੇਟਿਵ ਪਾਰਟੀ ਵੱਲੋਂ ਜਿੱਤ ਦਰਜ਼ ਕੀਤੀ ਹੈ। ਕੌਂਸਲਰ ਪੰਧੇਰ ਲੁਧਿਆਣਾ ਜਿਲ੍ਹੇ ਦੇ ਪਿੰਡ ਝੰਮਣ ਤੋਂ ਹਨ ਅਤੇ ਕੌਂਸਲਰ ਖੰਗੂੜਾ ਜਲੰਧਰ ਜਿਲ੍ਹੇ ਦੇ ਪਿੰਡ ਸਮਰਾੜੀ ਨਾਲ ਸਬੰਧਿਤ ਹਨ ਅਤੇ ਪਹਿਲੀ ਵਾਰ ਕੌਂਸਲਰ ਚੁਣੇ ਗਏ ਹਨ।

# ਬਰਤਾਨਵੀ ਸੰਸਦ 'ਚ ਵਿਸਾਖੀ ਸਮਾਗਮ "ਗੁਰਬਾਣੀ ਦੀ ਗੂੰਜ"



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬ੍ਰਿਟਿਸ਼ ਇੰਡੀਅਨ ਥਿੰਕ ਟੈਂਕ '1928 ਇੰਸਟੀਚਿਊਟ' ਅਤੇ 'ਸਿਟੀ ਸਿੱਖਸ ਐਂਡ ਬ੍ਰਿਟਿਸ਼ ਪੰਜਾਬੀ ਵੈਲਫੇਅਰ ਐਸੋਸੀਏਸ਼ਨ' ਵੱਲੋਂ ਬਰਤਾਨਵੀ ਸੰਸਦ ਦੇ 'ਕਾਮਨਵੈਲਥ ਪਾਰਲੀਮੈਂਟਰੀ ਐਸੋਸੀਏਸ਼ਨ ਰੂਮ' ਵਿੱਚ ਵਿਸਾਖੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬਰਤਾਨੀਆਂ ਦੇ ਵੱਖ-ਵੱਖ ਖੇਤਰਾਂ ਦੇ ਪੇਸ਼ੇਵਰਾਂ, ਭਾਈਚਾਰਕ ਆਗੂ ਅਤੇ ਹੋਰ ਲੋਕਾਂ ਦੀ ਹਾਜ਼ਰੀ ਬਰਤਾਨੀਆਂ ਅਤੇ ਭਾਰਤ ਦੇ ਸਬੰਧਾਂ ਅਤੇ ਬ੍ਰਿਟਿਸ਼ ਜੀਵਨ ਵਿੱਚ ਸਿੱਖ ਕੌਮ ਦੇ ਯੋਗਦਾਨ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਿਟੀ ਸਿੱਖਸ ਦੇ ਆਗੂਆਂ ਅਤੇ ਬੁਲਾਰਿਆਂ ਨੇ ਵਿਚਾਰ ਪੇਸ਼ ਕੀਤੇ। 1928 ਇੰਸਟੀਚਿਊਟ ਦੀ ਕੋ-ਚੇਅਰਪਰਸਨ ਕਿਰਨ ਕੌਰ ਮਣਕੂ ਨੇ ਕਿਹਾ,"ਵਿਸਾਖੀ ਦੇ ਅਜਿਹੇ ਸਮਾਗਮ ਦਾ ਆਯੋਜਨ ਕਰਨਾ ਸੱਚਮੁੱਚ ਹੀ ਮਾਣ ਵਾਲੀ ਗੱਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਲ 1699 ਦੀ ਵਿਸਾਖੀ ਮੌਕੇ ਖਾਲਸੇ ਦੀ ਸਾਜਨਾ ਕੀਤੀ ਅਤੇ ਇਸ ਨਾਲ ਜੁੜੀਆਂ ਸਿੱਖਿਆਵਾਂ ਨੂੰ ਦਰਸਾਉਣ ਲਈ ਵਿਸਾਖੀ ਮਨਾਈ ਜਾਂਦੀ ਹੈ। ਇਨ੍ਹਾਂ ਉਪਦੇਸ਼ਾਂ ਵਿਚ ਭੇਦਭਾਵ, ਹਉਮੈ ਅਤੇ ਡਰ ਨੂੰ ਖ਼ਤਮ ਕਰਕੇ ਬਰਾਬਰੀ 'ਤੇ ਜ਼ੋਰ ਦਿੱਤਾ ਗਿਆ ਹੈ।

ਲੇਬਰ ਪਾਰਟੀ ਦੇ ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਅਤੇ ਇਸੇ ਪਾਰਟੀ ਦੇ ਏਸ਼ੀਆ ਅਤੇ ਪੈਸੀਫਿਕ ਲਈ ਸ਼ੈਡੋ ਮੰਤਰੀ ਕੈਥਰੀਨ ਵੈਸਟ, ਬੈਰੋਨੈਸ ਸੈਂਡੀ ਵਰਮਾ, ਦੱਖਣੀ ਏਸ਼ੀਆ ਮੰਤਰੀ ਲਾਰਡ ਤਾਰਿਕ ਅਹਿਮਦ ਸਮੇਤ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰਾਂ ਨੇ ਵੀ ਸ਼ਿਰਕਤ ਕੀਤੀ।

# ਕੈਲੀਫੋਰਨੀਆ ਵਿਚ ਮੋਦੀ ਦੇ ਸਮਰਥਨ ਵਿੱਚ "ਹਮ ਹੈਂ ਮੋਦੀ ਕਾ ਪਰਿਵਾਰ" ਦੇ ਬੈਨਰ ਤਹਿਤ ਕੱਢੀ ਗਈ ਵਿਸ਼ਾਲ ਕਾਰ ਰੈਲੀ



ਰੈਲੀ ਵਿਚ ਸ਼ਾਮਿਲ ਕਾਰਾਂ ਦਾ ਕਾਫਲਾ ਤੇ ਭਾਰਤੀ ਅਮਰੀਕੀ ਮੋਦੀ ਸਮਰਥਕ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਰਾਜ ਕੈਲੀਫੋਰਨੀਆ ਦੇ ਸ਼ਹਿਰ ਇਰਵਨ , ਲਾਸ ਏਂਜਲਸ ਵਿਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਮਰਥਨ ਵਿਚ " ਹਮ ਹੈਂ ਮੋਦੀ ਕਾ ਪਰਿਵਾਰ" ਦੇ ਬੈਨਰ ਹੇਠ ਇਕ ਵਿਸ਼ਾਲ ਕਾਰ ਰੈਲੀ ਕੱਢੀ ਗਈ। ਰੈਲੀ ਦਾ ਅਯੋਜਨ ਓਵਰਸੀਜ ਫਰੈਂਡਜ ਆਫ ਬੀ ਜੇ ਪੀ- ਯੂ ਐਸ ਏ , ਲਾਸ ਏਂਜਲਸ (ਓ ਐਫ ਬੀ ਜੇ ਪੀ) ਵੱਲੋਂ ਕੀਤਾ ਗਿਆ ਜਿਸ ਵਿਚ 150 ਤੋਂ ਵਧ ਕਾਰਾਂ ਨੇ ਹਿੱਸਾ ਲਿਆ। ਕਾਰਾਂ ਜਿਨਾਂ ਉਪਰ ਭਾਰਤ ਤੇ ਅਮਰੀਕਾ ਦੇ ਝੰਡੇ ਲੱਗੇ ਹੋਏ ਸਨ, ਨੇ ਇਰਵਿਨ ਸਿਵਿਕ ਸੈਂਟਰ ਤੋਂ ਤਕਰੀਬਨ 16 ਮੀਲ ਪੈਂਡਾ ਤਹਿ ਕੀਤਾ। ਉਪਰੰਤ 500 ਤੋਂ ਵਧ ਭਾਰਤੀ ਅਮਰੀਕੀਆਂ ਨੇ ਇਕ ਆਵਾਜ ਵਿਚ ਪ੍ਰਧਾਨ ਮੰਤਰੀ ਮੋਦੀ ਦੇ ਸਮਰਥਨ ਵਿਚ ਨਾਅਰੇ ਲਾਏ ਤੇ ਦਾਅਵਾ ਕੀਤਾ ਕਿ ਮੋਦੀ ਦੀ ਅਗਵਾਈ ਵਿਚ ਤੀਸਰੀ ਵਾਰ ਭਾਰਤ ਸਰਕਾਰ ਬਣੇਗੀ। ਰੈਲੀ ਦਾ ਮੁੱਖ ਨਾਅਰਾ 'ਅਬ ਕੀ ਬਾਰ 400 ਪਾਰ" ਸੀ। ਰੈਲੀ ਦੇ ਪ੍ਰਬੰਧਕਾਂ ਨੇ ਦਾਅਵਾ ਕੀਤਾ ਕਿ ਰੈਲੀ ਨੇ ਪਿਛਲੇ ਸਾਰੇ ਰਾਜਨੀਤਿਕ ਇਕੱਠਾਂ ਜਾਂ ਰੈਲੀਆਂ ਨੂੰ ਮਾਤ ਪਾ ਦਿੱਤੀ ਹੈ। ਰੈਲੀ ਦੌਰਾਨ ਮੋਦੀ ਦੀ ਅਗਵਾਈ ਵਿਚ ਭਾਰਤ ਵੱਲੋਂ ਕੀਤੇ ਜਾ ਰਹੇ ਵਿਕਾਸ ਬਾਰੇ ਵੀ ਚਰਚਾ ਕੀਤੀ। ਇਹ ਰੈਲੀ ਸ਼ਲਭ ਗੋਇਲ, ਡਾ ਸੁਰਿੰਦਰ ਸ਼ਰਮਾ, ਪੀ ਕੇ ਨਾਇਕ, ਅਨਿਲ ਮਹਾਜਨ, ਲਤੇਸ਼ ਭਾਮਬਨੀ, ਮਨਮੋਹਨ ਚੋਪੜਾ, ਅਰੁਣ ਦੱਤ ਤੇ ਸੁਨੀਲ ਅਗਰਵਾਲ 'ਤੇ ਅਧਾਰਿਤ ਸਮਰਪਿਤ ਟੀਮ ਦੇ ਅਣਥਕ ਯਤਨਾਂ ਸਦਕਾ ਸੰਭਵ ਹੋਈ ਹੈ। ਪ੍ਰਬੰਧਕਾਂ ਨੇ ਰੈਲੀ ਵਿਚ ਸ਼ਾਮਿਲ ਹੋਣ ਲਈ ਭਾਰਤੀ ਅਮਰੀਕੀਆਂ ਦਾ ਧੰਨਵਾਦ ਕੀਤਾ ਹੈ।

# ਬਾਬਾ ਬੇਦੀ ਵਲੋਂ ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਤੋਂ ਜਸਬੀਰ ਸਿੰਘ ਗੜ੍ਹੀ ਦੀ ਹਮਾਇਤ

## ✪ ਪੰਥ ਦੀ ਇਕੋ ਜਥੇਬੰਦੀ ਉਸਾਰਨ ਤੇ ਸੰਘੀ ਢਾਂਚੇ ਨੂੰ ਮਜਬੂਤ ਕਰਨ ਵਲ ਵਧਣ ਪੰਥਕ ਧੜੇ-ਬਾਬਾ ਬੇਦੀ



ਊਨਾ-ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਊਨਾ ਸਾਹਿਬ ਗੁਰੂ ਨਾਨਕ ਵੰਸ਼ਜ ਪੀੜ੍ਹੀ ਸਤਾਰਵੀਂ ਨੇ ਲੋਕ ਸਭਾ ਚੋਣਾਂ ਦੌਰਾਨ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਤੇ ਅਨੰਦਪੁਰ ਸਾਹਿਬ ਤੋਂ ਬਸਪਾ ਉਮੀਦਵਾਰ ਜਸਬੀਰ ਸਿੰਘ ਗੜ੍ਹੀ ਨੂੰ ਹਮਾਇਤ ਦਿੰਦਿਆਂ ਕਿਹਾ ਕਿ ਪੰਥ ਨੂੰ ਪੰਜਾਬ ਵਿਚੋਂ ਉਹੋ ਉਮੀਦਵਾਰ ਜਿਤਾਉਣੇ ਚਾਹੀਦੇ ਹਨ ਜੋ ਪੰਥ ਤੇ ਪੰਜਾਬ ਦਾ ਭਲਾ ਕਰ ਸਕਣ ਤੇ ਗੁਰਮਤਿ ਅਨੁਸਾਰ ਫਿਰਕਾਪ੍ਰਸਤੀ ਤੇ ਨਸਲਵਾਦ ਦੇ ਵਿਰੁਧ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੀ ਰਾਜਨੀਤੀ ਉਸਾਰ ਸਕਣ ਜਿਸ ਨਾਲ ਦਲਿਤਾਂ ਤੇ ਕਿਰਤੀਆਂ ਦਾ ਭਲਾ ਹੋਵੇ।

ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਅਨੰਦਪੁਰ ਤੋਂ ਭਾਈ ਜਸਬੀਰ ਸਿੰਘ ਗੜ੍ਹੀ ਯੋਗ ਉਮੀਦਵਾਰ ਹਨ ਜੋ ਪੰਥ ਤੇ ਪੰਜਾਬ ਤੇ ਬਹੁਜਨ, ਕਿਸਾਨੀ ਮਸਲਿਆਂ ਉਪਰ ਅਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਗਾਲੀ ਗਾਲੋਚ ਤੇ ਘਟੀਆ ਇਲਜ਼ਾਮਬਾਜੀ ਦੇ ਚੱਕਰਵਿਊ ਤੋਂ ਬਚਕੇ ਆਪਣੀ ਸਿਖ ਸਿਧਾਂਤਕ ਵਿਚਾਰਧਾਰਕ ਸੁੱਚਮ ਰੱਖਣਾ, ਵੋਟਾਂ ਲੈਣ ਨਾਲੋਂ ਆਪਣਾ ਕਿਰਦਾਰ ਕਾਇਮ ਰੱਖਣਾ ਤੇ ਮਜਬੂਤ ਗੁਰਮਤਿ ਨਾਲ ਲੈਸ ਜਥੇਬੰਦੀ ਦੀ ਉਸਾਰੀ ਵਲ ਵਧਣਾ ਕਈ ਗੁਣਾ ਜ਼ਿਆਦਾ ਮਹੱਤਤਾ ਰੱਖਦਾ ਹੈ। ਉਨ੍ਹਾਂ ਕਿਹਾ ਕਿ ਇਸ ਲਈ ਪੰਥਕ ਤੇ ਪੰਜਾਬ, ਕਿਸਾਨੀ ਮਸਲਿਆਂ ਦੇ ਮੁਦਿਆਂ ਉਪਰ ਆਪਣੀ ਨੀਤੀ ਤੇ ਵਿਚਾਰ ਫੋਕਸ ਕਰਨਾ ਚਾਹੀਦਾ ਹੈ ਜਿਸ ਨਾਲ ਸਮੂਹ ਪੰਜਾਬੀਆਂ ਵਿਚ ਪੰਥਕ ਧੜਿਆਂ ਦਾ ਅਕਸ ਤੇ ਵਿਸ਼ਵਾਸ ਕੇਂਦਰੀ ਨਾਇਕ ਵਾਲਾ ਬਣ ਸਕੇ। ਇਸ ਨਾਲ ਅਗੇ ਜਾਕੇ ਪੰਥ ਦੀ ਸਿਆਸੀ ਜਥੇਬੰਦੀ ਹੋਂਦ ਵਿਚ ਆ ਸਕੇਗੀ। ਸਿਖ ਨੌਜਵਾਨ ਇਸ ਸੰਬੰਧ ਵਿਚ ਗੁਰਮਤਿ ਅਨੁਸਾਰ ਜ਼ਿੰਮੇਵਾਰੀ ਨਿਭਾਉਣ ਲਈ ਸਰਗਰਮ ਹੋਣ ਤਾਂ ਹੀ ਪੰਥ ਤੇ ਪੰਜਾਬ ਦੇ ਹਕਾਂ ਦੀ ਰਾਖੀ ਕੀਤੀ ਜਾ ਸਕੇਗੀ।

ਉਨ੍ਹਾਂ ਕਿਹਾ ਕਿ ਪੰਜਾਬ ਤੇ ਪੰਥ ਲਈ ਸੰਘਰਸ਼ ਕਰਨ ਵਾਲੀ ਸ਼ਹੀਦਾਂ ਦੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਬਾਦਲ ਪਰਿਵਾਰ ਦੇ ਰੂਪ ਵਿਚ ਬਦਲ ਚੁਕੀ ਹੈ ਜੋ ਸੱਤਾ ਦੀ ਭੁਖ ਵਿਚ ਪੰਥ, ਪੰਜਾਬ, ਘੱਟਗਿਣਤੀ ਕੌਮਾਂ, ਕਿਸਾਨਾਂ ਦੇ ਅਧਿਕਾਰਾਂ ਦੀ ਰਾਖੀ ਨਹੀਂ ਕਰ ਸਕੀ, ਪਾਣੀਆਂ ਦਾ ਮਸਲਾ, ਰਾਜਧਾਨੀ ਤੇ ਹੋਰ ਮਸਲੇ ਪਿਛਾਂਹ ਸੁੱਟ ਦਿੱਤੇ ਗਏ। ਆਪਣੀ ਸੂਬਾ ਪਛਾਣ ਨੂੰ ਤਿਆਗਕੇ ਅਕਾਲੀ ਦਲ ਬਾਦਲ ਕੇਂਦਰ ਸਰਕਾਰ ਨੇ ਵਿਕੇਂਦਰੀਕਰਨ ਜਿਹੇ ਸੰਵੇਦਨਸ਼ੀਲ ਮੁੱਦਿਆਂ ਤੇ ਉਹਨਾਂ ਦੇ ਭਾਈਵਾਲ ਬਣ ਗਏ। ਉਨ੍ਹਾਂ ਕਿਹਾ ਕਿ ਅੱਜ ਇਸ ਵਿਕੇਂਦਰੀਕਰਨ ਸਦਕਾਂ ਸੂਬਾਂ ਸਰਕਾਰਾਂ ਕੋਲ ਦਿਖਾਵੇ ਦੇ ਹੀ ਅਧਿਕਾਰ ਰਹਿ ਗਏ ਹਨ।

ਬਾਬਾ ਬੇਦੀ ਨੇ ਕਿਹਾ ਕਿ ਲੰਮਾ ਸਮਾਂ ਰਾਜ ਸੱਤਾ ਵਿੱਚ ਰਹਿਣ ਸਦਕਾ ਸ਼੍ਰੋਮਣੀ ਅਕਾਲੀ ਦਲ ਬਾਦਲ ਆਪਣੇ ਰਾਜ ਕਾਲ ਦੌਰਾਨ ਵਾਪਰੀਆਂ ਅਤਿ ਸੰਵੇਦਨਸ਼ੀਲ ਘਟਨਾਵਾਂ ਗੁਰੂ ਗਰੰਥ ਸਾਹਿਬ ਦੀ ਬੇਅਦਬੀ, ਬਹਿਬਲ ਗੋਲੀ ਕਾਂਡ, ਸਿਰਸਾ ਬਾਬੇ ਨਾਲ ਗਠਜੋੜ ਸਦਕਾ ਸਿੱਖ ਕੌਮ ਵਿਚੋਂ ਆਪਣੀ ਪਛਾਣ ਤਕਰੀਬਨ ਗੁਆ ਚੁੱਕਿਆ ਹੈ। ਇਸ ਨੇ ਅਕਾਲ ਤਖਤ ਤੇ ਸ੍ਰੋਮਣੀ ਕਮੇਟੀ ਦੀ ਖੁਦਮੁਖਤਿਆਰੀ ਭੰਗ ਕਰਕੇ ਆਪਣਾ ਪਰਿਵਾਰਕ ਵਿੰਗ ਬਣਾ ਲਿਆ ਹੈ ਅਤੇ ਸਿਖ ਪੰਥ ਤੇ ਸਚੀ ਪਾਤਸ਼ਾਹੀ ਦੇ ਕਟਿਹਰੇ ਵਿਚ ਦੋਸ਼ੀ ਸਿਧ ਹੋਏ ਹਨ ਤੇ ਸ੍ਰੋਮਣੀ ਅਕਾਲੀ ਦਲ ਨੂੰ ਆਤਮ- ਹਤਿਆ ਦੇ ਰਸਤੇ ਵਲ ਲੈ ਆਏ ਹਨ। ਇਹੀ ਕਾਰਣ ਹੈ ਕਿ ਸਿਖ ਜਗਤ ਵਿਚ ਉਨ੍ਹਾਂ ਪ੍ਰਤੀ ਕੋਈ ਹਮਦਰਦੀ ਨਹੀਂ ਬਚੀ।

ਬਾਬਾ ਬੇਦੀ ਨੇ ਕਿਹਾ ਕਿ ਪੰਜਾਬ ਵਿਚ ਲੋਕ ਸਭਾ ਲਈ1 ਜੂਨ ਨੂੰ ਵੋਟਾਂ ਪੈਣੀਆਂ ਹਨ। ਵੋਟਾਂ ਪੈਣ ਵਿਚ ਲਗਭਗ ਇਕ ਮਹੀਨੇ ਦਾ ਸਮਾਂ ਬਾਕੀ ਹੈ। ਇਸ ਸੰਬੰਧ ਵਿਚ ਚੋਣ ਲੜ ਰਹੇ ਪੰਥਕ ਧੜਿਆਂ ਨੂੰ ਪੰਜਾਬੀਆਂ ਤੇ ਪੰਥ ਨੂੰ ਇਹ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ ਕਿ ਪੰਥਕ ਉਮੀਦਵਾਰਾਂ ਦੀ ਪੰਥ ਤੇ ਪੰਜਾਬ, ਪੰਜਾਬੀਅਤ ਨਾਲ ਠੋਸ ਪ੍ਰਤੀਬੱਧਤਾ ਹੈ। ਉਨ੍ਹਾਂ ਦਾ ਨਿਸ਼ਾਨਾ ਗੁਰੂ ਗ੍ਰੰਥ ਸਾਹਿਬ ਅਨੁਸਾਰ ਬੇਗਮਪੁਰਾ, ਹਲੇਮੀ ਰਾਜ ਹੈ। ਦਲਿਤਾਂ, ਘੱਟ-ਗਿਣਤੀ ਤੇ ਕਿਸਾਨਾਂ ਦੇ ਹੱਕਾਂ ਹਿੱਤਾਂ 'ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਅਤੇ ਪੰਜਾਬੀ ਸੂਬੇ ਦਾ ਬਹੁਪੱਖੀ ਵਿਕਾਸ ਲਈ ਅਵਾਜ਼ ਬੁਲੰਦ ਕਰਨਾ, ਧਾਰਮਿਕ ਵੰਨ-ਸੁਵੰਨਤਾ ਅਤੇ ਸੂਬਿਆਂ ਦੇ ਰਾਜਸੀ ਅਧਿਕਾਰਾਂ ਦੀ ਰਖਵਾਲੀ ਅਤੇ ਸੰਘੀ ਢਾਂਚੇ ਨੂੰ ਮਜ਼ਬੂਤ ਕਰਨ ਵਧਣਾ ਸਾਡਾ ਮੁਖ ਏਜੰਡਾ ਹੈ।

# ਰਵਨੀਤ ਬਿੱਟੂ ਨੇ ਕਾਂਗਰਸ ਤੇ ਰਾਹੁਲ ਗਾਂਧੀ 'ਤੇ ਲਗਾਇਆ ਦੋਸ਼

## ✪ ਕਿਹਾ-ਬੇਅੰਤ ਸਿੰਘ ਦੇ ਹੱਤਿਆਰਿਆਂ ਨੂੰ ਮਾਫ਼ ਕਰਨ ਲਈ ਕਿਹਾ ਸੀ

ਲੁਧਿਆਣਾ-ਲੋਕ ਸਭਾ ਸੀਟ ਲੁਧਿਆਣਾ ਤੋਂ ਭਾਜਪਾ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਕਾਂਗਰਸ ਤੇ ਰਾਹੁਲ ਗਾਂਧੀ 'ਤੇ ਵੱਡਾ ਦੋਸ਼ ਲਗਾਇਆ ਹੈ। ਬਿੱਟੂ ਨੇ ਕਿਹਾ ਕਿ ਰਾਹੁਲ ਗਾਂਧੀ ਤੇ ਕਾਂਗਰਸ ਨੇ ਮੈਨੂੰ ਕਿਹਾ ਸੀ ਕਿ ਜਿਸ ਤਰ੍ਹਾਂ ਨਾਲ ਰਾਜੀਵ ਗਾਂਧੀ ਦੇ ਹੱਤਿਆਰਿਆਂ ਨੂੰ ਕਾਂਗਰਸ ਨੇ ਮਾਫ਼ ਕੀਤਾ ਹੈ, ਉਸੇ ਤਰ੍ਹਾਂ ਉਹ ਵੀ ਬੇਅੰਤ ਸਿੰਘ ਦੇ ਹੱਤਿਆਰਿਆਂ ਨੂੰ ਮਾਫ਼ ਕਰ ਦੇਣ। ਇਸਦਾ ਫ਼ਾਇਦਾ ਕਾਂਗਰਸ ਨੂੰ ਮਿਲੇਗਾ। ਕਾਂਗਰਸ ਇਸਦਾ ਕ੍ਰੈਡਿਟ ਲਵੇਗੀ। ਮੈਂ ਰਾਹੁਲ ਨੂੰ ਇਸ ਤਰ੍ਹਾਂ ਕਰਨ ਤੋਂ ਸਾਫ਼ ਇਨਕਾਰ ਕਰ ਦਿੱਤਾ ਸੀ।



ਬਿੱਟੂ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਵੀ ਵਿਅੰਗ ਕੱਸਿਆ। ਉਨ੍ਹਾਂ ਨੇ ਰਾਜਾ ਵੜਿੰਗ ਦੀ ਇਕ ਤਸਵੀਰ ਦਿਖਾਈ, ਜਿਸ 'ਚ ਵੜਿੰਗ ਨੇ ਇਕ ਟੀ-ਸ਼ਰਟ ਪਾਈ ਹੋਈ ਹੈ। ਉਸ 'ਤੇ ਇੰਦਰਾ ਗਾਂਧੀ ਦੀ ਤਸਵੀਰ ਹੈ ਤੇ ਲਿਖਿਆ ਸੀ, ਮਾਂ ਤੁਝੇ ਸਲਾਮ। ਬਿੱਟੂ ਨੇ ਕਿਹਾ ਕਿ ਕਾਂਗਰਸ ਨੇ ਮੈਨੂੰ ਵੀ ਦਿੱਲੀ ਵਿਚ ਪ੍ਰੋਗਰਾਮ ਦੌਰਾਨ ਇੰਦਰਾ ਗਾਂਧੀ ਵਾਲੀ ਸ਼ਰਟ ਪਾਉਣ ਲਈ ਕਿਹਾ ਸੀ, ਪਰ ਮੈਂ ਮਨ੍ਹਾ ਕਰ ਦਿੱਤਾ ਸੀ।

ਬਿੱਟੂ ਦਾ ਕਹਿਣਾ ਹੈ ਕਿ ਜਿਸ ਇੰਦਰਾ ਗਾਂਧੀ ਨੇ ਸਾਡੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਹੋਵੇ, ਮੈਂ ਉਨ੍ਹਾਂ ਨੂੰ ਮਾਂ ਨਹੀਂ ਕਹਿ ਸਕਦਾ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਇਕ ਪਾਸੇ ਬਿਟੂ ਮਨੁੱਖੀ ਅਧਿਕਾਰਾਂ ਦਾ ਘਾਣ ਕਰਨ ਵਾਲੀ ਇੰਦਰਾ ਦੀ ਨਿੰਦਾ ਕਰ ਰਿਹਾ ਕਿ ਦਰਬਾਰ ਸਾਹਿਬ ਉਪਰ ਇੰਦਰਾ ਨੇ ਹਮਲਾ ਕੀਤਾ ਦੂਜੇ ਪਾਸੇ ਉਹ ਪੰਜਾਬ ਵਿਚ ਸਿਖਾਂ ਕਤਲੇਆਮ ਦੇ ਦੋਸ਼ੀ ਬੇਅੰਤ ਸਿੰਘ ਨੂੰ ਨਾਇਕ ਬਣਾਉਣ ਉਪਰ ਉਤਾਰੂ ਹੈ। ਅਸਲ ਵਿਚ ਪੰਜਾਬ ਦੇ ਸਿਆਸਤਦਾਨਾਂ, ਦਲ ਬਦਲੂਆਂ ਦਾ ਕੋਈ ਕਿਰਦਾਰ ਨਹੀਂ। ਉਹ ਪਾਰਟੀ ਦੇ ਹਿਸਾਬ ਨਾਲ ਗਿਰਗਟ ਵਾਂਗ ਰੰਗ ਬਦਲਦੇ ਹਨ।

# ਤਾਮਿਲਨਾਡੂ ਦੇ ਦਲਿਤ ਤੋਂ ਬਣੇ ਸਿੱਖ ਜੀਵਨ ਸਿੰਘ ਹੁਸ਼ਿਆਰਪੁਰ ਤੋਂ ਲੜਨਗੇ ਚੋਣ

ਹੁਸ਼ਿਆਰਪੁਰ-ਲੋਕ ਸਭਾ ਚੋਣਾਂ ਦੇ ਐਲਾਨ ਤੋਂ ਬਾਅਦ ਵੱਖੋਂ ਵੱਖ ਸਿਆਸੀ ਪਾਰਟੀਆਂ ਆਪਣੇ ਉਮੀਦਵਾਰਾਂ ਨੂੰ ਚੋਣਾਂ ਜਤਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀਆਂ ਹਨ।

ਇਸੇ ਦੌਰਾਨ ਬਹੁਜਨ ਦ੍ਰਵਿੜ ਪਾਰਟੀ (ਬੀਡੀਪੀ) ਦੇ ਮੁਖੀ ਤਮਿਲ ਮੂਲ ਦੇ ਸਿੱਖ ਜੀਵਨ ਸਿੰਘ ਮੱਲਾ ਨੇ ਐਲਾਨ ਕੀਤਾ ਹੈ ਕਿ ਉਹ ਪੰਜਾਬ ਦੇ ਹੁਸ਼ਿਆਰਪੁਰ ਰਾਖਵੇਂ ਹਲਕੇ ਤੋਂ ਚੋਣ ਲੜਨਗੇ। ਉਨ੍ਹਾਂ ਨੇ ਪਹਿਲਾਂ ਹੀ ਹੁਸ਼ਿਆਰਪੁਰ ਵਿਚ ਮੁੱਖ ਤੌਰ 'ਤੇ ਸਿੱਖ ਕਾਰਕੁਨਾਂ ਨਾਲ ਛੋਟੀਆਂ-ਛੋਟੀਆਂ ਮੀਟਿੰਗਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ ਅਤੇ ਕਿਹਾ ਹੈ ਕਿ ਉਹ ਦਲਿਤ ਕਾਰਕੁਨਾਂ ਦਾ ਸਮਰਥਨ ਹਾਸਲ ਕਰ ਰਹੇ ਹਨ। ਇਨ੍ਹਾਂ ਲੋਕ ਸਭਾ ਚੋਣਾਂ ਵਿਚ ਪਹਿਲੀ ਵਾਰ ਤਾਮਿਲਨਾਡੂ ਵਿਚ 7 ਤਾਮਿਲ ਮੂਲ ਦੇ ਸਿੱਖ ਚੋਣ ਮੈਦਾਨ ਵਿਚ ਹਨ, ਸਾਰੇ ਉਮੀਦਵਾਰ ਬੀਡੀਪੀ ਪਾਰਟੀ ਵਲੋਂ ਚੋਣ ਲੜਨਗੇ।




ਜੀਵਨ ਸਿੰਘ (ਪਹਿਲਾਂ ਜੀਵਨ ਕੁਮਾਰ ਮੱਲਾ) ਇਕ ਦਲਿਤ ਭਾਈਚਾਰੇ ਨਾਲ ਸਬੰਧਤ ਹਨ, ਉਨ੍ਹਾਂ ਨੇ ਜਨਵਰੀ 2023 ਵਿਚ ਸਿੱਖ ਧਰਮ ਅਪਣਾਇਆ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ 1996 ਵਿਚ ਇਸ ਸੀਟ ਤੋਂ ਸੰਸਦ ਮੈਂਬਰ ਚੁਣੇ ਗਏ ਸਨ। ਪੇਰੀਆਰ ਅਤੇ ਕਾਂਸ਼ੀ ਰਾਮ ਬੀਡੀਪੀ ਦੇ ਪ੍ਰਤੀਕ ਹਨ। ਉਨ੍ਹਾਂ ਕਿਹਾ, "ਪੰਜਾਬ ਤੋਂ ਮੇਰਾ ਮੁਕਾਬਲਾ ਤੁਰੰਤ ਚੋਣ ਨਤੀਜਿਆਂ ਤੋਂ ਪਰੇ ਹੈ, ਅਤੇ ਇਸ ਦਾ ਮਜ਼ਬੂਤ ਰਾਜਨੀਤਿਕ ਅਤੇ ਸੱਭਿਆਚਾਰਕ ਸੰਦੇਸ਼ ਹੈ ਕਿਉਂਕਿ ਅਸੀਂ ਗੁਰੂ ਨਾਨਕ ਦੇ ਵਿਚਾਰਾਂ ਨੂੰ ਫੈਲਾਉਣ ਲਈ ਬਹੁਤ ਉਤਸੁਕ ਹਾਂ। ਉਨ੍ਹਾਂ ਦਸਿਆ ਕਿ ਉਹ ਤਾਮਿਲਨਾਡੂ ਦੇ ਦੇਵੇਂਦਰ ਕੁਲਾ ਵੇਲਾਲਰ ਭਾਈਚਾਰੇ ਨਾਲ ਸਬੰਧਤ ਹਨ। ਉਹ ਸਾਰੇ ਛੋਟੇ ਅਤੇ ਸੀਮਾਂਤ ਕਿਸਾਨ ਹਨ, 60% ਲੋਕ ਬੇਜ਼ਮੀਨੇ ਖੇਤੀਬਾੜੀ ਕੁਲੀ ਹਨ।"

# ਸੁਨੀਤਾ ਵਿਲੀਅਮਜ਼ ਦੀ ਤੀਜੀ ਪੁਲਾੜ ਉਡਾਣ ਮੁਲਤਵੀ



ਭਾਰਤੀ ਮੂਲ ਦੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਆਪਣੀ ਤੀਜੀ ਪੁਲਾੜ ਯਾਤਰਾ ਲਈ ਤਿਆਰ ਸੀ ਪਰ ਹੁਣ ਇਸ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ। ਦਰਅਸਲ, ਤਕਨੀਕੀ ਖਰਾਬੀ ਕਾਰਨ ਟੇਕ-ਆਫ ਤੋਂ 90 ਮਿੰਟ ਪਹਿਲਾਂ ਮਿਸ਼ਨ ਨੂੰ ਰੋਕਣ ਦਾ ਫੈਸਲਾ ਕੀਤਾ ਗਿਆ ਸੀ। ਨਵੀਂ ਲਾਂਚਿੰਗ ਡੇਟ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ।

ਸੁਨੀਤਾ ਵਿਲੀਅਮਸ ਮੰਗਲਵਾਰ ਨੂੰ ਤੀਜੀ ਵਾਰ ਪੁਲਾੜ ਯਾਤਰਾ ਤੇ ਜਾਣ ਵਾਲੀ ਸੀ। ਸੁਨੀਤਾ ਨੇ ਭਾਰਤੀ ਸਮੇਂ ਅਨੁਸਾਰ ਸਵੇਰੇ 8.04 ਵਜੇ ਬੋਇੰਗ ਦੇ ਸਟਾਰਲਾਈਨਰ ਪੁਲਾੜ ਯਾਨ ਫ਼ਲਸਤੁੱਤੇ ਕੈਪ ਕਾਰਨਿਵਾਲ, ਫਲੋਰੀਡਾ ਦੇ ਕੈਨੇਡੀ ਸਪੇਸ ਸੈਂਟਰ ਤੋਂ ਉਡਾਣ ਭਰਨੀ ਸੀ। ਹਾਲਾਂਕਿ, ਟੇਕ-ਆਫ ਤੋਂ 90 ਮਿੰਟ ਪਹਿਲਾਂ, ਵਿਗਿਆਨੀਆਂ ਨੇ ਪੁਲਾੜ ਯਾਨ ਦੇ ਆਕਸੀਜਨ ਵਾਲਵ ਵਿੱਚ ਤਕਨੀਕੀ ਖਰਾਬੀ ਦਾ ਪਤਾ ਲਗਾਇਆ, ਜਿਸ ਕਾਰਨ ਉਡਾਣ ਨੂੰ ਰੋਕ ਦਿੱਤਾ ਗਿਆ। ਸੁਨੀਤਾ ਵਿਲੀਅਮਜ਼ ਦੇ ਨਾਲ ਨਾਸਾ ਦੇ ਵਿਗਿਆਨੀ ਬੈਰੀ ਵਿਲਮੋਰ ਵੀ ਬੋਇੰਗ ਦੇ ਪੁਲਾੜ ਯਾਨ ਵਿੱਚ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਜਾਣ ਵਾਲੇ ਸਨ।

I don't go to Specsavers

They come to me

We're there for people who are unable to get to a Specsavers store too. See if you're eligible for a home visit at specsavers.co.uk/HomeVisits

Specsavers

For full details, visit specsavers.co.uk/HomeVisits

# 1984 ਦੇ ਸਿੱਖ ਕਤਲੇਆਮ ਦੀ 40ਵੀਂ ਵਰ੍ਹੇ ਗੰਢ ਦੇ ਸਬੰਧ ਦਾਇਰ ਪਟੀਸ਼ਨ 'ਤੇ ਬਰਤਾਨਵੀ ਸਰਕਾਰ ਦੇਵੇਗੀ ਪ੍ਰਤੀਕ੍ਰਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸਰਕਾਰ ਹੁਣ 1984 ਵਿੱਚ ਹੋਏ ਸਿੱਖ ਕਤਲੇਆਮ ਦੀ 40ਵੀਂ ਵਰ੍ਹੇ ਗੰਢ ਸਬੰਧੀ ਦਾਇਰ ਪਟੀਸ਼ਨ ਤੇ ਆਪਣੀ ਪ੍ਰਤੀਕ੍ਰਿਆ ਦੇਵੇਗੀ। ਪਟੀਸ਼ਨ ਵਿੱਚ ਯੂ ਕੇ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ 1984 ਵਿੱਚ ਸਿੱਖਾਂ ਦੇ ਹੋਏ ਕਤਲੇਆਮ ਦੀ 40ਵੀਂ ਵਰ੍ਹੇ ਗੰਢ ਮਨਾਈ ਜਾਵੇ। ਜੂਨ 1984 ਵਿੱਚ ਭਾਰਤੀ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਤੇ ਹਮਲਾ ਕਰਕੇ ਜਿੱਥੇ ਹਜ਼ਾਰਾਂ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ, ਉੱਥੇ ਹੀ ਨਵੰਬਰ 1984 ਨੂੰ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਸਿੱਖ ਨਸਲਕੁਸ਼ੀ ਕੀਤੀ ਗਈ ਸੀ। ਜਿਸ ਦਾ ਅੱਜ ਤੱਕ ਸਿੱਖਾਂ ਨੂੰ ਇਨਸਾਫ ਨਹੀਂ ਮਿਲਿਆ। ਦਬਿੰਦਰਜੀਤ ਸਿੰਘ ਵੱਲੋਂ ਦਾਇਰ ਪਟੀਸ਼ਨ 'ਤੇ ਹੁਣ ਤੱਕ 10324 ਲੋਕ ਦਸਤਖ਼ਤ ਕਰ ਚੁੱਕੇ ਹਨ। ਨਿਯਮਾਂ ਅਨੁਸਾਰ ਜਦੋਂ ਕਿਸੇ ਵੀ ਪਟੀਸ਼ਨ ਤੇ 10 ਹਜ਼ਾਰ ਤੋਂ ਵੱਧ ਲੋਕ ਦਸਤਖ਼ਤ ਕਰ ਦੇਣ ਤਾਂ ਸਰਕਾਰ ਨੂੰ ਆਪਣੀ ਪ੍ਰਤੀਕ੍ਰਿਆ ਦੇਣੀ ਹੁੰਦੀ ਹੈ, ਜੇ ਪਟੀਸ਼ਨ 'ਤੇ 1 ਲੱਖ ਤੋਂ ਵੱਧ ਲੋਕ ਦਸਤਖ਼ਤ ਕਰ ਦੇਣ ਤਾਂ ਬਰਤਾਨਵੀ ਸੰਸਦ ਵਿੱਚ ਉਕਤ ਪਟੀਸ਼ਨ ਤੇ ਬਹਿਸ ਕੀਤੀ ਜਾਂਦੀ ਹੈ।




# ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਹਰਜੀਤ ਸਿੰਘ ਬਾਜਵਾ ਦਾ ਵਿਸ਼ੇਸ਼ ਮਾਣ ਸਨਮਾਨ



ਸ: ਨਿਰਮਲ ਸਿੰਘ ਸੇਖੋਂ ਅਤੇ ਸ: ਹਰਦੇਵ ਸਿੰਘ ਸਿੱਧੂ ਅਤੇ ਸ: ਗੁਰਦਿਆਲ ਸਿੰਘ ਚੱਠਾ, ਹਰਜੀਤ ਸਿੰਘ ਬਾਜਵਾ ਦਾ ਸਨਮਾਨ ਕਰਦੇ ਹੋਏ

ਬ੍ਰੈਡਫੋਰਡ (ਪੰਜਾਬ ਟਾਈਮਜ਼) – ਬੀਤੇ ਦਿਨੀਂ ਇੱਥੇ ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਹਰਜੀਤ ਸਿੰਘ ਬਾਜਵਾ ਦਾ ਵਿਸ਼ੇਸ਼ ਮਾਣ ਸਨਮਾਨ ਕੀਤਾ ਗਿਆ। ਉਹ ਪੰਜਾਬ ਵਿੱਚ ਕੈਪੀਟਲ ਸਮਾਲ ਫਾਈਨਾਂਸ ਬੈਂਕ ਸ਼ਾਹਕੋਟ ਵਿਖੇ ਸੀਨੀਅਰ ਮੈਨੇਜਰ ਦੀ ਪੋਸਟ 'ਤੇ ਹਨ । ਸ੍ਰੀ ਗੁਰੂ ਗੋਬਿੰਦ ਸਿੰਘ ਗੁਰਦੁਆਰਾ ਬ੍ਰੈਡਫੋਰਡ ਦੇ ਪ੍ਰਧਾਨ ਸ: ਗੁਰਦਿਆਲ ਸਿੰਘ ਚੱਠਾ ਦੇ ਖਾਸ ਮਹਿਮਾਨ ਹਰਜੀਤ ਸਿੰਘ ਬਾਜਵਾ ਇਹਨੀਂ ਦਿਨੀਂ ਇੰਗਲੈਂਡ ਦੀ ਯਾਤਰਾ ਤੇ ਆਏ ਹੋਏ ਹਨ। ਇਸ ਮੌਕੇ ਉਹਨਾਂ ਦੀ ਮਹਿਮਾਨ ਨਿਵਾਜ਼ੀ ਕੀਤੀ ਗਈ ਅਤੇ ਯੌਰਕਸ਼ਾਇਰ ਸਿੱਖ ਫੋਰਮ ਦੇ ਸਤਿਕਾਰਯੋਗ ਸੈਕਟਰੀ ਸ: ਹਰਦੇਵ ਸਿੰਘ ਸਿੱਧੂ ਅਤੇ ਚੇਅਰਮੈਨ ਸ: ਨਿਰਮਲ ਸਿੰਘ ਸੇਖੋਂ ਐਮ ਬੀ ਈ ਤੇ ਐਫ ਆਰ ਐਸ ਏ ਵੱਲੋਂ ਵਿਸ਼ੇਸ਼ ਮੈਡਲ ਅਤੇ ਟਰੌਫੀ ਦੇ ਕੇ ਸਨਮਾਨ ਕੀਤਾ ਗਿਆ।

# ਨੀਰਵ ਮੋਦੀ ਦੀ ਜਮਾਨਤ ਅਰਜ਼ੀ ਰੱਦ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਵਾਲਾ ਅਤੇ ਧੋਖਾਧੜੀ ਦੇ ਵੱਖ ਵੱਖ ਕੇਸਾਂ ਦਾ ਸਾਹਮਣਾ ਕਰ ਰਹੇ ਕਾਰੋਬਾਰੀ ਨੀਰਵ ਮੋਦੀ ਜੋ ਕਿ ਲੰਡਨ ਜੇਲ੍ਹ ਵਿੱਚ ਪਿਛਲੇ ਪੰਜ ਸਾਲਾਂ ਤੋਂ ਵੱਧ ਸਮੇਂ ਤੋਂ ਬੰਦ ਹੈ, ਨੇ ਮੰਗਲਵਾਰ ਨੂੰ ਇੱਕ ਨਵੀਂ ਜ਼ਮਾਨਤ ਅਰਜ਼ੀ ਦਿੱਤੀ, ਜਿਸ ਨੂੰ ਵੈਸਟਮਿੰਸਟਰ ਮੈਜਿਸਟ੍ਰੇਟ ਅਦਾਲਤ ਨੇ ਖਾਰਜ ਕਰ ਦਿੱਤਾ। ਜ਼ਿਲ੍ਹਾ ਜੱਜ ਜੌਹਨ ਜ਼ਾਨੀ ਨੇ ਕਿਹਾ ਕਿ ਨਿਆਂ ਤੋਂ ਭਗੌੜਾ ਹੋਣ ਦਾ "ਕਾਫ਼ੀ ਖ਼ਤਰਾ" ਹੈ।

ਹਵਾਲਗੀ ਦੀ ਲੜਾਈ ਹਾਰਨ ਵਾਲਾ 52 ਸਾਲਾ ਹੀਰਾ ਵਪਾਰੀ ਲੰਡਨ ਦੀ ਵੈਸਟਮਿੰਸਟਰ ਮੈਜਿਸਟ੍ਰੇਟ ਅਦਾਲਤ ਵਿੱਚ ਜ਼ਮਾਨਤ ਦੀ ਸੁਣਵਾਈ ਲਈ ਖੁਦ ਪੇਸ਼ ਨਹੀਂ ਹੋਇਆ ਪਰ ਉਸ ਦਾ ਪੁੱਤਰ ਅਤੇ ਦੋ ਧੀਆਂ ਗੈਲਰੀ ਵਿੱਚ ਮੌਜੂਦ ਸਨ। ਜ਼ਿਲ੍ਹਾ ਜੱਜ ਜੌਹਨ ਜ਼ਾਨੀ ਨੇ ਉਨ੍ਹਾਂ ਦੀ ਕਾਨੂੰਨੀ ਟੀਮ ਦੀ ਦਲੀਲ ਨੂੰ ਸਵੀਕਾਰ ਕੀਤਾ ਕਿ ਸਾਢੇ ਤਿੰਨ ਸਾਲ ਪਹਿਲਾਂ ਆਖਰੀ ਜ਼ਮਾਨਤ ਅਰਜ਼ੀ ਤੋਂ ਬਾਅਦ ਦੇ ਲੰਬੇ ਸਮੇਂ ਬਾਅਦ ਅਰਜ਼ੀ ਦਿੱਤੀ ਹੈ ਅਤੇ ਸੁਣਵਾਈ ਨੂੰ ਅੱਗੇ ਵਧਾਉਣ ਲਈ ਹਾਲਾਤ ਬਦਲੇ ਹਨ।

ਇੱਕ ਛੋਟੀ ਸੁਣਵਾਈ ਤੋਂ ਬਾਅਦ ਜੱਜ ਜ਼ਾਨੀ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਹਾਲਾਂਕਿ, ਮੈਂ ਸੰਤੁਸ਼ਟ ਹਾਂ ਕਿ ਜ਼ਮਾਨਤ ਦੇ ਵਿਰੁੱਧ ਠੋਸ ਆਧਾਰ ਬਾਕੀ ਹਨ। ਪਰ ਸਭ ਤੋਂ ਵੱਡਾ ਖ਼ਤਰਾ ਹੈ ਕਿ ਬਿਨੈਕਾਰ ਨੀਰਵ ਮੋਦੀ ਹੋ ਸਕਦਾ ਹੈ ਕਿ ਅਦਾਲਤ ਵਿੱਚ ਹਾਜ਼ਰ ਹੀ ਨਾ ਹੋਵੇ ਜਾਂ ਗਵਾਹਾਂ ਵਿੱਚ ਦਖ਼ਲਅੰਦਾਜ਼ੀ ਕਰੇ।

# 7 ਮਹੀਨਿਆਂ ਦੀ ਲੜਾਈ ਤੋਂ ਬਾਅਦ ਜੰਗਬੰਦੀ ਲਈ ਤਿਆਰ ਹੋਇਆ ਹਮਾਸ

ਇਜ਼ਰਾਈਲ ਨਾਲ 7 ਮਹੀਨਿਆਂ ਦੀ ਲੜਾਈ ਤੋਂ ਬਾਅਦ ਹਮਾਸ ਨੇ ਮਿਸਰ ਅਤੇ ਕਤਰ ਦੇ ਜੰਗਬੰਦੀ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ। ਹਮਾਸ ਨੇ ਸੋਮਵਾਰ (6 ਮਈ) ਨੂੰ ਇਸ ਬਾਰੇ ਅਧਿਕਾਰਤ ਬਿਆਨ ਜਾਰੀ ਕੀਤਾ। ਹਾਲਾਂਕਿ, ਇਜ਼ਰਾਈਲ ਨੇ ਕਿਹਾ ਹੈ ਕਿ ਜਿਨ੍ਹਾਂ ਸ਼ਰਤਾਂ ਤੇ ਹਮਾਸ ਨੇ ਸਹਿਮਤੀ ਪ੍ਰਗਟਾਈ ਸੀ, ਉਨ੍ਹਾਂ ਨੂੰ ਮਨਜ਼ੂਰੀ ਨਹੀਂ ਦਿੱਤੀ ਗਈ ਸੀ।

ਇਸ ਤੋਂ ਬਾਅਦ ਇਜ਼ਰਾਈਲ ਨੇ ਯੁੱਧ ਦੇ ਆਖਰੀ ਪੜਾਅ ਦੀ ਸ਼ੁਰੂਆਤ ਕਰਦੇ ਹੋਏ ਦੱਖਣੀ ਗਾਜ਼ਾ ਦੇ ਰਫਾਹ ਤੇ ਵੀ ਹਮਲਾ ਕੀਤਾ। ਇਜ਼ਰਾਈਲੀ ਟੈਂਕ ਗਾਜ਼ਾ-ਮਿਸਰ ਸਰਹੱਦ ਤੋਂ ਸਿਰਫ਼ 200 ਮੀਟਰ ਦੀ ਦੂਰੀ ਤੇ ਸਨ।

VACANCIES
JSR CONTRACTS LTD.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

CONSTRUCTION BUILDERS REQUIRED ON VARIOUS SITES IN UK

Job Type: 5319 Construction & building trades not elsewhere classified

Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.

Person must have CSCS, CCDO, IPAF, Driving Licence, IPAF, SSSTS, Asbestos Awareness and Manual Handling.
Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਯੂ ਕੇ ਦੇ ਨਵੇਂ ਇੰਮੀਗ੍ਰੇਸ਼ਨ ਨਿਯਮਾਂ ਕਾਰਨ ਤਿੰਨ ਮਹੀਨਿਆਂ 'ਚ ਵਿਦੇਸ਼ੀ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਦੀ ਆਮਦ 33000 ਘਟੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਇੰਮੀਗ੍ਰੇਸ਼ਨ ਦੇ ਨਵੇਂ ਨਿਯਮਾਂ ਦਾ ਅਸਰ ਦਿਸਣਾ ਸ਼ੁਰੂ ਹੋ ਗਿਆ ਹੈ। ਗ੍ਰਹਿ ਵਿਭਾਗ ਦੇ ਅੰਕੜਿਆਂ ਅਨੁਸਾਰ ਪਹਿਲੇ ਤਿੰਨ ਮਹੀਨਿਆਂ ਵਿੱਚ ਵਿਦਿਆਰਥੀਆਂ ਵੱਲੋਂ ਆਪਣੇ ਪ੍ਰੀਵਾਰਾਂ ਨੂੰ ਯੂ ਕੇ ਮੰਗਵਾਉਣ ਲਈ ਸਿਰਫ 6700 ਅਰਜ਼ੀਆਂ ਪ੍ਰਾਪਤ ਹੋਈਆਂ ਹਨ, ਜੋ ਪਿਛਲੇ ਸਾਲ ਦੇ ਇਸੇ ਸਮੇਂ ਨਾਲੋਂ 33000 ਘੱਟ ਹਨ।**


ਸਾਲ ਪਹਿਲਾਂ ਇਹ ਗਿਣਤੀ 39,900 ਸੀ। ਇਹਨਾਂ ਅਰਜ਼ੀਆਂ ਵਿੱਚ ਬਿਨ੍ਹੇਕਾਰਾਂ ਨੇ ਆਪਣੇ ਜੀਵਨ ਸਾਥੀ, ਬੱਚਿਆਂ ਅਤੇ ਹੋਰ ਰਿਸ਼ਤੇਦਾਰਾਂ ਨੂੰ ਮੰਗਵਾਉਣ ਲਈ ਅਰਜ਼ੀਆਂ ਦਿੱਤੀਆਂ ਸਨ। ਯੂ ਕੇ ਦੇ ਨਵੇਂ ਇੰਮੀਗ੍ਰੇਸ਼ਨ ਨਿਯਮਾਂ ਅਨੁਸਾਰ 1 ਜਨਵਰੀ 2024 ਤੋਂ ਵਿਦੇਸ਼ੀ ਵਿਦਿਆਰਥੀਆਂ ਤੇ ਕਿਸੇ ਵੀ ਆਸ਼ਰਿਤ (ਡਿਪੈਂਡੈਂਟ) ਨੂੰ ਯੂ ਕੇ ਲਿਆਉਣ ਤੇ ਰੋਕ ਲਗਾ ਦਿੱਤੀ ਸੀ। ਗ੍ਰਹਿ ਮੰਤਰੀ ਜੇਮਸ ਕਲੈਵਰਲੀ ਦੁਆਰਾ ਤਿੰਨ ਵੀਜ਼ਾ ਨਿਯਮਾਂ ਵਿੱਚ ਸੁਧਾਰ ਤੋਂ ਬਾਅਦ 24 ਫੀਸਦੀ ਅਰਜ਼ੀਆਂ ਵਿੱਚ ਕਮੀ ਵੇਖੀ ਗਈ ਹੈ। ਭਾਵੇਂ ਸਾਂਭ ਸੰਭਾਲ ਵਾਲੇ ਵਿਦੇਸ਼ੀ ਕਾਮਿਆਂ ਨੇ 11 ਮਾਰਚ ਤੋਂ ਨਿਯਮ ਤਬਦੀਲੀ ਤੋਂ ਪਹਿਲਾਂ 49300 ਅਰਜ਼ੀਆਂ ਦਿੱਤੀਆਂ ਗਈਆਂ, ਜੋ ਪਿਛਲੇ ਸਾਲ ਸਿਰਫ 44,200 ਸਨ, ਪਰ ਮੂਲ ਬਿਨ੍ਹੇਕਾਰ ਦੀ ਗਿਣਤੀ 38,700 ਤੋਂ ਘਟ ਕੇ 10,200 ਰਹਿ ਗਈ ਸੀ। ਹੁਨਰਮੰਦ ਕਾਮਿਆਂ ਦੀ ਵੀਜ਼ਾ ਗਿਣਤੀ ਜਨਵਰੀ ਤੋਂ ਮਾਰਚ ਤੱਕ 19,100 ਰਹੀ ਜਦ ਕਿ ਪਿਛਲੇ ਸਾਲ ਇਹ ਗਿਣਤੀ 16,000 ਸੀ, ਇਸੇ ਤਰ੍ਹਾਂ ਉਹਨਾਂ ਦੇ ਡਿਪੈਂਡੈਂਟ ਬਿਨ੍ਹੇਕਾਰਾਂ ਦੀ ਗਿਣਤੀ 12,200 ਤੋਂ ਵੱਧ ਕੇ 19,800 ਤੱਕ ਹੋ ਗਈ। ਹੁਨਰਮੰਦ ਕਾਮੇ, ਸਿਹਤ ਸੰਭਾਲ ਖੇਤਰ ਅਤੇ ਵਿਦਿਆਰਥੀ ਵੀਜ਼ਾ ਵਿੱਚ ਡਿਪੈਂਡੈਂਟ ਵੀਜ਼ਾ ਗਿਣਤੀ ਪਹਿਲੀ ਤਿਮਾਹੀ ਵਿੱਚ ਕੁੱਲ੍ਹ ਗਿਣਤੀ 139,100 ਸੀ, ਜੋ 2023 ਵਿੱਚ ਇਸੇ ਸਮੇਂ ਦੌਰਾਨ ਇਹ ਗਿਣਤੀ 184,00 ਸੀ। ਸਰਕਾਰ ਅਨੁਸਾਰ ਇਹ ਤਬਦੀਲੀਆਂ ਰਿਕਾਰਡ-ਉਚ ਨੈਂਟ ਮਾਈਗ੍ਰੇਸ਼ਨ ਸੰਖਿਆਵਾਂ ਨੂੰ 745,000 ਤੋਂ ਘਟਾ ਕੇ 300,000 ਤੱਕ ਘਟਾ ਦੇਵੇਗੀ।

ਸਾਬਕਾ ਗ੍ਰਹਿ ਮੰਤਰੀ ਸੁਏਲਾ ਬ੍ਰੇਵਰਮੈਨ ਨੇ ਕਿਹਾ ਹੈ ਕਿ ਉਸ ਦੁਆਰਾ ਕੀਤੇ ਗਏ ਇੱਕ ਵੱਡੇ ਸੁਧਾਰ ਨੇ ਇਮੀਗ੍ਰੇਸ਼ਨ ਦੀ ਇੱਕ ਵਿਵਾਦਪੂਰਨ ਸ਼੍ਰੇਣੀ ਵਿੱਚ ਮਹੱਤਵਪੂਰਨ ਕਟੌਤੀ ਕੀਤੀ ਹੈ।

## ਪ੍ਰਵਾਸੀਆਂ ਦੇ ਮਸਲਿਆਂ ਨੂੰ ਲੈ ਕੇ ਗੁਰਤੇਜ ਸਿੰਘ ਠੁਕਰਾਲ ਵੱਲੋਂ ਪੰਜਾਬ ਸਰਕਾਰ ਨੂੰ ਮੰਗ ਪੱਤਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਵਾਸੀ ਪੰਜਾਬੀਆਂ ਨੂੰ ਪੰਜਾਬ ਵਿੱਚ ਆਪਣੇ ਘਰਾਂ, ਜ਼ਮੀਨਾਂ ਅਤੇ ਹੋਰ ਮਾਮਲਿਆਂ ਨੂੰ ਲੈ ਕੇ ਪੈਦਾ ਹੋ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਇੱਕ ਮੰਗ ਪੱਤਰ ਐਨ ਆਰ ਆਈ ਵਿੰਗ ਯੂ ਕੇ ਦੇ ਗੁਰਤੇਜ ਸਿੰਘ ਠੁਕਰਾਲ ਨੇ ਪੰਜਾਬ ਸਰਕਾਰ ਨੂੰ ਦਿੱਤਾ। ਬੀਤੇ ਦਿਨੀ ਯੂ ਕੇ ਤੋਂ ਪੰਜਾਬੀਆਂ ਦੇ ਮਸਲਿਆਂ ਦੇ ਹੱਲ ਲਈ ਇੱਕ ਮੰਗ ਪੱਤਰ ਐਨ ਆਰ ਆਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਦਿੰਦਿਆਂ ਸ: ਠੁਕਰਾਲ ਨੇ ਕਿਹਾ ਕਿ ਯੂ ਕੇ ਵਿੱਚ ਵੱਧਦੀ ਮਹਿੰਗਾਈ ਨੇ ਲੋਕਾਂ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ, ਅਜੇਹੇ ਮੌਕੇ ਪ੍ਰਵਾਸੀ ਪੰਜਾਬ ਸਿਰਫ ਕੁੱਝ ਦਿਨਾਂ ਲਈ ਹੀ ਪੰਜਾਬ ਆਉਂਦੇ ਹਨ। ਚੰਗਾ ਹੋਵੇ ਜੇ ਵਿਦੇਸ਼ਾਂ ਵਿੱਚ ਬੈਠੇ ਹੀ ਪ੍ਰਵਾਸੀ ਪੰਜਾਬੀ ਆਪਣੇ ਮਸਲੇ ਕਰਵਾ ਸਕਣ।

ਸ: ਠੁਕਰਾਲ ਨੇ ਦੱਸਿਆ ਕਿ ਉਹਨਾਂ ਵੱਲੋਂ ਪੇਸ਼ ਕੀਤੇ ਸੁਝਾਅ ਅਤੇ ਯੋਜਨਾਵਾਂ ਤੇ ਵਿਚਾਰ ਕਰਨ ਦਾ ਵਾਇਦਾ ਕੀਤਾ ਹੈ। ਸ: ਕਾਲਦੀਪ ਸਿੰਘ ਧਾਲੀਵਾਲ ਨੇ ਚੋਣਾਂ ਤੋ ਬਾਅਦ ਪ੍ਰਾਵਸੀ ਮਸਲਿਆਂ ਦੇ ਜਲਦੀ ਹੱਲ ਲਈ ਹੋਰ ਵੀ ਢੁਕਵੇਂ ਕਦਮ ਉਠਾਏ ਜਾਣਗੇ।



ਕੁਲਦੀਪ ਸਿੰਘ ਧਾਲੀਵਾਲ ਨੂੰ ਮੰਗ ਪੱਤਰ ਸੌਂਪਦੇ ਹੋਏ ਗੁਰਤੇਜ ਸਿੰਘ ਠੁਕਰਾਲ

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 18TH MAY 2024 IN ILFORD
An opportunity to meet a number of other like-minded singletons under one roof & maybe meet a potential partner
Tickets: Non-members: £45.00
Members/Non-Members (Early Bird booking by 30/4/24) - £40.00
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਭਾਰਤੀ ਮੂਲ ਦੀ ਬ੍ਰਿਟਿਸ਼ ਲੇਖਕਾ ਸ਼੍ਰਾਬਨੀ ਬਾਸੂ ਨੂੰ ਲੰਡਨ ਯੂਨੀਵਰਸਿਟੀ ਨੇ ਆਨਰੇਰੀ ਡਾਕਟਰੇਟ ਨਾਲ ਕੀਤਾ ਸਨਮਾਨਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕੋਲਕਾਤਾ ਵਿਚ ਜਨਮੀ ਇਤਿਹਾਸਕਾਰ-ਲੇਖਿਕਾ ਸ਼੍ਰਾਬਨੀ ਬਾਸੂ ਨੂੰ ਸਾਹਿਤ ਦੇ ਖੇਤਰ ਵਿਚ ਯੋਗਦਾਨ ਅਤੇ ਸਾਂਝੇ ਬ੍ਰਿਟਿਸ਼ ਭਾਰਤੀ ਇਤਿਹਾਸ ਦੇ ਅਧਿਐਨ ਲਈ ਲੰਡਨ ਯੂਨੀਵਰਸਿਟੀ ਦੁਆਰਾ ਆਨਰੇਰੀ ਡਾਕਟਰੇਟ ਨਾਲ ਸਨਮਾਨਿਤ ਕੀਤਾ ਗਿਆ ਹੈ। ਸਭ ਤੋਂ ਵੱਧ ਵਿਕਣ ਵਾਲੀਆਂ ਜੀਵਨੀ ਸੰਬੰਧੀ ਕਿਤਾਬਾਂ 'ਸਪਾਈ ਪ੍ਰਿੰਸੇਸ: ਦ ਲਾਈਫ ਆਫ ਨੂਰ ਇਨਾਇਤ ਖਾਨ' ਅਤੇ 'ਵਿਕਟੋਰੀਆ ਐਂਡ ਅਬਦੁਲ: ਦਿ ਟਰੂ ਸਟੋਰੀ ਆਫ ਦ ਕਵੀਨਜ਼ ਕਲੋਸਟ ਕਨਫੀਡੈਂਟ' ਦੀ ਲੇਖਿਕਾ ਬਾਸੂ ਨੇ ਇੱਕ ਕਨਵੋਕੇਸ਼ਨ ਸਮਾਰੋਹ ਵਿੱਚ 'ਡਾਕਟਰ ਆਫ਼ ਲਿਟਰੇਚਰ' ਦੀ ਆਨਰੇਰੀ ਡਿਗਰੀ ਪ੍ਰਾਪਤ ਕੀਤੀ।

'ਵਿਕਟੋਰੀਆ ਐਂਡ ਅਬਦੁਲ: ਦ ਟਰੂ ਸਟੋਰੀ ਆਫ ਦ ਕਵੀਨਜ਼ ਕਲੋਸਟ ਕਨਫੀਡੈਂਟ' 'ਤੇ ਆਧਾਰਿਤ ਇੱਕ ਫਿਲਮ ਵੀ ਬਣੀ ਸੀ, ਜੋ ਆਸਕਰ ਲਈ ਨਾਮਜ਼ਦ ਹੋਈ ਸੀ ਅਤੇ ਡੈਮ ਜੂਡੀ ਡੇਂਚ ਨੇ ਅਭਿਨੈ ਕੀਤਾ ਸੀ। ਬ੍ਰਿਟੇਨ ਦੇ ਰਾਜਾ ਚਾਰਲਸ ਤੀਜੇ ਦੀ ਭੈਣ ਰਾਜਕੁਮਾਰੀ ਰਾਇਲ -ਰਾਜਕੁਮਾਰੀ ਐਨੀ ਨੇ ਯੂਨੀਵਰਸਿਟੀ ਦੇ ਚਾਂਸਲਰ ਦੇ ਤੌਰ 'ਤੇ ਬਾਸੂ ਨੂੰ ਇਹ ਡਿਗਰੀ ਪ੍ਰਦਾਨ ਕੀਤੀ। ਇਸ 'ਨਿਮਰਤਾ ਅਤੇ ਮਾਣ ਵਾਲੀ ਘੜੀ' ਦਾ ਜ਼ਿਕਰ ਕਰਦੇ ਹੋਏ, ਬਾਸੂ ਨੇ ਆਪਣੇ ਸੰਬੋਧਨ ਵਿੱਚ ਕਿਹਾ, "2009 ਵਿੱਚ, ਇਹ ਲੰਡਨ ਯੂਨੀਵਰਸਿਟੀ ਸੀ ਜਿਸ ਨੇ ਸਾਨੂੰ ਗੋਰਡਨ ਸਕੁਏਅਰ ਵਿੱਚ ਦੂਜੇ ਵਿਸ਼ਵ ਯੁੱਧ ਦੀ ਨਾਇਕਾ ਨੂਰ ਇਨਾਇਆ ਦਾ ਬੁੱਤ ਦਿੱਤਾ ਸੀ।

ਉਸਨੇ ਕਿਹਾ "ਯੂਨੀਵਰਸਿਟੀ ਨੇ ਨੂਰ




ਸ਼੍ਰਾਬਨੀ ਬਾਸੂ

ਇਨਾਇਤ ਖਾਨ ਦੀ ਯਾਦ ਦੇ ਮਹੱਤਵ ਨੂੰ ਪਛਾਣਿਆ, ਜਿਸ ਬਾਰੇ ਉਸ ਸਮੇਂ ਬਹੁਤ ਘੱਟ ਜਾਣਿਆ ਜਾਂਦਾ ਸੀ"। ਇਹ 2012 ਵਿੱਚ ਉਸਦਾ ਯਾਦਗਾਰੀ ਦਿਨ ਸੀ ਜਦੋਂ ਰਾਜਕੁਮਾਰੀ ਰਾਇਲ ਨੇ ਉਸਦੀ ਬੁੱਤ ਦਾ ਪਰਦਾਫਾਸ਼ ਕੀਤਾ ਸੀ। ਅੱਜ ਦੁਨੀਆ ਭਰ ਤੋਂ ਲੋਕ ਇਸ ਯਾਦਗਾਰ 'ਤੇ ਆਉਂਦੇ ਹਨ ਅਤੇ ਨੂਰ ਦੀ ਕਹਾਣੀ ਲੋਕਾਂ ਨੂੰ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ।" ਆਪਣੇ ਸੰਬੋਧਨ 'ਚ ਦਿੱਲੀ ਯੂਨੀਵਰਸਿਟੀ ਦੇ ਸੇਂਟ ਸਟੀਫਨ ਕਾਲਜ ਤੋਂ ਇਤਿਹਾਸ ਦੀ ਗ੍ਰੈਜੂਏਸ਼ਨ ਕਰਨ ਵਾਲੀ ਡਾ. ਬਾਸੂ ਨੇ ਕਿਹਾ ਕਿ ਉਨ੍ਹਾਂ ਨੇ 1980 ਦੇ ਦਹਾਕੇ ਵਿੱਚ ਇੱਕ ਪੱਤਰਕਾਰ ਵਜੋਂ ਜਦੋਂ ਉਸਨੇ ਭਾਰਤ ਤੋਂ ਬਰਤਾਨੀਆ ਤੱਕ ਦੀ ਆਪਣੀ ਯਾਤਰਾ ਦਾ ਜ਼ਿਕਰ ਕੀਤਾ, ਜਦੋਂ ਉਹ ਕਈ ਲੁਕੀਆਂ ਹੋਈਆਂ ਅਦਭੁੱਤ ਗੱਲਾਂ ਨਾਲ ਜਾਣੂ ਹੋਈ ਅਤੇ ਇਨ੍ਹਾਂ ਗੱਲਾਂ ਨੂੰ ਉਨ੍ਹਾਂ ਦੀ ਕਿਤਾਬਾਂ ਵਿਚ ਥਾਂ ਮਿਲੀ।

# ਸਦੀਕ ਖਾਨ ਤੀਜੀ ਵਾਰ ਬਣੇ ਲੰਡਨ ਦੇ ਮੇਅਰ

## ਇੰਗਲੈਂਡ ਅਤੇ ਵੇਲਜ਼ ਦੀਆਂ ਕੌਂਸਲ ਚੋਣਾਂ 'ਚ ਲੇਬਰ ਪਾਰਟੀ ਦੀ ਜਿੱਤ ਆਮ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਸੱਤਾਧਾਰੀ ਪਾਰਟੀ ਨੂੰ ਲੋਕਾਂ ਨੇ ਦਿੱਤਾ ਵੱਡਾ ਝਟਕਾ




ਸਦੀਕ ਖਾਨ

ਲੰਡਨ-(ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਅਸੈਂਬਲੀ, ਮੇਅਰ ਸਮੇਤ ਇੰਗਲੈਂਡ ਅਤੇ ਵੇਲਜ਼ ਦੀਆਂ 107 ਕੌਂਸਲਾਂ ਦੀਆਂ ਪਈਆਂ ਵੋਟਾਂ ਦੇ ਨਤੀਜੇ ਆ ਚੁੱਕੇ ਹਨ। ਜ਼ਿਹਨਾਂ ਵਿੱਚੋਂ ਲੇਬਰ ਪਾਰਟੀ ਨੇ 51 ਕੌਂਸਲਾਂ ਤੇ ਜਿੱਤ ਦਰਜ਼ ਕੀਤੀ ਹੈ ਅਤੇ ਹੁਣ ਤੱਕ 8 ਕੌਂਸਲਾਂ ਦਾ ਲਾਭ ਹੋਇਆ ਹੈ, ਕੰਜ਼ਰਵੇਟਿਵ ਪਾਰਟੀ ਨੇ 6 ਕੌਂਸਲਾਂ ਤੇ ਦਿੱਤ ਦਰਜ਼ ਕੀਤੀ ਹੈ ਅਤੇ 10 ਕੌਂਸਲਾਂ ਦਾ ਨੁਕਸਾਨ ਹੋਇਆ ਹੈ, ਲਿਬਰਲ ਡੈਮੋਕ੍ਰੇਟਿਕ 12 ਕੌਂਸਲਾਂ ਅਤੇ ਇੰਡੀਪੈਂਡਿੰਟ ਨੇ ਇੱਕ ਕੌਂਸਲ ਤੇ ਜਿੱਤ ਦਰਜ਼ ਕਰਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਲੇਬਰ ਪਾਰਟੀ ਦੇ 1158 ਉਮੀਦਵਾਰਾਂ ਨੇ ਜਿੱਤ ਦਰਜ਼ ਕੀਤੀ ਹੈ, ਕੰਜ਼ਰਵੇਟਿਵ ਪਾਰਟੀ ਦੇ 515, ਲਿਬਰਲ ਡੈਮੋਕ੍ਰੇਟਿਕ ਦੇ 522, ਇੰਡੀਪੈਂਡਿੰਟ ਦੇ 228, ਗਰੀਨ ਦੇ 181 ਅਤੇ ਆਰ ਏ ਦੇ 48 ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ ਹੈ। ਲੇਬਰ ਪਾਰਟੀ ਨੂੰ 181 ਉਮੀਦਵਾਰਾਂ ਦਾ ਲਾਭ, ਕੰਜ਼ਰਵੇਟਿਵ ਪਾਰਟੀ ਨੂੰ 474 ਦਾ ਨੁਕਸਾਨ, ਲਿਬਰਲ ਡੈਮੋਕ੍ਰੇਟਿਕ ਨੂੰ 104 ਦਾ ਲਾਭ, ਇੰਡੀਪੈਂਡਿੰਟ ਨੂੰ 93, ਗਰੀਨ ਨੂੰ 74 ਸੀਟਾਂ ਦਾ ਲਾਭ ਪ੍ਰਾਪਤ ਹੋਇਆ ਹੈ। ਸੱਤਾਧਾਰੀ ਪਾਰਟੀ ਦੇ ਸੰਸਦ ਮੈਂਬਰ ਵਲੋਂ ਅਸਤੀਫ਼ਾ ਦੇਣ ਤੋਂ ਬਾਅਦ ਖਾਲੀ ਹੋਈ ਬਲੈਕਪੂਲ ਦੱਖਣੀ ਹਲਕੇ ਵਿਚ ਉਪ ਚੋਣ ਵੀ ਲੇਬਰ ਪਾਰਟੀ ਨੇ ਜਿੱਤ ਲਈ ਹੈ। ਇਹਨਾ ਚੋਣਾਂ ਵਿੱਚ ਲੇਬਰ ਪਾਰਟੀ ਦੇ 10 ਅਤੇ ਕੰਜ਼ਰਵੇਟਿਵ ਪਾਰਟੀ ਦੇ ਇੱਕ ਮੇਅਰ ਨੂੰ ਜਿੱਤ ਹਾਲਿਸ ਹੋਈ ਹੈ ਜਦ ਕਿ ਲੰਡਨ ਵਿੱਚ ਸਦੀਕ ਖਾਨ ਤੀਜੀ ਵਾਰ ਮੇਅਰ ਚੁਣੇ ਗਏ ਹਨ। ਸਦੀਕ ਖਾਨ ਨੂੰ 1,088,225 ਅਤੇ ਕੰਜ਼ਰਵੇਟਿਵ ਪਾਰਟੀ ਦੀ ਉਮੀਦਵਾਰ ਸੁਸਨ ਹਾਲ ਨੂੰ 812,397 ਵੋਟਾਂ ਮਿਲੀਆਂ। 33 ਪੁਲਿਸ ਅਤੇ ਕ੍ਰਾਈਮ ਕਮਿਸ਼ਨਰ ਹਲਕਿਆਂ ਵਿੱਚੋਂ ਕੰਜ਼ਰਵੇਟਿਵ ਦੇ 19 ਅਤੇ ਲੇਬਰ ਪਾਰਟੀ ਦੇ 14 ਉਮੀਦਵਾਰ ਜਿੱਤੇ ਹਨ।

# ALL EYES ON RAFAH

In the light of recent developments, the situation in Rafah has reached a critical juncture that demands urgent attention from the international community. Israel's distribution of leaflets urging Palestinians to evacuate to designated safe zones has intensified concerns about the saftey and well being of the besieged population. Over the past 212 days, a disturbing pattern of violence and displacement has unfolded, shedding light on the nature of the Israeli administrations, actions in the region. Promised sanctuaries have intentionally transformed into grave yards. The systematic destruction of Palestinian lives and infrastructure underscores the realities of a population under siege in Rafah, over a million displaced population find themselves navigating through a sea of uncertainty, with the intention of those in power becoming increasingly evident.






ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

The lack of substantial international intervention from world leaders echoes loudly, highlighting not only disppointment but also moral failures. Admist the international silence thr relentless bombardment of Rafah continues. Rafah is being decimated, there is nowhere else to go for the 1.5 million civilians trapped in Rafah, many children will face catastrophic suffering. The Israeli military has taken control of Gaza Rafah crossing war planes are pounding homes.

## DEMOCRATIC REPUBLIC OF CONGO.

The democratic Republic of Congo has embroiled in seemingly endless, yet Africa remains silent. Thousand of lives continue to be lost in western part of congo, unnoticed and unaddressed. The effects of this protracted conflict are felt mostly acutely in the education sector, where youth women and children bear the brunt of it devastation. Its imperative that we prioritize peace the essence of collective humanity. Six million have been entrapped in never ending cycle of violence leading over 6 million people internally displaced. The DMC has been a victim of violence between armed groups, human right violations and gender based violence. Most recently the biggest cause is concern is cobalt, which has led to violence and exploitation.

**From : LAMBARDAR DHARMVEER SINGH CLAIRE COVENTRY**

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਸੰਗਰੂਰ ਵਿਚ ਸਿਮਰਨਜੀਤ ਸਿੰਘ, ਹੇਅਰ-ਖਹਿਰਾ ਵਿਚੋਂ ਕੌਣ ਸੀਟ ਕੱਢੇਗਾ

## ✪ ਕੀ ਮਾਨ ਦੂਜੀ ਵਾਰ ਇਤਿਹਾਸ ਰਚ ਸਕਣਗੇ ✪ ਸਾਬਕਾ ਵਿਧਾਇਕ ਗੋਲਡੀ 'ਆਪ' ਵਿਚ ਸ਼ਾਮਲ, ਖਹਿਰੇ ਲਈ ਚੈਲਿੰਜ ਬਣਿਆ



## ਜਥੇਦਾਰ ਭਾਈ ਕਾਉਂਕੇ ਪੁਲਿਸ ਰਿਕਾਰਡ ਵਿਚ ਅੱਜ ਵੀ ਭਗੌੜਾ, ਲੋੜੀਂਦਾ ਤੇ ਦਸ ਨੰਬਰੀਆ

### ✪ ਪਰਿਵਾਰਕ ਮੈਂਬਰਾਂ ਵਲੋਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਦਰਖ਼ਾਸਤ ਦੇਣ ਦੇ ਬਾਵਜੂਦ ਆਪ ਸਰਕਾਰ ਨੇ ਕਾਰਵਾਈ ਨਹੀਂ ਕੀਤੀ



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਕਾਰਜਕਾਰੀ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਭਾਵੇਂ ਜਗਰਾਓਂ ਪੁਲਿਸ ਵਲੋਂ ਉਨ੍ਹਾਂ ਦੇ ਪਿੰਡ ਤੋਂ 25 ਦਸੰਬਰ 1992 ਨੂੰ ਲੋਕਾਂ ਦੀ ਹਾਜ਼ਰੀ ਵਿਚ ਚੁੱਕ ਕੇ ਕਈ ਦਿਨ ਹਿਰਾਸਤ ਵਿਚ ਰੱਖ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਪਰ ਪੰਜਾਬ ਪੁਲਿਸ ਦਾ ਰਿਕਾਰਡ ਅੱਜ ਵੀ ਉਨ੍ਹਾਂ ਨੂੰ ਭਗੌੜਾ, ਲੋੜੀਂਦਾ ਅਤੇ ਦਸ ਨੰਬਰੀਆ ਦਿਖਾ ਰਿਹਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ ਵਲੋਂ ਇਸ ਕੇਸ ਦੀ ਪੈਰਵਾਈ ਸ਼੍ਰੋਮਣੀ ਕਮੇਟੀ ਨੂੰ ਕਰਨ ਦੇ ਦਿੱਤੇ ਗਏ ਆਦੇਸ਼ ਤੋਂ ਬਾਅਦ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰਕ ਮੈਂਬਰਾਂ ਵਲੋਂ ਪੁਲਿਸ ਮੁਲਾਜ਼ਮਾਂ ਖ਼ਿਲਾਫ਼ ਮੁਕੱਦਮਾ ਦਰਜ ਕਰਨ ਲਈ ਦਰਖ਼ਾਸਤ ਵੀ ਦਿੱਤੀ ਗਈ ਸੀ, ਪਰ ਮੌਜੂਦਾ ਸਰਕਾਰ ਵੀ ਇਸ ਕੇਸ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੀ ਅਤੇ ਇਸ ਮਾਮਲੇ ਨੂੰ ਠੰਢੇ ਬਸਤੇ ਵਿਚ ਪਾਇਆ ਹੋਇਆ ਹੈ। ਭਾਵੇਂਕਿ ਡੀ.ਜੀ.ਪੀ. ਰੈਂਕ ਦੇ ਅਧਿਕਾਰੀ ਨੇ ਪੰਜਾਬ ਪੁਲਿਸ ਵਲੋਂ ਮਿਤੀ 2 ਜਨਵਰੀ 1993 ਨੂੰ ਹਥਿਆਰਾਂ ਦੀ ਬਰਾਮਦਗੀ ਲਈ ਲੈ ਜਾਣ ਸਮੇਂ ਹਿਰਾਸਤ ਵਿਚੋਂ ਭੱਜਣ ਦੀ ਕਹਾਣੀ ਨੂੰ ਝੁਠਲਾਉਂਦੇ ਹੋਏ ਸਾਲ 1999 ਵਿਚ ਪੰਜਾਬ ਸਰਕਾਰ ਨੂੰ ਰਿਪੋਰਟ ਸੌਂਪੀ ਸੀ, ਪਰ ਬੀ.ਪੀ. ਤਿਵਾੜੀ ਦੀ ਇਸ ਰਿਪੋਰਟ 'ਤੇ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਮੁਕੱਦਮਾ ਦਰਜ ਕਰਨ ਦੀ ਬਜਾਏ ਉਸ ਸਮੇਂ ਦੇ ਡੀ.ਜੀ.ਪੀ. ਸਰਬਜੀਤ ਸਿੰਘ ਨੂੰ ਰਿਪੋਰਟ 'ਤੇ ਦੁਬਾਰਾ ਵਿਚਾਰ ਕਰਨ ਲਈ ਭੇਜ ਦਿੱਤਾ, ਜਿਨ੍ਹਾਂ ਨੇ ਪੁਲਿਸ ਦੀ ਭਾਈ ਕਾਉਂਕੇ ਦੀ ਪੁਲਿਸ ਹਿਰਾਸਤ ਵਿਚੋਂ ਭੱਜਣ ਦੀ ਕਾਰਵਾਈ ਨਾਲ ਸਹਿਮਤੀ ਪ੍ਰਗਟ ਕਰ ਦਿੱਤੀ।ਜਦੋਂ ਇਹ ਕੇਸ ਹਾਈਕੋਰਟ ਵਿਚ ਪਹੁੰਚਿਆ ਤਾਂ ਇਕ ਤੋਂ ਬਾਅਦ ਇਕ ਕਈ ਟੀਮਾਂ ਬਣਾ ਕੇ ਪੁਲਿਸ ਦੀ ਕਾਰਵਾਈ ਨੂੰ ਸੱਚ ਸਾਬਿਤ ਕਰਨ ਦੇ ਯਤਨ ਕੀਤੇ ਗਏ।ਅੱਜ 32 ਸਾਲ ਬੀਤ ਜਾਣ ਦੇ ਬਾਵਜੂਦ ਵੀ ਭਾਈ ਕਾਉਂਕੇ ਜਗਰਾਓਂ ਪੁਲਿਸ ਦੇ ਰਿਕਾਰਡ ਵਿਚ ਭਗੌੜੇ ਅਤੇ ਦਸ ਨੰਬਰੀਏ ਹਨ। ਭਾਵੇਂਕਿ ਪਰਿਵਾਰ ਵਲੋਂ ਇਸ ਸੰਬੰਧੀ ਮੁਕੱਦਮਾ ਦਰਜ ਕਰਨ ਲਈ ਪੁਲਿਸ ਨੂੰ ਦਰਖਾਸਤ ਦਿੱਤੀ ਸੀ, ਪਰ ਮੌਜੂਦਾ ਸਰਕਾਰ ਵੀ ਇਸ ਕੇਸ ਵਿਚ ਕੋਈ ਦਿਲਚਸਪੀ ਨਹੀਂ ਦਿਖਾ ਰਹੀ। ਪੰਜਾਬ ਮਨੁੱਖੀ ਅਧਿਕਾਰ ਸੰਸਥਾ ਦੇ ਚੇਅਰਮੈਨ ਸਰਬਜੀਤ ਸਿੰਘ ਵੇਰਕਾ ਨੇ ਕਿਹਾ ਕਿ ਪਿਛਲੇ 3 ਦਹਾਕਿਆਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੇ ਕਥਿਤ ਤਸ਼ੱਦਦ ਨਾਲ ਮੌਤ ਹੋਣ ਦਾ ਮਾਮਲਾ ਦੱਬਿਆ ਪਿਆ ਹੈ।ਵੇਰਕਾ ਨੇ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ ਪਿਛਲੇ 25 ਸਾਲਾਂ ਦੌਰਾਨ ਨਾ ਕਾਉਂਕੇ ਦੇ ਮਾਮਲੇ ਦੀ ਜਾਂਚ ਰਿਪੋਰਟ 'ਤੇ ਕੋਈ ਕਾਰਵਾਈ ਹੋਈ ਅਤੇ ਨਾ ਹੀ ਜਾਂਚ ਰਿਪੋਰਟ ਨੂੰ ਜਨਤਕ ਕੀਤਾ ਗਿਆ।ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਸਭ ਤੋਂ ਮਾੜੀ ਗੱਲ ਇਹ ਹੈ ਕਿ ਜਥੇਦਾਰ ਗੁਰਦੇਵ ਸਿੰਘ ਅੱਜ ਵੀ ਪੁਲਿਸ ਦੇ ਕਾਗਜ਼ਾਂ ਅਨੁਸਾਰ ਭਗੌੜਾ ਕਰਾਰ ਦਿੱਤਾ ਹੋਇਆ ਹੈ।

ਲੋਕ ਸਭਾ ਹਲਕਾ ਸੰਗਰੂਰ ਵਿੱਚ ਇਸ ਵਾਰ ਦਿਲਚਸਪ ਮੁਕਾਬਲਾ ਹੋਣ ਵਾਲਾ ਹੈ। ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਹੋਣ ਕਰਕੇ ਸਭ ਦੀਆਂ ਨਜ਼ਰਾਂ ਇਸ ਹਲਕੇ ਉੱਪਰ ਹਨ। ਇਸ ਦੇ ਨਾਲ ਹੀ ਸਵਾਲ ਇਹ ਵੀ ਅਹਿਮ ਹੈ ਕਿ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਇਸੇ ਹਲਕੇ ਤੋਂ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਦੁਬਾਰਾ ਬਾਜੀ ਮਾਰ ਸਕਣਗੇ ਜਾਂ ਫਿਰ ਕਾਂਗਰਸ ਵੱਲੋਂ ਸੁਖਪਾਲ ਸਿੰਘ ਖਹਿਰਾ ਨੂੰ ਮੈਦਾਨ ਵਿੱਚ ਉਤਾਰਨ ਨਾਲ ਸਮੀਕਰਨ ਬਦਲ ਜਾਣਗੇ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਿਆਸੀ ਭੇੜ ਮਾਨ ਤੇ ਆਪ ਦੇ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਵਿਚਾਲੇ ਹੋ ਸਕਦਾ ਹੈ, ਕਿਉਂਕਿ ਕਾਂਗਰਸੀ ਬਾਗੀ ਖਹਿਰਾ ਲਈ ਸਿਰਦਰਦੀ ਪੈਦਾ ਕਰ ਸਕਦੇ ਹਨ। ਜੋ ਪੰਥਕ ਵੋਟ ਖਹਿਰਾ ਦੇ ਹਕ ਵਿਚ ਭੁਗਤਣੀ ਸੀ ਉਹ ਖਹਿਰਾ ਦੇ ਮਾੜੇ ਸਿਆਸੀ ਹਾਲਾਤ ਕਾਰਣ ਮਾਨ ਦੇ ਹੱਕ ਵਿਚ ਭੁਗਤ ਸਕਦੀ ਹੈ। ਹਾਲਾਂ ਕਿ ਪਹਿਲਾਂ ਜਾਪਦਾ ਸੀ ਕਿ ਖਹਿਰਾ ਪੰਥਕ ਵੋਟ ਆਪਣੇ ਹਕ ਵਿਚ ਭੁਗਤਾਕੇ ਮਾਨ ਦਾ ਵਡਾ ਨੁਕਸਾਨ ਕਰਨਗੇ। ਪਰ ਕਾਂਗਰਸ ਦੇ ਬਾਗੀਆਂ ਕਾਰਣ ਖਹਿਰਾ ਨੂੰ ਵਡੇ ਚੈਲਿੰਜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਹੁਣੇ ਜਿਹੇ ਲੋਕ ਸਭਾ ਟਿਕਟ ਨਾ ਮਿਲਣ ਤੋਂ ਨਰਾਜ਼ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਖੰਗੂਰਾ ਹੁਣੇ ਜਿਹੇ ਪਾਰਟੀ ਛੱਡਕੇ ਆਪ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਕਿਹਾ ਇਹ ਜਾ ਰਿਹਾ ਹੈ ਕਿ ਜੇ ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਲੋਕਸਭਾ ਸੀਟ ਜਿੱਤਦੇ ਹਨ ਤਾਂ ਗੋਲਡੀ ਨੂੰ ਬਰਨਾਲਾ ਸੀਟ ਦੀ ਪੇਸ਼ਕਸ਼ ਹੋ ਸਕਦੀ ਹੈ। ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਗੋਲਡੀ ਆਪ ਵਿਚ ਸ਼ਾਮਲ ਹੋਣ ਕਾਰਣ ਕਾਂਗਰਸ ਕਮਜੋਰ ਹੋ ਸਕਦੀ ਹੈ ਤਾਂ ਆਪ ਦਾ ਪਲੜਾ ਵੀ ਭਾਰੀ ਹੋ ਸਕਦਾ ਹੈ।

ਅਕਾਲੀ ਦਲ ਬਾਦਲ ਦੇ ਉਮੀਦਵਾਰ ਇਕਬਾਲ ਸਿੰਘ ਝੂੰਦਾ ਦੀ ਇਸ ਸੀਟ ਉਪਰ ਸਥਿਤੀ ਚੰਗੀ ਨਹੀਂ ਕਿਉਂਕਿ ਢੀਂਡਸਾ ਪਰਿਵਾਰ ਬਾਦਲ ਦਲ ਤੋ ਪਰਮਿੰਦਰ ਸਿੰਘ ਢੀਂਡਸਾ ਨੂੰ ਟਿਕਟ ਨਾ ਦੇਣ ਕਾਰਣ ਨਰਾਜ਼ ਹੈ। ਉਸਨੇ ਝੂੰਦਾ ਦੀ ਮਦਦ ਨਾ ਕਰਨ ਦਾ ਐਲਾਨ ਕੀਤਾ ਹੋਇਆ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਢੀਂਡਸਾ ਪਰਿਵਾਰ ਰਿਸ਼ਤੇਦਾਰੀ ਕਾਰਣ ਆਪ ਦੇ ਉਮੀਦਵਾਰ ਮੀਤ ਹੇਅਰ ਦੀ ਮਦਦ ਉਪਰ ਜਾ ਸਕਦੇ ਹਨ। ਕੁਝ ਕੁ ਦਾ ਕਹਿਣਾ ਹੈ ਕਿ ਢੀਂਡਸਾ ਪਰਿਵਾਰ ਮਾਨ ਦੀ ਵਿਚ ਹਮਾਇਤ ਕਰ ਸਕਦੇ ਹਨ।ਬਾਦਲ ਦਲ ਦੂਸਰੀ ਵਾਰ ਭਾਜਪਾ ਬਿਨਾਂ ਇਹ ਸੀਟ ਲੜ ਰਿਹਾ ਹੈ।

ਜ਼ਿਕਰਯੋਗ ਹੈ ਕਿ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਜਿਨ੍ਹਾਂ ਦਾ ਕੁਝ ਸਮਾਂ ਪਹਿਲਾਂ ਹੀ ਵਿਆਹ ਹੋਇਆ ਹੈ, ਉਨ੍ਹਾਂ ਦੀ ਧਰਮ ਪਤਨੀ ਅਤੇ ਸਾਬਕਾ ਕੈਬਨੇਟ ਮੰਤਰੀ ਪਰਮਿੰਦਰ ਢੀਂਡਸਾ ਦੀ ਧਰਮ ਪਤਨੀ ਰਿਸ਼ਤੇਦਾਰੀ ਵਿਚ ਇੱਕ ਦੂਜੇ ਦੀਆਂ ਭੈਣਾਂ ਲੱਗਦੀਆਂ ਹਨ। ਪਰ ਢੀਂਡਸਾ ਪਰਿਵਾਰ ਦਾ ਕਹਿਣਾ ਹੈ ਕਿ ਉਹ ਅਕਾਲੀ ਉਮੀਦਵਾਰ ਦੀ ਮਦਦ ਵੀ ਨਹੀਂ ਕਰਨਗੇ।ਚੁਪ ਰਹਿਣਗੇ।

ਸਿਮਰਨਜੀਤ ਸਿੰਘ ਮਾਨ ਨੇ ਖਡੂਰ ਸਾਹਿਬ ਹਲਕੇ ਤੋਂ ਅੰਮ੍ਰਿਤ ਪਾਲ ਸਿੰਘ ਨੂੰ ਹਮਾਇਤ ਦੇਕੇ ਆਪਣੀ ਸਥਿਤੀ ਸੰਗਰੂਰ ਮਜਬੂਤ ਕਰ ਲਈ ਹੈ, ਕਿਉਂਕਿ ਵਾਰਿਸ ਪੰਜਾਬ ਦੀ ਜਥੇਬੰਦੀ ਵੀ ਮਾਨ ਦੀ ਹਮਾਇਤ ਉਪਰ ਆ ਜਾਵੇਗੀ, ਜਿਸ ਦਾ ਸਿਖ ਨੌਜਵਾਨਾਂ ਵਿਚ ਮਜਬੂਤ ਆਧਾਰ ਹੈ। ਸੰਗਰੂਰ ਹਲਕੇ ਵਿੱਚ ਸਿੱਖ ਬਹੁਗਿਣਤੀ ਵਿੱਚ ਹਨ। 2011 ਦੀ ਜਨਗਣਨਾ ਅਨੁਸਾਰ ਸੰਗਰੂਰ ਜ਼ਿਲ੍ਹੇ ਦੀ ਕੁੱਲ ਆਬਾਦੀ 1,655,169 ਹੈ। ਸੰਗਰੂਰ ਦੀ 65.10% ਆਬਾਦੀ ਸਿੱਖ ਹੈ। ਹਿੰਦੂ ਕੁੱਲ ਆਬਾਦੀ ਦਾ 23.53% ਬਣਦੇ ਹਨ।

ਮੁਸਲਮਾਨ 10.82%
ਈਸਾਈ 0.15%
ਸਿੱਖ 65.10%
ਬੋਧੀ 0.02%
ਜੈਨ 0.19%
ਹੋਰ 0.06 %

ਮੁਸਲਮਾਨ ਤੇ ਪੰਥਕ ਸੋਚ ਵਾਲੀ ਵੋਟ ਉਪਰ ਬਾਦਲ ਦਲ ਨਾਲੋਂ ਅਕਾਲੀ ਦਲ ਅੰਮ੍ਰਿਤਸਰ ਜ਼ਿਆਦਾ ਪ੍ਰਭਾਵ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਤੇ ਮੌਜੂਦਾ ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਮੁੜ ਚੋਣ ਮੈਦਾਨ ਵਿਚ ਨਿੱਤਰੇ ਹਨ ਜਿਨ੍ਹਾਂ ਵੱਲੋਂ ਆਪਣੀ ਚੋਣ ਮੁਹਿੰਮ ਪੂਰੀ ਤਰ੍ਹਾਂ ਭਖਾਈ ਹੋਈ ਹੈ। ਸੰਨ 2022 ਦੀ ਜ਼ਿਮਨੀ ਚੋਣ ਵਿਚ ਮਾਨ ਨੇ 'ਆਪ' ਉਮੀਦਵਾਰ ਗੁਰਮੇਲ ਸਿੰਘ ਘਰਾਚੋਂ ਨੂੰ ਫਸਵੇਂ ਮੁਕਾਬਲੇ ਵਿਚ 5822 ਵੋਟਾਂ ਨਾਲ ਹਰਾਇਆ ਸੀ।

ਇਸ ਦੇ ਨਾਲ ਹੀ ਬਸਪਾ ਵੱਲੋਂ ਡਾ. ਮੱਖਣ ਸਿੰਘ ਨੂੰ ਉਮੀਦਵਾਰ ਬਣਾਇਆ ਗਿਆ ਹੈ ਜੋ ਸਿਹਤ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਹਨ। ਸਾਬਕਾ ਡੀਐਸਪੀ ਬਲਵਿੰਦਰ ਸਿੰਘ ਸੇਖੋਂ ਵੀ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਨਿੱਤਰੇ ਹਨ ਤੇ ਪੰਜਾਬੀ ਗਾਇਕ ਹਾਕਮ ਬਖਤੜੀਵਾਲਾ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ।

ਸਾਲ 2009 ਦੀਆਂ ਲੋਕ ਸਭਾ ਚੋਣਾਂ ਵਿਚ ਕਾਂਗਰਸ ਨੇ ਜਿੱਤ ਹਾਸਲ ਕੀਤੀ ਸੀ। ਕਾਂਗਰਸ ਵੱਲੋਂ ਵਿਜੇ ਇੰਦਰ ਸਿੰਗਲਾ ਨੇ ਚੋਣ ਲੜੀ ਸੀ ਤੇ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਨੂੰ ਹਰਾਇਆ ਸੀ। ਵਿਜੇ ਇੰਦਰ ਸਿੰਗਲਾ ਨੂੰ 38.52 ਫ਼ੀਸਦੀ ਵੋਟਾਂ ਪਈਆਂ ਸਨ ਜਦਕਿ ਢੀਂਡਸਾ ਨੂੰ 34.13 ਫ਼ੀਸਦੀ ਵੋਟਾਂ ਮਿਲੀਆਂ ਸਨ। ਇਸ ਦੇ ਨਾਲ ਹੀ ਜੇ ਗੱਲ 2014 ਵਿਚ ਹੋਈਆਂ ਲੋਕ ਸਭਾ ਚੋਣਾਂ ਦੀ ਕੀਤੀ ਜਾਵੇ ਤਾਂ ਇਹਨਾਂ ਚੋਣਾਂ ਵਿਚ ਆਪ ਪਾਰਟੀ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਨੇ ਜਿੱਤ ਹਾਸਲ ਕੀਤੀ ਸੀ। ਭਗਵੰਤ ਮਾਨ ਨੇ 48.7 ਫ਼ੀਸਦੀ ਵੋਟਾਂ ਹਾਸਲ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੁਖਦੇਵ ਢੀਂਡਸਾ ਨੂੰ ਹਰਾਇਆ ਸੀ। ਸੁਖਦੇਵ ਸਿੰਘ ਢੀਂਡਸਾ ਨੂੰ ਸਿਰਫ਼ 29.23 ਫੀਸਦੀ ਵੋਟਾਂ ਹੀ ਮਿਲੀਆਂ ਸਨ।

ਸਾਲ 2019 ਵਿਚ ਵੀ ਆਮ ਆਦਮੀ ਪਾਰਟੀ ਵੱਲੋਂ ਭਗਵੰਤ ਮਾਨ ਹੀ ਜਿੱਤੇ ਸਨ ਪਰ ਇਸ ਸਾਲ ਉਹਨਾਂ ਨੇ ਕਾਂਗਰਸ ਦੇ ਕੇਵਲ ਸਿੰਘ ਢਿੱਲੋਂ ਨੂੰ ਹਰਾਇਆ ਸੀ। ਆਪ ਉਮੀਦਵਾਰ ਭਗਵੰਤ ਮਾਨ ਨੂੰ 37.40 ਫੀਸਦੀ ਵੋਟਾਂ ਮਿਲੀਆਂ ਸਨ ਜਦਕਿ ਕੇਵਲ ਸਿੰਘ ਢਿੱਲੋਂ ਨੂੰ ਸਿਰਫ਼ 27. 43 ਫ਼ੀਸਦੀ ਵੋਟਾਂ ਹੀ ਮਿਲੀਆਂ ਸਨ।

ਪੰਜਾਬ ਟਾਈਮਜ਼ ਦਾ ਮੰਨਣਾ ਹੈ ਕਿ ਸਾਲ 2022 ਵਿਚ ਲੋਕ ਸਭਾ ਦੀ ਜ਼ਿਮਨੀ ਚੋਣ ਵੀ ਹੋਈ ਸੀ। ਇਸ ਚੋਣ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸਿਮਰਨਜੀਤ ਸਿੰਘ ਮਾਨ ਜਿੱਤੇ ਸਨ। ਉਹਨਾਂ ਨੂੰ 35.61 ਫ਼ੀਸਦੀ ਵੋਟਾਂ ਮਿਲੀਆਂ ਸਨ ਤੇ ਆਮ ਆਦਮੀ ਪਾਰਟੀ ਦੇ ਗੁਰਮੇਲ ਸਿੰਘ ਨੂੰ 34.79 ਫ਼ੀਸਦੀ ਵੋਟਾਂ ਮਿਲੀਆਂ ਸਨ। ਕੁਛ ਵੀ ਹੈ ਕਿ ਇਸ ਵਾਰ ਵੀ ਸਿਮਰਨਜੀਤ ਸਿੰਘ ਮਾਨ ਦੀ ਸਥਿਤੀ ਮਜਬੂਤ ਹੈ। ਖਹਿਰਾ, ਮੀਤ ਹੇਅਰ ਨਾਲ ਸਖਤ ਟਕਰ ਹੋਵੇਗੀ। ਜਿਤ ਹਾਰ ਦਾ ਫੈਸਲਾ ਭਵਿੱਖ ਦੇ ਗਰ ਵਿਚ ਹੈ।

# ਖੇਤਾਂ ਤੋਂ ਲੈ ਕੇ ਚੋਣ ਬੂਥਾਂ ਤੱਕ ਭਾਜਪਾ ਨੇ ਕਿਸਾਨਾਂ ਦਾ ਭਰੋਸਾ ਗੁਆਇਆ

## ✪ ਭਾਜਪਾ ਨੂੰ ਹੋ ਸਕਦਾ ਏ ਕਿਸਾਨੀ ਖੇਤਰਾਂ ਵਿਚ ਵੱਡਾ ਨੁਕਸਾਨ



ਜਿਵੇਂ-ਜਿਵੇਂ ਉੱਤਰੀ ਖੇਤਰ ਦੇ ਹੋਰ ਰਾਜਾਂ ਵਿੱਚ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਰਾਜਸਥਾਨ, ਯੂਪੀ, ਪੰਜਾਬ, ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਕਿਸਾਨਾਂ ਦਾ ਗੁੱਸਾ ਵਧਦਾ ਜਾ ਰਿਹਾ ਹੈ।

ਅਪ੍ਰੈਲ 2024 ਵਿੱਚ, ਹੰਸ ਰਾਜ ਹੰਸ, ਜੋ ਕਿ ਪੰਜਾਬ ਦੇ ਛੋਟੇ ਜਿਹੇ ਕਸਬੇ ਅਰਾਈਆਂਵਾਲਾ ਵਿੱਚ ਭਾਜਪਾ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਆਇਆ ਸੀ, ਨੂੰ ਕਿਸਾਨ ਮਰਦਾਂ ਅਤੇ ਔਰਤਾਂ ਦੀ ਭੀੜ ਨੇ ਘੇਰ ਲਿਆ। ਫਰੀਦਕੋਟ ਤੋਂ ਆਗਾਮੀ ਚੋਣਾਂ ਵਿੱਚ ਮੁਕਾਬਲਾ ਕਰਨ ਵਾਲੇ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਦਾਅਵਾ ਹੈ ਕਿ ਉਹ ਪ੍ਰਦਰਸ਼ਨਕਾਰੀਆਂ ਦੇ ਰੋਸ ਦਾ ਨਿਸ਼ਾਨਾ ਬਣੇ। ਰਿਪੋਰਟਾਂ ਮੁਤਾਬਕ ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਉਹ ਉੱਥੇ ਮੋਦੀ ਸਰਕਾਰ ਦੇ ਪ੍ਰਤੀਨਿਧ ਤੋਂ ਜਵਾਬ ਮੰਗਣ ਲਈ ਆਏ ਸਨ।

ਇਹ ਇਕੱਲੀ ਘਟਨਾ ਨਹੀਂ ਹੈ। ਜਿਵੇਂ-ਜਿਵੇਂ ਵੋਟਾਂ ਦੀਆਂ ਤਰੀਕਾਂ ਨੇੜੇ ਆ ਰਹੀਆਂ ਹਨ, ਕਿਸਾਨ ਵੱਖ-ਵੱਖ ਰਾਜਾਂ ਵਿੱਚ ਪ੍ਰਦਰਸ਼ਨ ਕਰ ਰਹੇ ਹਨ, ਜਨਤਕ ਮੀਟਿੰਗਾਂ ਕਰ ਰਹੇ ਹਨ ਅਤੇ ਮੌਜੂਦਾ ਸਰਕਾਰ ਪ੍ਰਤੀ ਆਪਣੀ ਅਸੰਤੁਸ਼ਟੀ ਜ਼ਾਹਰ ਕਰ ਰਹੇ ਹਨ। ਭਾਰਤੀ ਕਿਸਾਨ ਯੂਨੀਅਨ (ਬੀ.ਕੇ.ਯੂ.) ਨਾਲ ਜੁੜੀਆਂ ਕਈ ਜਥੇਬੰਦੀਆਂ ਨੇ ਪੰਜਾਬ ਵਿੱਚ ਚੋਣ ਪ੍ਰਚਾਰ ਦੌਰਾਨ ਭਾਜਪਾ ਉਮੀਦਵਾਰਾਂ ਖ਼ਿਲਾਫ਼ ਰੋਸ ਪ੍ਰਗਟਾਇਆ ਹੈ। ਇਸੇ ਤਰ੍ਹਾਂ ਦੇ ਕਿਸਾਨਾਂ ਵਲੋਂ ਰੋਸ ਪ੍ਰਦਰਸ਼ਨ ਤੇ ਘਿਰਾਓ ਹਰਿਆਣਾ ਅਤੇ ਰਾਜਸਥਾਨ ਵਿੱਚ ਵੀ ਦੇਖਣ ਨੂੰ ਮਿਲੇ ਹਨ। ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ ਅਨੁਸਾਰ ਇਸ ਵਾਰ ਦੇ ਚੋਣ ਨਤੀਜੇ ਕਿਸਾਨਾਂ ਦੇ ਵਿਰੋਧ ਰੋਸ,ਗੁਸੇ ਅਤੇ ਨਿਰਾਸ਼ਾ ਦੀ ਹੱਦ ਨੂੰ ਦਰਸਾਉਣਗੇ। 2024 ਦੇ ਨਤੀਜਿਆਂ ਦੀ ਉਡੀਕ ਕਰੋ।”

ਯਾਦ ਰਹੇ ਕਿ 2024 ਦੇ 'ਦਿੱਲੀ ਚਲੋ' ਕਿਸਾਨ ਪ੍ਰਦਰਸ਼ਨ ਵਿੱਚ 10 ਕਿਸਾਨਾਂ ਦੀ ਮੌਤ ਹੋ ਗਈ ਸੀ। ਸੰਯੁਕਤ ਕਿਸਾਨ ਮੋਰਚਾ ਦੇ ਅਨੁਸਾਰ, 2020-2021 ਵਿੱਚ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਵਿੱਚ 700 ਤੋਂ ਵੱਧ ਕਿਸਾਨਾਂ ਦੀ ਮੌਤ ਹੋਈ ਸੀ। ਇਸ ਤੋਂ ਇਲਾਵਾ, ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੁਆਰਾ ਪ੍ਰਦਾਨ ਕੀਤੇ ਗਏ ਅਧਿਕਾਰਤ ਅੰਕੜਿਆਂ ਅਨੁਸਾਰ, ਭਾਰਤ ਵਿੱਚ ਹਰ ਘੰਟੇ ਇੱਕ ਕਿਸਾਨ ਜਾਂ ਖੇਤ ਮਜ਼ਦੂਰ ਖੁਦਕੁਸ਼ੀ ਕਰਕੇ ਮਰਦਾ ਹੈ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਭ ਕੁਝ ਠੀਕ ਨਹੀਂ ਹੈ।

ਭਾਰਤ ਇੱਕ ਖੇਤੀ ਪ੍ਰਧਾਨ ਰਾਜ ਹੈ। ਪ੍ਰੈਸ ਸੂਚਨਾ ਬਿਊਰੋ (ਪੀਆਈਬੀ) ਦੇ ਅੰਕੜਿਆਂ ਅਨੁਸਾਰ, ਭਾਰਤ ਦੀ 65% ਆਬਾਦੀ ਪੇਂਡੂ ਖੇਤਰਾਂ ਵਿੱਚ ਰਹਿੰਦੀ ਹੈ, ਜਿਸ ਵਿੱਚੋਂ 47% ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ 'ਤੇ ਨਿਰਭਰ ਹਨ। ਇਸ ਤੋਂ ਇਲਾਵਾ, ਇੰਟਰਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ ਦੁਆਰਾ ਇੱਕ ਤਾਜ਼ਾ ਸਰਵੇਖਣ ਦਿਖਾਇਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿੱਚ ਕਰਜ਼ਿਆਂ ਕਾਰਨ ਵਧੇਰੇ ਕਿਸਾਨ ਖੇਤ ਮਜ਼ਦੂਰ ਬਣੇ ਹਨ।

ਲੋਕ ਸਭਾ ਚੋਣਾਂ ਦੌਰਾਨ ਸਿਆਸੀ ਦ੍ਰਿਸ਼ ਨੂੰ ਰੂਪ ਦੇਣ ਵਾਲਾ ਕਿਸਾਨੀ ਮਾਮਲਾ ਤੇ ਸੰਘਰਸ਼ ਇੱਕ ਮਹੱਤਵਪੂਰਨ ਕਾਰਕ ਹੈ ਜਿਵੇਂ ਇਹ ਅਸੰਤੁਸ਼ਟੀ ਪੇਂਡੂ ਖੇਤਰਾਂ ਵਿੱਚ ਡੂੰਘਾਈ ਨਾਲ ਗੂੰਜ ਰਹੀ ਹੈ, ਜਿੱਥੇ ਖੇਤੀਬਾੜੀ ਰੋਜ਼ੀ-ਰੋਟੀ ਅਤੇ ਭਾਈਚਾਰਿਆਂ ਦੀ ਰੀੜ੍ਹ ਦੀ ਹੱਡੀ ਹੈ। ਇਸ ਨਾਲ ਵੋਟਰਾਂ ਦੀਆਂ ਭਾਵਨਾਵਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੈ ਅਤੇ ਭਾਜਪਾ ਦੀਆਂ ਚੋਣ ਸੰਭਾਵਨਾਵਾਂ ਲਈ ਇੱਕ ਵੱਡੀ ਚੁਣੌਤੀ ਹੈ।

ਯਾਦ ਰਹੇ ਕਿ ਭਾਰਤ ਦੇ ਕਿਸਾਨਾਂ ਨੇ ਫਰਵਰੀ 2024 ਤੋਂ ਪੰਜਾਬ ਅਤੇ ਹਰਿਆਣਾ ਦੀਆਂ ਸਰਹੱਦਾਂ 'ਤੇ ਮੁੜ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਸੀ। ਉਹ ਘੱਟੋ-ਘੱਟ ਸਮਰਥਨ ਮੁੱਲ (ਐੱਮ. ਐੱਸ. ਪੀ.) ਦੀ ਗਾਰੰਟੀ ਵਾਲੇ ਕਾਨੂੰਨ ਦੀ ਆਪਣੀ ਪੁਰਾਣੀ ਮੰਗ ਨੂੰ ਲੈ ਕੇ ਪ੍ਰਦਰਸ਼ਨਾਂ 'ਤੇ ਪਰਤ ਆਏ ਸਨ। ਭਾਵੇਂ ਕਿ 2020-2021 ਦੇ ਕਿਸਾਨ ਪ੍ਰਦਰਸ਼ਨਾਂ ਦੌਰਾਨ ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਦੁਆਰਾ ਘੱਟੋ-ਘੱਟ ਸਮਰਥਨ ਮੁੱਲ 'ਤੇ ਕਾਨੂੰਨ ਦੀ ਮੰਗ ਮੰਨਣ ਦਾ ਵਾਅਦਾ ਕੀਤਾ ਗਿਆ ਸੀ, ਇਸ ਕਾਰਨ ਕਿਸਾਨਾਂ ਨੂੰ ਆਪਣਾ ਸਾਲ ਭਰ ਚੱਲਿਆ ਵਿਰੋਧ ਬੰਦ ਕਰਨਾ ਪਿਆ ਸੀ। ਹਾਲਾਂਕਿ, ਕਿਸਾਨਾਂ ਨਾਲ ਮੋਦੀ ਸਰਕਾਰ ਵਲੋਂ ਵਾਅਦਾ ਪੂਰਾ ਨਹੀਂ ਕੀਤਾ ਗਿਆ। ਇਸ ਕਾਰਨ ਇਸ ਸਾਲ ਵਿਰੋਧ ਪ੍ਰਦਰਸ਼ਨਾਂ ਫਿਰ ਸ਼ੁਰੂ ਹੋ ਗਏ ਹਨ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਿਸਾਨੀ ਮਾਮਲਾ ਵੋਟਿੰਗ ਦੇ ਨਤੀਜਿਆਂ ਨੂੰ ਪ੍ਰਭਾਵਤ ਕਰੇਗਾ?

ਭਾਰਤ ਦੀਆਂ 18ਵੀਂ ਲੋਕ ਸਭਾ ਚੋਣਾਂ ਲਈ ਫੇਜ਼ 1 ਅਤੇ 2 ਦੀ ਵੋਟਿੰਗ ਪੂਰੀ ਹੋ ਚੁੱਕੀ ਹੈ। ਮਹਾਰਾਸ਼ਟਰ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਸਮੇਤ ਹੋਰ ਰਾਜਾਂ ਵਿੱਚ ਵੋਟਿੰਗ ਦੇ ਦੋ ਗੇੜ ਸ਼ੁਰੂ ਹੋ ਗਏ ਹਨ। ਹਾਲਾਂਕਿ, ਹਰਿਆਣਾ ਅਤੇ ਪੰਜਾਬ ਦੋਵੇਂ ਕ੍ਰਮਵਾਰ 25 ਮਈ ਅਤੇ 1 ਜੂਨ ਨੂੰ ਇੱਕ ਸਿੰਗਲ ਗੇੜ (6ਵੇਂ ਅਤੇ 7ਵੇਂ ਗੇੜ) ਵਿੱਚ ਵੋਟ ਪਾਉਣਗੇ।

2020-2021 ਦੇ ਕਿਸਾਨ ਪ੍ਰਦਰਸ਼ਨਾਂ ਤੋਂ ਬਾਅਦ ਪੰਜਾਬ ਦੀ ਸਿਆਸਤ ਉਪਰ ਡੂੰਘਾ ਅਸਰ ਪਿਆ ਸੀ। 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਪੰਜਾਬ ਵਿਚ ਸਿਰਫ 2 ਸੀਟਾਂ ਮਿਲੀਆਂ। ਆਮ ਆਦਮੀ ਪਾਰਟੀ ਨੇ ਕਰੀਬ 92 ਸੀਟਾਂ ਜਿੱਤ ਕੇ ਭਗਵੰਤ ਮਾਨ ਨੂੰ ਮੁੱਖ ਮੰਤਰੀ ਬਣੇ ਸਨ।

ਹਾਲਾਂਕਿ, ਮਿੰਟ ਮੀਡੀਆ ਦੇ ਵਿਸ਼ਲੇਸ਼ਣ ਦੇ ਅਨੁਸਾਰ, ਕਿਸਾਨਾਂ ਦੀ ਅਸੰਤੁਸ਼ਟੀ 2022 ਦੌਰਾਨ ਉੱਤਰ ਪ੍ਰਦੇਸ਼ ਵਿੱਚ ਵਿਧਾਨ ਸਭਾ ਸੀਟਾਂ ਦੌਰਾਨ ਭਾਜਪਾ ਦੇ ਨਤੀਜਿਆਂ ਉਪਰ ਕੋਈ ਪ੍ਰਭਾਵ ਨਹੀਂ ਦਿਖਾਈ ਦਿੱਤਾ। ਯੂਪੀ ਵਿਧਾਨ ਸਭਾ ਚੋਣਾਂ ਵਿੱਚ ਦੇਖਿਆ ਗਿਆ ਕਿ ਜਾਟਾਂ ਦੀ ਵੱਡੀ ਆਬਾਦੀ ਵਾਲੇ ਜ਼ਿਲ੍ਹਿਆਂ ਨੇ ਭਾਜਪਾ ਨੂੰ ਚੁਣਿਆ, ਜਿਸ ਕਾਰਨ ਭਾਜਪਾ ਦੀ ਜਿੱਤ ਹੋਈ। ਮੁਜ਼ੱਫਰਨਗਰ ਦੀਆਂ ਛੇ ਵਿੱਚੋਂ ਚਾਰ ਸੀਟਾਂ ਜਿੱਤੀਆਂ। ਹਾਲਾਂਕਿ, 2022 ਦੀਆਂ ਉਸੇ ਰਾਜ ਚੋਣਾਂ ਵਿੱਚ, ਭਾਜਪਾ ਨੂੰ ਯੂਪੀ ਦੇ ਚਾਰ ਜ਼ਿਲ੍ਹਿਆਂ, ਮੁਜ਼ੱਫਰਨਗਰ, ਮੇਰਠ, ਸ਼ਾਮਲੀ ਅਤੇ ਬਾਗਪਤ ਸਮੇਤ 19 ਵਿਧਾਨ ਸਭਾ ਸੀਟਾਂ ਵਿੱਚੋਂ 13 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਹੁਣ ਵੀ ਸੱਤਾਧਾਰੀ ਪਾਰਟੀ ਦੇ ਪ੍ਰਤੀ ਕਿਸਾਨ ਭਾਈਚਾਰਾ ਅਸੰਤੁਸ਼ਟ ਹੈ।

ਰਾਜਸਥਾਨ ਵਿੱਚ ਵੀ ਜਾਟ ਭਾਈਚਾਰੇ ਵਿੱਚ ਅਜਿਹੀ ਹੀ ਭਾਜਪਾ ਵਿਰੋਧੀ ਭਾਵਨਾ ਦੇਖਣ ਨੂੰ ਮਿਲ ਰਹੀ ਹੈ। ਇੰਡੀਅਨ ਐਕਸਪ੍ਰੈਸ ਦੇ ਇਸ ਲੇਖ ਦੇ ਅਨੁਸਾਰ, ਰਾਜ ਦੇ ਸ਼ੇਖਾਵਤੀ ਖੇਤਰ ਵਿੱਚ ਮੋਦੀ ਲਹਿਰ ਫਿੱਕੀ ਪੈ ਗਈ ਹੈ, ਜਿੱਥੇ ਜਾਟ ਵੱਡੀ ਗਿਣਤੀ ਵਿੱਚ ਹਨ, ਅਤੇ ਇਸ ਦੀ ਬਜਾਏ ਸਥਾਨਕ ਮੁੱਦਿਆਂ ਨੂੰ ਪਹਿਲ ਦਿੱਤੀ ਗਈ ਹੈ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦੀਆਂ ਚਾਰ ਸੀਟਾਂ 'ਤੇ ਜਾਟ ਭਾਈਚਾਰੇ ਦਾ ਪ੍ਰਭਾਵ ਹੈ। ਇਸੇ ਤਰ੍ਹਾਂ ਸੂਬੇ ਦੇ ਗੰਗਾਨਗਰ ਵਿਚ ਵੀ ਜਾਟ ਭਾਈਚਾਰੇ ਦਾ ਗੁੱਸਾ ਦੇਖਣ ਨੂੰ ਮਿਲ ਰਿਹਾ ਹੈ। ਇਸ ਦਾ ਨਤੀਜਾ ਰਾਜ ਦੀਆਂ 2023 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਪੱਸ਼ਟ ਸੀ, ਜਿੱਥੇ ਭਾਜਪਾ ਨੇ ਗੰਗਾਨਗਰ ਵਿੱਚ ਕਾਫ਼ੀ ਮਾੜਾ ਪ੍ਰਦਰਸ਼ਨ ਕੀਤਾ। ਇਥੇ ਹਜ਼ਾਰਾਂ ਲੋਕ ਕਿਸਾਨਾਂ ਦੇ ਮੁੱਦਿਆਂ ਨੂੰ ਲੈ ਕੇ ਸਰਕਾਰ ਵਿਰੁੱਧ ਪ੍ਰਦਰਸ਼ਨ ਕਰਨ ਲਈ ਇਕੱਠੇ ਹੋਏ ਸਨ।

ਆਲ ਇੰਡੀਆ ਜਾਟ ਆਰਕਸ਼ਣ ਸੰਘਰਸ਼ ਸਮਿਤੀ ਦੇ ਪ੍ਰਧਾਨ ਯਸ਼ਪਾਲ ਮਲਿਕ ਦਾ ਕਹਿਣਾ ਹੈ ਕਿ ਇਹ ਗੁੱਸਾ ਸਿਰਫ਼ ਰਾਜਸਥਾਨ ਵਿੱਚ ਹੀ ਨਹੀਂ, ਸਗੋਂ ਪੰਜਾਬ, ਹਰਿਆਣਾ ਅਤੇ ਯੂਪੀ ਦੇ ਜਾਟ ਕੇਂਦਰਿਤ ਖੇਤਰਾਂ ਵਿੱਚ ਵੀ ਹੈ। ਵਿਰੋਧ ਪ੍ਰਦਰਸ਼ਨਾਂ ਦੌਰਾਨ (2020-21 ਅਤੇ ਇਸ ਸਾਲ ਦੇ ਸ਼ੁਰੂ ਵਿੱਚ) ਕਿਸਾਨਾਂ ਨਾਲ ਪਾਰਟੀ ਦਾ ਵਤੀਰਾ ਹੈ। ਭਾਜਪਾ ਨੇ (ਆਪਣੇ ਚੋਣ ਮਨੋਰਥ ਪੱਤਰ ਵਿੱਚ) ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ ਦਾ ਵਾਅਦਾ ਕੀਤਾ ਸੀ, ਪਰ ਜਦੋਂ ਕਿਸਾਨਾਂ ਨੇ ਇਸ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਕੀਤਾ ਤਾਂ ਭਾਜਪਾ ਨੇ ਉਨ੍ਹਾਂ ਨੂੰ ਦਬਾਉਣ ਲਈ ਬੇਰਹਿਮ ਹੱਥਕੰਡੇ ਵਰਤੇ। 2019 ਦੀਆਂ ਚੋਣਾਂ ਵਿੱਚ ਜਾਟ ਭਾਈਚਾਰੇ ਨੇ ਕਾਂਗਰਸ ਨਾਲੋਂ ਥੋੜੇ ਜਿਹੇ ਫਰਕ ਨਾਲ ਭਾਜਪਾ ਦਾ ਸਮਰਥਨ ਕੀਤਾ, ਜਿੱਥੇ ਕਾਂਗਰਸ ਨੂੰ ਭਾਈਚਾਰੇ ਦੀਆਂ 39% ਵੋਟਾਂ ਮਿਲੀਆਂ, ਜਦਕਿ ਭਾਜਪਾ ਨੂੰ 42% ਵੋਟਾਂ ਮਿਲੀਆਂ।

ਇਸ ਤਰ੍ਹਾਂ ਖੇਤੀ ਸੰਕਟ ਨੇ ਭਾਜਪਾ ਲਈ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ। ਮਹਾਰਾਸ਼ਟਰ ਦੇ ਵਿਦਰਭ ਅਤੇ ਮਰਾਠਵਾੜਾ ਖੇਤਰਾਂ ਵਿੱਚ ਬੁਲਢਾਨਾ, ਅਕੋਲਾ, ਅਮਰਾਵਤੀ, ਵਰਧਾ, ਯਵਤਮਾਲ-ਵਾਸ਼ਿਮ, ਹਿੰਗੋਲੀ, ਨਾਂਦੇੜ ਸੋਕੇ ਅਤੇ ਬੇਮੌਸਮੀ ਬਾਰਸ਼ ਦੇ ਗੰਭੀਰ ਹਾਲਾਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਨਾਲ ਖੇਤੀਬਾੜੀ ਸੰਕਟ ਗੰਭੀਰ ਹੈ। ਫੇਜ਼ 1 ਅਤੇ 2 ਦੇ ਵੋਟਿੰਗ ਦੀਆਂ ਸ਼ੁਰੂਆਤੀ ਰਿਪੋਰਟਾਂ ਨੇ ਇਸ ਸੰਭਾਵਨਾ ਵੱਲ ਇਸ਼ਾਰਾ ਕੀਤਾ ਹੈ ਕਿ ਭਾਜਪਾ ਨੂੰ ਇਨ੍ਹਾਂ ਖੇਤਰਾਂ ਵਿਚ ਸਖਤ ਟੱਕਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਪੰਜਾਬ ਟਾਈਮਜ ਅਨੁਸਾਰ ਭਾਰਤ ਦੇ ਕੁਝ ਹਿੱਸਿਆਂ ਵਿੱਚ ਅਸੰਤੋਸ਼ ਜਾਰੀ ਹੈ। ਦੇਖਣਾ ਇਹ ਹੋਵੇਗਾ ਕਿ ਇਸ ਦਾ ਨਤੀਜਾ ਭਾਜਪਾ ਲਈ ਕਿੰਨਾ ਕੁ ਵੱਡਾ ਹਾਰ ਚੈਲਿੰਜ ਬਣਦਾ ਹੈ।

**ਸੋਸ਼ਲ ਮੀਡੀਆ ਉਤੇ ਬਹੁਤ ਸਾਰੀਆਂ ਝੂਠੀਆਂ ਖ਼ਬਰਾਂ ਹੁੰਦੀਆਂ ਹਨ, ਇਹਨਾਂ ਉਤੇ ਵਿਸ਼ਵਾਸ ਨਾ ਕਰੋ ਅਤੇ ਹੋਰ ਕਿਸੇ ਨੂੰ ਅੱਗੇ ਨਾ ਭੇਜੋ। ਜਿਵੇਂ ਕੋਈ ਚਾਹੁੰਦਾ ਹੈ, ਤੱਥਾਂ ਦੇ ਬਿਨਾ ਆਪਣੀ ਖ਼ਬਰ ਸੋਸ਼ਲ ਮੀਡੀਆ ਉਤੇ ਪਾ ਦਿੰਦਾ ਹੈ।**


# ਆਪਣੀ ਹੋਂਦ ਬਚਾਉਣ ਲਈ ਚੋਣਾਂ ਵਿੱਚ ਕਮਿਊਨਿਸਟ ਪਾਰਟੀਆਂ ਕਰ ਰਹੀਆਂ ਨੇ ਜਦੋਜਹਿਦ

## ✪ ਘੱਟ ਗਿਣਤੀ ਕੌਮਾਂ ਦੀ ਹਮਾਇਤ ਕਾਰਣ ਖੱਬੇ ਪੱਖੀ ਧਿਰਾਂ ਭਾਜਪਾ ਦੇ ਨਿਸ਼ਾਨੇ ਤੇ

**ਵਿਸ਼ੇਸ਼ ਰਿਪੋਟ**

**ਬਘੇਲ ਸਿੰਘ ਧਾਲੀਵਾਲ**






ਭਾਰਤੀ ਲੋਕਤੰਤਰ ਵਿੱਚ ਖੱਬੇ ਪੱਖੀ ਪਾਰਟੀਆਂ ਦੀ ਹੋਂਦ ਖ਼ਤਰੇ ਵਿੱਚ ਹੈ ਅਤੇ ਇਹ ਸੱਤਾ ਦੀ ਰਾਜਨੀਤੀ ਵਿੱਚ ਹਾਸ਼ੀਏ 'ਤੇ ਪਹੁੰਚ ਗਈਆਂ ਹਨ। ਹੁਣ ਕੇਰਲ ਹੀ ਅਜਿਹਾ ਰਾਜ ਬਚਿਆ ਹੈ ਜਿੱਥੇ ਖੱਬੀਆਂ ਪਾਰਟੀਆਂ ਸੱਤਾ ਵਿੱਚ ਹਨ। ਬੰਗਾਲ ਵਿੱਚੋਂ ਖੱਬੀਆਂ ਪਾਰਟੀਆਂ ਦਾ ਤੰਬੂ ਬਹੁਤ ਪਹਿਲਾਂ ਹੀ ਉਖੜ ਚੁੱਕਿਆ ਹੈ। 2021 ਦੀਆਂ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ (ਸੀਪੀਐਮ) ਇੱਕ ਵੀ ਸੀਟ ਜਿੱਤਣ ਵਿੱਚ ਕਾਮਯਾਬ ਨਹੀਂ ਹੋ ਸਕੀ। 2019 ਦੀਆਂ ਆਮ ਚੋਣਾਂ ਵਿੱਚ, ਸੀਪੀਐਮ ਸਿਰਫ਼ 3 ਲੋਕ ਸਭਾ ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਅਤੇ ਸੀਪੀਆਈ ਸਿਰਫ਼ 2 ਸੀਟਾਂ ਜਿੱਤਣ ਵਿੱਚ ਕਾਮਯਾਬ ਰਹੀ ਅਤੇ ਇਹ ਦੋ ਵੱਡੀਆਂ ਖੱਬੀਆਂ ਪਾਰਟੀਆਂ ਮਿਲ ਕੇ ਸਿਰਫ਼ 5 ਸੀਟਾਂ ਹੀ ਜਿੱਤ ਸਕੀਆਂ ਹੁਣ ਵਿਰੋਧੀ ਧਿਰ ਇੰਡੀਆ ਅਲਾਇੰਸ ਵਿੱਚ ਸ਼ਾਮਲ ਦੇਸ਼ ਦੀਆਂ ਛੇ ਕੌਮੀ ਪਾਰਟੀਆਂ ਵਿੱਚੋਂ ਇੱਕ ਸੀਪੀਐਮ ਲਈ ਇਹ ਚੋਣ ਬਹੁਤ ਮਹੱਤਵਪੂਰਨ ਹੈ।

### ਕੀ ਖੱਬੇਪੱਖੀ ਵਿਚਾਰਧਾਰਾ ਦੇ ਦਿਨ ਖਤਮ ਹੋਏ ?

1964 ਵਿੱਚ ਈਐਮਐਸ ਨੰਬੂਦਰੀਪਦ, ਜੋਤੀ ਬਾਸੂ ਅਤੇ ਹਰਕਿਸ਼ਨ ਸਿੰਘ ਸੁਰਜੀਤ ਨੇ ਸੀਪੀਆਈ ਤੋਂ ਵੱਖ ਹੋ ਕੇ ਸੀਪੀਐਮ ਬਣਾਈ ਸੀ। ਮਜ਼ਦੂਰਾਂ ਅਤੇ ਮੁਲਾਜ਼ਮਾਂ ਦੀ ਆਵਾਜ਼ ਕਮਿਊਨਿਸਟ ਪਾਰਟੀ ਨੇ ਪੂੰਜੀਵਾਦ ਦੀ ਲੁੱਟ-ਖਸੁੱਟ ਵਾਲੀ ਸੋਚ ਵਿਰੁੱਧ ਇਨਕਲਾਬ ਦਾ ਐਲਾਨ ਕੀਤਾ ਸੀ । ਕਿਸੇ ਸਮੇਂ ਭਾਰਤ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਅਤੇ ਸਿਸਟਮ ਵਿਰੁੱਧ ਆਵਾਜ਼ ਉਠਾਉਣ ਵਾਲੇ ਨੌਜਵਾਨਾਂ ਵਿੱਚ ਖੱਬੇਪੱਖੀ ਵਿਚਾਰਧਾਰਾ ਦਾ ਬੋਲਬਾਲਾ ਸੀ। ਖੱਬੇ ਪਖੀ ਪਾਰਟੀਆਂ ਨੇ ਕਈ ਦਹਾਕਿਆਂ ਤੱਕ ਬੰਗਾਲ, ਕੇਰਲ ਅਤੇ ਤ੍ਰਿਪੁਰਾ 'ਤੇ ਰਾਜ ਕੀਤਾ। ਖੱਬੇਪੱਖੀਆਂ ਨੇ ਕੇਂਦਰ ਵਿੱਚ ਸੰਯੁਕਤ ਮੋਰਚੇ ਅਤੇ ਯੂਪੀਏ 1 ਵਿੱਚ ਵੀ ਸਹਿਯੋਗੀ ਬਣੇ। ਕਈ ਰਾਜਾਂ ਵਿੱਚ ਖੱਬੇ ਮੋਰਚੇ ਨੇ ਸੱਤਾਧਾਰੀ ਪਾਰਟੀ ਨੂੰ ਬਾਹਰੋਂ ਸਮਰਥਨ ਦਿੱਤਾ ਸੀ। ਪਰ ਇਸ ਸਮੇਂ ਖੱਬੀਆਂ ਪਾਰਟੀਆਂ ਬੇਮਾਅਨੇ ਹੋ ਗਈਆਂ ਹਨ। ਭਾਵੇਂ ਕੇਰਲ ਵਿਚ ਅਜੇ ਵੀ ਉਨ੍ਹਾਂ ਦੀ ਸਰਕਾਰ ਸੱਤਾ ਵਿਚ ਹੈ ਪਰ ਅਮਲੀ ਤੌਰ 'ਤੇ ਉਸ ਸਰਕਾਰ ਨੂੰ ਪਿਨਾਰਾਈ ਵਿਜਯਨ ਦੀ ਸਰਕਾਰ ਮੰਨਿਆ ਜਾਂਦਾ ਹੈ।

### ਫਲਾਪ ਹੋਈਆਂ ਆਰਥਿਕ ਨੀਤੀਆਂ

ਖੱਬੇਪੱਖੀ ਅੱਜ ਵੀ ਪੁਰਾਣੀ ਮਾਨਸਿਕਤਾ ਵਿੱਚ ਜੀਅ ਰਹੇ ਹਨ। ਉਹ ਕੰਪਿਊਟਰ, ਮਸ਼ੀਨੀਕਰਨ ਦੀ ਵਰਤੋਂ ਨੂੰ ਬੇਰੁਜ਼ਗਾਰੀ ਦਾ ਕਾਰਨ ਦੱਸ ਰਹੇ ਹਨ। ਸਮਾਂ ਬਦਲ ਗਿਆ ਹੈ, ਪਰ ਕਮਿਊਨਿਸਟਾਂ ਦੀ ਸੋਚ ਨਹੀਂ ਬਦਲੀ, ਜਿਸ ਕਾਰਨ ਪੜ੍ਹੇ-ਲਿਖੇ ਲੋਕ ਹੁਣ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਨਾ ਪਸੰਦ ਨਹੀਂ ਕਰਦੇ। ਖੱਬੇਪੱਖੀ ਕੁਝ ਮਜ਼ਦੂਰਾਂ ਅਤੇ ਛੋਟੇ ਬੇਜ਼ਮੀਨੇ ਕਿਸਾਨਾਂ ਦੀਆਂ ਜਥੇਬੰਦੀਆਂ ਤੱਕ ਹੀ ਸੀਮਤ ਹੋ ਕੇ ਰਹਿ ਗਏ ਹਨ ਹੈ। ਹੁਣ ਤ੍ਰਿਪੁਰਾ ਅਤੇ ਪੱਛਮੀ ਬੰਗਾਲ ਵਿੱਚ ਕਮਿਊਨਿਸਟਾਂ ਦਾ ਕੋਈ ਭਵਿੱਖ ਨਹੀਂ ਹੈ ਅਤੇ ਕੇਰਲਾ ਵਿੱਚ ਵੀ ਖੱਬੀਆਂ ਪਾਰਟੀਆਂ ਦਾ ਉਦੋਂ ਤੱਕ ਹੀ ਬੋਲਬਾਲਾ ਹੈ ਜਦੋਂ ਤੱਕ ਕਾਂਗਰਸ ਜਾਂ ਭਾਜਪਾ ਦੀਆਂ ਇਥੇ ਜੜਾਂ ਨਹੀਂ ਲਗਦੀਆਂ ।

1950ਵਿਆਂ ਵਿੱਚ, ਖੱਬੇਪੱਖੀ ਲੋਕ ਕਾਂਗਰਸ ਪਾਰਟੀ ਦੇ ਮੁੱਖ ਵਿਰੋਧੀ ਸਨ। ਖੱਬੇਪੱਖੀਆਂ ਨੇ 1957 ਵਿੱਚ ਕੇਰਲ ਵਿੱਚ ਆਪਣੀ ਪਹਿਲੀ ਸਰਕਾਰ ਬਣਾਈ ਸੀ। ਖੱਬੇ ਮੋਰਚੇ ਨੇ 1967 ਵਿੱਚ ਪੱਛਮੀ ਬੰਗਾਲ ਵਿੱਚ ਵੀ ਸਰਕਾਰ ਬਣਾਈ ਸੀ। ਉਦੋਂ ਉਹ ਸਰਕਾਰ ਜ਼ਿਆਦਾ ਦੇਰ ਨਹੀਂ ਚੱਲੀ। ਆਖਿਰਕਾਰ ਉਸਨੇ 1970 ਦੇ ਦਹਾਕੇ ਵਿੱਚ ਪੱਛਮੀ ਬੰਗਾਲ ਵਿੱਚ ਬਹੁਮਤ ਵਾਲੀ ਸੀਪੀਆਈ-ਐਮ ਸਰਕਾਰ ਬਣਾਈ ਅਤੇ ਲਗਾਤਾਰ 34 ਸਾਲ ਰਾਜ ਕੀਤਾ। 1991 ਵਿੱਚ ਲਾਗੂ ਕੀਤੀਆਂ ਆਰਥਿਕ ਉਦਾਰੀਕਰਨ ਅਤੇ ਸੁਧਾਰਾਂ ਦੀਆਂ ਨੀਤੀਆਂ ਦੇ ਅੰਨ੍ਹੇ ਵਿਰੋਧ ਨੇ ਖੱਬੇਪੱਖੀਆਂ ਨੂੰ ਦੇਸ਼ ਦੀ ਮੁੱਖ ਧਾਰਾ ਦੀ ਰਾਜਨੀਤੀ ਤੋਂ ਬਾਹਰ ਕਰ ਦਿੱਤਾ।

## ਭਾਜਪਾ ਖੱਬੇ ਪੱਖੀ ਪਾਰਟੀਆਂ ਲਈ ਵੱਡਾ ਖਤਰਾ

ਖੱਬੇ ਮੋਰਚੇ ਨੇ 2004 ਦੀਆਂ ਲੋਕ ਸਭਾ ਚੋਣਾਂ ਵਿੱਚ ਚੰਗੀ ਸਫਲਤਾ ਪ੍ਰਾਪਤ ਕੀਤੀ, ਲਗਭਗ 60 ਸੀਟਾਂ ਜਿੱਤੀਆਂ ਅਤੇ 2004 ਵਿੱਚ ਯੂਪੀਏ ਸਰਕਾਰ ਬਣਾਉਣ ਵਿੱਚ ਮੁੱਖ ਭੂਮਿਕਾ ਨਿਭਾਈ। ਪਰ ਜਦੋਂ ਤੋਂ ਮੋਦੀ ਵਿਕਾਸ ਅਤੇ ਹਿੰਦੂਤਵ ਦੇ ਆਧਾਰ 'ਤੇ ਪੂਰੇ ਬਹੁਮਤ ਨਾਲ ਸੱਤਾ ਵਿਚ ਆਏ ਹਨ, ਖੱਬੇਪੱਖੀ ਸਮਾਜਵਾਦ ਦਾ ਸਿਧਾਂਤ ਲਗਾਤਾਰ ਹਾਰਦਾ ਜਾ ਰਿਹਾ ਹੈ। ਭਾਜਪਾ ਨੇ ਤ੍ਰਿਪੁਰਾ ਵਿੱਚ 25 ਸਾਲਾਂ ਤੋਂ ਖੜ੍ਹੀ ਖੱਬੇਪੱਖੀ ਸਰਕਾਰ ਨੂੰ ਉਖਾੜ ਸੁੱਟਿਆ। ਭਾਜਪਾ ਦੇ ਵਿਕਾਸ ਏਜੰਡੇ ਅਤੇ ਹਿੰਦੂਤਵੀ ਪ੍ਰਚਾਰ ਕਾਰਨ ਤ੍ਰਿਪੁਰਾ ਦਾ ਖੱਬੇ ਪੱਖੀ ਕਿਲ੍ਹਾ ਢਹਿ ਗਿਆ ਹੈ। ਹੁਣ ਸਿਰਫ਼ ਕੇਰਲ ਵਿੱਚ ਖੱਬੇ ਮੋਰਚੇ ਦੀ ਹੀ ਸੱਤਾ ਹੈ।

ਖੱਬੇਪੱਖੀਆਂ ਦੀ ਲੋਕਪ੍ਰਿਅਤਾ ਵਿੱਚ ਗਿਰਾਵਟ ਦੇ ਦੋ ਮੁੱਖ ਕਾਰਨ ਹਨ। ਕਮਿਊਨਿਸਟ ਤਾਕਤਾਂ ਪੂੰਜੀਵਾਦੀ ਤਾਕਤਾਂ ਦਾ ਮੁਕਾਬਲਾ ਉਸ ਢੰਗ ਨਾਲ ਕਰਨ ਦੇ ਯੋਗ ਨਹੀਂ ਹਨ ਅਤੇ ਦੂਜਾ ਜਾਤ-ਪਾਤ ਦੀ ਰਾਜਨੀਤੀ ਨੂੰ ਪੂਰੀ ਤਰ੍ਹਾਂ ਅਣਡਿੱਠ ਕਰਦੇ ਹਨ। ਕਮਿਊਨਿਸਟ ਨਾਂ ਤਾਂ ਜਾਤੀ ਪ੍ਰਣਾਲੀ ਨੂੰ ਖ਼ਤਮ ਕਰਨ ਲਈ ਕੋਈ ਮਜ਼ਬੂਤ ਨੀਤੀ, ਪ੍ਰੋਗਰਾਮ ਬਣਾ ਸਕੇ ਅਤੇ ਨਾ ਹੀ ਉਹ ਮੌਜੂਦਾ ਜਾਤੀਗਤ ਸਮੀਕਰਣਾਂ ਲਈ ਕੋਈ ਢੁਕਵੀਂ ਰਣਨੀਤੀ ਹੀ ਤਿਆਰ ਕਰ ਸਕੇ। ਇਸ ਕਾਰਨ ਉੱਤਰੀ ਖੇਤਰ ਵਿੱਚੋਂ ਇਨ੍ਹਾਂ ਦਾ ਲਗਭਗ ਸਫਾਇਆ ਹੋ ਗਿਆ ਹੈ।

### ਖਬੇਪਖੀ ਬਚਾਅ ਦੀ ਲੜਾਈ ਵਿਚ

2019 ਵਿੱਚ ਹੁਣ ਤੱਕ ਦੇ ਸਭ ਤੋਂ ਘੱਟ ਨੰਬਰ ਹਾਸਲ ਕਰਨ ਤੋਂ ਬਾਅਦ, ਖੱਬੀਆਂ ਪਾਰਟੀਆਂ ਇਸ ਆਮ ਚੋਣਾਂ ਵਿੱਚ ਬਚਾਅ ਦੀ ਲੜਾਈ ਵਿੱਚ ਫਸੀਆਂ ਹੋਈਆਂ ਹਨ।

ਖੱਬਾ ਮੋਰਚਾ, ਜਿਸ ਵਿੱਚ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ), ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਲਿਬਰੇਸ਼ਨ, ਰੈਵੋਲਿਊਸ਼ਨਰੀ ਸੋਸ਼ਲਿਸਟ ਪਾਰਟੀ ਅਤੇ ਆਲ ਇੰਡੀਆ ਫਾਰਵਰਡ ਬਲਾਕ ਸ਼ਾਮਲ ਹਨ, ਨੂੰ ਆਪਣੀ ਹੋਂਦ ਬਚਾਉਣ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗਿਰਾਵਟ ਦਾ ਇਹ ਸਿਲਸਿਲਾ 2004 ਤੋਂ ਬਾਅਦ ਲਗਾਤਾਰ 20 ਸਾਲਾਂ ਤੱਕ ਚੱਲ ਰਿਹਾ ਹੈ। 2009 ਵਿੱਚ ਸੀਪੀਐਮ ਨੂੰ 16 ਸੀਟਾਂ ਮਿਲੀਆਂ ਸਨ ਜਦਕਿ 2014 ਵਿੱਚ 9 ਸੀਟਾਂ ਮਿਲੀਆਂ ਸਨ। 2019 ਦੀਆਂ ਚੋਣਾਂ ਵਿੱਚ ਸੀਪੀਐਮ ਨੂੰ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਵਿੱਚ ਇੱਕ ਵੀ ਸੀਟ ਨਹੀਂ ਮਿਲੀ ਸੀ। ਪਾਰਟੀ ਨੇ ਕੇਰਲ ਵਿੱਚ ਸਿਰਫ਼ ਇੱਕ ਸੀਟ ਅਤੇ ਤਾਮਿਲਨਾਡੂ ਵਿੱਚ ਦੋ ਸੀਟਾਂ ਜਿੱਤੀਆਂ ਸਨ। ਇਸ ਵਾਰ 2024 ਦੀਆਂ ਚੋਣਾਂ ਵੀ ਪਾਰਟੀ ਲਈ ਬਹੁਤ ਮੁਸ਼ਕਲ ਹਨ। ਇਸ ਵਾਰ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਨੇ ਸਮਝੌਤੇ ਵਿੱਚ ਇੱਕ ਵੀ ਸੀਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕੇਰਲ ਵਿੱਚ ਵੀ ਉਨ੍ਹਾਂ ਦਾ ਕਾਂਗਰਸ ਨਾਲ ਵਿਰੋਧ ਹੈ। ਹਾਲਾਂਕਿ, ਖੱਬੀਆਂ ਪਾਰਟੀਆਂ ਅਜੇ ਵੀ ਕਾਂਗਰਸ ਅਤੇ ਹੋਰ ਪਾਰਟੀਆਂ ਨਾਲ ਬਣੇ ਇੰਡੀਆ ਗਠਜੋੜ ਤੋਂ ਮਿਲੀਆਂ ਕੁਝ ਸੀਟਾਂ ਜਿੱਤਣ ਲਈ ਆਸਵੰਦ ਹੈ।

## ਅਜੀਤ ਦੇ ਇੰਗਲੈਂਡ ਤੋਂ ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਦੇ ਘਰ ਪੁੱਤਰ ਦੀ ਦਾਤ

ਜਲੰਧਰ-(ਅਜੀਤ ਬਿਊਰੋ)-ਇੰਗਲੈਂਡ ਦੇ ਸ਼ਹਿਰ ਲੈਸਟਰ ਤੋਂ ਅਦਾਰਾ 'ਅਜੀਤ' ਦੇ ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਦੇ ਘਰ ਪਰਮਾਤਮਾ ਨੇ ਪੁੱਤਰ ਦੀ ਦਾਤ ਬਖ਼ਸ਼ੀ ਹੈ। ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਦੇ ਵਿਆਹ ਤੋਂ 15 ਸਾਲ ਬਾਅਦ ਦੋ ਬੇਟੀਆਂ ਜਸਨੂਰ ਕੌਰ (12), ਅਤੇ ਸੈਮਰੀਨ ਕੌਰ (7) ਦੇ ਜਨਮ ਤੋਂ ਬਾਅਦ ਪੁੱਤਰ ਨੇ ਜਨਮ ਲਿਆ ਹੈ। ਪੱਤਰਕਾਰ ਸੁਖਜਿੰਦਰ ਸਿੰਘ ਢੱਡੇ ਨੂੰ ਵੱਖ ਵੱਖ ਸਿਆਸੀ, ਧਾਰਮਿਕ ਆਗੂਆਂ ਅਤੇ ਵੱਖ ਵੱਖ ਕਲਾਕਾਰਾਂ ਵੱਲੋਂ ਵਧਾਈ ਦਿੱਤੀ ਜਾ ਰਹੀ ਹੈ। ਅਜੀਤ ਦੇ ਮੁੱਖ ਸੰਪਾਦਕ ਡਾ ਬਰਜਿੰਦਰ ਸਿੰਘ ਹਮਦਰਦ, ਮੈਡਮ ਗੁਰਜੋਤ ਕੌਰ, ਪੰਜਾਬੀ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ, ਗਾਇਕ ਦਲਵਿੰਦਰ ਦਿਆਲਪੁਰੀ, ਪ੍ਰਮੋਟਰ ਰਣਧੀਰ ਸਿੰਘ ਧੀਰਾ,ਯੂਰੋ ਵੁਡ ਕੰਪਨੀ ਦੇ ਡਾਇਰੈਕਟਰ ਬੌਬ ਕੁਲਾਰ, ਮੈਂਬਰ ਪਾਰਲੀਮੈਂਟ ਜਸਬੀਰ ਸਿੰਘ ਡਿੰਪਾ, ਇੰਗਲੈਂਡ ਦੇ ਸ਼ਹਿਰ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪ੍ਰਧਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਸਮੇਤ ਵੱਖ ਵੱਖ ਆਗੂਆਂ ਵੱਲੋਂ ਟੈਲੀਫੋਨ ਰਾਹੀਂ ਵਧਾਈ ਸੰਦੇਸ਼ ਭੇਜੇ ਜਾ ਰਹੇ ਹਨ।

# ਗਰਮ ਖ਼ਿਆਲੀ ਉਮੀਦਵਾਰਾਂ ਦਾ ਚੋਣਾਂ ਵਿਚ ਦਾਖ਼ਲਾ ਪੰਜਾਬ ਦੀ ਸਿਆਸਤ ਉਪਰ ਛੱਡੇਗਾ ਡੂੰਘੇ ਪ੍ਰਭਾਵ

## ✪ ਅਕਾਲੀ ਦਲ ਤੇ ਹੋਰ ਸਿਆਸੀ ਪਾਰਟੀਆਂ ਨੂੰ ਪਈਆਂ ਭਾਜੜਾਂ ✪ ਅੰਮ੍ਰਿਤਪਾਲ ਸਿੰਘ ਦਾ ਧੜਾ ਹੋਰ ਖੜੇ ਕਰ ਸਕਦਾ ਏ ਉਮੀਦਵਾਰ



ਚੰਡੀਗੜ੍ਹ-ਪੰਜਾਬ ਦੀ ਚੋਣ ਸਿਆਸਤ ਵਿਚ ਭਾਈ ਅੰਮਿਬਪਾਲ ਸਿੰਘ ਦੇ ਦਾਖ਼ਲੇ ਅਤੇ ਸਿਮਰਨਜੀਤ ਸਿੰਘ ਮਾਨ ਜੋ ਖ਼ੁਦ ਸੰਗਰੂਰ ਹਲਕੇ ਤੋਂ ਉਮੀਦਵਾਰ ਹਨ, ਵਲੋਂ ਉਨ੍ਹਾਂ ਨੂੰ ਸਮਰਥਨ ਦੇਣ ਤੇ ਸੀਟ ਖਾਲੀ ਕਰਨ ਦੇ ਐਲਾਨ ਅਤੇ ਮਾਨ ਵਲੋਂ ਸਾਰੇ ਹਲਕਿਆਂ ਵਿਚ ਆਪਣੇ ਉਮੀਦਵਾਰ ਉਤਾਰਨ ਦੇ ਐਲਾਨ ਤੋਂ ਬਾਅਦ ਪੰਜਾਬ ਦੀ ਸਿਆਸਤ ਵਿਚ ਹਲਚਲ ਮਚੀ ਹੋਈ ਹੈ। ਮੀਡੀਆ ਅਦਾਰੇ ਤੇ ਸਿਆਸੀ ਮਾਹਿਰ ਆਖ ਰਹੇ ਹਨ ਕਿ ਪੰਜਾਬ ਦਾ ਚੋਣ ਦ੍ਰਿਸ਼ ਬਦਲ ਗਿਆ ਹੈ। ਇਸ ਨਾਲ ਸਭ ਸਿਆਸੀ ਪਾਰਟੀਆਂ ਖਾਸ ਕਰਕੇ ਅਕਾਲੀ ਦਲ ਨੂੰ ਵਡਾ ਸਿਆਸੀ ਨੁਕਸਾਨ ਹੋ ਸਕਦਾ ਹੈ ਜੇਕਰ ਬਾਦਲ ਅਕਾਲੀ ਦਲ ਪੰਥਕ ਗਠਜੋੜ ਕਰ ਲੈਂਦਾ ਤਾਂ ਉਹ ਇਨ੍ਹਾਂ ਚੋਣਾਂ ਵਿਚ ਵਾਪਸੀ ਕਰ ਸਕਦਾ ਸੀ।

'ਵਾਰਿਸ ਪੰਜਾਬ ਦੇ' ਜਥੇਬੰਦੀ ਤੇ ਭਾਈ ਅੰਮਿਬਪਾਲ ਸਿੰਘ ਦਾ ਪਰਿਵਾਰ ਹਾਲਾਂਕਿ ਨਸ਼ਾ ਵਿਰੋਧੀ, ਜਾਬਰ ਕਨੂੰਨਾਂ, ਮਨੁੱਖੀ ਅਧਿਕਾਰਾਂ ਅਤੇ ਅੰਮਿਬ ਪ੍ਰਚਾਰ ਮੁਹਿੰਮਾਂ ਦਾ ਹੀ ਜ਼ਿਕਰ ਕਰ ਰਹੇ ਹਨ, ਲੇਕਿਨ ਭਾਜਪਾ ਸਮੇਤ ਕੁਝ ਸਿਆਸੀ ਧਿਰਾਂ ਇਸ ਘਟਨਾਕ੍ਰਮ ਨੂੰ ਲੈ ਕੇ ਵੋਟਰਾਂ ਵਿਚ ਡਰ ਤੇ ਸਹਿਮ ਦਾ ਮਾਹੌਲ ਦੁਬਾਰਾ ਪੈਦਾ ਕਰਨ ਦੀ ਕੋਸ਼ਿਸ਼ ਕਰ ਸਕਦੀਆਂ ਹਨ ਤਾਂ ਜੋ ਉਨ੍ਹਾਂ ਨੂੰ ਇਸ ਦਾ ਸਿਆਸੀ ਲਾਹਾ ਮਿਲ ਸਕੇ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਮਾਨ ਤੇ ਅੰਮ੍ਰਿਤ ਪਾਲ ਸਿੰਘ ਦੇ ਧੜੇ ਨੇ ਪੰਜਾਬ ਦੀਆਂ ਸਾਂਝੀਆਂ ਮੰਗਾਂ ਨੂੰ ਲੈਕੇ ਲਹਿਰ ਚਲਾਈ ਤਾਂ ਭਾਜਪਾ ਵਰਗੀਆਂ ਪਾਰਟੀਆਂ ਦੀ ਸਿਆਸੀ ਛੁਰਲੀ ਚਲਣ ਤੋਂ ਪਹਿਲਾਂ ਹੀ ਠੁਸ ਹੋ ਸਕਦੀ ਹੈ। ਸਿਮਰਨਜੀਤ ਸਿੰਘ ਮਾਨ ਭਾਵੇਂ ਮੌਜੂਦਾ ਸਾਂਸਦ ਵੀ ਹਨ ਲੇਕਿਨ ਉਨ੍ਹਾਂ ਵਲੋਂ ਖ਼ਾਲਸਾ ਰਾਜ ਦੀ ਗੱਲ ਕਰਨਾ ਭਗਵੇਂਵਾਦੀਆਂ ਨੂੰ ਕਾਫ਼ੀ ਚੁੱਭਦੀ ਵੀ ਹੈ। ਇਸੇ ਤਰ੍ਹਾਂ ਮਾਨ ਵਲੋਂ ਚੋਣ ਮੈਦਾਨ ਵਿਚ ਉਤਾਰੇ ਗਏ ਬਹੁਤੇ ਉਮੀਦਵਾਰ ਵੀ ਉਨ੍ਹਾਂ ਦੀ ਸੋਚ ਦੀ ਹਾਮੀ ਭਰ ਸਕਦੇ ਹਨ। ਅੰਮ੍ਰਿਤਪਾਲ ਸਿੰਘ ਵੱਖਰੇ ਖ਼ਾਲਸਾ ਰਾਜ ਤੇ ਵੱਖਰੀ ਸੋਚ ਦੀ ਗੱਲ ਕਰਦੇ ਰਹੇ ਹਨ।

ਲੇਕਿਨ ਪੰਜਾਬ ਵਿਚ ਖਾੜਕੂ ਅੰਦੋਲਨ ਦੌਰਾਨ ਜੋ ਲੋਕ ਅਕਾਲੀ ਦਲ ਤੋਂ ਨਿਰਾਸ਼ ਹੋਏ ਉਹ ਮਗਰਲੀਆਂ ਚੋਣਾਂ ਦੌਰਾਨ ਵਾਪਿਸ ਅਕਾਲੀ ਦਲ ਵੱਲ ਜਾਣ ਦੀ ਥਾਂ ਆਮ ਆਦਮੀ ਪਾਰਟੀ ਜਾਂ ਕੁਝ ਹੋਰ ਪਾਰਟੀਆਂ ਨੂੰ ਵੋਟ ਵੀ ਪਾਉਂਦੇ ਰਹੇ ਲੇਕਿਨ ਸਮਝਿਆ ਜਾਂਦਾ ਹੈ ਕਿ ਇਸ ਵਾਰ ਇਨ੍ਹਾਂ ਗਰਮ ਖਿਆਲੀਆਂ ਨੂੰ ਵੋਟ ਪਾਉਣ ਲਈ ਨਵਾਂ ਬਦਲ ਮਿਲਣ ਕਾਰਨ ਇਹ ਵੋਟਰ ਆਮ ਆਦਮੀ ਪਾਰਟੀ ਤੇ ਕੁਝ ਹੋਰ ਧਿਰਾਂ ਨਾਲੋਂ ਟੁੱਟ ਸਕਦਾ ਹੈ।

ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਵਿਰੁੱਧ ਮੌਜੂਦਾ ਭਗਵੰਤ ਮਾਨ ਸਰਕਾਰ ਵਲੋਂ ਦੋ ਸਾਲਾਂ ਦੀ ਨਜ਼ਰਬੰਦੀ ਨੂੰ ਲੈ ਕੇ ਐਨ. ਐਸ. ਏ. ਲਗਾਏ ਜਾਣ ਅਤੇ ਉਨ੍ਹਾਂ ਨੂੰ ਸਥਾਪਤ ਕਾਨੂੰਨਾਂ ਦੇ ਵਿਰੁੱਧ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਨਜ਼ਰਬੰਦ ਕਰਨ ਦੀ ਤੁਲਨਾ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਨਾਲ ਕੀਤੀ ਜਾ ਰਹੀ ਹੈ ਅਤੇ ਇਹ ਆਉਂਦੇ ਦਿਨਾਂ ਦੌਰਾਨ ਮੁੱਦਾ ਵੀ ਬਣ ਸਕਦਾ ਹੈ।

ਅਕਾਲੀ ਦਲ ਵਲੋਂ ਵੀ ਖਡੂਰ ਸਾਹਿਬ ਹਲਕੇ ਤੋਂ ਖਾੜਕੂ ਪਿਛੋਕੜ ਵਾਲੇ ਇਕ ਨਾਮੀ ਆਗੂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ, ਜੋ ਭਾਈ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਅੰਦੋਲਨ ਵਿਚ ਵੀ ਸ਼ਮੂਲੀਅਤ ਕਰਦਾ ਰਿਹਾ ਹੈ।

ਸੂਬੇ ਵਿਚ ਆਉਂਦੇ ਦਿਨਾਂ ਦੌਰਾਨ ਚੋਣ ਪ੍ਰਚਾਰ ਦੇ ਭਖਣ ਬਾਅਦ ਸਿਮਰਨਜੀਤ ਸਿੰਘ ਮਾਨ ਦੀ ਪਾਰਟੀ ਤੇ ਉਨ੍ਹਾਂ ਤੋਂ ਸਮਰਥਨ ਪ੍ਰਾਪਤ ਉਮੀਦਵਾਰਾਂ ਨੂੰ ਸੂਬੇ ਦੇ ਵੋਟਰਾਂ ਵਲੋਂ ਕਿਹੋ ਜਿਹਾ ਹੁੰਗਾਰਾ ਮਿਲਦਾ ਹੈ ਇਹ ਤਾਂ ਵੇਖਣ ਵਾਲੀ ਗੱਲ ਹੋਵੇਗੀ, ਪ੍ਰੰਤੂ ਚੋਣ ਮੁਹਿੰਮ ਵਿਚ ਇਕ ਵੱਖਰਾ ਰੰਗ ਵੇਖਣ ਨੂੰ ਜ਼ਰੂਰ ਮਿਲੇਗਾ।

ਚਰਚਾ ਇਹ ਵੀ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਕੁਝ ਹੋਰ ਉਮੀਦਵਾਰ ਨੂੰ ਚੋਣ ਮੈਦਾਨ ਵਿਚ ਉਤਾਰ ਸਕਦੀ ਹੈ। ਬੀਬੀ ਪਰਮਜੀਤ ਕੌਰ ਖਾਲੜਾ ਭਾਈ ਅੰਮ੍ਰਿਤ ਪਾਲ ਸਿੰਘ ਦੇ ਹਕ ਵਿਚ ਨਿਤਰ ਆਏ ਹਨ ਤੇ ਉਨ੍ਹਾਂ ਦੀ ਚੋਣ ਮੁਹਿੰਮ ਦੀ ਜ਼ਿੰਮੇਵਾਰੀ ਵੀ ਸੰਭਾਲ ਲਈ ਹੈ। ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿਚ ਅਕਾਲ ਤਖਤ ਸਾਹਿਬ ਕੋਲ ਇਕਠੇ ਹੋਏ ਪੰਥਕ ਇਕਠ ਨੇ ਸਭ ਸਿਆਸੀ ਧਿਰਾਂ ਨੂੰ ਖਡੂਰ ਸਾਹਿਬ ਹਲਕੇ ਤੋਂ ਭਾਜੜਾਂ ਪਾ ਦਿੱਤੀਆਂ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਅੰਮ੍ਰਿਤ ਪਾਲ ਸਿੰਘ ਦੀ ਖਡੂਰ ਸਾਹਿਬ ਤੋਂ ਉਮੀਦਵਾਰ ਬਣਨ ਕਾਰਣ ਕਾਂਗਰਸ ਦੇ ਰਾਣਾ ਗੁਰਜੀਤ ਸਿੰਘ ਤੇ ਅਕਾਲੀ ਦਲ ਦੇ ਮਾਝਾ ਜਰਨੈਲ ਬਿਕਰਮਜੀਤ ਸਿੰਘ ਨੇ ਖਡੂਰ ਸਾਹਿਬ ਤੋਂ ਚੋਣ ਲੜਨ ਦਾ ਵਿਚਾਰ ਛਡ ਦਿੱਤਾ ਸੀ।

ਪੰਥਕ ਮਾਹਿਰਾਂ ਦਾ ਮੰਨਣਾ ਹੈ ਕਿ 2019 ਲੋਕ ਸਭਾ ਚੋਣ ਦੌਰਾਨ ਖਡੂਰ ਸਾਹਿਬ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਜਸਬੀਰ ਡਿੰਪਾ ਨੂੰ 4,57,997 ਵੋਟਾਂ ਪਈਆਂ ਸਨ ਜੋ ਚੋਣ ਜਿਤ ਗਏ ਸਨ। ਸ਼੍ਰੋਮਣੀ ਅਕਾਲੀ ਦਲ ਦੀ ਬੀਬੀ ਜਾਗੀਰ ਕੌਰ ਨੂੰ 3,17,690 ਅਤੇ ਆਪ ਉਮੀਦਵਾਰ ਮਨਜਿੰਦਰ ਸਿੰਘ ਸਿੱਧੂ ਨੂੰ 13,155 ਵੋਟਾਂ ਪਈਆਂ ਸਨ।

ਪੰਜਾਬ ਏਕਤਾ ਪਾਰਟੀ ਦੇ ਉਮੀਦਵਾਰ ਬੀਬੀ ਪਰਮਜੀਤ ਕੌਰ ਖਾਲੜਾ ਨੂੰ 214489 ਵੋਟਾਂ ਮਿਲੀਆਂ। ਬੀਬੀ ਖਾਲੜਾ ਦੀ ਵੋਟ ਹੁਣ ਭਾਈ ਅੰਮ੍ਰਿਤ ਪਾਲ ਸਿੰਘ ਦੇ ਹੱਕ ਵਿਚ ਭੁਗਤ ਸਕਦੀ ਹੈ। ਜੇਕਰ ਅਕਾਲੀ ਦਲ ਭਾਈ ਅੰਮ੍ਰਿਤ ਪਾਲ ਸਿੰਘ ਦੇ ਹਕ ਵਿਚ ਉਮੀਦਵਾਰ ਵਾਪਸ ਲੈ ਲੈਂਦਾ ਹੈ ਤਾਂ ਅੰਮ੍ਰਿਤ ਪਾਲ ਦੀ ਜਿਤ ਯਕੀਨੀ ਬਣ ਸਕਦੀ ਹੈ।

ਕੁਛ ਪੰਥਕ ਧਿਰਾਂ ਏਕਤਾ ਕਰਵਾਉਣ ਲਈ ਸਰਗਰਮ ਹੋ ਗਈਆਂ ਹਨ। ਆਉਣ ਵਾਲਾ ਸਮਾਂ ਹੀ ਇਸ ਚੋਣ ਦ੍ਰਿਸ਼ ਦਾ ਫੈਸਲਾ ਕਰੇਗਾ ਅਕਾਲੀ ਦਲ ਨਾਲ ਗਰਮ ਖਿਆਲੀਆਂ ਦੀ ਏਕਤਾ ਹੁੰਦੀ ਹੈ ਜਾਂ ਨਹੀਂ।

### -ਮਾਮਲਾ ਵਾਤਾਵਰਨ ਤੇ ਆਸਥਾ ਨਾਲ ਖਿਲਵਾੜ ਕਰਨ ਦਾ -

## ਚੇਅਰਮੈਨ ਲਾਲਪੁਰਾ ਈਥਾਨੌਲ ਫੈਕਟਰੀ ਦੇ ਵਿਰੋਧ ਵਿਚ ਲੱਗੇ ਧਰਨੇ ਵਿਚ ਪੁੱਜੇ

### ✪ ਕਿਹਾ ਕਿ ਪੰਜਾਬ ਸਰਕਾਰ ਤੋਂ ਵੀ ਰਿਪੋਰਟ ਤਲਬ ਕਰਨਗੇ



ਕਾਹਨਪੁਰ ਖੂਹੀ-ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਪਿੰਡ ਕਲਵਾਂ (ਜ਼ਿਲ੍ਹਾ ਰੂਪਨਗਰ) ਵਿਖੇ ਮਿਲਕ ਪਲਾਂਟ ਦੇ ਨਾਂਅ 'ਤੇ ਲੱਗ ਰਹੀ ਈਥਾਨੌਲ ਫੈਕਟਰੀ ਦੇ ਵਿਰੋਧ ਵਿਚ ਲੱਗੇ ਧਰਨੇ ਵਿਚ ਪੁੱਜੇ। ਇਸ ਮੌਕੇ ਉਨ੍ਹਾਂ ਧਰਨੇ 'ਤੇ ਬੈਠੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਇਸ ਇਲਾਕੇ ਵਿਚ ਕਦੇ ਵੀ ਅਜਿਹਾ ਪਲਾਂਟ ਨੀ ਲੱਗਣ ਦੇਣਗੇ। ਉਨ੍ਹਾਂ ਕਿਹਾ ਕਿ ਬੀਤੇ ਦਿਨ ਉਨ੍ਹਾਂ ਨੂੰ ਇਸ ਸਮੱਸਿਆ ਸੰਬੰਧੀ ਜਾਣਕਾਰੀ ਮਿਲੀ ਸੀ ਜਿਸ ਤੋਂ ਬਾਅਦ ਉਨ੍ਹਾਂ ਤੁਰੰਤ ਨੋਟਿਸ ਲੈਂਦਿਆਂ ਡਿਪਟੀ ਕਮਿਸ਼ਨਰ ਰੂਪਨਗਰ ਤੋਂ ਸਾਰੀ ਰਿਪੋਰਟ ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਜਲਦ ਹੀ ਦਿੱਲੀ ਵਿਖੇ ਇਸ ਮੁੱਦੇ ਸੰਬੰਧੀ ਨੈਸ਼ਨਲ ਗਰੀਨ ਟ੍ਰਿਬਿਨਲ ਨਾਲ ਰਾਬਤਾ ਕਾਇਮ ਕਰਨਗੇ ਅਤੇ ਪੰਜਾਬ ਸਰਕਾਰ ਤੋਂ ਵੀ ਰਿਪੋਰਟ ਤਲਬ ਕਰਨਗੇ ਤਾਂ ਜੋ ਇਸ ਪਵਿੱਤਰ ਧਰਤੀ 'ਤੇ ਅਜਿਹੀ ਫੈਕਟਰੀ ਨਾ ਲੱਗੇ। ਉਨ੍ਹਾਂ ਕਿਹਾ ਕਿ ਖ਼ਾਲਸੇ ਦੀ ਜਨਮ ਭੂਮੀ ਅਤੇ ਗੁਰੂਆਂ ਦੀ ਚਰਨ ਛੋਹ ਇਸ ਧਰਤੀ 'ਤੇ ਵਾਤਾਵਰਨ ਤੇ ਆਸਥਾ ਨਾਲ ਖਿਲਵਾੜ ਹਰਗਿਜ਼ ਨਹੀਂ ਹੋਣ ਦਿੱਤਾ ਜਾਵੇਗਾ। ਇਲਾਕੇ ਦੇ ਲੋਕਾਂ ਨੇ ਆਸ ਪ੍ਰਗਟਾਈ ਹੈ ਕਿ ਇਸ ਮਸਲੇ ਦੇ ਹੱਲ ਲਈ ਲਾਲਪੁਰਾ ਅਹਿਮ ਭੂਮਿਕਾ ਨਿਭਾਉਣਗੇ।

## ਮਨੋਜ ਬਾਜਪਾਈ ਦੀ 100ਵੀਂ ਫਿਲਮ 'ਭਈਆ ਜੀ' ਦਾ ਪੋਸਟਰ ਰਿਲੀਜ਼



ਮੁੰਬਈ-ਬੌਲੀਵੁੱਡ ਅਦਾਕਾਰ ਮਨੋਜ ਬਾਜਪਾਈ ਦੀ ਆਉਣ ਵਾਲੀ 100ਵੀ ਫਿਲਮ 'ਭਈਆ ਜੀ' ਦੇ ਨਿਰਮਾਤਾਵਾਂ ਨੇ ਬੀਤੇ ਦਿਨੀਂ ਫਿਲਮ ਦਾ ਨਵਾਂ ਪੋਸਟਰ ਜਾਰੀ ਕੀਤਾ ਹੈ। ਅਦਾਕਾਰ ਨੇ ਇੰਸਟਾਗ੍ਰਾਮ 'ਤੇ ਪੋਸਟਰ ਸਾਂਝਾ ਕਰਦਿਆਂ ਕਿਹਾ, "ਪ੍ਰਤੀਸ਼ੋਧ ਕਾ ਨਿਵੇਦਨ ਲੇਕਰ ਆ ਰਹੇ ਹੈਂ ਭਈਆ ਜੀ। ਫਿਲਮ 24 ਮਈ ਨੂੰ ਨੇੜਲੇ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ।" ਹਾਲ ਹੀ ਵਿੱਚ ਨਿਰਮਾਤਾਵਾਂ ਨੇ ਫਿਲਮ ਦਾ ਪਹਿਲਾ ਗੀਤ 'ਬਾਗ ਕਾ ਕਰੇਜਾ' ਜਾਰੀ ਕੀਤਾ ਸੀ। 'ਹਿਟਜ਼ ਮਿਊਜ਼ਿਕ' ਨੇ ਇੰਸਟਾਗ੍ਰਾਮ 'ਤੇ ਗੀਤ ਸਾਂਝਾ ਕਰਦਿਆਂ ਕਿਹਾ, "ਭਈਆ ਜੀ ਕੌਨ ? ਵੋਹ ਜਿਨਕਾ ਹੈ ਬਾਗ ਕਾ ਕਰੇਜਾ।" ਗੀਤ ਵਿੱਚ ਮਨੋਜ ਐਕਸ਼ਨ ਭਰੇ ਅੰਦਾਜ਼ ਵਿੱਚ ਨਜ਼ਰ ਆ ਰਿਹਾ ਹੈ। ਡਾਕਟਰ ਸਾਗਰ ਵੱਲੋਂ ਲਿਖਿਆ ਗਿਆ ਇਹ ਗੀਤ ਗਾਇਆ ਤੇ ਕੰਪੋਜ਼ ਮਨੋਜ ਤਿਵਾੜੀ ਨੇ ਕੀਤਾ ਹੈ। ਇਸ ਦਾ ਸੰਗੀਤ ਆਦਿਤਿਆ ਦੇਵ ਨੇ ਦਿੱਤਾ ਹੈ। ਪਿਛਲੇ ਹਫਤੇ ਮਨੋਜ ਬਾਜਪਾਈ ਦੇ ਜਨਮ ਦਿਨ 'ਤੇ ਫਿਲਮ ਨਿਰਮਾਤਾਵਾਂ ਨੇ ਗੀਤ ਦੀਆਂ ਕੁੱਝ ਝਲਕਾਂ ਸਾਂਝੀਆਂ ਕੀਤੀਆਂ ਸਨ। ਜ਼ਿਕਰਯੋਗ ਹੈ ਕਿ 'ਭਈਆ ਜੀ' ਮਨੋਜ ਦੀ 100ਵੀਂ ਫਿਲਮ ਹੋਵੇਗੀ। ਇਸ ਦਾ ਨਿਰਮਾਣ ਵਿਨੋਦ ਭਾਨੁਸ਼ਾਲੀ, ਕਮਲੇਸ਼ ਭਾਨੁਸ਼ਾਲੀ, ਸਮੀਕਸ਼ਾ ਓਸਵਾਲ, ਸ਼ੈਲ ਓਸਵਾਲ, ਸ਼ਬਾਨਾ ਰਜ਼ਾ ਬਾਜਪਾਈ ਅਤੇ ਵਿਕਰਮ ਖੱਖੜ ਨੇ ਕੀਤਾ ਹੈ। ਅਪੂਰਵ ਸਿੰਘ ਕਾਰਕੀ ਦੇ ਨਿਰਦੇਸ਼ਨ ਹੇਠ ਬਣੀ ਇਹ ਫਿਲਮ ਦੀਪਕ ਕਿੰਗਰਾਨੀ ਨੇ ਲਿਖੀ ਹੈ।

# ਪੰਜਾਬ ਰਾਜਨੀਤੀ ਵਿਚ ਹੋਈ ਕਈ ਵੱਡੇ ਸਾਬਕਾ ਗੈਂਗਸਟਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਐਂਟਰੀ

**○ ਲੱਖਾ ਸਿਧਾਣਾ ਤੇ ਜੈਪਾਲ ਦੇ ਪਿਤਾ ਅਕਾਲੀ ਦਲ ਅੰਮ੍ਰਿਤਸਰ ਵਲੋਂ ਲੋਕ ਸਭਾ ਚੋਣ ਲੜਨਗੇ ○ ਪੰਜਾਬ ਵਿਚ ਹਾਲੇ ਤਕ 'ਗੈਂਗਸਟਰ' ਸਿਆਸਤ ਵਿਚ ਸਫ਼ਲ ਨਹੀਂ ਹੋਏ**

**ਵਿਸ਼ੇਸ਼ ਖਬਰ**



ਪੰਜਾਬ ਦੀ ਰਾਜਨੀਤੀ ਵਿਚ ਕਈ ਵੱਡੇ ਸਾਬਕਾ ਗੈਂਗਸਟਰਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਿਆਸਤ ਵਿਚ ਐਂਟਰੀ ਚਰਚਾ ਵਿੱਚ ਰਹੀ ਹੈ। ਹੁਣ ਅਕਾਲੀ ਦਲ ਅੰਮ੍ਰਿਤਸਰ ਵਲੋਂ ਸਾਬਕਾ ਗੈਂਗਸਟਰ ਲਖਬੀਰ ਸਿੰਘ ਸਰਾਂ ਉਰਫ਼ ਲੱਖਾ ਸਿਧਾਣਾ ਬਠਿੰਡਾ ਲੋਕ ਸਭਾ ਹਲਕੇ ਤੋਂ ਅਤੇ ਕਥਿਤ ਪੁਲਿਸ ਮੁਕਾਬਲੇ ਵਿੱਚ ਮਾਰੇ ਗਏ ਗੈਂਗਸਟਰ ਜੈਪਾਲ ਭੁੱਲਰ ਦੇ ਪਿਤਾ ਭੁਪਿੰਦਰ ਸਿੰਘ ਭੁੱਲਰ ਫਿਰੋਜ਼ਪੁਰ ਤੋਂ ਚੋਣ ਲੜਨਗੇ। ਜੈਪਾਲ ਸਿੰਘ ਭੁੱਲਰ ਦਾ ਨਾਮ ਕਤਲ, ਨਸ਼ਾ ਤਸਕਰੀ, ਚੋਰੀ ਅਤੇ ਲੁੱਟ ਦੀਆਂ ਕਈ ਵੱਡੀਆਂ ਵਾਰਦਾਤਾਂ ਵਿੱਚ ਰਿਹਾ ਹੈ।

ਲੱਖਾ ਸਿਧਾਣਾ ਦੀ ਸੋਸ਼ਲ ਮੀਡੀਆ ਉੱਤੇ ਸਮਾਜਿਕ ਕਾਰਕੁਨ, ਨੌਜਵਾਨ ਆਗੂ ਵਜੋਂ ਵੀ ਪਛਾਣ ਹੈ। ਲੱਖਾ ਸਿਧਾਣਾ ਮੁਤਾਬਕ ਉਹ ਵਿਦਿਆਰਥੀ ਆਗੂ ਵਜੋਂ ਛੋਟੇ ਝਗੜਿਆਂ ਵਿੱਚ ਸ਼ਾਮਲ ਸਨ, ਪਰ ਬਾਅਦ ਵਿੱਚ ਗੈਂਗਸਟਰ ਬਣ ਗਏ ਸਨ। ਲੱਖਾ ਸਿਧਾਣਾ ਉੱਤੇ ਕਿਸਾਨ ਅੰਦੋਲਨ ਦੌਰਾਨ ਜਨਵਰੀ 2021 ਵਿੱਚ ਕਿਸਾਨਾਂ ਨੂੰ ਭੜਕਾ ਕੇ ਲਾਲ ਕਿਲ੍ਹੇ ਉੱਤੇ ਲੈ ਕੇ ਜਾਣ ਦਾ ਇਲਜ਼ਾਮ ਲੱਗਾ ਸੀ। ਉਨ੍ਹਾਂ 'ਤੇ ਕੇਸ ਵੀ ਦਰਜ ਹੋਇਆ ਸੀ। ਇਸ ਤੋਂ ਪਹਿਲਾਂ ਲੱਖਾਂ ਸਿਧਾਣਾ ਪੀਪਲਜ਼ ਪਾਰਟੀ ਆਫ ਪੰਜਾਬ ਵੱਲੋਂ ਵੀ ਸਾਲ 2012 ਵਿੱਚ ਚੋਣਾਂ ਲੜ ਚੁੱਕੇ ਹਨ ਪਰ ਕੋਈ ਖ਼ਾਸ ਮਾਅਰਕਾ ਨਹੀਂ ਮਾਰ ਸਕੇ ਸਨ। ਲੱਖਾ ਸਿਧਾਣਾ ਕਿਸਾਨ ਜਥੇਬੰਦੀਆਂ ਦੇ ਸਮਰਥਨ ਨਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਮੌੜ ਹਲਕੇ ਤੋਂ ਚੋਣ ਵੀ ਲੜ ਚੁੱਕੇ ਹਨ, ਪਰ ਉਹ ਹਾਰ ਗਏ ਸਨ।

ਦੂਜੇ ਪਾਸੇ ਅਕਾਲੀ ਦਲ ਅੰਮ੍ਰਿਤਸਰ ਵਲੋਂ ਉਮੀਦਵਾਰ ਸਾਬਕਾ ਪੁਲਿਸ ਇੰਸਪੈਕਟਰ ਭੁਪਿੰਦਰ ਸਿੰਘ ਭੁੱਲਰ ਦਾ ਪੁੱਤਰ ਜੈਪਾਲ ਭੁੱਲਰ ਪੰਜਾਬ ਪੁਲਿਸ ਲਈ ਕਿਸੇ ਸਮੇਂ 'ਮੋਸਟ ਵਾਂਟੇਡ' ਗੈਂਗਸਟਰ ਸੀ। ਜੈਪਾਲ ਭੁੱਲਰ ਦੇ ਖ਼ਿਲਾਫ਼ ਪੰਜਾਬ ਹਰਿਆਣਾ ਅਤੇ ਰਾਜਸਥਾਨ ਵਿੱਚ 40 ਤੋਂ ਵੱਧ ਅਪਰਾਧਕ ਮਾਮਲੇ ਦਰਜ ਸਨ। ਜੈਪਾਲ ਭੁੱਲਰ ਦੀ ਮੌਤ ਜੂਨ 2021 ਦੌਰਾਨ ਕਲਕੱਤਾ ਵਿੱਚ ਇੱਕ ਕਥਿਤ ਪੁਲਿਸ ਮੁਕਾਬਲੇ ਵਿੱਚ ਹੋਈ ਸੀ। ਦੋ ਪੁਲਿਸ ਮੁਲਾਜ਼ਮਾਂ ਦੇ ਕਤਲ ਦੇ ਮਾਮਲੇ ਵਿੱਚ ਜੈਪਾਲ ਭੁੱਲਰ ਅਤੇ ਉਸ ਦੇ ਸਾਥੀਆਂ ਨੂੰ ਨਾਮਜ਼ਦ ਕੀਤਾ ਗਿਆ ਸੀ।

## ਸਾਬਕਾ ਗੈਂਗਸਟਰ ਹੁਣ ਤਕ ਰਾਜਨੀਤੀ ਵਿਚ ਸਫਲ ਨਾ ਹੋਏ

ਲੱਖਾ ਸਿਧਾਣਾ ਅਤੇ ਜੈਪਾਲ ਭੁੱਲਰ ਦੇ ਪਿਤਾ ਤੋਂ ਪਹਿਲਾਂ ਜਸਵਿੰਦਰ ਸਿੰਘ ਉਰਫ਼ ਰੌਕੀ ਫ਼ਾਜ਼ਿਲਕਾ ਨਾਮ ਦਾ ਕਥਿਤ ਗੈਂਗਸਟਰ ਵੀ ਦੋ ਵਾਰੀ ਆਜ਼ਾਦ ਉਮੀਦਵਾਰ ਵਜੋਂ ਵਿਧਾਨ ਸਭਾ ਚੋਣਾਂ ਵਿਚ ਉਮੀਦਵਾਰ ਸਨ।

ਰੌਕੀ ਫ਼ਾਜ਼ਿਲਕਾ ਨੇ ਫ਼ਿਰੋਜ਼ਪੁਰ ਲੋਕ ਸਭਾ ਹਲਕੇ ਵਿੱਚ ਪੈਂਦੇ ਫ਼ਾਜ਼ਿਲਕਾ ਤੋਂ ਸਾਲ 2012 ਵਿਚ ਚੋਣ ਲੜੀ ਸੀ। ਇਨ੍ਹਾਂ ਚੋਣਾਂ ਵਿੱਚ ਰੌਕੀ ਨੂੰ 39,209 ਵੋਟਾਂ ਪਈਆਂ ਸਨ, ਉਹ 1600 ਵੋਟਾਂ ਦੇ ਫ਼ਰਕ ਨਾਲ ਭਾਜਪਾ ਦੇ ਉਮੀਦਵਾਰ ਸੁਰਜੀਤ ਜਿਆਣੀ ਤੋਂ ਹਾਰ ਗਏ ਸਨ। ਰੌਕੀ ਦੀਆਂ ਸਾਬਕਾ ਕੇਂਦਰੀ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਅਤੇ ਸੁਖਬੀਰ ਸਿੰਘ ਬਾਦਲ ਨਾਲ ਵੀ ਤਸਵੀਰਾਂ ਨਸ਼ਰ ਹੋਈਆਂ ਸਨ।

ਰੌਕੀ ਫ਼ਾਜ਼ਿਕਲਾ ਦਾ ਹਿਮਾਚਲ ਦੇ ਪ੍ਰਵਾਣੂ ਵਿੱਚ ਸਾਲ 2016 ਵਿੱਚ ਕਤਲ ਹੋ ਗਿਆ ਸੀ, ਇਸ ਕਤਲ ਦਾ ਇਲਜ਼ਾਮ ਜੈਪਾਲ ਭੁੱਲਰ ਉੱਤੇ ਲੱਗਾ ਸੀ। ਰੌਕੀ ਫਾਜਿਲਕਾ ਦੇ ਕਤਲ ਮਗਰੋਂ 2017 ਦੀਆਂ ਅਸੈਂਬਲੀ ਚੋਣਾਂ ਵਿੱਚ ਜਸਵਿੰਦਰ ਸਿੰਘ ਰੌਕੀ ਦੀ ਭੈਣ ਰਾਜਦੀਪ ਕੌਰ ਨੇ ਵੀ ਅਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ।

ਜੇਤੂ ਕਾਂਗਰਸੀ ਉਮੀਦਵਾਰ ਦਵਿੰਦਰ ਸਿੰਘ ਘੁਬਾਇਆ ਨੂੰ 39, 276 ਵੋਟਾਂ ਪਈਆਂ ਸਨ, ਸਾਬਕਾ ਕੈਬਨਿਟ ਮੰਤਰੀ ਸੁਰਜੀਤ ਜਿਆਣੀ ਨੂੰ 39,011 ਵੋਟਾਂ ਅਤੇ ਜਸਵਿੰਦਰ ਸਿੰਘ ਰੌਕੀ ਦੀ ਭੈਣ ਨੂੰ 38,135 ਵੋਟਾਂ ਪਈਆਂ ਸਨ। 2018 ਵਿੱਚ ਰਾਜਦੀਪ ਕੌਰ ਸ਼੍ਰੋਮਣੀ ਅਕਾਲੀ ਵਿੱਚ ਸ਼ਾਮਲ ਹੋਏ ਅਤੇ 2019 ਵਿੱਚ ਦੇ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ।

ਚੋਣਾਂ ਨੂੰ ਲੈ ਕੇ ਪਰਭਜਿੰਦਰ ਸਿੰਘ ਬਰਾੜ ਉਰਫ ਡਿੰਪੀ ਚੰਦਭਾਨ ਫਰੀਦਕੋਟ ਜ਼ਿਲ੍ਹੇ ਦੇ ਕੋਟਕਪੂਰਾ ਦਾ ਨਾਮ ਚਰਚਾ ਵਿੱਚ ਰਿਹਾ ਹੈ।

ਡਿੰਪੀ ਚੰਦਭਾਨ ਨੂੰ 1991 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਮਾਨ ਦਲ ਦੇ ਉਮੀਦਵਾਰ ਵਜੋਂ ਟਿਕਟ ਮਿਲ ਗਈ ਸੀ, ਜਦੋਂ ਅਕਾਲੀ ਦਲ ਦੇ ਸਾਰੇ ਧੜ੍ਹਿਆਂ ਨੇ ਚੋਣਾਂ ਦਾ ਬਾਈਕਾਟ ਕਰ ਦਿੱਤਾ ਸੀ। ਉਹ ਚੋਣਾਂ ਮੁਲਤਵੀ ਹੋ ਗਈਆਂ ਸਨ।

2007 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਦਾ ਕਤਲ ਹੋ ਗਿਆ ਸੀ। ਇਸ ਕੇਸ ਵਿੱਚ ਪਹਿਲਾਂ ਰੌਕੀ ਨੂੰ ਮੁਲਜ਼ਮ ਵਜੋਂ ਸ਼ਾਮਲ ਕੀਤਾ ਗਿਆ ਸੀ ਪਰ ਉਹ ਬਰੀ ਹੋ ਗਿਆ ਸੀ।

ਡਿੰਪੀ ਚੰਦਭਾਨ ਅਕਾਲੀ ਦਲ (ਅੰਮ੍ਰਿਤਸਰ) ਦਾ ਹਿੱਸਾ ਰਿਹਾ ਸੀ, ਉਸ ਦੀਆਂ ਯੂਪੀ ਦੇ ਗੈਂਗਸਟਰ ਮੁਖ਼ਤਾਰ ਅੰਸਾਰੀ ਨਾਲ ਵੀ ਤਸਵੀਰਾਂ ਹਨ।

ਸਿਆਸਤ ਵਿੱਚ ਐਕਟਿਵ ਰਹੇ ਹੋਰ ਕਥਿਤ ਗੈਂਗਸਟਰਾਂ ਵਿੱਚ ਕੁਲਬੀਰ ਨਰੂਆਣਾ, ਬਲਜੀਤ ਰੰਗੀ ਰਾਇਕੋਟ ਅਤੇ ਕਾਲਾ ਧਨੌਲਾ ਦਾ ਵੀ ਨਾਮ ਆਉਂਦਾ ਹੈ।

ਬਠਿੰਡਾ ਦੇ ਨਰੂਆਣਾ ਪਿੰਡ ਦਾ ਕੁਲਬੀਰ ਨਰੂਆਣਾ ਇੱਕ ਕਬੱਡੀ ਖਿਡਾਰੀ ਸੀ, ਕਈ ਅਪਰਾਧਕ ਕੇਸਾਂ ਵਿੱਚ ਜੇਲ੍ਹ ਵਿੱਚ ਰਹਿਣ ਤੋਂ ਬਾਅਦ ਕੁਲਬੀਰ ਜੇਲ੍ਹ ਤੋਂ ਬਾਹਰ ਆ ਗਿਆ ਸੀ ਅਤੇ ਉਸ ਦੀ ਇਮੇਜ ਇੱਕ ਸਮਾਜਿਕ ਕਾਰਕੁਨ ਵਜੋਂ ਬਣਨੀ ਸ਼ੁਰੂ ਹੋ ਗਈ।

ਕੁਲਬੀਰ ਨਰੂਆਣਾ ਦੀਆਂ ਕਈ ਸਿਆਸੀ ਸ਼ਖ਼ਸੀਅਤਾਂ ਨਾਲ ਤਸਵੀਰਾਂ ਵੀ ਵਾਇਰਲ ਹੋਈਆਂ ਸਨ, ਉਹ ਇੱਕ ਰੈਲੀ ਵਿੱਚ ਲੱਖਾ ਸਿਧਾਣਾ ਨਾਲ ਵੀ ਦੇਖੇ ਗਏ ਸਨ। ਕੁਲਬੀਰ ਨਰੂਆਣਾ ਰੌਕੀ ਫ਼ਾਜ਼ਿਲਕਾ ਦਾ ਵੀ ਹਮਾਇਤੀ ਸੀ। ਕੁਲਬੀਰ ਨਰੂਆਣਾ ਦਾ ਜੁਲਾਈ 2021 ਵਿੱਚ ਕਤਲ ਹੋ ਗਿਆ ਸੀ।

ਇਸੇ ਤਰ੍ਹਾਂ ਰਾਏਕੋਟ ਦਾ ਬਲਜੀਤ ਰੰਗੀ ਵੀ ਆਪਣੇ ਇਲਾਕੇ ਵਿੱਚ ਸਿਆਸਤ ਵਿੱਚ ਐਕਟਿਵ ਰਿਹਾ ਹੈ ਅਤੇ ਹੁਣ ਸਮਾਜਿਕ ਗਤੀਵਿਧੀਆਂ ਵਿੱਚ ਵੀ ਉਨ੍ਹਾਂ ਵੱਲੋਂ ਹਿੱਸਾ ਲਿਆ ਜਾਂਦਾ ਹੈ।

'ਵੀਰ ਚੱਕਰ' ਜੇਤੂ ਰਹੇ ਸੱਜਣ ਸਿੰਘ ਮਾਨ ਦਾ ਪੋਤਾ ਗੁਰਮੀਤ ਸਿੰਘ ਮਾਨ ਉਰਫ਼ ਕਾਲਾ ਧਨੌਲਾ ਵੀ ਆਪਣੇ ਇਲਾਕੇ ਧਨੌਲਾ, ਬਰਨਾਲਾ ਅਤੇ ਸੰਗਰੂਰ ਵਿੱਚ ਸਿਆਸਤ ਵਿੱਚ ਸਰਗਰਮ ਰਿਹਾ ਸੀ। ਕਾਲਾ ਧਨੌਲਾ ਦੀ ਬੀਤੀ ਫਰਵਰੀ 2024 ਦੀ ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨਾਲ ਕਥਿਤ ਪੁਲਿਸ ਮੁਕਾਬਲੇ ਵਿੱਚ ਮੌਤ ਹੋ ਗਈ ਸੀ। ਮੀਡੀਆ ਦੀ ਰਿਪੋਰਟ ਮੁਤਾਬਕ ਕਾਲਾ ਧਨੌਲਾ ਨੇ 2012 ਵਿੱਚ ਜਨਤਾ ਦੇ ਮਸਲੇ ਸੁਲਝਾਉਣ ਲਈ ਦਰਬਾਰ ਲਗਾਉਣੇ ਸ਼ੁਰੂ ਕਰ ਦਿੱਤੇ ਸਨ। ਉਸ ਉੱਤੇ ਕਈ ਅਪਰਾਧਕ ਮਾਮਲੇ ਦਰਜ ਹੋਏ ਸਨ। 2015 ਵਿੱਚ ਕਾਲਾ ਧਨੌਲਾ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੇ ਧਨੌਲਾ ਨਗਰ ਕੌਂਸਲ ਦੀਆਂ ਚੋਣਾਂ ਜਿੱਤੀਆਂ ਸਨ, ਉਸ ਵੇਲੇ ਕਾਲਾ ਧਨੌਲਾ ਜੇਲ੍ਹ ਵਿੱਚ ਸੀ।

ਪੰਜਾਬ ਵਿੱਚ ਕਥਿਤ ਗੈਂਗਸਟਰ ਦੱਸੇ ਜਾਂਦੇ ਲੋਕਾਂ ਦੇ ਚੋਣਾਂ ਲੜਨ ਬਾਰੇ ਸੀਨੀਅਰ ਪੱਤਰਕਾਰ ਜਸਪਾਲ ਸਿੰਘ ਸਿੱਧੂ ਕਹਿੰਦੇ ਹਨ ਕਿ ਪੰਜਾਬ ਵਿੱਚ ਇਸ ਦੀ ਲੋਕਾਂ ਵਿੱਚ ਜ਼ਿਆਦਾ ਪ੍ਰਵਾਨਗੀ ਨਹੀਂ ਹੈ। ਉਹ ਕਹਿੰਦੇ ਹਨ, "ਯੂਪੀ ਅਤੇ ਬਿਹਾਰ ਵਿੱਚ ਕਥਿਤ ਗੈਂਗਸਟਰ ਜਿੱਤ ਵੀ ਜਾਂਦੇ ਹਨ ਪਰ ਪੰਜਾਬ ਵਿੱਚ ਨਹੀਂ ਇੱਥੇ ਇਹ ਆਪਣੇ ਬਚਾਅ ਲਈ ਚੋਣਾਂ ਵੱਲ ਰੁਖ਼ ਕਰਦੇ ਰਹੇ ਹਨ। ਸਿੱਧੂ ਨੇ ਕਿਹਾ ਕਿ ਪੰਜਾਬ ਵਿੱਚ ਉਸ ਕਿਸਮ ਦੇ ਹੀਰੋਇਜ਼ਮ ਨੂੰ ਲੋਕਾਂ ਵੱਲੋਂ ਪਸੰਦ ਨਹੀਂ ਕੀਤਾ ਜਾਂਦਾ ਰਿਹਾ।

*********

## ਪੰਜਾਬ ਵਿੱਚ ਹੁਣ ਕਿਹੜੇ ਗੈਂਗਸਟਰ ਸਰਗਰਮ

ਆਪ ਸਰਕਾਰ ਦਾਅਵਾ ਕਰਦੀ ਹੈ ਕਿ ਉਹ ਗੈਂਗਸਟਰ ਦੀਆਂ ਗਤੀਵਿਧੀਆਂ ਨੂੰ ਰੋਕਣ ਵਿੱਚ ਕਾਮਯਾਬ ਰਹੀ ਹੈ। ਪਰ ਤਾਜ਼ਾ ਘਟਨਾਵਾਂ ਤੋਂ ਇਹ ਗੱਲ ਉੱਭਰ ਕੇ ਸਾਹਮਣੇ ਆਈ ਹੈ ਕਿ ਗੈਂਗਸਟਰ ਕਾਫ਼ੀ ਸਰਗਰਮ ਹਨ। ਪੰਜਾਬੀ ਦੇ ਕੌਮਾਂਤਰੀ ਪੱਧਰ ਦੇ ਪੌਪ ਸਟਾਰ ਸਿੱਧੂ ਮੂਸੇਵਾਲਾ ਨੂੰ 29 ਮਈ 2022 ਦੌਰਾਨ ਮਾਨਸਾ ਜ਼ਿਲ੍ਹੇ ਦੇ ਜਵਾਹਰਕੇ ਪਿੰਡ ਵਿੱਚ ਕੁਝ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ ।ਪਰ ਉਸ ਦੇ ਪ੍ਰਮੁੱਖ ਕਾਤਲ ਅਜੇ ਤੱਕ ਗ੍ਰਿਫਤਾਰ ਨਹੀਂ ਹੋਏ।

ਬੀਤੇ ਸਮੇਂ ਦੌਰਾਨ ਕਬੱਡੀ ਖਿਡਾਰੀ ਨੰਗਲ ਅੰਬੀਆਂ ਅਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੀਆਂ ਘਟਨਾਵਾਂ ਨੇ ਪੰਜਾਬ ਦੇ ਸਮੁੱਚੇ ਮਾਹੌਲ ਨੂੰ ਗਮਗੀਨ ਕੀਤਾ ਸੀ। ਪੁਲਿਸ ਅਧਿਕਾਰੀਆਂ ਮੁਤਾਬਕ ਪੰਜਾਬ ਵਿੱਚ ਕੁੱਲ 40 ਦੇ ਕਰੀਬ ਗਿਰੋਹ ਹਨ, ਜਿਨ੍ਹਾਂ ਵਿੱਚੋਂ 7-8 ਗਿਰੋਹ ਕਾਫੀ ਸਰਗਰਮ ਹਨ ਅਤੇ 3-4 ਅਜਿਹੇ ਹਨ ਜੋ ਸਭ ਤੋਂ ਵੱਧ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਹਨ।

ਪੁਲਿਸ ਸੂਤਰਾਂ ਅਨੁਸਾਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਇਹ ਸਭ ਤੋਂ ਵੱਧ ਸਰਗਰਮ ਗਿਰੋਹਾਂ ਵਿੱਚੋਂ ਇੱਕ ਹੈ। ਪੁਲਿਸ ਅਨੁਸਾਰ ਗੋਲਡੀ ਬਰਾੜ ਕੈਨੇਡਾ ਵਿੱਚ ਰਹਿੰਦਾ ਹੈ ਅਤੇ ਉਹ ਉੱਥੋਂ ਗੈਂਗ ਚਲਾ ਰਿਹਾ ਹੈ ਜਦਕਿ ਲਾਰੈਂਸ ਜੇਲ੍ਹ ਵਿੱਚ ਹੈ। ਪੁਲਿਸ ਨੂੰ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ 'ਤੇ ਸ਼ੱਕ ਹੈ। ਬਿਸ਼ਨੋਈ ਗੈਂਗ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਵਿੱਚ ਕੰਮ ਕਰਦਾ ਹੈ।"

ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਸਾਥੀ ਗੋਲਡੀ ਬਰਾੜ ਨੇ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਵੀ ਲਈ ਸੀ। ਦੋ ਪੁਰਾਣੇ ਮਾਮਲਿਆਂ ਵਿੱਚ ਇੰਟਰਪੋਲ ਵੱਲੋਂ ਗੋਲਡੀ ਬਰਾੜ ਦੇ ਖਿਲਾਫ਼ ਰੈੱਡ ਕਾਰਨਰ ਨੋਟਿਸ ਵੀ ਜਾਰੀ ਕੀਤਾ ਜਾ ਚੁਕਾ ਹੈ। ਬੰਬੀਹਾ ਗੈਂਗ ਦਾ ਨਾਂ ਮ੍ਰਿਤਕ ਗੈਂਗਸਟਰ ਦਵਿੰਦਰ ਬੰਬੀਹਾ ਦੇ ਨਾਂ 'ਤੇ ਰੱਖਿਆ ਗਿਆ ਸੀ ਜੋ 2016 ਵਿਚ ਪੁਲਿਸ ਮੁਕਾਬਲੇ ਵਿਚ ਮਾਰਿਆ ਗਿਆ ਸੀ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਗਿਰੋਹ ਲਾਰੈਂਸ ਬਿਸ਼ਨੋਈ ਗੈਂਗ ਦਾ ਵਿਰੋਧੀ ਹੈ। ਪੁਲਿਸ ਸੂਤਰਾਂ ਦਾ ਕਹਿਣਾ ਹੈ ਕਿ ਇਸ ਗਿਰੋਹ ਦੀ ਅਗਵਾਈ ਇਸ ਸਮੇਂ ਲੱਕੀ ਪਟਿਆਲ ਕਰ ਰਿਹਾ ਹੈ ਅਤੇ "ਜਦੋਂ ਅਸੀਂ ਆਖ਼ਰੀ ਵਾਰ ਸੁਣਿਆ ਸੀ ਕਿ ਉਹ ਅਰਮੇਨੀਆ ਵਿੱਚ ਸੀ।"

ਉਸ ਦੇ ਸਹਿਯੋਗੀ ਸੁਖਪ੍ਰੀਤ ਸਿੰਘ ਬੁੱਢਾ ਨੂੰ ਅਰਮੇਨੀਆ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ ਅਤੇ ਨਵੰਬਰ 2019 ਵਿੱਚ ਪੰਜਾਬ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਪੁਲਿਸ ਦਾ ਇਲਜ਼ਾਮ ਹੈ ਕਿ ਸੁਖਪ੍ਰੀਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਪੰਜਾਬੀ ਸੰਗੀਤ ਅਤੇ ਫ਼ਿਲਮ ਇੰਡਸਟਰੀ ਵਿੱਚ ਡਰ ਅਤੇ ਦਹਿਸ਼ਤ ਫੈਲਾਈ ਸੀ।

# ਫਿਰੋਜ਼ਪੁਰ ਵਿਖੇ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਹੋਈ

**✪ ਪਿਓ ਦੇ ਸਾਹਮਣੇ ਹੀ ਵੱਢ ’ਤਾ ਬੇਅਦਬੀ ਦਾ ਦੋਸ਼ੀ, ਸੋਧਣ ਵਾਲਿਆਂ ’ਤੇ ਮਾਮਲਾ ਦਰਜ ✪ ਸ਼੍ਰੋਮਣੀ ਕਮੇਟੀ ਨੇ ਬੇਅਦਬੀ ਘਟਨਾ ਦੀ ਰਿਪੋਰਟ ਜਥੇਦਾਰ ਰਘਬੀਰ ਸਿੰਘ ਨੂੰ ਭੇਜੀ ✪ ਅਕਾਲ ਤਖਤ ਤੇ ਸ੍ਰੋਮਣੀ ਕਮੇਟੀ ਨੇ ਬੇਅਦਬੀ ਲਈ ਸਰਕਾਰ ਦੀ ਢਿਲ ਨੂੰ ਦੋਸ਼ੀ ਠਹਿਰਾਇਆ**







ਫਿਰੋਜ਼ਪੁਰ-ਬੀਤੇ ਦਿਨੀਂ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਦੇ ਗੁਰਦੁਆਰਾ ਬਾਬਾ ਬੀਰ ਸਿੰਘ ਵਿਖੇ ਕਥਿਤ ਬੇਅਦਬੀ ਦੀ ਘਟਨਾ ਤੋਂ ਬਾਅਦ ਦੋਸ਼ੀ 19 ਸਾਲਾ ਬਖਸੀਸ਼ ਸਿੰਘ ਦੀ ਕਥਿਤ ਤੌਰ ’ਤੇ ਬੁਰੀ ਤਰ੍ਹਾਂ ਨਾਲ ਕੁੱਟਮਾਰ ਕੀਤੇ ਜਾਣ ਮਗਰੋਂ ਮੌਤ ਹੋ ਗਈ। ਬੇਅਦਬੀ ਦੇ ਮਾਮਲੇ ਵਿੱਚ ਪੁਲਿਸ ਨੇ ਕਥਿਤ ਦੋਸ਼ੀ ਬਖਸ਼ੀਸ਼ ਸਿੰਘ ਉੱਤੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਇਲਜ਼ਾਮਾਂ ਤਹਿਤ ਪਰਚਾ ਦਰਜ ਕੀਤਾ ਸੀ। ਇਸ ਘਟਨਾ ਵਿਚ ਮਾਰੇ ਗਏ ਬਖਸ਼ੀਸ਼ ਦੇ ਕਤਲ ਦੇ ਦੋਸ਼ ਵਿਚ ਫਿਰੋਜ਼ਪੁਰ ਪੁਲਸ ਨੇ ਉਸ ਦੇ ਪਿਤਾ ਲਖਵਿੰਦਰ ਵਲੋਂ ਦਿੱਤੇ ਬਿਆਨਾਂ ਦੇ ਆਧਾਰ ’ਤੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਸਿਵਲ ਹਸਪਤਾਲ ਫਿਰੋਜ਼ਪੁਰ ਵਿਚ ਮ੍ਰਿਤਕ ਬਖਸ਼ੀਸ਼ ਦੇ ਪਿਤਾ ਲਖਵਿੰਦਰ ਤੇ ਮਾਂ ਨੇ ਦੱਸਿਆ ਕਿ ਉਨ੍ਹਾਂ ਦਾ ਇਕਲੌਤਾ ਮੁੰਡਾ ਮਾਨਸਿਕ ਤੌਰ ’ਤੇ ਬੀਮਾਰ ਸੀ ਤੇ ਉਸ ਦਾ ਪਿਛਲੇ 2 ਸਾਲਾਂ ਤੋਂ ਫਰੀਦਕੋਟ ਦੇ ਹਸਪਤਾਲ ਵਿਚ ਇਲਾਜ ਚੱਲ ਰਿਹਾ ਸੀ। ਦੋਸ਼ੀ ਦੇ ਪਿਤਾ ਲਖਵਿੰਦਰ ਨੇ ਦੱਸਿਆ ਕਿ ਜਿਵੇਂ ਹੀ ਉਸ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਉਹ ਤੁਰੰਤ ਬਖਸ਼ੀਸ਼ ਦੇ ਇਲਾਜ ਵਾਲੀਆਂ ਪਰਚੀਆਂ ਲੈ ਕੇ ਉਥੇ ਗਿਆ ਤੇ ਉਸ ਨੇ ਭੀੜ ਵਿਚ ਮੌਜੂਦ ਸਾਰੇ ਲੋਕਾਂ ਨੂੰ ਪਰਚੀਆਂ ਦਿਖਾ ਕੇ ਉਨ੍ਹਾਂ ਦੀਆਂ ਮਿੰਨਤਾਂ ਕੀਤੀਆਂ ਪਰ ਕਿਸੇ ਨੇ ਉਸ ਦੀ ਗੱਲ ਨਹੀਂ ਸੁਣੀ ਤੇ ਉਸ ਦੇ ਸਾਹਮਣੇ ਉਸ ਦੇ ਪੁੱਤਰ ਨੂੰ ਬੇਰਹਿਮੀ ਨਾਲ ਤਲਵਾਰਾਂ ਨਾਲ ਵੱਢ ਦਿਤਾ। ਉਨ੍ਹਾਂ ਨੇ ਕਿਹਾ ਕਿ ਜੇਕਰ ਉਨ੍ਹਾਂ ਦੇ ਪੁੱਤਰ ਨੇ ਗੁਨਾਹ ਕੀਤਾ ਸੀ ਤਾਂ ਉਸ ਨੂੰ ਪੁਲਿਸ ਨੂੰ ਫੜਾ ਦੇਣਾ ਚਾਹੀਦਾ ਸੀ।

ਦੂਜੇ ਪਾਸੇ ਸਿਖ ਸੰਗਤਾਂ ਦਾ ਕਹਿਣਾ ਹੈ ਕਿ ਪਾਗਲਾਂ ਤੇ ਮਾਨਸਿਕ ਰੋਗੀਆਂ ਨੂੰ ਗੁਰੂ ਦੀ ਬੇਅਦਬੀ ਕਿਉਂ ਸੁਝਦੀ ਹੈ। ਪੁਲੀਸ ਨੂੰ ਦੋਸ਼ੀ ਦੇ ਘਰਦਿਆਂ ਦੀ ਵੀ ਜਾਂਚ ਕਰਨੀ ਚਾਹੀਦੀ ਹੈ ਕਿ ਇਸ ਪਿਛੇ ਇਸ ਦੇ ਘਰਦਿਆਂ ਦਾ ਹੱਥ ਤਾਂ ਨਹੀਂ। ਪਿੰਡ ਵਾਸੀਆਂ ਨੇ ਦਾਅਵਾ ਕੀਤਾ ਕਿ ਜਦੋਂ ਉਨ੍ਹਾਂ ਨੇ ਨੌਜਵਾਨ ਨੂੰ ਪੁਲਿਸ ਹਵਾਲੇ ਕੀਤਾ ਤਾਂ ਉਹ ਜ਼ਿੰਦਾ ਸੀ। ਸਾਨੂੰ ਨਹੀਂ ਪਤਾ ਕਿ ਬਾਅਦ ਵਿਚ ਉਸ ਨਾਲ ਕੀ ਹੋਇਆ।

ਫ਼ਿਰੋਜ਼ਪੁਰ ਦੇ ਡੀਐੱਸਪੀ ਸੁਖਵਿੰਦਰ ਸਿੰਘ ਮੁਤਾਬਕ ਅਸੀਂ ਬੇਅਦਬੀ ਦੇ ਮੁਲਜ਼ਮ ਖ਼ਿਲਾਫ਼ ਐਫਆਈਆਰ ਦਰਜ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮ ਬਖਸ਼ੀਸ਼ ਦੀ ਹਸਪਤਾਲ ਵਿੱਚ ਮੌਤ ਹੋਈ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਪੰਜਾਬ ਦੇ ਪ੍ਰਧਾਨ ਲਖਵੀਰ ਸਿੰਘ ਮਹਾਲਮ ਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਰਕਾਰ ਤੇ ਪੁਲਸ ਵਲੋਂ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਅਜਿਹੀਆਂ ਬੇਅਦਬੀ ਦੀਆਂ ਘਟਨਾਵਾਂ ਵਾਰ-ਵਾਰ ਵਾਪਰ ਰਹੀਆਂ ਹਨ।

### ਕੀ ਕਹਿੰਦੇ ਹਨ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸ੍ਰੋਮਣੀ ਕਮੇਟੀ

ਫ਼ਿਰੋਜ਼ਪੁਰ ਦੇ ਪਿੰਡ ਬੰਡਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਵਾਪਰੀ ਘਟਨਾ ਲਈ ਬਣਾਈ ਕਮੇਟੀ ਨੇ ਘਟਨਾ ਸਥਾਨ ਦਾ ਦੌਰਾ ਕਰਕੇ ਰਿਪੋਰਟ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜ ਦਿੱਤੀ ਹੈ। ਜਥੇਦਾਰ ਰਘਬੀਰ ਸਿੰਘ ਇਸ ਦਾ ਅਧਿਐਨ ਕਰਨ ਤੋਂ ਬਾਅਦ ਹੀ ਕੋਈ ਅਗਲੀ ਕਾਰਵਾਈ ਕਰਨਗੇ।

ਦੂਜੇ ਪਾਸੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਅਜਿਹੀਆਂ ਘਟਨਾਵਾਂ ਨੂੰ ਵੱਡੀ ਸਾਜ਼ਿਸ਼ ਦਾ ਹਿੱਸਾ ਕਰਾਰ ਦਿੱਤਾ ਹੈ। ਉਨ੍ਹਾਂ ਸੰਗਤਾਂ ਤੇ ਪ੍ਰਬੰਧਕਾਂ ਨੂੰ ਗੁਰਦੁਆਰਾ ਸਾਹਿਬਾਨ ਵਿਖੇ ਸੀਸੀਟੀਵੀ ਕੈਮਰਿਆਂ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਲਈ ਹਰ ਸਮੇਂ ਸੇਵਾਦਾਰਾਂ ਦੀ ਹਾਜ਼ਰੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਵੀ ਚੇਤਾਵਨੀ ਹੈ ਕਿ ਬੇਅਦਬੀ ਦੇ ਦੋਸ਼ੀ ਦੀ ਮੌਤ ਨੂੰ ਲੈ ਕੇ ਸੰਗਤ ਜਾਂ ਕਿਸੇ ਵੀ ਸਿੱਖ ਨੂੰ ਤੰਗ-ਪ੍ਰੇਸ਼ਾਨ ਕਰਨ ਦੀ ਬਜਾਇ ਜਲਦ ਤੋਂ ਜਲਦ ਇਹ ਸੱਚਾਈ ਸੰਗਤ ਦੇ ਸਾਹਮਣੇ ਲਿਆਂਦੀ ਜਾਵੇ ਕਿ ਉਕਤ ਬੇਅਦਬੀ ਦੇ ਦੋਸ਼ੀ ਨੂੰ ਕਿਸ ਨੇ ਅਤੇ ਕਿਸ ਸਾਜਿਸ਼ ਤਹਿਤ ਭੇਜਿਆ।”

## ਬੇਅਦਬੀ ਦੇ ਖਿਲਾਫ ਸਖਤ ਕਾਨੂੰਨ ਨੂੰ ਕੇਂਦਰ ਨੇ ਨਹੀਂ ਦਿੱਤੀ ਮਨਜ਼ੂਰੀ

ਬੇਅਦਬੀ ਦੇ ਖਿਲਾ਼ਫ਼ ਸਖਤ ਕਾਨੂੰਨ ਦੇ ਲਈ ਤਤਕਾਲੀ ਬਾਦਲ ਸਰਕਾਰ ਨੇ ਆਈਪੀਸੀ ਵਿੱਚ ਬਦਲਾਅ ਕਰਕੇ ਉਮਰ ਕੈਦ ਦੀ ਸਜ਼ਾ ਰੱਖੀ ਸੀ। ਪਰ ਕੇਂਦਰ ਸਰਕਾਰ ਨੇ ਇਸ ਨੂੰ ਮਨਜ਼ੂਰ ਨਹੀਂ ਕੀਤੀ, ਕਿਉਂਕਿ ਬੇਅਦਬੀ ਦੇ ਕਾਨੂੰਨ ਵਿੱਚ ਸਿਰਫ਼ ਸਿੱਖ ਧਰਮ ਦਾ ਹੀ ਜ਼ਿਕਰ ਸੀ। ਇਸ ਤੋਂ ਬਾਅਦ ਤਤਕਾਲੀ ਕੈਪਟਨ ਸਰਕਾਰ ਨੇ ਇਸ ਵਿੱਚ ਸਾਰੇ ਧਰਮਾਂ ਨੂੰ ਸ਼ਾਮਲ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਪਰ ਹੁਣ ਤੱਕ ਇਸ ਨੂੰ ਮੋਦੀ ਸਰਕਾਰ ਨੇ ਮਨਜ਼ੂਰੀ ਨਹੀਂ ਦਿੱਤੀ ਹੈ। ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵੀ ਇਸ ਨੂੰ ਪਾਸ ਕਰਨ ਦੀ ਮੰਗ ਕਰ ਚੁੱਕੇ ਹਨ।

# ਪੰਜਾਬ ਵਿੱਚ ਬੇਅਦਬੀ ਦੀਆਂ ਘਟਨਾਵਾਂ

18 ਦਸੰਬਰ 2021 - ਹਰਿਮੰਦਰ ਸਾਹਿਬ ਵਿੱਚ ਰਹਿਰਾਸ ਸਾਹਿਬ ਦੇ ਪਾਠ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼ ਕਰਨ ਵਾਲੇ ਸ਼ਖਸ ਦੀ ਕੁਝ ਸੰਗਤਾਂ ਵੱਲੋਂ ਕੁੱਟਮਾਰ ਕੀਤੀ ਗਈ ਸੀ, ਪੁਲਿਸ ਨੇ ਮੁਲਜ਼ਮ ਦੀ ਮੌਤ ਦੀ ਪੁਸ਼ਟੀ ਕੀਤੀ ਸੀ। ਅਕਾਲ ਤਖਤ ਦੇ ਜਥੇਦਾਰ ਅਤੇ ਐੱਸਜੀਪੀਸੀ ਨੇ ਇਸ ਘਟਨਾ ਪਿੱਛੇ ਬਹੁਤ ਵੱਡੀ ਸਾਜ਼ਿਸ਼ ਅਤੇ ਸਿੱਖ ਕੌਮ ਉੱਪਰ ਹਮਲਾ ਕਰਾਰ ਦਿੱਤਾ ਸੀ।

19 ਦਸੰਬਰ 2021 - ਕਪੂਰਥਲਾ ਦੇ ਪਿੰਡ ਨਿਜ਼ਾਮਪੁਰ ਵਿੱਚ ਗੁਰਦੁਆਰਾ ਸਾਹਿਬ ਦੇ ਅੰਦਰ ਇੱਕ ਵਿਅਕਤੀ ’ਤੇ ਨਿਸ਼ਾਨ ਸਾਹਿਬ ਦੀ ਬੇਅਦਬੀ ਕਰਨ ਦੀ ਕੋਸ਼ਿਸ਼ ਦੇ ਇਲਜ਼ਾਮ ਲੱਗੇ ਸੀ ਜਿਨ੍ਹਾਂ ਦੀ ਪੁਲਿਸ ਨੇ ਪੁਸ਼ਟੀ ਨਹੀਂ ਕੀਤੀ ਸੀ। ਮੁਲਜ਼ਮ ਨੂੰ ਪਿੰਡ ਵਾਲਿਆਂ ਨੇ ਕਾਬੂ ਕਰਕੇ ਪੁਲਿਸ ਦੇ ਸਾਹਮਣੇ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।

15 ਅਕਤੂਬਰ 2021 ਨੂੰ ਸਿੰਘੂ ਬਾਰਡਰ ਉੱਤੇ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਬੈਠੇ ਕੁਝ ਨਿਹੰਗਾਂ ਨੇ ਤਰਨਤਾਰਨ ਜ਼ਿਲ੍ਹੇ ਨਾਲ ਸਬੰਧਤ ਲਖਬੀਰ ਸਿੰਘ ਨਾਮ ਦੇ ਵਿਅਕਤੀ ਨੂੰ ਕਤਲ ਕਰ ਦਿੱਤਾ ਸੀ।

13 ਸਤੰਬਰ 2021 - ਅਕਾਲ ਤਖਤ ਕੇਸਗੜ੍ਹ ਸਾਹਿਬ ਆਨੰਦਪੁਰ ਸਾਹਿਬ ਵਿਖੇ ਪਰਮਜੀਤ ਸਿੰਘ ਵਾਸੀ ਲੁਧਿਆਣਾ ਵੱਲੋਂ ਸਿਗਰਟ ਦਾ ਧੂੰਆ ਮਾਰ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਗਈ ਸੀ, ਜਿਸ ਨੂੰ ਟਾਸਕ ਫੋਰਸ ਨੇ ਕਾਬੂ ਕਰਕੇ ਪੁਲਿਸ ਹਵਾਲੇ ਕੀਤਾ ਸੀ।

26 ਜੁਲਾਈ 2016 ਨੂੰ 47 ਸਾਲਾ ਬਲਵਿੰਦਰ ਕੌਰ ਨੂੰ ਦਿਨ-ਦਿਹਾੜੇ ਦੋ ਮੋਟਰ ਸਾਈਕਲ ਸਵਾਰਾਂ ਨੇ ਕਤਲ ਕਰ ਦਿੱਤਾ। ਬਲਵਿੰਦਰ ਕੌਰ ਉੱਤੇ ਲੁਧਿਆਣਾ ਦੇ ਘਵੱਦੀ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਦਾ ਇਲਜ਼ਾਮ ਸੀ।

### ਬਰਗਾੜੀ ਬੇਅਦਬੀ ਤੇ ਬਹਿਬਲਕਲਾਂ-ਕੋਟਕਪੂਰਾ ਗੋਲੀਕਾਂਡ

1 ਜੂਨ 2015 ਨੂੰ ਗੁਰੂ ਗ੍ਰੰਥ ਸਾਹਿਬ ਦੀ ਬੀੜ ਕੋਟਕਪੂਰਾ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਲਾਪਤਾ ਹੋਈ ਸੀ।

25 ਸਤੰਬਰ 2015 ਨੂੰ ਬਰਗਾੜੀ ਦੇ ਗੁਰਦੁਆਰਾ ਸਾਹਿਬ ਦੇ ਕੋਲ ਪੋਸਟਰ ਲਗਾ ਕੇ ਮਾੜੀ ਭਾਸ਼ਾ ਵਰਤੀ ਗਈ। ਪੋਸਟਰਾਂ ਵਿੱਚ ਚੋਰੀ ਹੋਏ ਸਰੂਪਾਂ ਵਿੱਚ ਡੇਰਾ ਸਿਰਸਾ ਦਾ ਹੱਥ ਹੋਣ ਦਾ ਦਾਅਵਾ ਕੀਤਾ ਗਿਆ ਤੇ ਸਿੱਖ ਸੰਸਥਾਵਾਂ ਨੂੰ ਖੁੱਲੀ ਚੁਣੌਤੀ ਦਿੱਤੀ ਗਈ ਸੀ।

12 ਅਕਤੂਬਰ 2015 - ਗੁਰੂ ਗ੍ਰੰਥ ਸਾਹਿਬ ਦੇ ਅੰਗ ਫਰੀਦਕੋਟ ਦੇ ਬਰਗਾੜੀ ਪਿੰਡ ਵਿੱਚੋਂ ਮਿਲੇ ਸੀ।

14 ਅਕਤੂਬਰ 2015 - ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਕੋਟਕਪੂਰਾ ’ਚ ਸਿੱਖ ਜਥੇਬੰਦਆਂ ਨੇ ਰੋਸ ਮੁਜ਼ਾਹਰਾ ਕੀਤਾ ਸੀ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਨੂੰ ਖਦੇੜਨ ਲਈ ਪੁਲਿਸ ਨੇ ਲੋਕਾਂ ਉੱਤੇ ਲਾਠੀਚਾਰਜ ਕੀਤਾ ਸੀ। ਇਸੇ ਦਿਨ ਬਹਿਬਲ ਕਲਾਂ ਵਿੱਚ ਸਿੱਖਾਂ ਅਤੇ ਪੁਲਿਸ ਵਿਚਾਲੇ ਹੋਈ ਝੜਪ ’ਚ ਪੁਲਿਸ ਵੱਲੋਂ ਚਲਾਈ ਗਈ ਗੋਲੀ ਵਿੱਚ ਦੋ ਸਿੱਖ ਨੌਜਵਾਨਾਂ ਕ੍ਰਿਸ਼ਨ ਭਗਵਾਨ ਸਿੰਘ ਅਤੇ ਗੁਰਜੀਤ ਸਿੰਘ ਦੀ ਮੌਤ ਹੋ ਗਈ ਸੀ।

## ਮੁਕਤਸਰ ਵਿਚ ਗੁੰਡਿਆਂ ਨੇ ਲੋਕਾਂ ਦੇ ਘਰਾਂ 'ਤੇ ਸੁੱਟੇ ਪੈਟਰੋਲ ਬੰਬ

### ✪ ਇਕ ਮੋਟਰਸਾਈਕਲ ਨੂੰ ਅੱਗ ਲਗਾਈ

ਮੁਕਤਸਰ ਸਾਹਿਬ-ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਵਿਧਾਨ ਸਭਾ ਹਲਕਾ ਮਲੋਟ ਵਿਚ ਪੈਂਦੇ ਇੱਕ ਪਿੰਡ ਵਿੱਚ 50 ਤੋਂ ਜ਼ਿਆਦਾ ਗੁੰਡਾ ਅਨਸਰਾਂ ਵਲੋਂ ਲੋਕਾਂ ਦੇ ਘਰਾਂ ਵਿਚ 10 ਤੋਂ ਵਧੇਰੇ ਪੈਟਰੋਲ ਬੰਬ ਸੁੱਟ ਕੇ ਗੁੰਡਾਗਰਦੀ ਦਾ ਨੰਗਾ ਨਾਚ ਖੇਡਿਆ ਗਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਉਕਤ ਗੁੰਡਾ ਅਨਸਰਾਂ ਵੱਲੋਂ ਘਰਾਂ ਵਿਚ ਅੱਗ ਲਗਾਉਣ ਦੀ ਕੋਸਿਸ਼ ਕਰਦਿਆਂ ਇੱਕ ਮੋਟਰਸਾਇਕਲ ਨੂੰ ਵੀ ਅੱਗ ਦੇ ਹਵਾਲੇ ਕੀਤਾ। ਗੁੰਡਾਗਰਦੀ ਦੇ ਇਸ ਆਲਮ ਤੋਂ ਬਾਅਦ ਸਹਿਮ ਵਿਚ ਆਏ ਕੁਝ ਪਿੰਡ ਵਾਸੀਆਂ ਨੇ ਸਵੇਰੇ ਆਪਣੇ ਬੱਚੇ ਵੀ ਸਕੂਲ ਨਹੀਂ ਭੇਜੇ। ਪਿੰਡ ਵਾਸੀਆਂ ਦਾ ਕਹਿਣਾ ਕਿ ਕੁਝ ਪੁਲਿਸ ਮੁਲਾਜ਼ਮ ਮੌਕੇ 'ਤੇ ਪੁੱਜੇ ਸਨ ਪਰ ਇਨ੍ਹਾਂ ਗੁੰਡਾ ਅਨਸਰਾਂ ਨੇ ਉਨ੍ਹਾਂ ਨੂੰ ਟਿੱਚ ਜਾਣਿਆ। ਪੁਲਿਸ ਅਧਿਕਾਰੀਆ ਵਲੋਂ ਗੁੰਡਿਆਂ ਨੂੰ ਜਲਦੀ ਹੀ ਕਾਬੂ ਕਰਨ ਦਾ ਦਾਅਵਾ ਕੀਤਾ ਤੇ ਅਜਿਹੀਆਂ ਵਾਰਦਾਤਾਂ 'ਤੇ ਅੰਕੁਸ਼ ਲਗਾਉਣ ਦਾ ਵਿਸ਼ਵਾਸ਼ ਦੁਆਇਆ। ਜ਼ਿਕਰਯੋਗ ਹੈ ਕਿ ਕੁਝ ਲੋਕਾਂ ਵੱਲੋਂ ਇਸ ਵਾਰਦਾਤ ਨੂੰ ਦੋ ਪਰਿਵਾਰਾਂ ਦੀ ਲੜਾਈ ਵੀ ਦੱਸਿਆ ਜਾ ਰਿਹਾ ਹੈ।

# ਚੂੜੇ ਵਾਲੀ ਪ੍ਰੇਮਿਕਾ ਨਾਲ ਰਾਸ ਲੀਲਾ ਕਰਦਾ ਹੋਟਲ ਵਿਚੋਂ ਪਤਨੀ ਨੇ ਫੜਿਆ ਪਤੀ

## ✪ ਪਤੀ ਪ੍ਰੇਮਿਕਾ ਨੂੰ ਲੈਕੇ ਸਕੂਟਰ ਉਪਰ ਹੋਇਆ ਫਰਾਰ




ਜਲੰਧਰ-ਜਲੰਧਰ ਦੇ ਗੜ੍ਹਾ ਵਿਚ ਉਸ ਸਮੇਂ ਹੰਗਾਮਾ ਹੋ ਗਿਆ ਜਦੋਂ ਇਥੇ ਤਾਜ ਮਾਰਕਿਟ ਦੇ ਕੋਲ ਇਕ ਹੋਟਲ ਵਿਚੋਂ ਔਰਤ ਨੇ ਆਪਣੇ ਪਤੀ ਨੂੰ ਉਸ ਦੀ ਪ੍ਰੇਮਿਕਾ ਨਾਲ ਰੰਗਰਲੀਆਂ ਮਨਾਉਂਦੇ ਹੋਏ ਰੰਗੇ ਹੱਥੇ ਫੜ ਲਿਆ। ਹੰਗਾਮਾ ਹੁੰਦਾ ਵੇਖ ਪਤੀ ਅਤੇ ਉਸ ਦੀ ਪ੍ਰੇਮਿਕਾ ਤੁਰੰਤ ਮੌਕੇ ਤੋਂ ਸਕੂਟਰ ਲੈ ਤੇ ਫਰਾਰ ਹੋ ਗਏ। ਪੀੜਤ ਔਰਤ ਵੱਲੋਂ ਮਾਮਲੇ ਦੀ ਜਾਣਕਾਰੀ ਥਾਣਾ ਡਿਵੀਜ਼ਨ ਨੰਬਰ-7 ਦੀ ਪੁਲਸ ਨੂੰ ਦਿੱਤੀ ਗਈ ਹੈ।

ਜਾਣਕਾਰੀ ਮੁਤਾਬਕ ਗੜ੍ਹਾ ਦੀ ਰਹਿਣ ਵਾਲੀ ਇਕ ਮਹਿਲਾ ਨੇ ਦੱਸਿਆ ਕਿ ਉਸ ਦੇ ਵਿਆਹ ਨੂੰ 7 ਸਾਲ ਹੋ ਗਏ ਹਨ। ਉਸ ਦਾ ਵਿਆਹ ਗੜ੍ਹਾ ਦੇ ਰਹਿਣ ਵਾਲੇ ਇਕ ਨੌਜਵਾਨ ਨਾਲ ਹੋਇਆ ਸੀ। ਉਸ ਦੀ 6 ਸਾਲ ਦੀ ਬੇਟੀ ਵੀ ਹੈ। ਉਸ ਨੇ ਦੱਸਿਆ ਕਿ ਪਿਛਲੇ ਕਰੀਬ ਇਕ ਸਾਲ ਤੋਂ ਉਸ ਦਾ ਪਤੀ ਉਸ ਨਾਲ ਚੰਗਾ ਵਤੀਰਾ ਨਹੀਂ ਕਰ ਰਿਹਾ ਸੀ, ਜਿਸ ਦੇ ਚਲਦਿਆਂ ਉਸ ਦਾ ਪਤੀ ਨਾਲ ਕਈ ਵਾਰ ਝਗੜਾ ਵੀ ਹੋਇਆ।

ਇਸ ਦੌਰਾਨ ਉਸ ਨੂੰ ਪਤਾ ਲੱਗਾ ਕਿ ਉਸ ਦੇ ਪਤੀ ਦਾ ਕਿਸੇ ਹੋਰ ਕੁੜੀ ਨਾਲ ਪ੍ਰੇਮ ਸੰਬੰਧ ਚੱਲ ਰਹੇ ਹਨ। ਮਹਿਲਾ ਦਾ ਦੋਸ਼ ਹੈ ਕਿ ਜਦੋਂ ਉਸ ਨੇ ਆਪਣੇ ਪਤੀ ਨੂੰ ਉਕਤ ਕੁੜੀ ਨੂੰ ਛੱਡਣ ਦੀ ਗੱਲ ਕਹੀ ਤਾਂ ਉਸ ਨੇ ਤਲਾਕ ਲੈਣ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ। ਮਹਿਲਾ ਦਾ ਦੋਸ਼ ਹੈ ਕਿ ਬੇਟੀ ਦੇ ਭਵਿੱਖ ਨੂੰ ਵੇਖਦੇ ਹੋਏ ਉਸ ਨੇ ਤਲਾਕ ਲੈਣ ਤੋਂ ਮਨ੍ਹਾ ਕਰ ਦਿੱਤਾ ਅਤੇ ਮਾਮਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਪਤੀ ਨਹੀਂ ਸੁਧਰਿਆ।

ਮਹਿਲਾ ਨੇ ਦੱਸਿਆ ਕਿ ਉਸ ਨੂੰ ਪਤਾ ਲੱਗਾ ਸੀ ਕਿ ਉਸ ਦਾ ਪਤੀ ਗੜ੍ਹਾ ਵਿਚ ਤਾਜ ਮਾਰਕਿਟ ਦੇ ਇਕ ਹੋਟਲ ਵਿਚ ਆਪਣੀ ਪ੍ਰੇਮਿਕਾ ਦੇ ਨਾਲ ਆਇਆ ਹੋਇਆ ਹੈ। ਮਹਿਲਾ ਤੁਰੰਤ ਹੋਟਲ ਪਹੁੰਚੀ ਅਤੇ ਬਾਹਰ ਪਤਾ ਦਾ ਇੰਤਜ਼ਾਰ ਕਰਨ ਲੱਗੀ। ਜਦੋਂ ਉਸ ਦਾ ਪਤੀ ਪ੍ਰੇਮਿਕਾ ਨਾਲ ਹੋਟਲ ਵਿਚੋਂ ਬਾਹਰ ਨਿਕਲਿਆ ਤਾਂ ਉਸ ਨੇ ਹੰਗਾਮਾ ਸ਼ੁਰੂ ਕਰ ਦਿੱਤਾ। ਪ੍ਰੇਮਿਕਾ ਨਾਲ ਪਤੀ ਨੂੰ ਵੇਖ ਮਹਿਲਾ ਬੋਲਦੀ ਰਹੀ ਕਿ ਇਸ ਨੇ ਮੇਰਾ ਘਰ ਖ਼ਰਾਬ ਕਰ ਦਿੱਤਾ, ਸ਼ਕਲ ਵਿਖਾ ਆਪਣੀ। ਮਹਿਲਾ ਦਾ ਦੋਸ਼ ਹੈ ਕਿ ਉਸ ਦੇ ਪਤੀ ਦੀ ਪ੍ਰੇਮਿਕਾ ਵਿਆਹੁਤਾ ਹੈ ਅਤੇ ਉਸ ਦੇ ਪਹਿਲਾਂ ਵੀ ਤਿੰਨ ਵਿਆਹ ਹੋ ਚੁੱਕੇ ਹਨ।

## ਹੈਰੋਇਨ ਤੇ ਨਾਜਾਇਜ਼ ਸ਼ਰਾਬ ਦੀ ਸਮਗਲਿੰਗ ਦੇ ਦੋਸ਼ ਹੇਠ ਚਾਰ ਗ੍ਰਿਫ਼ਤਾਰ, ਇਕ ਫ਼ਰਾਰ



ਬਠਿੰਡਾ-ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰੀ ਦੇ ਦੋਸ਼ ਹੇਠ ਪੰਜ ਵਿਅਕਤੀਆਂ ਦੇ ਨਾਮਜ਼ਦ ਕਰਕੇ ਚਾਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦੋਂ ਕਿ ਇਕ ਫ਼ਰਾਰ ਹੈ ਅਤੇ ਪੁਲਿਸ ਵੱਲੋਂ ਉਸ ਦੀ ਗ੍ਰਿਫ਼ਤਾਰੀ ਲਈ ਯਤਨ ਕੀਤੇ ਜਾ ਰਹੇ ਹਨ।

ਕਾਬੂ ਕੀਤੇ ਮੁਲਜ਼ਮਾਂ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿਚ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਕੈਨਾਲ ਕਾਲੋਨੀ ਦੇ ਐੱਸਆਈ ਹਰਬੰਸ ਸਿੰਘ ਅਨੁਸਾਰ ਪੁਲਿਸ ਟੀਮ ਨੇ ਮੁਲਤਾਨੀਆਂ ਰੋਡ 'ਤੇ ਨਾਕਾਬੰਦੀ ਕਰਕੇ ਸ਼ੱਕੀ ਵਾਹਨਾਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਪੁਲਿਸ ਟੀਮ ਨੇ ਗੱਡੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਮੁਲਜ਼ਮ ਅਮਨਜੋਤ ਸਿੰਘ ਵਾਸੀ ਸੁਰਖਪੀਰ ਰੋਡ ਬਠਿੰਡਾ ਅਤੇ ਰੋਹਿਤ ਕੁਮਾਰ ਵਾਸੀ ਬੀੜ ਤਾਲਾਬ ਬਸਤੀ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 5 ਗ੍ਰਾਮ ਹੈਰੋਇਨ ਬਰਾਮਦ ਕੀਤੀ।

ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਮੌਕੇ 'ਤੇ ਗ੍ਰਿਫਤਾਰ ਕਰ ਕੇ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਨੰਦਗੜ੍ਹ ਦੇ ਐਸਆਈ ਮੁਖਤਿਆਰ ਸਿੰਘ ਨੇ ਪਿੰਡ ਘੁੱਦਾ ਨੇੜੇ ਨਾਕਾਬੰਦੀ ਦੌਰਾਨ ਇਕ ਗੱਡੀ ਨੂੰ ਰੋਕ ਕੇ ਉਸ 'ਚ ਸਵਾਰ ਮੁਲਜ਼ਮ ਅਰਵਿੰਦਰ ਸਿੰਘ ਵਾਸੀ ਪਿੰਡ ਰੋੜ ਜ਼ਿਲ੍ਹਾ ਸਿਰਸਾ ਹਰਿਆਣਾ ਦੀ ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ।

ਇਸ ਤੋਂ ਇਲਾਵਾ ਥਾਣਾ ਨੇਹੀਆਂਵਾਲਾ ਦੇ ਏਐੱਸਆਈ ਸੁਖਵਿੰਦਰ ਸਿੰਘ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਪਿੰਡ ਦਾਨ ਸਿੰਘ ਵਾਲਾ ਵਿਚ ਛਾਪੇਮਾਰੀ ਕਰਕੇ ਮੁਲਜ਼ਮ ਬਲਜਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 650 ਲੀਟਰ ਲਾਹਣ, 6 ਲੀਟਰ ਨਾਜਾਇਜ਼ ਦੇਸੀ ਸ਼ਰਾਬ ਤੇ ਸ਼ਰਾਬ ਭੱਠੀ ਦਾ ਸਾਮਾਨ ਬਰਾਮਦ ਕੀਤਾ ਜਦ ਕਿ ਉਸ ਦਾ ਦੂਜਾ ਸਾਥੀ ਜਸਵਿੰਦਰ ਸਿੰਘ ਵਾਸੀ ਪਿੰਡ ਦਾਨ ਸਿੰਘ ਵਾਲਾ ਪਹਿਲੇ ਹੀ ਫ਼ਰਾਰ ਹੋ ਚੁੱਕਿਆ ਸੀ। ਪੁਲਿਸ ਦੇ ਅਨੁਸਾਰ ਸੂਚਨਾ ਮਿਲੀ ਸੀ ਕਿ ਉਕਤ ਵਿਅਕਤੀ ਨਾਜਾਇਜ਼ ਸ਼ਰਾਬ ਬਣਾ ਕੇ ਉਸਦੀ ਤਸਕਰੀ ਕਰਦੇ ਸਨ। ਪੁਲਿਸ ਨੇ ਦੋਵਾਂ ਖ਼ਿਲਾਫ਼ ਮਾਮਲਾ ਦਰਜ ਕਰਕੇ ਫ਼ਰਾਰ ਚਲ ਰਹੇ ਮੁਲਜ਼ਮ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

## ਪੀਰਾਂ ਦੀ ਜਗ੍ਹਾ ਕੋਲ ਸਿਗਰਟ ਪੀਣ ਤੋਂ ਰੋਕਣ ਕਾਰਨ ਨੌਜਵਾਨਾਂ ਨੇ ਵਿਅਕਤੀ ਦੀ ਇੱਟ ਮਾਰ ਕੇ ਕਰ ਦਿਤੀ ਹੱਤਿਆ

ਤਰਨਤਾਰਨ-ਤਰਨਤਾਰਨ ਦੇ ਰੇਲਵੇ ਸਟੇਸ਼ਨ ਦੇ ਕੋਲ ਝੁੱਗੀਆਂ ਵਿਚ ਰਹਿੰਦੇ ਮਜ਼ਦੂਰ ਸੁਨੀਲ ਨੂੰ ਪੀਰ ਦੀ ਜਗ੍ਹਾ 'ਤੇ ਸਿਗਰਟ ਪੀ ਰਹੇ ਆਪਣੇ ਗਵਾਂਢੀ ਬਲਦੇਵ ਸਿੰਘ ਤੇ ਗੈਵੀ ਨੂੰ ਰੋਕਣਾ ਉਸ ਵੇਲੇ ਮਹਿੰਗਾ ਪੈ ਗਿਆ ਜਦੋਂ ਉਨ੍ਹਾਂ ਨੇ ਉਸ ਦੇ ਸਿਰ ਵਿਚ ਇੱਟ ਮਾਰ ਕੇ ਕਤਲ ਕਰ ਦਿੱਤਾ। ਪਤਨੀ ਪੂਜਾ ਵਾਸੀ ਝੁੱਗੀਆਂ ਤੀਨਾ ਤਖੀਆ ਦੀ ਸ਼ਿਕਾਇਤ ਉਪਰ ਥਾਣਾ ਸਿਟੀ ਤਰਨਤਾਰਨ ਦੀ ਪੁਲਿਸ ਨੇ ਲਾਸ਼ ਕਬਜ਼ੇ ਵਿਚ ਲੈ ਕੇ ਦੋ ਜਣਿਆਂ ਵਿਰੁੱਧ ਕਤਲ ਦਾ ਕੇਸ ਦਰਜ ਕਰ ਲਿਆ ਹੈ। ਏਐੱਸਆਈ ਕਿਰਪਾਲ ਸਿੰਘ ਵੱਲੋਂ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਚਚੇਰੀ ਭੈਣ ਨਾਲ ਇਕ ਸਾਲ ਤੋਂ ਕੀਤਾ ਸੈਕਸ ਸ਼ੋਸ਼ਣ

### ✪ ਗਰਭਵਤੀ ਹੋਈ ਤਾਂ ਬਾਲ ਭਲਾਈ ਕਮੇਟੀ ਕੋਲ ਪੁੱਜਾ ਮਾਮਲਾ

ਤਰਨਤਾਰਨ-ਇਕ ਪਿੰਡ ਦੀ ਨਾਬਾਲਿਗ ਕੁੜੀ ਨਾਲ ਉਸਦਾ ਚਚੇਰਾ ਭਰਾ ਹੀ ਇਕ ਸਾਲ ਤੋਂ ਹਰ ਰੋਜ਼ ਜਬਰ ਜਨਾਹ ਕਰਦਾ ਰਿਹਾ ਜਿਸ ਕਾਰਨ ਉਹ ਗਰਭਵਤੀ ਹੋ ਗਈ। ਪਿੰਡ ਦੀ ਆਸ਼ਾ ਵਰਕਰ ਵੱਲੋਂ ਲੜਕੀ ਨੂੰ ਬਾਲ ਭਲਾਈ ਕਮੇਟੀ ਕੋਲ ਪੇਸ਼ ਕੀਤਾ ਗਿਆ ਜਿਸ ਤੋਂ ਬਾਅਦ ਕੁਲਯੁਗੀ ਭਰਾ ਖਿਲਾਫ਼ ਪੁਲਿਸ ਨੇ ਜਬਰ ਜਨਾਹ ਕਰਨ ਅਤੇ ਧਮਕੀਆਂ ਦੇਣ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੀੜਤ ਲੜਕੀ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸਦੇ ਪਿਤਾ ਮਿਹਨਤ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦੇ ਘਰ ਦੇ ਬਾਹਰ ਕੋਈ ਦਰਵਾਜ਼ਾ ਵੀ ਨਹੀਂ ਹੈ। ਇਕ ਸਾਲ ਤੋਂ ਉਸਦੇ ਚਾਚੇ ਦਾ ਮੁੰਡਾ ਹਰ ਰੋਜ਼ ਰਾਤ ਨੂੰ ਆ ਕੇ ਉਸਦੀ ਮਰਜ਼ੀ ਤੋਂ ਬਿਨਾਂ ਸਰੀਰਕ ਸਬੰਧ ਬਣਾਉਂਦਾ ਰਿਹਾ ਤੇ ਧਮਕੀ ਦਿੱਤੀ ਕਿ ਜੇਕਰ ਕਿਸੇ ਨੂੰ ਦੱਸਿਆ ਤਾਂ ਉਹ ਉਸਦੇ ਪਰਿਵਾਰ ਨੂੰ ਮਾਰ ਦੇਵੇਗਾ। ਡਰ ਦੇ ਮਾਰੇ ਉਹ ਇਕ ਸਾਲ ਚੁੱਪ ਰਹੀ। ਸਿਹਤ ਵਿਚ ਗੜਬੜੀ ਦੇ ਚੱਲਦਿਆਂ ਉਸਨੇ ਇਹ ਸਾਰੀ ਗੱਲ ਉਕਤ ਮੁੰਡੇ ਦੀ ਮਾਂ ਆਪਣੀ ਚਾਚੀ ਨੂੰ ਦੱਸ ਦਿੱਤੀ ਜੋ ਉਸ ਨੂੰ ਲੈ ਕੇ ਸਬ ਸਿਹਤ ਸੈਂਟਰ ਲੈ ਕੇ ਗਈ। ਜਿਥੇ ਆਸ਼ਾ ਵਰਕਰ ਨੇ ਉਸਦੇ ਗਰਭਵਤੀ ਹੋਣ ਦੀ ਪੁਸ਼ਟੀ ਕੀਤੀ ਤੇ ਉਸ ਨੂੰ ਬਾਲ ਭਲਾਈ ਕਮੇਟੀ ਕੋਲ ਪੇਸ਼ ਕਰ ਦਿੱਤਾ।

ਦੂਜੇ ਪਾਸੇ ਮਾਮਲੇ ਦੀ ਜਾਂਚ ਕਰ ਰਹੀ ਮਹਿਲਾ ਏਐੱਸਆਈ ਬਲਵਿੰਦਰ ਕੌਰ ਨੇ ਦੱਸਿਆ ਕਿ ਲੜਕੀ ਦੇ ਚਚੇਰੇ ਭਰਾ ਨੂੰ ਨਾਮਜ਼ਦ ਕਰ ਲਿਆ ਗਿਆ ਹੈ ਜਿਸਦੀ ਗ੍ਰਿਫਤਾਰੀ ਲਈ ਕਾਰਵਾਈ ਕੀਤੀ ਜਾ ਰਹੀ ਹੈ।

# ਜਾਅਲੀ ਵੀਡੀਓ ਭਾਜਪਾ ਲਈ ਬਣੇ ਮੁਸੀਬਤ

ਵਿਸ਼ੇਸ਼ ਰਿਪੋਟ

## ✪ ਮੌਜੂਦਾ ਲੋਕ ਸਭਾ ਚੋਣਾਂ ਭਾਰਤ ਦੀਆਂ ਪਹਿਲੀਆਂ ਏ.ਆਈ ਚੋਣਾਂ

ਭਾਰਤ ਵਿਚ ਆਮ ਚੋਣਾਂ ਦੌਰਾਨ ਸਿਆਸੀ ਤਾਪਮਾਨ ਆਪਣੇ ਸਿਖਰ 'ਤੇ ਹੈ। ਸਿਆਸੀ ਪਾਰਟੀਆਂ ਵੋਟਰਾਂ ਨੂੰ ਲੁਭਾਉਣ ਦੀ ਪੂਰੀ ਕੋਸ਼ਿਸ਼ ਕਰ ਰਹੀਆਂ ਹਨ। ਇਸ ਵਿੱਚ ਟੈਕਨਾਲੋਜੀ ਵੀ ਵੱਡਾ ਪ੍ਰਭਾਵ ਪਾ ਰਹੀ ਹੈ। ਇਸੇ ਲਈ ਮੌਜੂਦਾ ਲੋਕ ਸਭਾ ਚੋਣਾਂ ਨੂੰ ਭਾਰਤ ਦੀਆਂ ਪਹਿਲੀਆਂ ਏ.ਆਈ ਚੋਣਾਂ ਕਿਹਾ ਜਾ ਰਿਹਾ ਹੈ। ਪਿਛਲੇ ਹਫਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਫਰਜ਼ੀ ਵੀਡੀਓਜ਼ ਵਿਚ ਜਾਅਲੀ ਆਵਾਜ਼ਾਂ ਰਾਹੀਂ ਨੇਤਾਵਾਂ ਨੂੰ ਜਾਣਬੁੱਝ ਕੇ ਅਜਿਹੀਆਂ ਗੱਲਾਂ ਕਹਿੰਦੇ ਦਿਖਾਈਆਂ ਜਾ ਰਹੀਆਂ ਹਨ, ਜਿਸ ਬਾਰੇ ਉਹ ਸੋਚ ਵੀ ਨਹੀਂ ਸਕਦੇ। ਉਨ੍ਹਾਂ ਇਸ ਨੂੰ ਸਮਾਜ ਵਿੱਚ ਤਣਾਅ ਪੈਦਾ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ।

ਭਾਰਤੀ ਪੁਲਿਸ ਪਹਿਲਾਂ ਹੀ ਅਜਿਹੇ ਫਰਜ਼ੀ ਵੀਡੀਓਜ਼ ਦੀ ਜਾਂਚ ਕਰ ਰਹੀ ਹੈ, ਜਿਸ ਵਿੱਚ ਕੁਝ ਬਾਲੀਵੁੱਡ ਅਦਾਕਾਰਾਂ ਨੂੰ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕਰਦੇ ਦਿਖਾਇਆ ਗਿਆ ਹੈ। ਪਰ ਹਾਲ ਹੀ ਵਿੱਚ ਉਨ੍ਹਾਂ ਕੋਲ ਇੱਕ ਅਜਿਹੀ ਵੀਡੀਓ ਪਹੁੰਚੀ ਜਿਸ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਇਹ ਕਹਿੰਦੇ ਹੋਏ ਦਿਖਾਇਆ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਦਿੱਤਾ ਗਿਆ ਰਾਖਵਾਂਕਰਨ ਖਤਮ ਕਰੇਗੀ। ਇਹ ਕਰੋੜਾਂ ਦਬੇ ਕੁਚਲੇ ਲੋਕਾਂ ਲਈ ਬਹੁਤ ਹੀ ਸੰਵੇਦਨਸ਼ੀਲ ਮਾਮਲਾ ਹੈ। ਇਸ ਤੋਂ ਬਾਅਦ ਸ਼ਾਹ ਨੇ ਖੁਦ ਐਕਸ 'ਤੇ ਆਪਣੇ ਭਾਸ਼ਣ ਦਾ ਫਰਜ਼ੀ ਅਤੇ ਅਸਲੀ ਵੀਡੀਓ ਪੋਸਟ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਇਸ ਵੀਡੀਓ ਪਿੱਛੇ ਵਿਰੋਧੀ ਧਿਰ ਕਾਂਗਰਸ ਪਾਰਟੀ ਦਾ ਹੱਥ ਹੈ, ਹਾਲਾਂਕਿ ਉਨ੍ਹਾਂ ਇਸ ਸਬੰਧੀ ਕੋਈ ਸਬੂਤ ਪੇਸ਼ ਨਹੀਂ ਕੀਤਾ। ਉਨ੍ਹਾਂ ਕਿਹਾ, "ਪੁਲਿਸ ਨੂੰ ਇਸ ਮਾਮਲੇ ਨਾਲ ਨਜਿੱਠਣ ਦੇ ਆਦੇਸ਼ ਦਿੱਤੇ ਗਏ ਹਨ।"

### ਜਾਅਲੀ ਖ਼ਬਰਾਂ ਦੀ ਚੁਣੌਤੀ



ਪੁਲਿਸ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਮਾਮਲੇ ਵਿੱਚ ਕੁੱਲ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਛੇ ਲੋਕ ਵਿਰੋਧੀ ਧਿਰ ਕਾਂਗਰਸ ਪਾਰਟੀ ਦੀ ਸੋਸ਼ਲ ਮੀਡੀਆ ਟੀਮ ਦੇ ਦੱਸੇ ਜਾਂਦੇ ਹਨ, ਜੋ ਆਸਾਮ, ਗੁਜਰਾਤ, ਤੇਲੰਗਾਨਾ ਅਤੇ ਨਵੀਂ ਦਿੱਲੀ ਨਾਲ ਸਬੰਧਤ ਹਨ। ਉਨ੍ਹਾਂ 'ਤੇ ਇਹ ਵੀਡੀਓ ਪੋਸਟ ਕਰਨ ਦਾ ਦੋਸ਼ ਹੈ। ਪੰਜ ਕਾਂਗਰਸੀ ਵਰਕਰਾਂ ਨੂੰ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਹੈ। ਪਰ ਨਵੀਂ ਦਿੱਲੀ ਦੀ ਸਾਈਬਰ ਪੁਲਿਸ ਨੇ ਬੀਤੇ ਸ਼ੁੱਕਰਵਾਰ ਦੌਰਾਨ ਕਾਂਗਰਸ ਦੇ ਰਾਸ਼ਟਰੀ ਸੋਸ਼ਲ ਮੀਡੀਆ ਕੋਆਰਡੀਨੇਟਰ ਅਰੁਣ ਰੈੱਡੀ ਨੂੰ ਇਸ ਫਰਜ਼ੀ ਵੀਡੀਓ ਨੂੰ ਸਾਂਝਾ ਕਰਨ ਲਈ ਗ੍ਰਿਫਤਾਰ ਕੀਤਾ ਸੀ। ਉਸ ਨੂੰ ਤਿੰਨ ਦਿਨਾਂ ਲਈ ਹਿਰਾਸਤ ਵਿੱਚ ਰੱਖਿਆ ਗਿਆ ਹੈ।

ਇਸ ਤੋਂ ਬਾਅਦ ਕਾਂਗਰਸੀ ਵਰਕਰਾਂ ਨੇ #ReleaseArunReddy ਦੇ ਨਾਲ ਟਵਿੱਟਰ 'ਤੇ ਆਪਣਾ ਵਿਰੋਧ ਜ਼ਾਹਰ ਕਰਨਾ ਸ਼ੁਰੂ ਕਰ ਦਿੱਤਾ। ਕਾਂਗਰਸ ਦੇ ਸੰਸਦ ਮੈਂਬਰ ਮਾਨਿਕਮ ਟੈਗੋਰ ਨੇ ਰੈੱਡੀ ਦੀ ਗ੍ਰਿਫਤਾਰੀ ਨੂੰ 'ਸੱਤਾ ਵਿੱਚ ਬੈਠੇ ਲੋਕਾਂ ਵਲੋਂ ਸੱਤਾ ਦੀ ਮਨਮਾਨੀ ਵਰਤੋਂ" ਦੱਸਿਆ ਹੈ।

ਭਾਰਤ ਵਿੱਚ ਆਮ ਚੋਣਾਂ ਵਿੱਚ 1 ਅਰਬ ਤੋਂ ਵੱਧ ਵੋਟਰ ਹਨ ਅਤੇ ਉਨ੍ਹਾਂ ਵਿੱਚੋਂ ਲਗਭਗ 80 ਕਰੋੜ ਇੰਟਰਨੈੱਟ ਦੀ ਵਰਤੋਂ ਕਰਦੇ ਹਨ। ਇਸ ਲਈ ਇੰਟਰਨੈੱਟ 'ਤੇ ਗਲਤ ਜਾਣਕਾਰੀ ਦੇ ਫੈਲਾਅ ਨੂੰ ਰੋਕਣਾ ਬਹੁਤ ਗੁੰਝਲਦਾਰ ਕੰਮ ਹੈ। ਇਸ ਦੇ ਲਈ ਪੁਲਿਸ ਅਤੇ ਚੋਣ ਅਧਿਕਾਰੀਆਂ ਨੂੰ ਲਗਾਤਾਰ ਨਜ਼ਰ ਰੱਖਣੀ ਪੈਂਦੀ ਹੈ। ਜਦੋਂ ਵੀ ਕਿਸੇ ਮਾਮਲੇ ਦੀ ਜਾਂਚ ਸ਼ੁਰੂ ਹੁੰਦੀ ਹੈ ਤਾਂ ਉਨ੍ਹਾਂ ਨੂੰ ਫੇਸਬੁੱਕ ਅਤੇ ਐਕਸ ਨੂੰ ਵੀਡੀਓ ਹਟਾਉਣ ਲਈ ਕਹਿਣਾ ਪੈਂਦਾ ਹੈ।

### ਯੋਗੀ ਦੀ ਵੀ ਫਰਜ਼ੀ ਵੀਡੀਓ

ਉੱਤਰ ਪ੍ਰਦੇਸ਼ ਦੇ ਡੀਜੀਪੀ ਪ੍ਰਸ਼ਾਂਤ ਕੁਮਾਰ ਨੇ ਕਿਹਾ ਕਿ ਸੂਬੇ ਦੇ 500 ਤੋਂ ਵੱਧ ਲੋਕ ਇੰਟਰਨੈੱਟ 'ਤੇ ਪੋਸਟ ਕੀਤੀ ਗਈ ਸਮੱਗਰੀ 'ਤੇ ਨਜ਼ਰ ਰੱਖਦੇ ਹਨ। ਜਦੋਂ ਵੀ ਉਹ ਕੁਝ ਵਿਵਾਦਤ ਦੇਖਦੇ ਹਨ, ਤਾਂ ਉਹ ਇਸ ਬਾਰੇ ਸੋਸ਼ਲ ਮੀਡੀਆ ਕੰਪਨੀਆਂ ਨਾਲ ਸੰਪਰਕ ਕਰਦੇ ਹਨ ਅਤੇ ਜੇ ਲੋੜ ਪਵੇ ਤਾਂ ਇਸ ਨੂੰ ਹਟਵਾ ਦਿੰਦੇ ਹਨ।

ਪਿਛਲੇ ਹਫਤੇ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦਾ ਇੱਕ ਫਰਜ਼ੀ ਵੀਡੀਓ ਵੀ ਇੰਟਰਨੈੱਟ 'ਤੇ ਪੋਸਟ ਕੀਤਾ ਗਿਆ ਸੀ, ਜਿਸ ਵਿੱਚ ਉਹ ਪ੍ਰਧਾਨ ਮੰਤਰੀ ਮੋਦੀ ਦੀ ਆਲੋਚਨਾ ਕਰਦੇ ਦਿਖਾਈ ਦੇ ਰਹੇ ਹਨ। ਇਸ ਫਰਜ਼ੀ ਵੀਡੀਓ ਵਿਚ ਆਦਿਤਿਆਨਾਥ ਕਹਿ ਰਹੇ ਹਨ ਕਿ ਮੋਦੀ ਨੇ 2019 ਦੇ ਕੱਟੜਪੰਥੀ ਹਮਲੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਲਈ ਢੁਕਵੇਂ ਕਦਮ ਨਹੀਂ ਚੁੱਕੇ।

ਹਾਲਾਂਕਿ ਤੱਥ ਜਾਂਚਕਰਤਾਵਾਂ ਨੇ ਕਿਹਾ ਕਿ ਵੀਡੀਓ ਇੱਕ ਅਸਲੀ ਕਲਿੱਪ ਦੇ ਵੱਖ-ਵੱਖ ਹਿੱਸਿਆਂ ਨੂੰ ਵੰਡ ਕੇ ਬਣਾਇਆ ਗਿਆ ਸੀ, ਪੁਲਿਸ ਇਸ ਨੂੰ ਏਆਈ ਦੁਆਰਾ ਤਿਆਰ ਕੀਤੀ 'ਡੀਪ ਫੇਕ ਵੀਡੀਓ' ਕਹਿ ਰਹੀ ਹੈ।

2 ਮਈ ਨੂੰ, ਸੂਬਾ ਪੁਲਿਸ ਨੇ ਇੰਟਰਨੈੱਟ ਐਡਰੈੱਸ ਟ੍ਰੈਕਿੰਗ ਦੀ ਵਰਤੋਂ ਕਰਦੇ ਹੋਏ, ਸ਼ਿਆਮ ਗੁਪਤਾ ਨਾਮ ਦੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ, ਜਿਸ ਨੇ ਇੱਕ ਦਿਨ ਪਹਿਲਾਂ ਐਕਸ 'ਤੇ ਇਹ ਵੀਡੀਓ ਸ਼ੇਅਰ ਕੀਤਾ ਸੀ। ਉੱਥੇ ਇਸ ਨੂੰ ਤਿੰਨ ਹਜ਼ਾਰ ਵਿਊਜ਼ ਅਤੇ 11 ਲਾਈਕਸ ਮਿਲੇ ਹਨ। ਪੁਲਿਸ ਨੇ ਗੁਪਤਾ 'ਤੇ ਜਾਅਲਸਾਜ਼ੀ ਅਤੇ ਦੰਗੇ ਭੜਕਾਉਣ ਦਾ ਦੋਸ਼ ਲਗਾਇਆ, ਜਿਸ ਵਿਚ ਦੋਸ਼ੀ ਸਾਬਤ ਹੋਣ 'ਤੇ ਉਸਨੂੰ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ।

# ਹਰਿਆਣਾ ਮੁੱਖ ਮੰਤਰੀ ਦੀ ਆਮਦ ਤੋਂ ਪਹਿਲਾਂ ਗੁਰਮਤਿ ਸਮਾਗਮ ਵਿਚ ਸੰਗਤ ਦੀ ਤਲਾਸ਼ੀ ਹੋਈ

## ✪ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦੇ ਪ੍ਰਧਾਨ ਸਰਨਾ ਵਲੋਂ ਨਿੰਦਾ



ਨਵੀਂ ਦਿੱਲੀ-ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਤੋਂ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਬੀਤੇ ਦਿਨੀਂ ਹਰਿਆਣਾ ਦੇ ਗੁਰਦੁਆਰਾ ਸ੍ਰੀ ਰਾਤਗੜ ਸਾਹਿਬ ਨਰਾਇਣਗੜ੍ਹ ਵਿਚ ਗੁਰਮਤਿ ਸਮਾਗਮ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਆਮਦ ਤੋਂ ਪਹਿਲਾਂ ਸੰਗਤ ਦੀ ਤਲਾਸ਼ੀ ਲਏ ਜਾਣ ਦੀ ਕਾਰਵਾਈ ਦੀ ਪੜਤਾਲ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਇਸ ਕਾਰਵਾਈ ਨੇ ਪੂਰੀ ਦੁਨੀਆ ਵਿਚ ਸਿੱਖ ਹਿਰਦਿਆਂ ਨੂੰ ਡੂੰਘੀ ਸੱਟ ਮਾਰੀ ਹੈ। ਸਰਨਾ ਨੇ ਕਿਹਾ ਕਿ ਅੱਜ ਤੱਕ ਇਹ ਕਦੇ ਨਹੀਂ ਸੀ ਹੋਇਆ ਪਰ ਹੁਣ ਭਾਜਪਾ ਦੇ ਰਾਜ ਵਿਚ ਇਹ ਵੀ ਹੋਣ ਲੱਗਾ ਹੈ। ਸਰਨਾ ਨੇ ਕਿਹਾ ਕਿ ਜਥੇਦਾਰ ਅਕਾਲ ਤਖ਼ਤ ਸਾਹਿਬ ਨੂੰ ਇਸ ਘਟਨਾ ਦਾ ਨੋਟਿਸ ਲੈਂਦਿਆਂ, ਪਹਿਲਾਂ ਤਾਂ ਇਸ ਸਮਾਗਮ ਦੇ ਪ੍ਰਬੰਧਕਾਂ ਦਾ ਪਤਾ ਕਰਵਾ ਕੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਤੇ ਤਲਬ ਕਰਕੇ ਸਖ਼ਤ ਤੋਂ ਸਖ਼ਤ ਸਜ਼ਾ ਲਗਾਈ ਜਾਵੇ ਕਿਉਂਕਿ ਸਾਡੇ ਲਈ ਗੁਰੂ ਗ੍ਰੰਥ ਸਾਹਿਬ ਦੇ ਅਦਬ ਸਤਿਕਾਰ ਤੋਂ ਉਪਰ ਕੋਈ ਮੰਤਰੀ ਜਾਂ ਹੋਰ ਨਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣੇ ਦੇ ਮੁੱਖ ਮੰਤਰੀ ਨਾਇਬ ਸੈਣੀ ਨੂੰ ਇਸ ਘਟਨਾ ਦੀ ਸਿੱਖ ਕੌਮ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ, ਨਹੀਂ ਤਾਂ ਸਿੱਖ ਕੌਮ ਨੂੰ ਉਸ ਦਾ ਸਮਾਜਿਕ ਬਾਈਕਾਟ ਕਰਨਾ ਚਾਹੀਦਾ ਹੈ।

# ਸ਼ਿਵ ਸੈਨਾ ਆਗੂ ਸੂਰੀ ਦਾ ਸੋਧਾ ਲਗਾਉਣ ਦੇ ਕੇਸ ਵਿਚ ਜੇਲ੍ਹ ਵਿਚ ਬੰਦ ਸੰਨੀ ਅੰਮ੍ਰਿਤਸਰ ਤੋਂ ਲੜੇਗਾ ਚੋਣ



ਅੰਮ੍ਰਿਤਸਰ-ਸ੍ਰੀ ਗੁਰੂ ਹਰਗੋਬਿੰਦ ਸਿੰਘ ਸਾਹਿਬ ਜੀ ਦੀ ਛੋਹ ਪ੍ਰਾਪਤ ਗੁਰਦੁਆਰਾ ਅਟਾਰੀ ਸਾਹਿਬ ਵਿਖੇ ਵੱਖ ਵੱਖ ਜਥੇਬੰਦੀਆਂ ਵੱਲੋਂ ਲੋਕ ਸਭਾ ਚੋਣਾ ਸਬੰਧੀ ਮੀਟਿੰਗ ਕੀਤੀ ਗਈ। ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਚੋਣ ਮੈਦਾਨ ਵਿਚ ਸੰਦੀਪ ਸਿੰਘ ਸੰਨੀ ਨੂੰ ਉਮੀਦਵਾਰ ਐਲਾਨਿਆ ਗਿਆ।

ਜ਼ਿਕਰਯੋਗ ਹੈ ਕਿ ਸੰਦੀਪ ਸਿੰਘ ਸੰਨੀ ਸ਼ਿਵ ਸੈਨਾ ਆਗੂ ਸੁਧੀਰ ਸੂਰੀ ਦੇ ਕਤਲ ਕੇਸ ਦੇ ਮਾਮਲੇ ਵਿਚ ਜੇਲ੍ਹ ਵਿਚ ਬੰਦ ਹੈ। ਗੱਲਬਾਤ ਕਰਦਿਆਂ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਰਾਜਨੀਤਕ ਪਾਰਟੀਆਂ ਵੱਲੋਂ ਝੂਠ ਦੀ ਸਿਆਸਤ ਕਰਕੇ ਸਾਡੇ ਕੋਲੋਂ ਵੋਟਾਂ ਹਾਸਲ ਕੀਤੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬਾਹਰੋਂ ਲੋਕ ਆ ਕੇ ਰਾਜਨੀਤੀ ਕਰ ਰਹੇ ਹਨ। ਵੱਖ-ਵੱਖ ਜਥੇਬੰਦੀਆਂ ਨੇ ਫੈਸਲਾ ਕੀਤਾ ਹੈ ਕਿ ਸੰਦੀਪ ਸਿੰਘ ਸੰਨੀ ਅੰਮ੍ਰਿਤਸਰ ਤੋਂ ਉਮੀਦਵਾਰ ਹੋਵੇਗਾ। ਇਸ ਮੌਕੇ ਹਰਦੀਪ ਸਿੰਘ, ਮਨਦੀਪ ਸਿੰਘ, ਭਾਈ ਦਿਲਬਾਗ ਸਿੰਘ ਸੁਲਤਾਨਵਿੰਡ, ਭਾਈ ਬਲਬੀਰ ਸਿੰਘ ਮੁੱਛਲ, ਬਾਬਾ ਦਇਆ ਸਿੰਘ, ਜਥੇਦਾਰ ਪੰਜਾਬ ਸਿੰਘ, ਕੁਲਦੀਪ ਸਿੰਘ ਧਾਰੜ, ਸੁਖਦੇਵ ਸਿੰਘ ਹਰੀਆ, ਬੀਰ ਦਵਿੰਦਰ ਸਿੰਘ, ਬੀਬੀ ਮਨਿੰਦਰ ਕੌਰ, ਕ੍ਰਾਂਤੀ ਸਿੰਘ, ਰਾਜਨ ਨਾਗੀ, ਡਾ. ਸੁਪਿੰਦਰ ਸਿੰਘ ਢਿੱਲੋਂ, ਚਰਨਜੀਤ ਸਿੰਘ ਰਾਣਾ, ਇੰਦਰਜੀਤ ਸਿੰਘ ਨੰਬਰਦਾਰ, ਪ੍ਰਿਤਪਾਲ ਸਿੰਘ ਮੀਰਾਂਕੋਟ ਆਦਿ ਮੌਜੂਦ ਸਨ।

# ਕਿਸਮਤ ਦੇ ਸਿਤਾਰੇ

## ਵੀਰਵਾਰ 09 ਮਈ ਤੋਂ ਬੁੱਧਵਾਰ 15 ਮਈ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਵਪਾਰ/ਕਾਰੋਬਾਰ ਵਿਚ ਅਨਿਸ਼ਚਤਤਾ ਬਣੀ ਰਹੇਗੀ। ਆਮਦਨ ਤੋਂ ਜ਼ਿਆਦਾ ਖਰਚ ਹੋਵੇਗਾ। ਕੋਸ਼ਿਸ਼ ਕਰਨ 'ਤੇ ਧਨ ਲਾਭ ਦੇ ਮੌਕੇ ਪਹਿਲੇ ਤੋਂ ਬਿਹਤਰ ਹੋਣਗੇ। ਕਈ ਉਲਝਣਾਂ ਦੇ ਹੱਲ ਹੋਣ ਦੇ ਮੌਕੇ ਮਿਲਣਗੇ, ਪਰ ਜ਼ਿਆਦਾ ਗੁੱਸੇ ਨਾਲ ਕੰਮ ਵਿਗੜ ਸਕਦਾ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਮਨ ਵਿੱਚ ਉਤਸ਼ਾਹ ਅਤੇ ਖੁਸ਼ੀ ਮਿਲੇਗੀ। ਮਿਹਨਤ ਨਾਲ ਕਿਸੇ ਖਾਸ ਕੰਮ ਦੀ ਸਿੱਧੀ ਹੋਵੇਗੀ। ਪਰਿਵਾਰ ਵੱਲੋਂ ਹਰ ਤਰ੍ਹਾਂ ਨਾਲ ਪੂਰਾ ਸਹਿਯੋਗ ਮਿਲੇਗਾ। ਸੰਘਰਸ਼ ਦੇ ਬਾਵਜੂਦ ਗੁਜ਼ਾਰੇ ਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰੋ, ਸ਼ਾਂਤੀ ਬਣੀ ਰਹੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਸਿਹਤ ਸਬੰਧੀ ਪ੍ਰੇਸ਼ਾਨੀ ਬਣੀ ਰਹੇਗੀ। ਕਾਰੋਬਾਰ ਵਿੱਚ ਰੁਕਾਵਟਾਂ ਕਾਰਨ ਆਰਥਿਕ ਹਾਲਾਤ ਕੁਝ ਡਾਵਾਂਡੋਲ ਰਹਿਣਗੇ, ਫਿਰ ਵੀ ਗੁਜ਼ਾਰੇ ਯੋਗ ਧਨ ਪ੍ਰਾਪਤੀ ਹੁੰਦੀ ਰਹੇਗੀ। ਫਜ਼ੂਲ ਦੀ ਭੱਜ-ਦੌੜ, ਜਾਂ ਜ਼ਿਆਦਾ ਗੁੱਸੇ ਕਾਰਨ ਕੰਮ ਵਿਗੜ ਸਕਦਾ ਹੈ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੁੰਗਲ ਵਿੱਚ ਨਾ ਫਸੋ,

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਬਣਦੇ ਕੰਮਾਂ ਵਿੱਚ ਰੁਕਾਵਟਾਂ, ਧਨ ਦਾ ਖਰਚ ਜ਼ਿਆਦਾ ਤੇ ਆਮਦਨ ਦੇ ਸਾਧਨਾਂ ਵਿੱਚ ਅੜਚਨਾਂ ਰਹਿਣਗੀਆਂ। ਪਰਿਵਾਰ ਵਿੱਚ ਸ਼ੁੱਭ ਮੰਗਲ ਕਾਰਜ ਹੋਣਗੇ। ਧਰਮ-ਕਰਮ ਵੱਲ ਰੁਝਾਨ ਜ਼ਿਆਦਾ ਰਹੇਗਾ। ਪਰਿਵਾਰ ਵਿੱਚ ਵੀ ਸੁਖਦ ਮਾਹੌਲ ਬਣਿਆ ਰਹੇਗਾ। ਹਮੇਸ਼ਾ ਪ੍ਰਮਾਤਮਾ ਉੱਤੇ ਵਿਸ਼ਵਾਸ ਰੱਖੋ ਅਤੇ ਆਪਣੇ ਆਪ ਨੂੰ ਸੰਤੁਸ਼ਟ ਰੱਖੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਇਸ ਹਫਤੇ ਆਰਾਮ ਘੱਟ ਤੇ ਦੌੜ-ਭੱਜ ਜ਼ਿਆਦਾ ਰਹੇਗੀ। ਪਰਿਵਾਰ ਵਿੱਚ ਮਨ-ਮੁਟਾਵ ਅਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਕਿਸੇ ਖਾਸ ਦੋਸਤ ਦੀ ਮਦਦ ਨਾਲ ਵਿਗੜਿਆ ਕੰਮ ਬਣੇਗਾ। ਨਵੇਂ ਲੋਕਾਂ ਨਾਲ ਸਬੰਧ ਬਣਨਗੇ। ਮਾਤਾ-ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਹੋਣਗੇ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਬਣਦੇ ਕੰਮਾਂ ਵਿੱਚ ਰੁਕਾਵਟਾਂ ਰਹਿਣਗੀਆਂ। ਸਿਹਤ ਵਿੱਚ ਵਿਕਾਰ, ਪਰਿਵਾਰਕ ਉਲਝਣਾਂ ਅਤੇ ਕਾਰੋਬਾਰੀ ਪ੍ਰੇਸ਼ਾਨੀਆਂ ਵਿੱਚ ਵਾਧਾ ਹੋਣ ਦੇ ਯੋਗ ਹਨ। ਸੰਤਾਨ ਸਬੰਧੀ ਚਿੰਤਾ ਤੇ ਮੱਤਭੇਦ ਵੱਧਣਗੇ। ਅਚਾਨਕ ਯਾਤਰਾ ਦੇ ਯੋਗ ਹਨ। ਮਾਤਾ ਪਿਤਾ ਨੂੰ ਗੁਰਦੁਆਰਾ ਸਾਹਿਬ ਜਰੂਰ ਲੈ ਕੇ ਜਾਵੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਹਫਤੇ ਦੇ ਸ਼ੁਰੂ ਤੋਂ ਬਣਦੇ ਕੰਮਾਂ ਵਿੱਚ ਰੁਕਾਵਟਾਂ ਹੋਣਗੀਆਂ, ਪਰ ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮ ਵੀ ਹੋ ਸਕਦੇ ਹਨ। ਨਜ਼ਦੀਕੀ ਬੰਧੂਆਂ ਨਾਲ ਮੇਲ-ਜੋਲ ਵਧੇਗਾ। ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਮਿਹਨਤ ਕਰਨ 'ਤੇ ਧਨ ਲਾਭ ਅਤੇ ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਉੱਚ-ਪੱਧਰੀ ਅਧਿਕਾਰੀ ਨਾਲ ਮੇਲ-ਜੋਲ ਫਾਇਦੇਮੰਦ ਰਹੇਗਾ। ਦਿਮਾਗੀ ਤਣਾਅ, ਸੁਭਾਅ ਵਿੱਚ ਤੇਜ਼ੀ ਤੇ ਨਜ਼ਦੀਕੀ ਬੰਧੂਆਂ ਨਾਲ ਮੱਤਭੇਦ ਪੈਦਾ ਹੋਣਗੇ। ਗੁਰੂ ਘਰ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਆਰਥਿਕ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਵਿਪਰੀਤ ਹਾਲਾਤਾਂ ਵਿੱਚ ਵੀ ਆਮਦਨ ਦੇ ਸਾਧਨ ਬਣਦੇ ਰਹਿਣਗੇ। ਸਰੀਰਕ ਕਸ਼ਟ, ਦਿਮਾਗੀ ਤਣਾਅ ਅਤੇ ਸਾਂਝੇਦਾਰੀ ਦੇ ਕੰਮਾਂ ਵਿੱਚ ਖਾਸ ਲਾਭ ਨਹੀਂ ਹੋਵੇਗਾ। ਹਮੇਸ਼ਾ ਚਾਦਰ ਦੇਖ ਕੇ ਹੀ ਪੈਰ ਪਸਾਰੋ, ਮਨ ਵੀ ਸ਼ਾਂਤ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਫਜ਼ੂਲ ਦੀ ਭੱਜ-ਦੌੜ, ਧਨ ਦਾ ਖਰਚ ਜ਼ਿਆਦਾ, ਸੰਘਰਸ਼ ਅਤੇ ਵਿਪਰੀਤ ਹਾਲਾਤਾਂ ਵਿੱਚ ਵੀ ਆਮਦਨ ਦੇ ਸਾਧਨ ਬਣਦੇ ਰਹਿਣਗੇ। ਸਰੀਰਕ ਕਸ਼ਟ, ਬੇਵਜ੍ਹਾ ਤਣਾਅ ਅਤੇ ਬਣਦੇ ਕੰਮਾਂ ਵਿੱਚ ਰੁਕਾਵਟਾਂ ਦੇ ਯੋਗ ਹਨ। ਪਰਿਵਾਰ ਵਿੱਚ ਵਿਚਾਰਕ ਮੱਤਭੇਦ ਰਹਿਣਗੇ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਉ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਮਿਲਣਗੇ, ਪਰ ਅਚਾਨਕ ਖਰਚ ਵੀ ਵੱਧਣਗੇ। ਘਰ ਵਿੱਚ ਮੰਗਲ ਕਾਰਜ ਵੀ ਹੋਣਗੇ। ਕੁਝ ਵਿਗੜੇ ਕੰਮਾਂ ਵਿੱਚ ਉੱਚ-ਪੱਧਰੀ ਲੋਕਾਂ ਦੇ ਮੇਲ-ਜੋਲ ਨਾਲ ਸੁਧਾਰ ਹੋਵੇਗਾ। ਪਰਿਵਾਰ ਵਿੱਚ ਸਹਿਯੋਗ ਦੀ ਭਾਵਨਾ ਰਹੇਗੀ। ਗਰੀਬ ਬੱਚੇ ਨੂੰ ਪੰਜਾਬੀ ਜਾਂ ਧਾਰਮਿਕ ਕਿਤਾਬਾਂ ਲੈ ਕੇ ਦਿਉ ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਵਪਾਰਕ ਖੇਤਰ ਵਿੱਚ ਰੁਕਾਵਟਾਂ ਦੇ ਬਾਵਜੂਦ ਕਾਰਜ ਸਿੱਧੀ ਵਿੱਚ ਕਾਮਯਾਬੀ ਦੇ ਰਸਤੇ ਖੁੱਲ੍ਹਣਗੇ। ਉੱਚ ਪੱਧਰੀ ਲੋਕਾਂ ਨਾਲ ਮੇਲ-ਜੋਲ ਵਧੇਗਾ। ਪਿਛਲੇ ਦਿਨਾਂ ਵਿੱਚ ਕੀਤੀਆਂ ਕੋਸ਼ਿਸ਼ਾਂ ਵਿੱਚ ਕਾਮਯਾਬੀ ਮਿਲੇਗੀ। ਨਸ਼ਿਆਂ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਇਸ ਨਸ਼ਾ ਰੂਪੀ ਕੋਹੜ ਤੋਂ ਇਸ ਸਮਾਜ ਨੂੰ ਵੀ ਜਾਗਰੂਕ ਕਰੋ। ਇਸ ਨੇਕ ਕੰਮ ਨਾਲ ਮਾਣ-ਇੱਜ਼ਤ ਵਧੇਗਾ।

--------

## ਹਾਸੇ ਦੀ ਪਟਾਰੀ

**ਟੀਚਰ,** ਬੰਟੀ ਦੱਸੋ ਉਹ ਕਿਹੜਾ ਪੰਛੀ ਹੁੰਦਾ ਹੈ, ਜਿਸ ਦੇ ਪਰ ਹੁੰਦੇ ਹਨ, ਪਰ ਉਹ ਉੱਡ ਨਹੀਂ ਸਕਦਾ?
ਬੰਟੀ, ਮਰਿਆ ਹੋਇਆ ਪੰਛੀ।

*---*---*

**ਯਮਰਾਜ,** ਬੇਟੀ ਦੱਸ ਕਿਥੇ ਜਾਵੇਂਗੀ- ਨਰਕ ਜਾਂ ਸਵਰਗ ਵਿੱਚ?
ਕੁੜੀ, ਬੱਸ ਧਰਤੀ ਤੋਂ ਮੇਰਾ ਮੋਬਾਈਲ ਤੇ ਚਾਰਜਰ ਮੰਗਵਾ ਦਿਉ, ਮੈਂ ਤਾਂ ਕਿਤੇ ਵੀ ਰਹਿ ਲਵਾਂਗੀ।

**ਅਧਿਆਪਕ,** ਸਕੂਲ ਦੇਰ ਨਾਲ ਆਉਣ ਦਾ ਅੱਜ ਕੀ ਬਹਾਨਾ ਲੱਭਿਆ ਹੈ?
ਮਿੰਨੀ, ਸਰ ਅੱਜ ਮੈਂ ਏਨੀ ਤੇਜ਼ ਦੌੜ ਕੇ ਆਈ ਹਾਂ ਕਿ ਮੈਨੂੰ ਬਹਾਨਾ ਸੋਚਣ ਦਾ ਮੌਕਾ ਹੀ ਨਹੀਂ ਮਿਲਿਆ।

*---*---*

**ਸੁਨੀਲ,** ਸਰ, ਇਕ ਗੱਲ ਕਹਿਣੀ ਹੈ।
ਅਧਿਆਪਕ, ਦੱਸ ਕੀ?
ਸੁਨੀਲ, ਜਦੋਂ ਇਕ ਅਧਿਆਪਕ ਸਾਰੇ ਵਿਸ਼ੇ ਨਹੀਂ ਪੜ੍ਹਾ ਸਕਦਾ ਤਾਂ ਇਕ ਵਿੱਦਿਆਰਥੀ ਕਿਵੇਂ ਪੜ੍ਹ ਸਕਦਾ ਹੈ?

*---*---*

ਪੰਜਾਬ ਟਾਈਮਜ਼
PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

| | | |
|---|---|---|
| 6 MONTHS ---- | £95 | ☐ |
| 1 YEAR ---- | £180 | ☐ |


ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................
ADDRESS....................................................................
..............................................POST CODE..........................
TEL.............................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*

ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ
ਕਿੰਗਜ਼ਵੇਅ ਬੈਂਕਿਊਟਿੰਗ ਸੂਈਟ
ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ
ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!
ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।
ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !
ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ
ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

### -ਮਾਮਲਾ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਵਿਰੋਧ ਕਰ ਰਹੇ ਕਿਸਾਨ ਦੀ ਮੌਤ ਦਾ-

# ਭਾਜਪਾ ਆਗੂ ਸਮੇਤ 2 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ



ਰਾਜਪੁਰਾ-ਲੰਘੇ ਦਿਨ ਪਿੰਡ ਸੇਹਰਾ ਵਿਖੇ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦਾ ਵਿਰੋਧ ਕਰ ਰਹੇ ਕਿਸਾਨ ਸੁਰਿੰਦਰਪਾਲ ਸਿੰਘ ਦੀ ਹੋਈ ਮੌਤ ਦੇ ਸੰਬੰਧ ਵਿਚ ਥਾਣਾ ਖੇੜੀ ਗੰਡਿਆ ਪੁਲਿਸ ਨੇ ਭਾਜਪਾ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਅਤੇ 2 ਹੋਰ ਵਿਅਕਤੀਆਂ ਖ਼ਿਲਾਫ਼ ਧਾਰਾ 304 ਤਹਿਤ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਥਾਣਾ ਖੇੜੀ ਗੰਡਿਆ ਵਿਚ ਰੇਸ਼ਮ ਸਿੰਘ ਵਾਸੀ ਪਿੰਡ ਆਕੜੀ ਨੇ ਬਿਆਨ ਦਰਜ ਕਰਵਾਏ ਕਿ ਬੀਤੇ ਦਿਨੀਂ ਪਿੰਡ ਸਿਹਰਾ ਦੇ ਬੱਸ ਅੱਡੇ ਨੇੜੇ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਵਲੋਂ ਚੋਣ ਪ੍ਰਚਾਰ ਕਰਨ ਲਈ ਇਕ ਬੈਠਕ ਰੱਖੀ ਗਈ ਸੀ। ਇਸ ਦੌਰਾਨ ਨੇੜਲੇ ਪਿੰਡਾਂ ਦੇ ਕਿਸਾਨ ਆਗੂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਨੂੰ ਸਵਾਲਾਂ ਦੇ ਜਵਾਬ ਪੁੱਛਣ ਲਈ ਇਕੱਠੇ ਹੋਏ ਸਨ। ਇਸ ਮੌਕੇ ਜਦੋਂ ਕਿਸਾਨ ਭਾਜਪਾ ਉਮੀਦਵਾਰ ਦੀ ਗੱਡੀ ਨੇੜੇ ਪਹੁੰਚੇ ਤਾਂ ਮੌਕੇ ਉੱਤੇ ਭਾਜਪਾ ਆਗੂ ਹਰਵਿੰਦਰ ਸਿੰਘ ਵਾਸੀ ਹਰਪਾਲਪੁਰ ਅਤੇ ਹੋਰ ਅਣਪਛਾਤੇ ਵਿਅਕਤੀਆਂ ਨੇ ਕਿਸਾਨਾਂ ਨਾਲ ਧੱਕਾ ਮੁੱਕੀ ਕੀਤੀ। ਇਸ ਧੱਕਾ ਮੁੱਕੀ ਦੌਰਾਨ ਉਸ ਦਾ ਚਾਚਾ ਸੁਰਿੰਦਰ ਪਾਲ ਸਿੰਘ ਵਾਸੀ ਪਿੰਡ ਆਕੜੀ ਹੇਠਾਂ ਡਿਗ ਗਿਆ।

ਇਸ ਦੌਰਾਨ ਜ਼ਖ਼ਮੀ ਸੁਰਿੰਦਰ ਪਾਲ ਸਿੰਘ ਨੂੰ ਜਦੋਂ ਸਿਵਲ ਹਸਪਤਾਲ ਰਾਜਪੁਰਾ ਲਿਆਂਦਾ ਗਿਆ ਤਾਂ ਉੱਥੇ ਡਾਕਟਰਾਂ ਨੇ ਮਿਬਕ ਐਲਾਨ ਦਿੱਤਾ। ਪੁਲਿਸ ਨੇ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

### ਬਾਜਵਾ ਨੇ ਕਿਸਾਨ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ

ਇਸੇ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਸਿਵਲ ਹਸਪਤਾਲ ਰਾਜਪੁਰਾ ਵਿਖੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਪਹੁੰਚ ਰਹੇ ਹਨ। ਜਿਵੇਂ ਕਿ ਲੰਘੇ ਦਿਨ ਸਾਬਕਾ ਵਿਧਾਇਕ ਹਰਦਿਆਲ ਸਿੰਘ ਕੰਬੋਜ, ਕਾਂਗਰਸ ਦੇ ਉਮੀਦਵਾਰ ਧਰਮਵੀਰ ਗਾਂਧੀ, ਅਕਾਲੀ ਉਮੀਦਵਾਰ ਐਨ.ਕੇ. ਸ਼ਰਮਾ, ਸੁਖਬੀਰ ਸਿੰਘ ਬਾਦਲ ਦੇ ਓ.ਐਸ.ਡੀ. ਚਰਨਜੀਤ ਸਿੰਘ ਬਰਾੜ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਗੜ੍ਹੀ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਐਸ.ਐਸ. ਬੋਰਡ ਦੇ ਸਾਬਕਾ ਚੇਅਰਮੈਨ ਤੇਜਿੰਦਰ ਪਾਲ ਸਿੰਘ ਸੰਧੂ, ਨਗਰ ਪ੍ਰਧਾਨ ਨਰਿੰਦਰ ਸ਼ਾਸਤਰੀ ਸਮੇਤ ਹੋਰ ਸੀਨੀਅਰ ਕਾਂਗਰਸੀ ਰਾਜਪੁਰਾ ਦੇ ਸਰਕਾਰੀ ਹਸਪਤਾਲ ਪਹੁੰਚੇ, ਜਿੱਥੇ ਉਨ੍ਹਾਂ ਮਿਬਕ ਕਿਸਾਨ ਸੁਰਿੰਦਰ ਪਾਲ ਸਿੰਘ ਆਕੜੀ ਦੇ ਪਰਿਵਾਰ ਦੇ ਨਾਲ ਦੁੱਖ ਸਾਂਝਾ ਕੀਤਾ ਉੱਥੇ ਹੀ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ, ਸਤਨਾਮ ਸਿੰਘ ਬਹਿਰੂ ਸਮੇਤ ਵੱਖ-ਵੱਖ ਕਿਸਾਨ ਆਗੂਆਂ ਨਾਲ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

### ਕਿਸਾਨ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ-ਸ਼ਰਮਾ

ਪਿੰਡ ਸੇਹਰਾ ਵਿਚ ਵਾਪਰੀ ਘਟਨਾ ਬਾਰੇ ਪ੍ਰਤੀਕਰਮ ਦਿੰਦਿਆਂ ਭਾਜਪਾ ਦੇ ਪਟਿਆਲਾ ਸ਼ਹਿਰੀ ਪ੍ਰਧਾਨ ਸੰਜੀਵ ਸ਼ਰਮਾ ਬਿੱਟੂ ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਚੱਲ ਰਹੀ ਵੀਡਿਓ ਅਨੁਸਾਰ ਕੋਈ ਧੱਕਾ ਮੁੱਕੀ ਨਹੀਂ ਹੋਈ ਅਤੇ ਇਹ ਕਿਸਾਨ ਦਿਲ ਦਾ ਦੌਰਾ ਪੈਣ ਨਾਲ ਜ਼ਮੀਨ 'ਤੇ ਡਿਗ ਗਿਆ, ਜਿਥੇ ਇਸ ਦੀ ਮੌਤ ਹੋ ਗਈ। ਉਨ੍ਹਾਂ ਕਿਹਾ ਕਿ ਭਾਜਪਾ ਦੇ ਵਿਰੋਧੀਆਂ ਅਕਾਲੀ ਦਲ, ਆਮ ਆਦਮੀ ਪਾਰਟੀ ਅਤੇ ਕਾਂਗਰਸ ਵਲੋਂ ਇਸ ਨੂੰ ਗਲਤ ਰੰਗਤ ਨਾਲ ਪੇਸ਼ ਕੀਤਾ ਜਾ ਰਿਹਾ ਹੈ।

## ਵਿਦੇਸ਼ੀ ਨੰਬਰ ਤੋਂ ਫੋਨ ਕਰ ਕੇ ਲੰਡਾ ਹਰੀਕੇ ਦੱਸ ਕੇ ਦੁਕਾਨਦਾਰ ਕੋਲੋਂ ਮੰਗੀ ਪੰਜ ਲੱਖ ਰੁਪਏ ਦੀ ਫਿਰੌਤੀ

### ✪ ਦੋ ਗੁੰਡਿਆਂ ਨੇ ਘਰ ਦੇ ਦਰਵਾਜ਼ੇ ਵਿਚ ਮਾਰੀ ਗੋਲ਼ੀ

ਖਾਲੜਾ-ਸਥਾਨਕ ਪਿੰਡ ਰਾਜੋਕੇ ਵਿਚ ਕਰਿਆਨੇ ਦੀ ਦੁਕਾਨ ਕਰਦੇ ਵਿਅਕਤੀ ਕੋਲੋਂ ਵਿਦੇਸ਼ੀ ਨੰਬਰ ਤੋਂ ਫੋਨ ਕਰ ਕੇ ਪੰਜ ਲੱਖ ਦੀ ਫਿਰੌਤੀ ਮੰਗਣ ਦਾ ਮਾਮਲਾ ਸਾਹਮਣੇ ਆਇਆ ਹੈ। ਫਿਰੌਤੀ ਮੰਗਣ ਵਾਲੇ ਨੇ ਆਪਣੇ ਆਪ ਨੂੰ ਲੰਡਾ ਹਰੀਕੇ ਦੱਸਿਆ ਜਦੋਂਕਿ ਫਿਰੌਤੀ ਮੰਗਣ ਦੇ ਦੋ ਦਿਨ ਬਾਅਦ ਉਸਦੇ ਘਰ ਦੇ ਗੇਟ ਵਿਚ ਦੋ ਨੌਜਵਾਨ ਗੋਲ਼ੀ ਵੀ ਮਾਰ ਗਏ। ਇਸ ਸਬੰਧੀ ਥਾਣਾ ਖਾਲੜਾ ਦੀ ਪੁਲਿਸ ਨੇ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਮਾਮਲੇ ਦੀ ਜਾਂਚ ਕਰ ਰਹੇ ਏਐੱਸਆਈ ਸੁਖਦੇਵ ਸਿੰਘ ਨੇ ਦੱਸਿਆ ਕਿ ਲੰਡਾ ਹਰੀਕੇ ਅਤੇ ਦੋ ਅਣਪਛਾਤੇ ਲੋਕਾਂ ਵਿਰੁੱਧ ਕਾਰਵਾਈ ਕੀਤੀ ਗਈ ਹੈ।


## ਔਰਤ ਨੂੰ ਅਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਮੁਕਾਇਆ



ਭੈਣੀ ਮੀਆਂ ਖਾਂ (ਗੁਰਦਾਸਪੁਰ)-ਸਥਾਨਕ ਥਾਣਾ ਅਧੀਨ ਪੈਂਦੇ ਪਿੰਡ ਕਿਸ਼ਨਪੁਰ ਵਿਖੇ ਬੀਤੇ ਦਿਨੀਂ ਸਵੇਰ ਸਮੇਂ ਇਕ ਵਿਆਹੁਤਾ ਔਰਤ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਮੁਕਾਇਆ। ਇਸ ਸਬੰਧੀ ਬਲਜਿੰਦਰ ਸਿੰਘ ਪਿੰਡ ਖੋਜਕੀਪੁਰ ਨੇ ਦੱਸਿਆ ਕਿ ਉਸ ਦੀ ਨੂੰਹ ਹਰਜੀਤ ਕੌਰ ਕੁਝ ਦਿਨ ਲਈ ਪੇਕੇ ਪਿੰਡ ਕਿਸ਼ਨਪੁਰ ਗਈ ਹੋਈ ਸੀ। ਪਿਤਾ ਸੰਤੋਖ ਸਿੰਘ ਨੇ ਦੱਸਿਆ ਕਿ ਸਵੇਰ ਸਮੇਂ ਉਸ ਦੀ ਪੁੱਤਰੀ ਹਰਜੀਤ ਕੌਰ ਸੈਰ ਕਰਨ ਲਈ ਗਈ ਤਾਂ ਕਾਫ਼ੀ ਦੇਰ ਤੱਕ ਵਾਪਸ ਨਹੀਂ ਪਰਤੀ। ਉਸ ਦੀ ਭਾਲ ਕਰਨ ਉੱਤੇ ਪਤਾ ਲੱਗਿਆ ਕਿ ਰਸਤੇ ਵਿਚ ਉਹ ਬੁਰੀ ਹਾਲਤ ਵਿਚ ਕੁੱਤਿਆਂ ਵਲੋਂ ਨੋਚੀ ਪਈ ਸੀ। ਪੁਲਿਸ ਵਲੋਂ ਧਾਰਾ 174 ਤਹਿਤ ਕਾਰਵਾਈ ਕਰਕੇ ਲਾਸ਼ ਪੋਸਟਮਾਰਟਮ ਲਈ ਸਿਵਲ ਹਸਪਤਾਲ ਗੁਰਦਾਸਪੁਰ ਵਿਖੇ ਭੇਜ ਦਿੱਤੀ ਗਈ।

## ਪਤਨੀ ਦੇ ਪ੍ਰੇਮ ਸਬੰਧਾਂ ਤੋਂ ਪਰੇਸ਼ਾਨ ਪਤੀ ਨੇ ਕੀਤੀ ਆਤਮ ਹੱਤਿਆ

### ✪ ਪਤਨੀ ਗ੍ਰਿਫਤਾਰ, ਪ੍ਰੇਮੀ ਦੀ ਭਾਲ ਜਾਰੀ



ਬਠਿੰਡਾ-ਸ਼ਹਿਰ ਦੇ ਸੰਜੇ ਨਗਰ 'ਚ ਪਤਨੀ ਅੰਜਲੀ ਦੇ ਨਾਜਾਇਜ਼ ਸਬੰਧਾਂ ਤੋਂ ਪਰੇਸ਼ਾਨ ਪਤੀ ਸੂਰਜ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਪਤਾ ਲੱਗਾ ਤਾਂ ਉਸ ਨੇ ਕਈ ਵਾਰ ਆਪਣੀ ਪਤਨੀ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਨੂੰਹ ਆਪਣੇ ਪ੍ਰੇਮੀ ਨੂੰ ਛੱਡਣਾ ਨਹੀਂ ਚਾਹੁੰਦੀ ਸੀ, ਜਿਸ ਕਾਰਨ ਉਹ ਉਸ ਦੇ ਲੜਕੇ ਨੂੰ ਤੰਗ-ਪ੍ਰੇਸ਼ਾਨ ਕਰਦੀ ਸੀ। ਪੁਲਿਸ ਨੇ ਮ੍ਰਿਤਕ ਨੌਜਵਾਨ ਦੇ ਪਿਤਾ ਮਦਨ ਲਾਲ ਵਾਸੀ ਸੰਜੇ ਨਗਰ ਦੀ ਸ਼ਿਕਾਇਤ 'ਤੇ ਦੋਸ਼ੀ ਪਤਨੀ ਅਤੇ ਉਸ ਦੇ ਕਥਿਤ ਪ੍ਰੇਮੀ ਸ਼ਿਵ ਕੁਮਾਰ ਖਿਲਾਫ ਖੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ਵਿਚ ਮਾਮਲਾ ਦਰਜ ਕਰ ਲਿਆ ਹੈ। ਇਸ ਦੌਰਾਨ ਪੁਲੀਸ ਨੇ ਮੁਲਜ਼ਮ ਪਤਨੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂਕਿ ਉਸ ਦੇ ਕਥਿਤ ਪ੍ਰੇਮੀ ਨੂੰ ਗ੍ਰਿਫ਼ਤਾਰ ਕਰਨਾ ਬਾਕੀ ਹੈ, ਜਿਸ ਦੀ ਭਾਲ ਲਈ ਪੁਲੀਸ ਛਾਪੇਮਾਰੀ ਕਰ ਰਹੀ ਹੈ।

## ਮੰਦਰ ਦੇ 2 ਪੁਜਾਰੀਆਂ ਨੇ ਇੱਕ ਨੌਜਵਾਨ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਹਵਨਕੁੰਡ ਵਿੱਚ ਦੱਬਿਆ

### ✪ ਦੋਸ਼ੀ ਗ੍ਰਿਫਤਾਰ, ਮਾਮਲਾ ਦਰਜ਼, ਲਾਸ਼ ਬਰਾਮਦ

ਸੰਗਰੂਰ-ਦੋਹਾਲਾ ਰੇਲਵੇ ਫਾਟਕ ਦੇ ਕੋਲ ਬਗਲਾਮੁਖੀ ਮੰਦਰ ਦੇ 2 ਪੁਜਾਰੀਆਂ ਨੇ ਇੱਕ ਨੌਜਵਾਨ 33 ਸਾਲ ਦੇ ਸੁਦੀਪ ਕੁਮਾਰ ਧੂਰੀ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਹਵਨਕੁੰਡ ਵਿੱਚ ਦੱਬ ਦਿੱਤਾ। ਪਰਿਵਾਰ ਦੇ ਮੁਤਾਬਿਕ ਮ੍ਰਿਤਕ 2 ਮਈ ਤੋਂ ਗਾਇਬ ਸੀ, 12 ਸਾਲ ਦੀ ਉਮਰ ਤੋਂ ਹੀ ਸੁਦੀਪ ਨੂੰ ਬੰਗਲਾਮੁਖੀ ਮੰਦਰ ਦੇ ਪੁਜਾਰੀਆਂ ਨੂੰ ਪਰਿਵਾਰ ਨੇ ਸੌਂਪ ਦਿੱਤਾ ਸੀ। ਪਿਤਾ ਦਾ ਇਲਜ਼ਾਮ ਹੈ ਕਿ ਤਾਂਤਰਿਕ ਵਿੱਦਿਆ ਦੀ ਵਜ੍ਹਾ ਕਰਕੇ ਮੇਰੇ ਪੁੱਤਰ ਦੀ ਬਲੀ ਦਿੱਤੀ ਗਈ ਹੈ। ਧੂਰੀ ਥਾਣੇ ਦੇ ਐਸਐਚਓ ਸੌਰਭ ਸਬਰਵਾਲ ਦੇ ਮੁਤਾਬਿਕ ਸੁਦੀਪ ਬੱਚਿਆਂ ਨੂੰ ਹਿੰਦੂ ਧਰਮ ਦੀ ਵਿੱਦਿਆ ਦਿੰਦਾ ਸੀ। ਪਰਿਵਾਰ ਨੂੰ ਪੁੱਤਰ ਦੇ ਗਾਇਬ ਹੋਣ 'ਤੇ ਪੁਜਾਰੀਆਂ 'ਤੇ ਸ਼ੱਕ ਸੀ। ਜਦੋਂ ਪੁੱਛ-ਗਿੱਛ ਦੇ ਲਈ ਪੁਲਿਸ ਬਗਲਾਮੁਖੀ ਮੰਦਰ ਦੇ ਪੁਜਾਰੀਆਂ ਕੋਲ ਪਹੁੰਚੀ ਅਤੇ ਸੁਦੀਪ ਬਾਰੇ ਜਾਣਕਾਰੀ ਮੰਗੀ ਤਾਂ ਪੁਜਾਰੀ ਪਰਮਾਨੰਦ ਨੇ ਕਿਹਾ ਉਹ 2 ਦਿਨ ਤੋਂ ਮੰਦਰ ਨਹੀਂ ਆਇਆ ਹੈ।

ਮੰਦਰ ਦੇ ਬਾਹਰ ਲੱਗੇ ਸੀਸੀਟੀਵੀ ਕੈਮਰਿਆਂ ਤੋਂ ਜਦੋਂ 2 ਦਿਨ ਪੁਰਾਣੀ ਫੁਟੇਜ ਨਹੀਂ ਮਿਲੀ ਅਤੇ ਤਾਂ ਪੁਲਿਸ ਨੇ ਮੰਦਰ ਦੇ ਨਜ਼ਦੀਕ ਇੱਕ ਫੈਕਟਰੀ ਦੇ ਕੈਮਰੇ ਨੂੰ ਖੰਗਾਲਿਆ ਤਾਂ ਸੁਦੀਪ ਦੀ ਫੁਟੇਜ ਮਿਲੀ।



ਪੁਲਿਸ ਨੇ ਜਦੋਂ ਪੁਜਾਰੀ ਪਰਮਾਨੰਦ ਨੂੰ ਥਾਣੇ ਲਿਜਾ ਕੇ ਸਖ਼ਤੀ ਕੀਤੀ ਤਾਂ ਉਸ ਨੇ ਸੁਦੀਪ ਦੇ ਕਤਲ ਦੀ ਪੂਰੀ ਕਹਾਣੀ ਦੱਸੀ ਕਿ ਕਤਲ ਕਰਨ ਤੋਂ ਬਾਅਦ ਉਸ ਨੂੰ ਹਵਨਕੁੰਡ ਦੇ ਹੇਠਾਂ ਦਬਾ ਦਿੱਤਾ ਗਿਆ ਸੀ।

ਪੁਲਿਸ ਨੇ ਹਵਨਕੁੰਡ ਨੂੰ ਖੋਦ ਕੇ ਸੁਦੀਪ ਦੀ ਲਾਸ਼ ਬਾਹਰ ਕੱਢ ਲਈ ਹੈ ਅਤੇ ਉਸ ਨੂੰ ਪੋਸਟਮਾਰਟਮ ਦੇ ਲਈ ਭੇਜ ਦਿੱਤਾ ਹੈ। ਪੁਲਿਸ ਨੇ ਇਸ ਮਾਮਲੇ ਵਿੱਚ ਬਗਲਾਮੁਖੀ ਦੇ 2 ਪੁਜਾਰੀ ਪਰਮਾਨੰਦਰ ਅਤੇ ਮੁੱਖ ਪੁਜਾਰੀ ਅਸ਼ੋਕ ਸ਼ਾਸਤਰੀ ਦੇ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ – ਟਵੀਟਸ ਆਫ ਦਾ ਵੀਕ

ਪੰਜਾਬ ਦੀ ਕਿਰਸਾਨੀ ਕਰੀਬ ਇਕ ਲੱਖ ਕਰੋੜ ਰੁਪਏ ਦੇ ਕਰਜੇ ਹੇਠ ਹੈ। ਭਾਰਤ ਸਰਕਾਰ – ਭਾਜਪਾ, 106 ਬਿਲੀਅਨ ਯੂ ਐਸ ਡਾਲਰ ਦੇ ਬਰਾਬਰ ਸਨਅਤੀ ਤੇ ਵਪਾਰਕ ਕਰਜੇ ਮੁਆਫ ਕਰ ਚੁਕੀ ਹੈ। ਭਾਰਤ ਦਾ ਕਿਰਸਾਨ ਵੀ ਇਹੋ ਮੰਗ ਕਰ ਰਿਹੈ। ਕਾਂਗਰਸ ਮੈਨੀਫੈਸਟੋ ਵਿੱਚ ਇਹ ਵਾਅਦਾ ਹੈ। ਸ਼ੋਮਣੀ ਅਕਾਲੀ ਦਲ ਨੂੰ ਵੀ ਇਸ ਦੀ ਪੂਰਤੀ ਲਈ, ਕਿਰਸਾਨੀ ਨਾਲ ਖੜੋਂਣ ਦਾ ਵਾਅਦਾ ਐਲਾਨੇ ਦੇਣਾਂ ਚਾਹੀਦੈ।

..................................

ਯੂ.ਕੇ. ਵਿਚ ਵਸਦੇ ਛੇ ਲੱਖ ਸਿੱਖਾਂ ਲਈ, ਇਸ ਅਜ਼ਾਦ ਅਤੇ ਉਚ-ਪੱਧਰੀ ਕਮੇਟੀ ਦੀ ਰਿਪੋਰਟ ਨੂੰ 'ਸਿੱਖਸ ਇਨ ਲਾਅ ਅਤੇ ਐਕਡੀਮੀਆ' ਦੀ ਸਰਪ੍ਰਸਤੀ ਹੈ। ਇਸਦਾ ਪ੍ਰਮੁੱਖ ਕੰਮ, ਸਿੱਖਾਂ ਦੀ ਯੂ. ਕੇ. ਸਰਕਾਰ ਨਾਲ ਸਮੁਚਿਤਾ ਵਿਚ ਪ੍ਰਤੀਨਿਧਤਾ ਨੂੰ, ਨਿਰੰਤਰ ਪ੍ਰਭਾਵਸ਼ਾਲੀ ਬਣਾਉਣ ਵਾਸਤੇ, ਖੋਜ-ਪੜਤਾਲ ਰਾਹੀਂ ਵਿਵਸਥਾ ਸਥਾਪਤ ਕਰਨ ਲਈ, ਯੋਗ ਸਿਫਾਰਸ਼ਾਂ ਪੇਸ਼ ਕਰਨੀਆਂ ਸਨ। ਤਾਂ ਕਿ ਸਰਕਾਰ ਨਾਲ ਲੋੜੀਂਦੇ ਕੰਮਾਂ, ਨੀਤੀਆਂ ਅਤੇ ਕਾਰਜਸ਼ੀਲਤਾ ਨੂੰ ਨਿਰੰਤਰ ਪੁਖਤਾ ਅਤੇ ਪ੍ਰਭਾਵਸ਼ਾਲੀ ਬਣਾਇਆ ਜਾ ਸਕੇ।



..................................

ਪੰਜਾਬ ਦੀ ਸਿੱਖ-ਪੰਥਕ ਸਿਆਸਤ ਵਿਚ ਸਮੇਂ ਸਮੇਂ ਸਵੈ-ਸਜੇ ਜਜ਼ਬਾਤੀ ਜੋਸ਼-ਉਭਾਰਨ ਵਾਲੇ ਐਕਟਵਿਸਟ ਆਗੂ ਆਉਂਦੇ ਜਾਂਦੇ ਰਹੇ ਹਨ। ਪਰ ਇਤਿਹਾਸ ਉਹਨਾਂ ਦੀ ਅਗਵਾਈ ਬਾਰੇ ਨਿਰਨਾ, ਅਸਲ ਕੰਮਾਂ ਅਤੇ ਦੇਂਣ ਅਧਾਰਿਤ ਕਰਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਤਾਂ ਆਪਣੇ-ਆਪਨੂੰ ਪੰਜ-ਪਿਆਰਿਆਂ ਤੇ ਸੰਗਤ ਨੂੰ ਸਮਰਪਿਤ ਕਰਕੇ ਵਿਅਕਤੀਵਾਦੀ ਨਹੀਂ, ਪੰਥਕ-ਸਾਂਝ ਮੁੱਖੀ ਲੀਡਰਸ਼ਿਪ ਦਾ ਆਦੇਸ਼ ਦਿਤਾ ਸੀ।

..................................

ਕਿਉਂ ਸਿਰਫ ਸ਼੍ਰੋਮਣੀ ਅਕਾਲੀ ਦਲ, ਸਿੱਖ-ਪੰਥਕ ਸੰਸਥਾਵਾਂ ਅਤੇ ਪੰਥਕ-ਵਿਅਕਤੀਗਤ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀਆਂ ਚੋਣਾਂ ਵਿਚ ਹਿਸਾ ਲੈਂਣ? ਕਿਉਂਕਿ ਉਹਨਾ ਦੀ ਦਾਰਸ਼ਨਿਕ, ਸਿਧਾਂਤਕ ਅਤੇ ਕਾਰਸ਼ੀਲਤਾ ਲਈ ਅਗਵਾਈ ਅਤੇ ਪ੍ਰੇਰਨਾ ਦਾ ਮੌਲਿਕ ਸੋਮਾ, ਨਿਰੋਲ ਸਿੱਖੀ ਹੈ।

..................................

ਪੰਜਾਬ, ਸਮੂਹ-ਪੰਜਾਬੀਆਂ ਤੇ ਸਿੱਖਾਂ ਨੂੰ ਨਵਿਆਈ ਹੋਈ, ਮਜਬੂਤ ਰੀਜਨਲ ਰਾਜਨੀਤਕ ਪਾਰਟੀ ਦੀ ਲੋੜ ਬਾਰੇ, ਵੱਡੀ ਲੋਕ-ਆਵਾਜ ਹੈ। ਇਹ ਤਾਂ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਸਦੀ ਤੋਂ ਨਿਰੰਤਰ ਚਲ ਰਹੀ, ਸ਼੍ਰੋਮਣੀ ਅਕਾਲੀ ਦਲ ਲਹਿਰ ਹੀ ਹੋ ਸਕਦੀ ਹੈ। ਕਾਂਗਰਸ-ਆਮ ਆਦਮੀ ਤੇ ਭਾਜਪਾ ਆਦਿ ਕੇਂਦਰਵਾਦੀ ਪਾਰਟੀਆਂ ਤਾਂ ਪੰਜਾਬ ਤੇ ਪੰਥ ਨੂੰ ਸਤਾਹ ਲਈ ਵਰਤਣਗੀਆਂ

..................................



ਜਦੋਂ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਵਿੱਚ ਕਰੀਬ 8 ਲੱਖ ਸਿੱਖ ਵਿਰਾਸਤ ਦੇ ਲੋਕ ਵੱਸਦੇ ਹਨ। ਉਨ੍ਹਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਦੀ ਰੱਖਿਆ ਲਈ ਹਮੇਸ਼ਾ ਮੌਜੂਦ ਰਹਾਂਗੇ।

General Elections 2024 in India: It is expected that when Shiromani Akali Dal election manifesto is published, it should reflect Punjab, Punjabis,Sikh-Panthic and generally minority issues and concerns; especially, relating to federal rights, regional interests, geopolitical economic, agricultural, social, ecological, cultural and human rights. The unionist manifestos of parties such as the BJP, Congress-APP will have little specific commitment to these critical matters as they would compete to attract the majority's votes

..........................................

Jathedar Virsa Singh Valtoha is an appropriate, suitable and seasonedSikh Panthic candidate for Khadoor Sahib Lok-Sabha Elections 2024 constituency. Shiromani kali Dal leadership and Sukhbir Singh Badal could not have amade a better decision. Not with standing results on 4th June 2024, The SAD would have to test its strengths across Punjab in allparliamentary constituencies



..........................................

Voters in India in General Elections 2024, should really use thisopportunity to vote out politicians who are in politics for no goodpublic reasons, but for trading corrupt behavior and practices inpursuit of paisas/money, power and popularity

..................................

Leadership for Punjab in Lok Sabha the Lower House of Parliament in India through General Elections 2024, should go to the politicalparty, whose leaders, manifesto and cadre are principled enough toshow real commitment to seek resolution of impending issues from the1966 and 1984 crises, and are prepared to rebuild Punjab's vulnerableeconomy and its composite Punjabi identity

..................................

Learning from some recent Sikh affairs, it is critical that Shiromani Gurdwara Parbandhik Committee the SGPC Amritsar and Akaal Takht Sahib provide original and authentic leadership on significant Panthic issues, rather than following the agenda of opportunist fringe groups,who often tend to bounce Sikhs and Sikh-Panth in awkward situations

.......................................

The UK government and the Opposition seem in agreement on the new definition of "extremism" but may differ on strate gising it. The Sikh organisations that draw values and guidance from Sikhism should have no concerns as Sikhs and Sikh Faith stands for democracy, diversity, peace, respect, live and let live. The UK Sikh Summit Report onrepresentation, consultation and advocacy is due to be released at Barristers Chamber in Birmingham on 5th May

..........................................

Elected representatives in Punjab at all levels in political institutions; from Panchayat to local authorities, Assembly and Lok Sabha should at least be driven by basics of great value soriginating from Sikh philosophy, history of traditions, and Punjabiculture. Punjabi communities including Sikhs, need stronger regional democratic voice and force as Shiromani Akali Dal can be, to raise, sustain voice and demand for resolving long standing issues eg 'Chandigarh', 'Punjabi areas', royalties for Punjab river waters, new economic investments, making farming and farm work attractive as asource of sustainable livelihood and income

.......................................

Sikhs don't worship idols of past or living beings, Sikhism, Sikh philosophy, traditions and practices focus on the teachings of Sri Guru Granth Sahib - this unique Scripture is compilation and embodiment of 36 medieval era spiritual, social, cultural, religio-political great lives. History shows that Mughal invaders of Hindustan, Babar, who demolished Hindu religious monuments includingthe original Ram Mandir was challenged by the founder of Sikh Faith GuruNanak Sahib, the 5th and 9th Sikh Gurus sacrificed their lives for freedom of faith but can contemporary India learn and practice thegreat multi-faith ideals? Punjab however, is an example of cohesivemulti-faith Punjabi society with consciousness of values. Punjabis do not accept their political leaders who instigate polarisation, despitetheir diverse voting preferences

.................................

# ਸਿਆਸੀ ਬਿਆਨਾਂ ਅਤੇ ਆਰਥਿਕਤਾ ਰਿਪੋਰਟਾਂ ਨੇ ਪਾਇਆ ਲੋਕਾਂ ਨੂੰ ਭੰਬਲ ਭੂਸੇ

**ਡਾ.ਅਮਨਪ੍ਰੀਤ ਸਿੰਘ ਬਰਾੜ**
96537-90000



ਹਰ ਰੋਜ ਸਾਨੂੰ ਵੇਖਣ, ਸੁਣਨ ਨੂੰ ਮਿਲਦਾ ਹੈ ਕਿ ਭਾਰਤ ਵਿਸ਼ਵ ਤਾਕਤ ਬਣਨ ਵੱਲ ਠੋਸ ਕਦਮ ਪੁੱਟ ਰਿਹਾ ਹੈ। ਹਾਲ ਹੀ ਵਿੱਚ ਕਈ ਸਿਆਸੀ ਬਿਅਨ ਆਉਂਦੇ ਹਨ ਜਿੱਥੇ ਦੇਸ਼ ਵਿਸ਼ਵ ਦੀ ਪੰਜਵੀ ਅਰਥ ਵਿਵੱਸਥਾ ਬਣਾ ਚੁੱਕਾ ਹੈ। ਇਸਦੇ ਨਾਲ ਹੀ ਸਾਡੀ ਜੀ.ਡੀ.ਪੀ. ਵੀ ਵਿੱਚ ਵੀ ਚੋਖਾ ਵਾਧਾ ਹੋ ਰਿਹਾ ਹੈ। ਇਸ ਨਾਲ ਭਾਰਤ ਅੰਤਰਾਸ਼ਟਰੀ ਪੱਧਰ ਤੇ ਇੱਕ ਤਾਕਤਵਰ ਦੇਸ਼ ਬਣ ਚੁੱਕਾ ਹੈ। ਇਹਕੁਝਪੜ੍ਹ ਸੁਣ ਕੇ ਬੇਹਦ ਖੁਸ਼ੀ ਹੁੰਦੀ ਹੈ ਕਿ ਸਾਡਾ ਦੇਸ਼ ਤਰੱਕੀ ਕਰ ਰਿਹਾ ਹੈ। ਕਿਉਂਕਿ ਜੇ ਦੇਸ਼ ਤਰੱਕੀ ਕਰੇਗਾ ਤਾਂ ਹੀ ਇਥੋਂ ਦੇ ਵਸਿੰਦੇ ਖੁਸ਼ਹਾਲ ਹੋਣਗੇ। ਇਸ ਸਭ ਦੇ ਉਲਟ ਜਦੋਂ ਖੋਜ ਅਧਾਰਤ ਰਿਪੋਰਟਾਂ ਆਂਉਦੀਆਂ ਹਨ ਤਾਂ ਇੰਝ ਲੱਗਦਾ ਹੈ ਕਿ ਜਿਵੇਂ ਅਸੀ ਖੁਸ਼ਹਾਲੀ ਵੱਲ ਨਹੀਂ ਬਲਕਿ ਕਰਜ਼ੇ ਦੀ ਦਲਦਲ ਵੱਲ ਵੱਧ ਰਹੇ ਹਾਂ। ਗੱਲ ਕਰਦੇ ਹਾਂ ਜੀ.ਡੀ.ਪੀ. ਦੇ ਵਾਧੇ ਦੀ ਹਰ ਪਾਸੇ ਚਰਚਾ ਹੋ ਰਹੀ ਹੈ ਕਿ ਸਾਡੀ ਜੀ.ਡੀ.ਪੀ. 6-7 ਪ੍ਰਤੀਸ਼ਤ ਦੀ ਦਰ ਨਾਲਵੱਧ ਰਹੀ ਹੈ। ਪਰ ਦੂਜੇ ਪਾਸੇ ਹਾਲ ਹੀ ਵਿੱਚ ਆਈ ਮੋਤੀਲਾਲ ਉਸਵਾਲ ਫਾਇਨੈਨਸ਼ੀਅਲ ਸਰਵਿਸ ਫਰਮ ਦੀ ਰਿਪੋਰਟ ਮੁਤਾਬਕ ਇਸ ਵੇਲੇ ਲੋਕਾਂ ਨੂੰ ਘਰ ਚਲਾਉਣ ਲਈ ਕਰਜ਼ਾ ਲੈਣਾ ਪੈ ਰਿਹਾ ਹੈ ਜੋ ਕਿ ਦਸੰਬਰ 2023 ਵਿੱਚ ਵੱਧ ਕਿ ਜੀ.ਡੀ.ਪੀ. ਦਾ 40 ਫੀਸਦੀ ਹੋ ਚੁੱਕਾ ਹੀ ਅਤੇ ਲੋਕਾਂ ਦੀ ਬੱਚਤ 5 ਫੀਸਦੀ ਨਾਲ ਘਟੀ ਹੈ। ਘਰੇਲੂ ਕਰਜ਼ੇ ਵਿੱਚ ਵੀ ਅਸੁਰੱਖਿਅਤ ਨਿੱਜੀ ਕਰਜ਼ਾ ਸਭ ਤੋਂ ਵੱਧ ਹੈ। ਇਸ ਤਰ੍ਹਾਂ ਦੇ ਨਿੱਜੀ ਕਰਜੇ ਜਿਸ ਪ੍ਰਤੀ ਕੋਈ ਸਿਕਿਉਰਟੀ ਨਹੀਂ ਰੱਖੀ ਜਾਂਦੀ। ਇਸ ਦੇ ਲਈ ਵਿਆਜ ਦਰ ਤਕਰੀਬਨ 24 ਤੋਂ 36 ਫੀਸਦੀ ਤੱਕ ਚਲੀ ਜਾਂਦੀ ਹੈ। ਉਸ ਦਾ ਇਸ ਦੀ ਰਿਕਵਰੀ ਮੁਸ਼ਕਿਲ ਹੁੰਦੀ ਹੈ ਅਤੇ ਕਰਜ਼ਾ ਦੇਣ ਵਾਲੀਆਂ ਏਜੰਸੀਆਂ ਨੇ ਅੱਗੋਂ ਬਾਹੂਬਲੀਆਂ ਨੂੰ ਠੇਕੇ ਦਿੱਤੇ ਹੁੰਦੇ ਹਨ। ਦੂਜੇ ਪਾਸੇ ਹੈ ਕਿ ਸਾਡੇ ਦੇਸ਼ ਦੇ ਅਰਬਪਤੀ ਵੀ ਹੁਣ ਦੁਨੀਆਂ ਦੇ ਸਭ ਤੋਂ ਅਮੀਰ ਦੱਸ ਬੰਦਿਆਂ ਵਿਚ ਪਹੁੰਚ ਚੁੱਕੇ ਹਨ। ਇਸ ਸਮੇਂ ਦੋਰਾਨ 40 ਹੋਰ ਭਾਰਤੀ ਅਰਬਪਤੀਆ ਦੀ ਸੂਚੀ ਵਿੱਚ ਸ਼ਾਮਿਲ ਹਨ। ਯੂ ਐਨ ਡੀ ਪੀ ਦੀ ਏਸ਼ੀਆ ਪੈਸਿਫਿਕ ਹੁਮਨ ਡਿਵੈਲਪਮੈਂਟ (**Asia pacific human development**) ਤਾਜੀ ਰਿਪੋਰਟ ਦੇ ਅਨੁਸਾਰ ਦੇਸ਼ ਦੇ ਇੱਕ ਫੀਸਦੀ ਲੋਕਾਂ ਕੋਲ 22 ਫੀਸਦੀ ਆਮਦਨ ਹੈ ਜਦਕਿ 10 ਫੀਸਦੀ ਉਪਰਲਿਆ ਕੋਲ 40 ਫੀਸਦੀ ਆਮਦਨ ਹੈ। ਇਸਦਾ ਅਰਥ ਹੈ ਕਿ ਬਚੇ 90 ਫੀਸਦੀ ਲੋਕਾਂ ਕੋਲ 60 ਫੀਸਦੀ ਆਮਦਨ ਹੈ।

ਇਸ ਵੇਲੇ ਭਾਰਤ ਦੀ ਪ੍ਰਤੀ ਜੀਅ ਆਮਦਨ 2389 ਡਾਲਰ। ਪਰ ਜਿਸ ਦੇਸ਼ ਨੂੰ ਪਛਾੜ ਕੇ ਅਸੀਂ ਵਿਸ਼ਵ ਦੀ ਪੰਜਵੀ ਅਰਥ ਵਿਵਸਥਾ ਬਣੇ ਹਾਂ ਉਸ ਨਾਲੋਂ ਸਾਡੀ ਪ੍ਰਤੀ ਜੀਅ ਆਮਦਨ ਦੱਸਵੇ ਹਿੱਸੇ ਤੋਂ ਘੱਟ ਹੈ। ਇਸ



ਵੇਲੇ ਸਵਾਲ ਤਾਂ ਇਹ ਹਨ ਕਿ ਕੀ ਆਮ ਲੋਕਾਂ ਦੀ ਆਮਦਨ ਵਧੀ ਹੈ ? ਕੀ ਮਹਿੰਗਾਈ ਘਟੀ ਹੈ ? ਦਰਅਸਲ ਦੇਸ਼ ਵਿੱਚ ਮਹਿੰਗਾਈ ਦਰ ਕਾਬੂ ਵਿੱਚ ਨਹੀਂ ਆ ਰਹੀ ਖਾਸ ਕਰਕੇ ਜ਼ਰੂਰਤ ਦੀਆ ਚੀਜ਼ਾ ਦੀ। ਇਸ ਦੇ ਨਾਲ ਹੀ ਬੇਰੋਜਗਾਰੀ ਵੀ ਕਾਬੂ ਵਿੱਚ ਨਹੀਂ ਆ ਰਹੀ ਜਿਹੜਾ ਰੋਜ਼ਗਾਰ ਮਿਲਦਾ ਹੈ ਉਸ ਨਾਲ ਪਰਿਵਾਰ ਦਾ ਗੁਜ਼ਾਰਾ ਨਹੀਂ ਚਲਦਾ। ਸਰਕਾਰਾ ਵੀ ਰੋਜਗਾਰ ਦੇਣ ਵਿੱਚ ਦਿਲਚਸਪੀ ਨਹੀਂ ਰੱਖਦੀਆਂ ਬਲਕਿ ਮੁ.ਫਤ ਦੀ ਰਾਜਨੀਤੀ ਵੱਲ ਜਿਆਦਾ ਧਿਆਨ ਹੈ। ਇਸ ਦਾ ਪ੍ਰਮਾਣ ਮਿਲਦਾ ਹੈ ਕਿ ਕਿਵੇਂ ਲੋਕ ਦੇਸ਼ ਛੱਡਣ ਨੂੰ ਕਾਹਲੇ ਹਨ। ਇਸ ਵਿੱਚ ਬਦਨਾਮ ਸਿਰਫ ਪੰਜਾਬ ਹੀ ਹੋ ਰਿਹਾ ਹੈ ਪਰ ਜੇ ਅੰਕੜਿਆ ਦੀ ਗੱਲ ਕਰੋ ਤਾਂ ਪੜ੍ਹਾਈ ਲਈ ਬਾਹਰਲੇ ਦੇਸ਼ਾ ਵੱਲ ਜਾਣ ਵਾਲੇ 12.5 ਫੀਸਦੀ ਪੰਜਾਬੀ ਹਨ ਜਦਕਿ 12.5 ਫੀਸਦੀ ਹੀ ਮਹਾਂਰਾਸ਼ਟਰਾ, ਆਂਧਰਾ ਪ੍ਰਦੇਸ਼ ਅਤੇ ਤੇਲੰਗਾਨਾ ਵਿੱਚੋਂ ਜਾ ਰਹੇ ਹਨ। ਸੋਚਣ ਦੀ ਗੱਲ ਹੈ ਕਿ ਹੈਦਰਾਬਾਦ ਵਿੱਚ ਪੜ੍ਹਾਈ ਲਈ ਵਧੀਆ ਸੈਂਟਰਲ ਇੰਸਚਿਚੂਟ ਹਨ ਜਦਕਿ ਬੈਂਗਲੋਰ ਆਈ.ਟੀ. ਹੱਬ ਹੈ। ਇਸ ਦੇ ਨਾਲ ਹੀ ਭਾਰਤ ਵਿੱਚ ਰੋਲ ਮਾਡਲ ਮੰਨਿਆ ਜਾਣ ਵਾਲਾ ਸੂਬਾ ਗੁਜਰਾਤ ਵੀ 8.5 ਫੀਸਦੀ ਤੇ ਹੈ। ਹਾਲ ਵੀ ਵਿੱਚ ਨਿਕਰਾਗੁਆ ਜਾ ਰਹੀ ਡਾਂਕੀ ਫਲਾਈਟ ਜਿਹਨਾਂ ਨੂੰ ਅੱਗੋ ਅਮਰੀਕਾ ਡਾਂਕੀ ਲਗਾ ਕੇ ਭੇਜਣਾ ਸੀ ਉਹ ਫੜੀ ਗਈ ਤਾਂ ਉਸ ਵਿੱਚ ਪੰਜਾਬੀਆ, ਹਰਿਆਣਵੀਆਂ ਦੇ ਨਾਲ ਗੁਜਰਾਤੀਆਂ ਦੀ ਗਿਣਤੀ ਵੀ ਭਰਭੂਰ ਸੀ।

16 ਦਸੰਬਰ 2023 ਨੂੰ ਭਾਰਤੀ ਅੰਤਰਾਸ਼ਟਰੀ ਮਾਮਲਿਆ ਦੇ ਸੂਬਾ ਮੰਤਰੀ, ਵੀ ਮੂਰਲੀਧਰਨ ਨੇ ਸੰਸਦ ਵਿੱਚ ਦੱਸਿਆ ਕਿ ਉਹਨਾਂ ਨੇ ਨਕਲੀ ਟਰੈਵਲ ਏਜੰਟਾਂ ਦੀ ਸੂਚੀ ਜਾਰੀ ਕੀਤੀ ਹੈ ਜਿਸ ਵਿੱਚ ਆਂਧਰਾ ਪ੍ਰਦੇਸ਼ ਵਿੱਚ 471, ਉੱਤਰ ਪ੍ਰਦੇਸ਼ ਵਿੱਚ 400, ਤਾਮਿਲਨਾਡੂ ਵਿੱਚ 360, ਮਹਾਂਰਾਸ਼ਟਰਾ ਵਿੱਚ 309, ਦਿੱਲੀ ਵਿੱਚ 292 ਤੇ ਪੰਜਾਬ ਵਿੱਚ 190 ਸਨ। ਸੋਚਣ ਦੀ ਗੱਲ ਹੈ ਕਿ ਨੌਜਵਾਨ ਜਿਹਨਾਂ ਵਿੱਚ ਕੰਮ ਕਰਨ ਦਾ ਜਜ਼ਬਾ ਹੈ ਉਹ ਇਥੋਂ ਬਾਹਰ ਕਿਉਂ ਨਿਕਲ ਰਹੇ ਹਨ। ਇਸ ਵਿੱਚ ਜੇ ਅੰਕੜਿਆਂ ਤੇ ਹੋਰ ਝਾਤ ਮਾਰੀਏ ਤਾਂ ਸੁਪਨਿਆਂ ਦੇ ਦੇਸ਼ ਅਮਰੀਕਾ ਵਿੱਚੋਂ ਸਤੰਬਰ 2022 ਤੋਂ ਅਕਤੂਬਰ 2023 ਤੱਕ 96917 ਭਾਰਤੀ ਅਮਰੀਕੀ ਬਾਰਡਰ ਤੋਂ ਵਾਪਿਸ ਭੇਜੇ ਹਨ ਇਹ ਅੰਕੜਾ 2019-20 ਨਾਲੋਂ ਪੰਜ ਗੁਣਾ ਜ਼ਿਆਦਾ ਹੈ। ਜਿਹੜੇ ਜੰਗਲਾਂ ਵਿੱਚ ਮਰ ਗਏ ਜਾਂ ਹੋਰ ਦੇਸ਼ਾ ਵਿਚੋਂ ਵਾਪਸ ਭੇਜ ਦਿੱਤੇ ਗਏ, ਉਹ ਉਪ੍ਰੋਕਤ ਅੰਕੜੇ ਤੋਂ ਵੱਖ ਹਨ। ਵਿਚਾਰਨ ਯੋਗ ਸਥਿਤੀ ਤਾਂ ਇਹ ਹੈ ਕਿ ਇਨਸਾਨ ਅੰਦਰ ਕਿੰਨੀ ਨਿਰਾਸ਼ਾ ਹੈ ਕਿ ਉਹ ਘਰ-ਬਾਰ ਵੇਚ ਕੇ ਜਾ ਕਰਜ਼ਾ ਲੈ ਕਿ ਮੌਤ ਨੂੰ ਗਲ ਲਾ ਰਿਹਾ ਹੈ। ਇਥੇ ਇੱਕ ਹੋਰ ਗੱਲ ਵੀ ਹੈ ਕਿ ਸਭ ਵੱਡੇ ਧਨਾਢ ਲੋਕਾਂ ਨੇ ਆਪਣੇ ਤੇ ਆਪਣਿਆਂ ਬੱਚਿਆਂ ਵਾਸਤੇ ਬਾਹਰਲੇ ਦੇਸ਼ਾਂ ਦੀ ਨਾਗਰਿਕਤਾ ਲੈ ਰੱਖੀਆਂ ਹਨ। ਕਈਆਂ ਦੇ ਤਾਂ ਬੱਚੇ ਵਸੇ ਹੀ ਬਾਹਰ ਹਨ। 2023 ਵਿੱਚ ਹੈਨਲੇਇ ਪ੍ਰਾਈਵੇਟ ਵੈਲਥ ਮਾਈਗਰੇਸ਼ਨ ਰਿਪੋਰਟ 2023 (**Henley Private Wealth Migration Report 2023**) ਮੁਤਾਬਕ 2023 ਵਿੱਚ 6500 ਅਮੀਰ ਲੋਕ ਦੇਸ਼ ਛੱਡ ਜਾਣਗੇ ਜਦਕਿ 2022 ਵਿੱਚ 7500 ਅਮੀਰ ਲੋਕਾਂ ਨੇ ਦੇਸ਼ ਛੱਡਿਆ ਸੀ।

ਅੱਜ ਯੂ.ਐਨ (ਸੰਯੂਕਤ ਰਾਸ਼ਟਰ) ਦੀ ਖੁਸ਼ੀ ਦੇ ਮੁਲਾਂਕਨ ਦੀ 2024 ਰਿਪੋਰਟ ਮੁਤਾਬਕ ਭਾਰਤ 143 ਦੇਸ਼ਾ ਵਿਚੋਂ 126 ਵੇਂ ਸਥਾਨ ਤੇ ਰਿਹਾ। ਇਸੇ ਤਰ੍ਹਾਂ ਗਲੋਬਲ ਹੰਗਰ ਇੰਡੈਕਸ 2023 ਤੇ, ਭਾਰਤ ਦਾ ਸਥਾਨ 125 ਦੇਸ਼ਾ ਵਿੱਚੋਂ 111 ਵਾ ਤੇ ਰਿਹਾ। ਦ ਹਿੰਦੂ ਅਖਬਾਰ ਵਿੱਚ ਛੱਪੀ ਖਬਰ ਦੇ ਹਿਸਾਬ ਨਾਲ ਭਾਰਤ ਭਰਿਸ਼ਟਾਚਾਰ ਵਿੱਚ 180 ਦੇਸ਼ਾ ਵਿਚੋਂ 93 ਸਥਾਨ ਤੇ ਆਉਂਦਾ ਹੈ (ਕੁਰੱਪਸ਼ਨ ਪ੍ਰਸੈਪਸ਼ਨ ਇੰਡੈਕਸ 2023)।

ਹਾਲ ਹੀ ਵਿੱਚ ਆਈ ਲੋਕਨੀਤੀ ਸੀ ਐਸ ਡੀ ਐਸ 2024 ਪ੍ਰੀ-ਪੋਲ ਸਰਵੇਅ ਮੁਤਾਬਕ 62 ਫੀਸਦੀ ਲੋਕ ਪਿੰਡਾਂ ਤੇ ਛੋਟੇ ਸ਼ਹਿਰਾਂ ਵਾਲੇ ਅਤੇ 65 ਫੀਸਦੀ ਵੱਡੇ ਸ਼ਹਿਰਾਂ ਵਾਲੇ ਲੋਕ ਇਹ ਮੰਨਦੇ ਹਨ ਕਿ ਪਿਛਲੇ ਸਾਲਾਂ ਵਿੱਚ ਨੌਕਰੀ ਲੈਣਾ ਔਖਾ ਹੁੰਦਾ ਜਾਂਦਾ ਹੈ।

ਇਸ ਰਿਪੋਰਟ ਦੇ ਹਿਸਾਬ ਨਾਲ 56 ਫੀਸਦੀ ਲੋਕ ਇਹ ਕਹਿੰਦੇ ਹਨ ਕਿ ਮਹਿੰਗਾਈ ਵੱਧੀ ਹੈ। 35 ਫੀਸਦੀ ਲੋਕ ਕਹਿੰਦੇ ਹਨ ਕਿ ਉਹਨਾਂ ਦੀ ਜ਼ਿੰਦਗੀ (**Quality of Life**) ਬਦ ਤੋਂ ਬਦਤਰ ਹੋਈ ਹੈ। ਇਸੇ ਤਰ੍ਹਾਂ 55 ਫੀਸਦੀ ਲੋਕ ਇਹ ਕਹਿੰਦੇ ਹਨ ਕਿ ਭਰਿਸ਼ਟਾਚਾਰ ਵੱਧਿਆ ਹੈ।

ਹਾਲਾਂਕਿ ਪ੍ਰੜ੍ਹਾਈ ਦੇ ਸੁਧਾਰ ਲਈ 34 ਸਾਲਾਂ ਬਾਅਦ ਨਵੀ ਐਨ ਈ ਪੀ 2020 ਲਿਆਂਦੀ ਗਈ ਹੈ। ਪਰ ਇੰਡੀਆ ਸਕਿਲ ਰਿਪੋਰਟ 2024 ਦੇ ਮੁਤਾਬਕ ਅੱਜ ਵੀ 48.75 ਫੀਸਦੀ ਨੋਜਵਾਨਾਂ ਕੋਲ ਕੋਈ ਹੁਨਰ (ਸਕਿਲ) ਨਹੀਂ ਹੈ ਕਿ ਉਹਨਾਂ ਨੂੰ ਨੌਕਰੀ ਮਿਲ ਸਕੇ। ਅੱਜ ਜੋ ਪੜ੍ਹੇ ਵੀ ਹਨ ਜਦੋਂ ਉਹਨਾਂ ਨੂੰ ਇਹ ਕਹਿ ਦਿੱਤਾ ਜਾਂਦਾ ਹੈ ਕਿ ਇਹਨਾਂ ਨੂੰ ਆਉਂਦਾ ਕੁੱਝ ਨਹੀਂ ਫੇਰ ਉਸ ਪੜ੍ਹਾਈ ਦਾ ਕੀ ਫਾਇਦਾ।

ਇਸੇ ਦੌਰਾਨ ਆਮ ਲੋਕਾਂ ਵਿੱਚ ਇਹ ਧਾਰਨਾ ਬਣ ਰਹੀ ਹੈ ਕਿ ਸਰਕਾਰੇ ਦਰਬਾਰੇ ਇਨਸਾਫ ਮਿਲਣ ਦੀ ਉਮੀਦ ਘੱਟਦੀ ਜਾ ਰਹੀ ਹੈ। ਕਾਰਜਕਾਰੀ ਅਫਸਰ ਬਿਨਾਂ ਕਿਸੇ ਸਿਫਾਰਿਸ਼ ਦੇ ਗੱਲ ਹੀ ਨਹੀਂ ਸੁਣਦੇ ਅਤੇ ਆਮ ਕੰਮ ਧੰਦੇ ਲਈ ਲੋਕਾਂ ਨੂੰ ਹਲਕਾ ਇੰਚਾਰਜਾਂ ਵੱਲ ਜਾਣਾ ਪੈਂਦਾ ਹੈ। ਅੱਜ ਹਾਲਾਤ ਇਹ ਹਨ ਕਿ ਜੇ ਸਭ ਦਸਤਾਵੇਜ਼ ਵੀ ਪੂਰੇ ਹਨ ਅਤੇ ਕੰਮ ਵੀ ਜਾਇਜ਼ ਹੈ ਤਾਂ ਵੀ ਕੰਮ ਨਹੀਂ ਹੁੰਦਾ। ਦਰਅਸਲ ਇਸ ਦੇ ਪਿੱਛੇ ਨੀਅਤ ਅਤੇ ਨੀਤੀ ਸਾਡੇ ਵੱਲੋਂ ਹੀ ਵੋਟਾਂ ਪਾ ਕੇ ਜਿਤਾਏ ਹੋਏ ਸਾਡੇ ਨੁਮਾਇੰਦਿਆਂ ਦੀ ਹੈ। ਜੋ ਵੋਟਾਂ ਵੇਲੇ ਤਾਂ ਆਰਜੀ ਰੂਪ ਵਿੱਚ ਲੋਕਾਂ ਦੇ ਹਮਸਾਇਆ ਬਣਦੇ ਹਨ ਪਰ ਵੋਟਾਂ ਤੋਂ ਬਾਅਦ ਸੁਰੱਖਿਆ ਦੇ ਮੱਦੇਨਜ਼ਰ ਆਮ ਲੋਕਾਂ ਤੋਂ ਦੂਰੀ ਬਣ ਜਾਂਦੀ ਹੈ। ਫਿਰ ਚੱਲਦੀ ਹੈ ਸਰਕਾਰੀ ਨੀਤੀ ਘਾੜਿਆਂ ਦੀ ਜਿਹਨਾਂ ਦਾ ਰਿਮੋਟ ਵੱਡੇ ਉਦਯੋਗ ਪਤੀਆਂ ਦੇ ਹੱਥ ਵਿੱਚ ਹੈ। ਕਾਨੂੰਨ ਵਿਵੱਸਥਾ ਦਾ ਹਾਲ ਇਹ ਹੈ ਕਿ ਅੱਜ ਲੋਕ ਘਰਾਂ ਵਿੱਚ ਬੈਠੇ ਵੀ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਨਹੀਂ ਕਰਦੇ। ਰੋਜ ਰਾਤ ਤਾਂ ਛੱਡੋ ਦਿਨ ਦਿਹਾੜੇ ਹੀ ਲੁੱਟਾਂ ਖੋਹਾਂ ਨੂੰ ਧੜੱਲੇ ਨਾਲ ਅਨਜਾਮ ਦਿੱਤਾ ਜਾਂਦਾ ਹੈ।

ਸਰਕਾਰਾਂ ਦੀ ਆਵਦੀ ਸੁਰੱਖਿਆ ਯਕੀਨੀ ਹੈ ਇਸ ਲਈ ਉਹਨਾਂ ਦਾ ਇਸ ਪਾਸੇ ਧਿਆਨ ਨਹੀਂ ਜਾਂਦਾ ਜੇ ਕੋਈ ਧਿਆਨ ਦਿਵਾਉਂਦਾ ਹੈ ਤਾਂ ਕਹਿ ਦਿੱਤਾ ਜਾਂਦਾ ਹੈ ਐਨੀ ਵੱਡੀ ਅਬਾਦੀ ਵਿੱਚ ਇਹੋ ਜਿਹੀਆਂ ਘਟਨਾਵਾਂ ਤਾਂ ਮਾਮੂਲੀ ਗੱਲ ਹੈ ਪਰ ਜਿਸ ਦਾ ਘਰ ਬਾਰ ਲੁਟਿੱਆ ਜਾਂਦਾ ਹੈ ਜਾਂ ਜਿਸ ਦਾ ਪਰਿਵਾਰਿਕ ਮੈਂਬਰ ਮਾਰਿਆ ਜਾਂਦਾ ਹੈ ਉਹ ਘਰ ਤਬਾਹ ਹੋ ਜਾਂਦਾ ਹੈ ਕਿਹਾ ਜਾਂਦਾ ਹੈ ਕਿ ਭਾਰਤ ਸੱਭ ਤੋਂ ਵੱਡੀ ਡੈਮੋਕਰੇਸੀ ਹੈ ਇਕੱਲੀ ਵੋਟ ਪਾਉਣ ਦੇ ਅਧਿਕਾਰ ਨਾਲ ਸੱਭ ਤੋਂ ਵੱਡੀ ਡੈਮੋਕਰੇਸੀ ਨਹੀਂ ਬਣਦੀ ਡੈਮੋਕਰੇਟਿਕ ਸਰਾਕਰ ਉਹ ਹੁੰਦੀ ਹੈ ਜਿਹੜੀ ਸਰਕਾਰ ਲੋਕਾਂ ਵੱਲੋਂ ਚੁਣੀ ਜਾਵੇ ਅਤੇ ਲੋਕਾਂ ਦੀ ਸਲਾਹ ਨਾਲ ਲੋਕਾਂ ਲਈ ਕੰਮ ਕਰੇ। ਪਰ ਬਹੁਤੀਆਂ ਸਰਕਾਰਾਂ ਲੋਕਾ ਲਈ ਘੱਟ ਅਤੇ ਆਪਣੇ ਪਰਿਵਾਰਾਂ ਲਈ ਕੰਮ ਜਿਆਦਾ ਕਰਦੀਆਂ ਹਨ।

ਆਮ ਲੋਕਾਂ ਨੂੰ ਇਸ ਕਦਰ ਕੋਈ ਪੜ੍ਹਾਈ ਲਿਖਾਈ ਹੀ ਨਹੀਂ ਕਰਵਾਈ ਜਾਂਦੀ ਕਿ ਉਹ ਸਰਕਾਰਾਂ ਦੇ ਕੰਮ ਕਾਜ ਦੀਆਂ ਬਰੀਕੀਆਂ ਨੂੰ ਸਮਝ ਸਕਣ ਅਤੇ ਚੰਗੇ ਮਾੜੇ ਦੀ ਪਰਖ ਕਰ ਸਕਣ ਉਹਨਾਂ ਨੂੰ ਤਾਂ ਸਿਰਫ ਮੁਫਤ ਦੀ ਰਾਜਨੀਤੀ ਵਿੱਚ ਐਸਾ ਉਲਝਾਇਆ ਹੈ ਕਿ ਉਹ ਇਸ ਤੋਂ ਬਾਹਰ ਨਿਕਲ ਹੀ ਨਾ ਸਕਣ। ਮੁਫਤ ਦੇ ਰਾਸ਼ਨ ਨਾਲ ਸਿਰਫ ਵੋਟ ਪਾਉਣ ਦੀ ਉਰਜਾ ਹੀ ਬਣਦੀ ਹੈ ਇਸ ਤੋਂ ਵੱਧ ਉਹ ਹੋਰ ਕਿਸੇ ਕੰਮ ਜੋਗੇ ਨਹੀਂ। ਸਹਿਕਦੇ ਰਹੋ ਵੋਟ ਪਾਈ ਜਾਉ।

# ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਵੈਸਾਖ ਵਦੀ 1 ਬਨਾਮ ਵੈਸਾਖ ਸੁਦੀ 1

**ਸਰਵਜੀਤ ਸਿੰਘ ਸੈਕਰਾਮੈਂਟੋ**



ਸਿੱਖ ਇਤਿਹਾਸ ਦੀਆਂ ਕਈ ਹੋਰ ਤਾਰੀਖਾਂ ਦੀ ਤਰ੍ਹਾਂ, ਗੁਰੂ ਅੰਗਦ ਦੇਵ ਜੀ ਦੇ ਜਨਮ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਪਹਿਲੀ ਤਾਰੀਖ ਹੈ ਵੈਸਾਖ ਵਦੀ ਏਕਮ, 5 ਵੈਸਾਖ, ਸੰਮਤ 1561 ਬਿਕ੍ਰਮੀ ਅਤੇ ਦੂਜੀ ਹੈ ਵੈਸਾਖ ਸੁਦੀ ਏਕਮ, 20 ਵੈਸਾਖ, ਸੰਮਤ 1561 ਬਿਕ੍ਰਮੀ। ਗੋਰਿਆਂ ਦੇ ਰਾਜ ਵੇਲੇ, ਜਦੋਂ ਅੰਗਰੇਜੀ ਤਾਰੀਖਾਂ ਲਿਖਣ ਦਾ ਰਿਵਾਜ ਪਿਆ ਤਾਂ ਇਹ 31 ਮਾਰਚ 1504 ਈ: ਅਤੇ 15 ਅਪ੍ਰੈਲ 1504 (ਜੂਲੀਅਨ ) ਲਿਖੀਆਂ ਗਈਆਂ। ਇਨ੍ਹਾਂ ਦੋਵਾਂ ਤਾਰੀਖਾਂ `ਚ 15 ਦਿਨਾਂ ਦਾ ਫ਼ਰਕ ਹੈ। ਸਪੱਸ਼ਟ ਹੈ ਕਿ ਇਹ ਦੋਵੇਂ ਤਾਰੀਖਾਂ ਸਹੀ ਨਹੀਂ ਹੋ ਸਕਦੀਆਂ। ਆਓ ਵੇਖੀਏ ਇਨ੍ਹਾਂ ਦੋਵਾਂ ਤਾਰੀਖਾਂ ਵਿਚ ਕਿਹੜੀ ਤਾਰੀਖ ਸਹੀ ਹੋ ਸਕਦੀ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ ਉੱਪਰ ਇਹ ਤਾਰੀਖ ਵੈਸਾਖ ਵਦੀ 1, 5 ਵੈਸਾਖ ਸੰਮਤ 1561 ਬਿਕ੍ਰਮੀ ਦਰਜ ਹੈ।

**"Sri Guru Angad Dev ji (Bhai Lahna ji) was bornin village named Saria Naga (Matte Di Saria) district Muktsar (Punjab) on Vaisakh Vadi 1st (5 Vaisakh) Samvat 1561,March 31,1504." (sgpc.net)**

ਸਿੱਖ ਇਤਿਹਾਸ ਰਿਸਰਚ ਬੋਰਡ ਵੱਲੋਂ 1965 ਈ: ਵਿੱਚ ਛਾਪੀ ਗਈ ਡਾਇਰੀ'ਸਿੱਖ ਬਿਕ੍ਰਮੀ ਕੈਲੰਡਰ 1665-66' ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ "5 ਵੈਸਾਖ 1561 ਸੰਮਤ, 31 ਮਾਰਚ 1504 ਈ: " ਦਰਜ ਹੈ।

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਗਈ 'ਖਾਲਸਾ ਡਾਇਰੀ 1975-76' ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦੀ ਤਾਰੀਖ, "ਵਿਸਾਖ ਵਦੀ 1, ਵਿਸਾਖ ਪ੍ਰਵਿਸ਼ਟੇ 5, ਸੰਮਤ 1561 ਬਿ:, 31 ਮਾਰਚ, ਸੰਮਤ 1504 ਈ: ਦਿਨ ਐਤਵਾਰ" ਦਰਜ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਛਾਪੀ ਗਈ 'ਸ਼੍ਰੋਮਣੀ ਡਾਇਰੀ 1991' ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ ਵਿਸਾਖ ਵਦੀ 1 ਸੰਮਤ 1561 ਬਿ: 31 ਮਾਰਚ ਸੰਨ 1504 ਈ: ਹੀ ਦਰਜ ਹੈ।

'ਸ਼੍ਰੋਮਣੀ ਡਾਇਰੀ 1992' ਵਿੱਚ "ਵਿਸਾਖ ਸੁਦੀ 1 ਸੰਮਤ 1561 ਬਿ:, ਮੁਤਾਬਿਕ 31 ਮਾਰਚ ਸੰਮਨ 1504 ਈ: " ਦਰਜ ਹੈ। ਇਹ ਤਾਰੀਖ ਸਹੀ ਨਹੀਂ ਹੈ। ਜੇ ਵੈਸਾਖ ਸੁਦੀ 1 ਨੂੰ ਸਹੀ ਮੰਨੀਏ ਤਾਂ ਇਹ 15 ਅਪ੍ਰੈਲ 1504 ਈ: (ਜੂਲੀਅਨ ) ਬਣਦੀ ਹੈ। ਜੇ 31 ਮਾਰਚ ਸੰਮਨ 1504 ਈ: ਨੂੰ ਸਹੀ ਮੰਨੀਏ ਤਾਂ ਇਹ ਵੈਸਾਖ ਵਦੀ 1/5 ਵੈਸਾਖ ਬਣਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ, ਪ੍ਰੋ ਕਰਤਾਰ ਸਿੰਘ ਦੀ ਕਿਤਾਬ 'ਸਿੱਖ ਇਤਿਹਾਸ ਭਾਗ 1' ਵਿੱਚ ਵੀ ਗੁਰੂ ਜੀ ਦੇ ਜਨਮ ਦੀ ਤਾਰੀਖ, "ਵੈਸਾਖ ਵਦੀ 1, 5 ਵੈਸਾਖ ਸੰਮਤ 1561 ਮੁਤਾਬਕ 31 ਮਾਰਚ ਸੰਨ 1504 ਈ: " ਹੀ ਦਰਜ ਹੈ (ਪੰਨਾ 114)




| ਸੰਮਤ | ਵਦੀ-ਸੁਦੀ ਮੁਤਾਬਕ | ਸੂਰਜੀ ਕੈਲੰਡਰ ਮੁਤਾਬਕ |
|---|---|---|
| 547 | 6 ਵੈਸਾਖ | 5 ਵੈਸਾਖ |
| 548 | 25 ਵੈਸਾਖ | 5 ਵੈਸਾਖ |
| 549 | 15 ਵੈਸਾਖ | 5 ਵੈਸਾਖ |
| 550 | 3 ਵੈਸਾਖ | 5 ਵੈਸਾਖ |
| 551 | 22 ਵੈਸਾਖ | 5 ਵੈਸਾਖ |
| 552 | 12 ਵੈਸਾਖ | 5 ਵੈਸਾਖ |
| 553 | 30 ਵੈਸਾਖ | 5 ਵੈਸਾਖ |
| 554 | 18 ਵੈਸਾਖ | 5 ਵੈਸਾਖ |
| 555 | 8 ਵੈਸਾਖ | 5 ਵੈਸਾਖ |
| 556 | 27 ਵੈਸਾਖ | 5 ਵੈਸਾਖ |

ਧਰਮ ਪ੍ਰਚਾਰ ਕਮੇਟੀ ਵੱਲੋਂ ਛਾਪੀ ਜਾਂਦੀ ਧਾਰਮਿਕ ਪ੍ਰੀਖਿਆ ਲਈ ਨਿਰਧਾਰਿਤ ਪੁਸਤਕ 'ਗੁਰਮਤਿ ਗਿਆਨ ਦਰਜਾ ਪਹਿਲਾ' ਵਿੱਚ ਡਾ ਇੰਦਰਜੀਤ ਸਿੰਘ ਗੋਗੋਆਣੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦੀ ਤਾਰੀਖ 31 ਮਾਰਚ 1504 ਈ: ਦਰਜ ਕੀਤੀ ਹੈ।

'ਸਿੱਖ ਇਤਿਹਾਸ (1469-1765)' ਵਿੱਚ ਪ੍ਰਿ: ਤੇਜਾ ਸਿੰਘ ਅਤੇ ਡਾ ਗੰਡਾ ਸਿੰਘ ਜੀ (ਅਨੁਵਾਦਕ ਡਾ ਭਗਤ ਸਿੰਘ) ਲਿਖਦੇ ਹਨ, "ਗੁਰੂ ਜੀ ਦਾ ਜਨਮ 31 ਮਾਰਚ 1504 ਈਸਵੀ ਨੂੰ ਹੋਇਆ ਸੀ"।

ਡਾ ਹਰਜਿੰਦਰ ਸਿੰਘ ਦਿਲਗੀਰ ਵੀ 31 ਮਾਰਚ 1504 ਈ: ਨਾਲ ਸਹਿਮਤ ਹੈ। "ਜਿਨ੍ਹਾਂ ਦਿਨਾਂ ਵਿੱਚ ਗੁਰੂ ਨਾਨਕ ਸਾਹਿਬ ਅਜੇ ਸੁਲਤਾਨਪੁਰ ਨਹੀਂ ਗਏ ਸੀ ਬਲਕਿ ਤਲਵੰਡੀ ਵਿੱਚ ਹੀ ਸਨ, ਤਕਰੀਬਨ ਉਸੇ ਵੇਲੇ ਹੀ ਗੁਰੂ ਅੰਗਦ ਸਾਹਿਬ ਦਾ ਜਨਮ 31 ਮਾਰਚ 1504 ਦੇ ਦਿਨ ਮੱਤੇ ਦੀ ਸਰਾਂ ਵਿੱਚ ਹੋਇਆ"। (ਪੰਨਾ 185)

ਗਿਆਨੀ ਸੋਹਣ ਸਿੰਘ ਸੀਤਲ ਜੀ ਲਿਖਦੇ ਹਨ, "ਭਾਈ ਲਹਿਣਾ ਜੀ, 'ਅੰਗਦ' ਨਾਮ ਧਾਰਨ ਕਰਕੇ ਸਿੱਖਾਂ ਦੇ ਦੂਸਰੇ ਗੁਰੂ ਬਣੇ। ਆਪ ਜੀ ਦਾ ਜਨਮ ਵਿਸਾਖ ਵਦੀ ੧ (ਪੰਜ ਵਿਸਾਖ) ੧੫੬੧ ਬਿ: (੩੧ ਮਾਰਚ, ੧੫੦੪ ਈ:) ਐਤਵਾਰ ਨੂੰ ਅੰਮ੍ਰਿਤ ਵੇਲੇ ਪਿੰਡ 'ਮੱਤੇ ਦੀ ਸਰਾਏ' ਵਿਚ ਹੋਇਆ"। (ਗੁਰ ਇਤਿਹਾਸ ਦਸ ਪਾਤਸ਼ਾਹੀਆਂ, ਪੰਨਾ 65)

ਪ੍ਰੋ: ਸਾਹਿਬ ਸਿੰਘ ਜੀ ਲਿਖਦੇ ਹਨ, "੫ ਵੈਸਾਖ ਸੰਮਤ ੧੫੬੧ ਨੂੰ ਇਨ੍ਹਾਂ ਦਾ ਜਨਮ ਹੋਇਆ ਸੀ, ਚੰਦਰਮਾ ਦੀਆਂ ਥਿੱਤਾਂ ਦੇ ਹਿਸਾਬ ਉਸ ਦਿਨ ਵੈਸਾਖ ਵਦੀ ੧ ਸੀ, ਭਾਵ ਹਨੇਰਾ ਪੱਖ ਪੂਰਨਮਾਸ਼ੀ ਤੋਂ ਅਗਲਾ ਦਿਨ। ਈਸਵੀ ਸੰਨ ੧੫੦੪ ਸੀ ਅਤੇ ਮਾਰਚ ਦੀ ੩੧ ਤਰੀਕ" ( ਪੰਨਾ 12)

**"Guru Angad was born at Matte di Sarae in Firozpur district on March 31, 1504" (Hari Ram Gupta, History of the Sikhs, Page 113)**

ਪ੍ਰਿੰਸੀਪਲ ਸਤਬੀਰ ਸਿੰਘ ਜੀ ਲਿਖਦੇ ਹਨ, "ਇਥੇ ਬਾਬਾ ਫੇਰੂ ਮੱਲ ਜੀ ਦੇ ਘਰ ਤੇ ਮਾਤਾ ਰਾਮੋ ਜੀ ਦੀ ਕੁੱਖੋਂ ਹਰੀਏ ਕੇ ਮੱਤੇ ਕੀ ਸਰਾਂ 31 ਮਾਰਚ 1504 ਨੂੰ ਲਹਿਣਾ ਜੀ ਦਾ ਜਨਮ ਅੰਮ੍ਰਿਤ ਵੇਲੇ ਹੋਇਆ"। (ਕੁਦਰਤੀ ਨੂਰ, ਪੰਨਾ 12) ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਿਕ ਇਹ 5 ਵੈਸਾਖ, ਵੈਸਾਖ ਵਦੀ 1, ਸੰਮਤ 1561 ਬਿਕ੍ਰਮੀ ਬਣਦੀ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਮਾਰਚ 2003 ਈ: ਵਿੱਚ ਨਾਨਕਸ਼ਾਹੀ ਕੈਲੰਡਰ (535 ਨ: ਸ:) ਲਾਗੂ ਕੀਤਾ ਗਿਆ ਸੀ। ਕੈਲੰਡਰ ਕਮੇਟੀ ਵੱਲੋਂ ਕੀਤੇ ਫੈਸਲੇ, "ਤਿੱਥਾਂ ਨੂੰ ਨਾਨਕਸ਼ਾਹੀ ਕੈਲੰਡਰ ਵਿੱਚ ਬਦਲਣ ਲਈ ਅੰਗਰੇਜੀ ਤਾਰੀਖਾਂ ਨੂੰ ਨਹੀਂ ਬਲਕਿ ਪ੍ਰਵਿਸ਼ਟਿਆਂ ਨੂੰ ਮੁੱਖ ਰੱਖਿਆ ਜਾਵੇਗਾ" ਮੁਤਾਬਕ ਨਾਨਕਸ਼ਾਹੀ ਕੈਲੰਡਰ ਵਿੱਚ ਗੁਰੂ ਅੰਗਦ ਦੇਵ ਜੀ ਦੇ ਜਨਮ ਦਾ ਅਸਲ ਪ੍ਰਵਿਸ਼ਟਾ 5 ਵੈਸਾਖ ਹੀ ਦਰਜ ਕੀਤਾ ਗਿਆ ਸੀ। ਇਹ ਕੈਲੰਡਰ 7 ਸਾਲ ਲਾਗੂ ਰਿਹਾ ਸੀ। ਸਮੁੱਚੇ ਪੰਥ ਵੱਲੋਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ ਹਰ ਸਾਲ 5 ਵੈਸਾਖ (18 ਅਪ੍ਰੈਲ) ਨੂੰ ਮਨਾਇਆ ਜਾਂਦਾ ਸੀ। ਪਰ ਮਾਰਚ 2010 ਈ: ਵਿੱਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਦੋ ਮੈਂਬਰੀ ਕੈਲੰਡਰ ਵਿਗਾੜੂ ਕਮੇਟੀ ਦੀਆਂ ਸਿਫ਼ਾਰਿਸ਼ਾਂ ਨੂੰ ਮੰਨਦੇ ਹੋਏ ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਣਾ ਆਰੰਭ ਕਰ ਦਿੱਤਾ। ਇਸ ਕੈਲੰਡਰ ਦਾ ਆਰੰਭ ਤਾ ਭਾਵੇ ਹਰ ਸਾਲ 1 ਚੇਤ ਤੋਂ ਹੀ ਹੁੰਦਾ ਹੈ ਪਰ ਤਾਰੀਖ ਚੰਦ ਦੇ ਕੈਲੰਡਰ (ਵਦੀ -ਸੁਦੀ) ਨਿਰਧਾਰਿਤ ਕੀਤੀ ਜਾਂਦੀ ਹੈ। ਜਿਸ ਕਾਰਨ ਹਰ ਸਾਲ ਗੁਰੂ ਅੰਗਦ ਸਾਹਿਬ ਜੀ ਦੇ ਜਨਮ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਵੈਬ ਸਾਈਟ, 1965 ਤੋਂ ਛਾਪੀਆਂ ਗਈ ਡਾਇਰੀਆਂ ਅਤੇ 2019 ਈ: ਵਿੱਚ ਛਾਪੀ ਗਈ ਕਿਤਾਬ (ਗੁਰਮਤਿ ਗਿਆਨ ਦਰਜਾ ਪਹਿਲਾ) ਵਿੱਚ ਤਾਂ ਗੁਰੂ ਜੀ ਦੇ ਜਨਮ ਦੀ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ (31 ਮਾਰਚ) ਹੀ ਦਰਜ ਹੈ। ਸਵਾਲ ਪੈਦਾ ਹੁੰਦਾ ਹੈ ਕਿ ਵੈਸਾਖ ਵਦੀ ਏਕਮ ਤੋਂ ਬਦਲ ਕੇ ਵੈਸਾਖ ਸੁਦੀ ਏਕਮ ਕਿਉਂ ਕੀਤੀ ਗਈ ?

ਵੈਸਾਖ ਸੁਦੀ ਏਕਮ, 'ਗੁਰਮਤਿ ਰਹਿਤ ਮਰਯਾਦਾ' ਅਤੇ 'ਗੁਰਬਾਣੀ ਪਾਠ ਦਰਪਣ' ਵਿੱਚ ਦਰਜ ਹੈ। 'ਗੁਰਮਤਿ ਰਹਿਤ ਮਰਯਾਦਾ' ਵਿੱਚ ਗੁਰੂ ਜੀ ਦੇ ਜਨਮ ਦੀ ਤਾਰੀਖ, "1561 ਬਿ;, ਵੈਸਾਖ ਸੁਦੀ ਏਕਮ, ਦਿਨ ਸ਼ਨਿਚਰਵਾਰ 23 ਅਪ੍ਰੈਲ 1504 ਈ:, ਨਛੱਤਰ ਭਰਣੀ' ਦਰਜ ਹੈ। (ਪੰਨਾ 31) ਇਸ ਤਾਰੀਖ ਨੂੰ ਕਿਸੇ ਵੀ ਦਲੀਲ ਨਾਲ ਸਹੀ ਸਿੱਧ ਨਹੀਂ ਕੀਤਾ ਜਾ ਸਕਦਾ। ਆਪਾਂ ਉਪਰ ਵੇਖ ਆਏ ਹਾਂ ਕਿ ਵੈਸਾਖ ਸੁਦੀ ਏਕਮ, ਸੰਮਤ 1561 ਬਿ: ਨੂੰ 15 ਅਪ੍ਰੈਲ (ਜੂਲੀਅਨ) ਦਿਨ ਸੋਮਵਾਰ ਸੀ ਪਰ, ਗੁਰਬਾਣੀ ਪਾਠ ਦਰਪਣ ਵਿੱਚ ਦਿਨ ਸ਼ਨਿਚਰਵਾਰ 23 ਅਪ੍ਰੈਲ ਦਰਜ ਹੈ। 23 ਅਪ੍ਰੈਲ ਨੂੰ ਦਿਨ ਮੰਗਲਵਾਰ ਸੀ ਅਤੇ ਨਛੱਤਰ ਮਘਾ ਸੀ ਨਾ ਕਿ ਭਰਣੀ।

ਸਾਰੀ ਵਿਚਾਰ ਤੋਂ ਪਿਛੋਂ ਸਹਿਜੇ ਹੀ ਇਸ ਨਤੀਜੇ ਤੇ ਪੁੱਜਿਆ ਜਾ ਸਕਦਾ ਹੈ ਕਿ ਗੁਰੂ ਜੀ ਜਨਮ ਤਾਰੀਖ ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: (ਜੂਲੀਅਨ) ਹੈ। ਸ਼੍ਰੋਮਣੀ ਕਮੇਟੀ ਦੀ ਕੀ ਮਜ਼ਬੂਰੀ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਜਨਮ ਦਿਹਾੜੇ ਦੀ ਪ੍ਰਮਾਣਿਕ ਤਾਰੀਖ, ਵੈਸਾਖ ਵਦੀ ਏਕਮ, 5 ਵੈਸਾਖ ਸੰਮਤ 1561 ਬਿ; (31 ਮਾਰਚ 1504 ਈ: ਜੂਲੀਅਨ) ਨੂੰ ਬਿਨਾ ਕਿਸੇ ਦਲੀਲ ਦੇ ਬਦਲ ਕੇ ਵੈਸਾਖ ਸੁਦੀ ਏਕਮ, 20 ਵੈਸਾਖ (15 ਅਪ੍ਰੈਲ 1504 ਈ: ਜੂਲੀਅਨ) ਮੰਨ ਲਈ ਹੈ ? ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਸੂਰਜੀ ਕੈਲੰਡਰ ਛਾਪਿਆ ਜਾਂਦਾ ਹੈ। ਜਿਸ ਮੁਤਾਬਕ ਹਰ ਸਾਲ, ਹਰ ਦਿਹਾੜਾ ਉਸੇ ਪ੍ਰਵਿਸ਼ਟੇ ਨੂੰ ਹੀ ਆਉਂਦਾ ਹੈ। ਜਿਵੇ ਵੈਸਾਖੀ ਹਰ ਸਾਲ 1 ਵੈਸਾਖ ਨੂੰ ਹੀ ਆਉਂਦੀ ਹੈ। ਜੇ ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਦਾ ਜਨਮ ਦਿਹਾੜਾ, ਸ਼੍ਰੋਮਣੀ ਕਮੇਟੀ ਦੀ ਵੈਬ ਸਾਈਟ ਉੱਪਰ ਦਰਜ ਪ੍ਰਵਿਸ਼ਟੇ ਅਨੁਸਾਰ ਹਰ ਸਾਲ 5 ਵੈਸਾਖ ਨੂੰ ਮਨਾਇਆ ਜਾਵੇ ਤਾਂ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ ?

## ਅਵਤਾਰ ਪੁਰਬ 'ਤੇ ਵਿਸ਼ੇਸ਼

# ਸ੍ਰੀ ਗੁਰੂ ਅੰਗਦ ਦੇਵ ਦੀ ਸਿੱਖ ਧਰਮ ਤੇ ਪੰਜਾਬੀ ਭਾਸ਼ਾ ਨੂੰ ਦੇਣ

ਡਾ. ਚਰਨਜੀਤ ਸਿੰਘ ਗੁਮਟਾਲਾ
91 9417533060



ਸ੍ਰੀ ਗੁਰੂ ਅੰਗਦ ਦੇਵ ਜੀ ਨੇ 5 ਵੈਸਾਖ ਸੰਮਤ 1561 ਬਿਕਰਮੀ ਮੁਤਾਬਿਕ 31 ਮਾਰਚ ਸੰਨ 1504 ਈ. ਨੂੰ ਮੱਤੇ ਦੀ ਸਰਾਂ (ਪ੍ਰਚਲਤ ਨਾਂ ਨਾਗੇ ਦੀ ਸਰਾਂ) ਜ਼ਿਲ੍ਹਾ ਫਰੀਦਕੋਟ ਵਿਖੇ ਅਵਤਾਰ ਧਾਰਿਆ। ਆਪ ਜੀ ਦੇ ਪਿਤਾ ਦਾ ਨਾਂ ਭਾਈ ਫੇਰੂ ਮੱਲ ਸੀ ਤੇ ਮਾਤਾ ਦਾ ਨਾਂ ਸਭਰਾਈ ਸੀ। ਇਨ੍ਹਾਂ ਦਾ ਮੁੱਢਲਾ ਨਾਂ ਭਾਈ ਲਹਿਣਾ ਸੀ। ਆਪ ਦਾ ਵਿਆਹ ਸੰਮਤ 1576 ਬਿਕਰਮੀ ਮੁਤਾਬਿਕ ਸੰਨ 1519 ਨੂੰ ਖਡੂਰ ਸਾਹਿਬ ਵਿੱਖੇ ਭਾਈ ਦੇਵੀ ਚੰਦ ਜੀ ਖੱਤਰੀ ਦੀ ਸਪੁੱਤਰੀ ਬੀਬੀ ਖੀਵੀ ਜੀ ਨਾਲ ਹੋਇਆ। ਆਪ ਜੀ ਦੇ ਦੋ ਸੁਪੱਤਰ ਸ੍ਰੀ ਦਾਸੂ ਅਤੇ ਸ੍ਰੀ ਦਾਤੂ ਜੀ ਅਤੇ ਦੋ ਸਪੁੱਤਰੀਆਂ ਬੀਬੀ ਅਮਰੋ ਜੀ ਅਤੇ ਬੀਬੀ ਅਣੋਖੀ ਜੀ ਸਨ। ਉਸ ਸਮੇਂ ਪੰਜਾਬ ਵਿਚ ਹਫ਼ੜਾ ਦਫੜੀ ਮੱਚੀ ਹੋਈ ਸੀ। ਜਦ ਮੱਤੇ ਦੀ ਸਰ੍ਹਾਂ ਮੁਗ਼ਲਾਂ ਅਤੇ ਬਲੋਚਾਂ ਨੇ ਉਜਾੜ ਦਿੱਤੀ, ਤਾਂ ਫੇਰੂ ਜੀ ਅਤੇ ਭਾਈ ਲਹਿਣਾ ਜੀ ਦੇ ਪਰਿਵਾਰ ਖਡੂਰ ਵਿੱਚ ਰਹਿਣ ਲਈ ਚਲੇ ਗਏ। ਗੋਇੰਦਵਾਲ ਅਜੇ ਵਸਿਆ ਨਹੀਂ ਸੀ। ਖਡੂਰ ਆਪ ਦੀ ਭੂਆ ਵਿਆਹੀ ਹੋਈ ਸੀ, ਉਸੇ ਦੀ ਰਾਹੀਂ ਆਪ ਦਾ ਰਿਸ਼ਤਾ ਖਡੂਰ ਹੋਇਆ। ਖਡੂਰ ਆ ਕੇ ਬਾਬਾ ਫੇਰੂ ਨੇ ਪ੍ਰਚੂਨ ਦੀ ਦੁਕਾਨ ਪਾ ਲਈ। ਆਪ ਦੀ ਉਸ ਸਮੇਂ ਉਮਰ ਵੀਹ ਸਾਲ ਦੀ ਸੀ।

ਬਾਬਾ ਫੇਰੂ ਜੀ ਵੈਸ਼ਨੋ ਦੇਵੀ ਦੇ ਭਗਤ ਸਨ ਤੇ ਹਰ ਸਾਲ ਵੈਸ਼ਨੋ ਦੇਵੀ ਦੇ ਦਰਸ਼ਨਾਂ ਲਈ ਪੈਦਲ ਜੰਮੂ ਕਟੜਾ ਜਾਂਦੇ ਸਨ। ਸੰਮਤ 1583 (1526 ਈ.) ਵਿਚ ਬਾਬਾ ਫੇਰੂ ਜੀ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਪਿੱਛੋਂ ਆਪ ਨੇ ਇਹ ਸੇਵਾ ਸੰਭਾਲ ਲਈ ।

ਖਡੂਰ ਵਿੱਚ ਇੱਕ ਸਿੱਖ ਭਾਈ ਜੋਧਾ ਰਹਿੰਦਾ ਸੀ। ਭਾਈ ਜੋਧਾ ਹਰ ਰੋਜ਼ ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦੀ ਉੱਠਦਾ ਸੀ ਅਤੇ ਜਪੁਜੀ ਤੇ ਆਸਾ ਕੀ ਵਾਰ ਦਾ ਪਾਠ ਕਰਦਾ ਸੀ। ਉਸ ਰਾਹੀਂ ਆਪ ਜੀ ਦਾ ਮੇਲ ਗੁਰੂ ਨਾਨਕ ਦੇਵ ਜੀ ਨਾਲ ਰਾਵੀ ਦੇ ਕੰਢੇ ਕਰਤਾਰਪੁਰ ਵਿੱਚ ਹੋਇਆ। ਭਾਈ ਲਹਿਣਾ ਨੇ ਬਹੁਤ ਮਨ ਲਾ ਕੇ 6-7 ਸਾਲ ਗੁਰੂ ਜੀ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਨੇ ਵੀ ਕਈ ਤਰ੍ਹਾਂ ਦੀਆਂ ਪਰਖਾਂ ਕੀਤੀਆਂ। ਅੰਤ ਵਿੱਚ ਗੁਰੂ ਨਾਨਕ ਦੇਵ ਨੇ ਅਸੂ ਵਦੀ 10(7 ਅਸੂ) ਸੰਮਤ 1596 ( 7 ਸਤੰਬਰ1539 ਈ.) ਨੂੰ ਜੋਤੀ ਜੋਤ ਸਮਾਉਣ ਤੋਂ ਕੁਝ ਦਿਨ ਪਹਿਲਾਂ 2 ਅਸੂ ਸੰਮਤ 1596(ਅਸੂ ਵਦੀ5) ਮੁਤਾਬਿਕ 2 ਸਤੰਬਰ ਸੰਨ 1539 ਨੂੰ ਲਹਿਣੇ ਨੂੰ ਅੰਗਦ ਬਣਾ ਕੇ ਗੁਰਿਆਈ ਦੇ ਦਿੱਤੀ ਗਈ। ਸ੍ਰੀ ਚੰਦ ਤੇ ਲਖਮੀਦਾਸ ਦੀ ਨਰਾਜ਼ਗੀ ਕਾਰਨ ਸਿੱਖ ਸੰਗਤਾਂ ਵਿੱਚ ਫੁੱਟ ਦਾ ਬੀਜ ਨਾ ਬੀਜਿਆ ਜਾਵੇ, ਇਸ ਲਈ ਗੁਰੂ ਨਾਨਕ ਜੀ ਦੀ ਆਗਿਆ ਅਨੁਸਾਰ ਆਪ ਕਰਤਾਰਪੁਰ ਛੱਡ ਕੇ ਖਡੂਰ ਆ ਗਏ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦੀ ਭਾਸ਼ਾ ਪੰਜਾਬੀ ਵਿਚ ਲਿਖਣ ਦੀ ਜੋ ਸ਼ੁਰੂਆਤ ਕੀਤੀ ਸੀ ਉਸ ਨੂੰ ਹੀ ਗੁਰੂ ਅੰਗਦ ਜੀ ਨੇ ਅੱਗੇ ਤੋਰਿਆ ਤੇ ਉਸ ਦੇ ਪ੍ਰਚਾਰ ਤੇ ਪਾਸਾਰ ਲਈ ਹਰ ਤਰ੍ਹਾਂ ਦੇ ਉਪਰਾਲੇ ਕੀਤੇ। ਗੋਕਲ ਚੰਦ ਨਾਰੰਗ ਅਨੁਸਾਰ ਉਸ ਸਮੇਂ ਬ੍ਰਾਹਮਣ ਦੇ ਮਹੱਤਵ ਦਾ ਇੱਕ ਵੱਡਾ ਆਧਾਰ ਉਸ ਦਾ ਸੰਸਕ੍ਰਿਤ ਦਾ ਗਿਆਨ ਸੀ ਜੋ ਕਿ ਧਰਮ ਦੀ ਭਾਸ਼ਾ ਸੀ। ਜਦੋਂ ਗੁਰਮੁੱਖੀ ਅੱਖਰਾਂ ਵਿੱਚ ਲਿਪੀ ਪੰਜਾਬੀ ਨੂੰ ਵੀ ਉਹੀ ਸੁਚਮਤਾ ਪ੍ਰਾਪਤ ਹੋ ਗਈ, ਤਾਂ ਬ੍ਰਾਹਮਣ ਦੀ ਪ੍ਰਤਿਸ਼ਠਾ ਨੂੰ ਧੱਕਾ ਲੱਗਣਾ ਜ਼ਰੂਰੀ ਸੀ। ਇਸ ਨਵੀਨ ਲਿਪੀ ਦੀ ਵਰਤੋਂ ਦਾ ਪ੍ਰਭਾਵ ਇਹ ਪਿਆ ਕਿ ਪੜ੍ਹੇ ਲਿਖੇ ਵਿਅਕਤੀਆਂ ਦੀ ਗਿਣਤੀ ਵਿੱਚ ਵਾਧਾ ਹੋ ਗਿਆ ਅਤੇ ਜਨਤਾ ਤੱਕ ਉਨ੍ਹਾਂ ਦੀ ਮਾਤਰੀ ਭਾਸ਼ਾ ਵਿੱਚ ਧਾਰਮਿਕ ਸਾਹਿਤ ਦੀ ਰਸਾਈ ਕਰਨ ਕਰਕੇ, ਗੁਰੂਆਂ ਦੇ ਸੁਧਾਰ-ਕਾਰਜ ਨੂੰ ਉਤਸ਼ਾਹ ਮਿਲਿਆ।



ਗੁਰੂ ਅੰਗਦ ਦੇਵ ਨੇ ਦੂਸਰਾ ਕਦਮ ਗੁਰੂ ਨਾਨਕ ਦੀਆਂ ਸਾਖੀਆਂ ਦੇ ਸੰਗ੍ਰਹਿ ਸੰਬੰਧੀ ਚੁੱਕਿਆ। ਬਾਲੇ ਨੇ, ਜੋ ਕਿ ਜੋਤੀ ਜੋਤ ਸਮਾ ਚੁੱਕੇ ਗੁਰੂ ਸਾਹਿਬ ਦਾ ਜੀਵਨ ਸੰਗੀ ਰਿਹਾ ਸੀ ਅਤੇ ਉਨ੍ਹਾਂ ਦੀਆਂ ਸਾਰੀਆਂ ਉਦਾਸੀਆਂ ਵਿੱਚ ਉਨ੍ਹਾਂ ਦੇ ਨਾਲ ਰਿਹਾ ਸੀ, ਆਪਣੀ ਯਾਦਾਸ਼ਤ ਦੁਆਰਾ ਸਭ ਕੁਝ ਬਿਆਨ ਕੀਤਾ ਜੋ ਉਸ ਨੇ ਗੁਰੂ ਨਾਨਕ ਦੇ ਬਾਲਪਨ ਤੋਂ ਲੈ ਕੇ ਮ੍ਰਿਤੂ ਤੱਕ ਵੇਖਿਆ ਸੀ ਜਾਂ ਸੁਣਿਆ ਸੀ ਅਤੇ ਗੁਰੂ ਅੰਗਦ ਨੇ ਇਸ ਨੂੰ ਲਿਪੀ ਬੱਧ ਕਰਨ ਦਾ ਨਿਸ਼ਚਾ ਧਾਰ ਲਿਆ। ਗੁਰੂ ਨਾਨਕ ਪਹਿਲੇ ਪੰਜਾਬੀ ਕਵੀ ਸਨ ਜਿਨ੍ਹਾਂ ਨੂੰ ਲੋਕ-ਪ੍ਰਿਯਤਾ ਅਤੇ ਪ੍ਰਸਿੱਧੀ ਪ੍ਰਾਪਤ ਹੋਈ ਅਤੇ ਗੁਰੂ ਅੰਗਦ ਦੁਆਰਾ ਸੰਪਾਦਿਤ ਉਨ੍ਹਾਂ ਦੀ ਸਾਖੀ ਪੰਜਾਬੀ ਭਾਸ਼ਾ ਦੀ ਸਭ ਤੋਂ ਪਹਿਲੀ ਗੱਦ-ਰਚਨਾ ਬਣੀ। ਗੁਰੂ ਨਾਨਕ ਦੇ ਸਿੱਖਾਂ ਵਿੱਚ ਇਹ ਪੁਸਤਕ ਛੇਤੀ ਹੀ ਹਰਮਨ-ਪਿਆਰੀ ਹੋ ਗਈ ਅਤੇ ਕਿਉਂਕਿ ਇਸ ਪੁਸਤਕ ਵਿੱਚ ਗੁਰੂ ਸਾਹਿਬ ਦੀ ਸਿੱਖਿਆ ਅਤੇ ਜੀਵਨ ਦੋਵੇਂ ਹੀ ਦਰਜ ਸਨ, ਇਸ ਨੇ ਸਿੱਖਾਂ ਦੇ ਧਾਰਮਿਕ ਗ੍ਰੰਥ ਹੋਣ ਦਾ ਮਾਣ ਤੁਰੰਤ ਪ੍ਰਾਪਤ ਕਰ ਲਿਆ।

ਆਪ ਜੀ ਨੇ ਲੰਗਰ ਪ੍ਰਣਾਲੀ ਜੋ ਗੁਰੂ ਨਾਨਕ ਜੀ ਨੇ ਸ਼ੁਰੂ ਕੀਤੀ ਸੀ ਉਸ ਨੂੰ ਅੱਗੇ ਤੋਰਿਆ। ਸਿੱਖ ਹੁਣ ਪੁਰਾਤਨ ਹਿੰਦੂ ਸਮਾਜ ਤੋਂ ਹੌਲੀ-ਹੌਲੀ ਦੂਰ ਹੋਣ ਲੱਗੇ ਅਤੇ ਇੱਕ ਨਵੀਂ ਸ਼੍ਰੇਣੀ ਅਥਵਾ ਇੱਕ ਕਿਸਮ ਦੇ ਨਵੇਂ ਭਾਈਚਾਰੇ ਵਿੱਚ ਬੱਝਣ ਲੱਗੇ।

ਗੁਰੂ ਬਣਾਨ ਵੇਲੇ ਸਤਿਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਆਪਣੀ ਉਹ 'ਕਿਤਾਬ' ਵੀ ਦੇ ਦਿੱਤੀ, ਜਿਸ ਵਿੱਚ ਉਨ੍ਹਾਂ ਆਪਣੀ ਸਾਰੀ ਹੀ ਬਾਣੀ ਲਿਖ ਕੇ ਰੱਖੀ ਹੋਈ ਸੀ, ਅਤੇ ਬਾਬਾ ਫ਼ਰੀਦ, ਭਗਤ ਨਾਮਦੇਵ, ਕਬੀਰ, ਰਵਿਦਾਸ ਆਦਿਕ ਸਾਰੇ ਭਗਤਾਂ ਦੀ ਬਾਣੀ ਵੀ ਲਿਖੀ ਹੋਈ ਸੀ। ਜਦੋਂ ਗੁਰੂ ਨਾਨਕ ਦੇਵ ਜੀ ਮੱਕੇ ਗਏ ਸਨ ਤਾਂ ਹਾਜੀਆਂ ਨੇ ਵੀ ਇਸੇ 'ਕਿਤਾਬ' ਬਾਰੇ ਆਖਿਆ ਸੀ ਕਿ ਇਸ ਨੂੰ ਖੋਲ੍ਹ ਕੇ ਸਾਨੂੰ ਆਪਣੀ ਰਾਇ ਦੱਸੋ ਕਿ ਹਿੰਦੂ ਵੱਡਾ ਹੈ ਜਾਂ ਮੁਸਲਮਾਨ। ਇਹ ਹੁਕਮ ਵੀ ਕੀਤਾ ਕਿ ਰਾਵੀ ਬਿਆਸ ਵਿਚਲੇ ਇਲਾਕੇ ਮਾਝੇ ਵਿੱਚ ਦੇ ਕਿਸਾਨ ਆਦਿਕ ਲੋਕਾਂ ਵਿੱਚ ਪ੍ਰਚਾਰ ਕਰੋ ਅਤੇ ਉਨ੍ਹਾਂ ਨੂੰ ਹੌਂਸਲਾ ਦਿਉ। ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਸਿੱਖ ਧਰਮ ਦੇ ਪ੍ਰਚਾਰ ਦਾ ਕੇਂਦਰ ਖਡੂਰ ਵਿੱਚ ਆ ਬਣਾਇਆ।

ਗੋਇੰਦਵਾਲ ਵਾਲ਼ੀ ਜਗਾਹ ਪਹਿਲਾਂ ਇਕ ਥੇਹ ਸੀ ਤੇ ਇੱਕ ਮਰਵਾਹੇ ਖੱਤਰੀ ਗੋਂਦੇ ਦੇ ਵੱਡਿਆਂ ਦੀ ਮਾਲਕੀ। ਗੋਂਦਾ ਆਪਣੇ ਵੱਡਿਆਂ ਦਾ ਨਾਮ ਉਜਾਗਰ ਕਰਨ ਲਈ ਉੱਥੇ ਨਗਰ ਵਸਾਣਾ ਚਾਹੁੰਦਾ ਸੀ। ਗੋਂਦਾ ਇਸ ਬਾਰੇ ਗੁਰੂ ਅੰਗਦ ਦੇਵ ਜੀ ਪਾਸ ਆਇਆ। ਗੁਰੂ ਅੰਗਦ ਸਾਹਿਬ ਨੇ ਨਗਰ ਵਸਾਣ ਦੀ ਇਹ ਜ਼ਿੰਮੇਵਾਰੀ (ਗੁਰੂ) ਅਮਰਦਾਸ ਜੀ ਨੂੰ ਸੌਂਪੀ, ਅਤੇ ਹੁਕਮ ਦਿੱਤਾ ਕਿ ਨਗਰ ਬਣਾ ਕੇ ਬਾਸਰਕੇ ਤੋਂ ਆਪਣੇ ਨਿਕਟੀ ਸਾਕ-ਸੰਬੰਧੀਆਂ ਨੂੰ ਉੱਥੇ ਲਿਆ ਵਸਾਓ। ਇਹ ਜ਼ਿਕਰ ਸੰਨ 1546 (ਸੰਮਤ 1603) ਦਾ ਹੈ। ਨਗਰ ਦਾ ਨਾਮ ਗੋਇੰਦਵਾਲ ਰੱਖਿਆ ਗਿਆ। (ਗੁਰੂ) ਅਮਰਦਾਸ ਜੀ ਆਪਣੇ ਕਈ ਸਾਕ-ਸੰਬੰਧੀਆਂ ਨੂੰ ਗੋਇੰਦਵਾਲ ਲੈ ਆਏ।

ਜਿੱਥੋਂ ਤੀਕ ਗੁਰਮੁੱਖੀ ਲਿਪੀ ਦਾ ਸੰਬੰਧ ਹੈ ਇਸ ਨੂੰ ਅਜੋਕਾ ਰੂਪ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਦਿੱਤਾ ਸੀ। ਡਾ. ਜ.ਸ.ਜੋਸ਼ੀ ਅਨੁਸਾਰ ਗੁਰਮੁਖੀ ਦੇ ਅੱਖਰ ਵਰਤਮਾਨ ਦੇਵਨਾਗਰੀ ਨਾਲੋਂ ਵੀ ਪੁਰਾਣੇ ਹਨ। ਕੋਈ ਪੈਂਤੀ ਅੱਖਰਾਂ ਦੀ ਵਰਣਮਾਲਾ ਗੁਰੂ ਨਾਨਕ ਸਾਹਿਬ ਦੇ ਬਚਪਨ ਵੇਲੇ ਮੌਜੂਦ ਸੀ। ਇਹ ਵਰਣਮਾਲਾ ਪਾਂਧੇ ਤੋਂ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਅਤੇ ਇਸ ਨੂੰ ਮੁੱਖ ਰੱਖਕੇ 'ਪੱਟੀ' ਵਾਲੀ ਰਚਨਾ ਕੀਤੀ। ਇਹ ਵਰਣਮਾਲਾ ਪੰਜਾਬ ਵਿੱਚ ਸਿੱਖਿਆ ਪ੍ਰਣਾਲੀ ਦਾ ਮੁੱਢ ਸੀ। ਇਹੋ ਵਰਣਮਾਲਾ ਹੀ ਪਿੱਛੋਂ 'ਗੁਰਮੁਖੀ' ਅਖਵਾਉਣ ਵਾਲੀ ਹੋ ਸਕਦੀ ਹੈ, ਜੇ ਪੈੜੇ ਮੋਖੇ ਦੇ ਜਨਮਸਾਖੀ ਲਿਖਣ ਵਾਲੀ ਕਹਾਣੀ ਨੂੰ ਜਿਸ ਤਰ੍ਹਾਂ ਉਹ ਬਾਲੇ ਵਾਲੀ ਜਨਮ ਸਾਖੀ ਵਿੱਚ ਦਿੱਤੀ ਗਈ ਹੈ। ਸੱਚ ਮੰਨ ਲਈਏ ਤਾਂ ਪ੍ਰਤੱਖ ਹੈ ਕਿ ਪੈੜੇ ਮੋਖੇ ਨੂੰ ਗੁਰਮੁਖੀ ਲਿਖਣੀ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਮਿਲਣ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਆਉਂਦੀ ਸੀ, ਜਿਸ ਤੋਂ ਗੁਰੂ ਅੰਗਦ ਦੇਵ ਜੀ ਨੇ ਐਡਾ ਵੱਡਾ ਕੰਮ ਉਸ ਦੇ ਸਪੁਰਦ ਕੀਤਾ। ਡਾ. ਜੋਸ਼ੀ ਅੱਗੇ ਲਿਖਦੇ ਹਨ ਕਿ ਗੁਰਮੁਖੀ ਅੱਖਰਾਂ ਦੀ ਵਰਤਮਾਨ ਤਰਤੀਬ ਆਧੁਨਿਕ ਯੁਗ ਦੀਆਂ ਧੁਨੀ ਵਿਗਿਆਨ ਦੇ ਖੇਤਰ ਦੀਆਂ ਖੋਜਾਂ ਦੀ ਕਸਵਟੀ 'ਤੇ ਪੂਰੀ ਤਰ੍ਹਾਂ ਠੀਕ ਉਤਰਦੀ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਇਸ ਤੋਂ ਵੱਧ ਮਹੱਤਵਪੂਰਨ ਯੋਗਦਾਨ ਗੁਰਮੁਖੀ ਲਿਪੀ ਨੂੰ ਗੁਰਬਾਣੀ ਅਤੇ ਬਾਕੀ ਗੁਰਮਤਿ ਸਾਹਿਤ ਨੂੰ ਲਿਖਤੀ ਰੂਪ ਦੇਣ ਲਈ ਢੁੱਕਵੀਂ ਮੰਨ ਕੇ ਮਾਧਿਅਮ ਵਜੋਂ ਅਪਨਾਉਣਾ ਹੈ। ਬੱਚਿਆਂ ਨੂੰ ਇਸਦੀ ਸਿੱਖਿਆ ਪ੍ਰਦਾਨ ਕਰਨ ਲਈ ਆਪ ਜੀ ਨੇ 'ਬਾਲ ਬੋਧ' ਦੀ ਰਚਨਾ ਕੀਤੀ। ਗੁਰਮੁਖੀ ਅੱਖਰਾਂ ਤੋਂ ਜਾਣੂੰ ਲਿਖਾਰੀਆਂ ਨੂੰ ਵਰਤਮਾਨ ਲਿਪੀ ਵਿੱਚ ਪੰਜਾਬੀ ਸਾਹਿਤ ਲਿਖਣ ਦੀ ਪ੍ਰੇਰਣਾ ਅਤੇ ਉਤਸ਼ਾਹ ਦਿੱਤਾ। ਸ਼ਾਇਦ ਇਸੇ ਕਰਕੇ ਗੁਰਮੁਖਾਂ ਨੇ ਆਪ ਜੀ ਨੂੰ ਗੁਰਮੁਖੀ ਲਿਪੀ ਦਾ ਨਿਰਮਾਤਾ ਮੰਨ ਲਿਆ।

ਆਪ ਨੇ ਕੇਵਲ ਸਲੋਕ ਹੀ ਲਿਖੇ ਜਿਨ੍ਹਾਂ ਦਾ ਗਿਣਤੀ 63 ਹੈ। ਗੁਰੂ ਗ੍ਰੰਥ ਦੀ ਬੀੜ ਤਿਆਰ ਕਰਨ ਸਮੇਂ ਇਨ੍ਹਾਂ ਸਲੋਕਾਂ ਨੂੰ ਗੁਰੂ ਅਰਜਨ ਦੇਵ ਨੇ ਗੁਰੂ ਨਾਨਕ ਸਾਹਿਬ, ਗੁਰੂ ਅਮਰਦਾਸ ਜੀ ਤੇ ਗੁਰੂ ਰਾਮਦਾਸ ਜੀ ਦੀਆਂ ਲਿਖੀਆਂ ਵਾਰਾਂ ਦੀਆਂ ਕੁਝ ਪਉੜੀਆਂ ਦੇ ਨਾਲ ਦਰਜ ਕਰ ਦਿੱਤਾ। ਸਿਰੀਰਾਗ ਕੀ ਵਾਰ ਮਹਲਾ ਪਹਿਲਾ ਚੌਥਾ ਵਿਚ 2 ਸਲੋਕ, ਮਾਝ ਕੀ ਵਾਰ ਮਹਲਾ ਪਹਿਲਾ ਵਿਚ 12 ਸਲੋਕ, ਆਸਾ ਕੀ ਵਾਰ ਮਹਲਾ ਪਹਿਲਾ ਵਿਚ 15,ਸੋਰਠ ਕੀ ਵਾਰ ਮਹਲਾ ਚਾਰ ਵਿਚ 1, ਸੂਹੀ ਕੀ ਵਾਰ ਮਹਲਾ ਤਿੰਨ ਵਿਚ 11 ਸਲੋਕ, ਰਾਮਕਲੀ ਕੀ ਵਾਰ ਮਹਲਾ ਤੀਜਾ 7,ਮਾਰੂ ਕੀ ਵਾਰ ਮਹਲਾ ਤੀਜਾ 1 ਸਲੋਕ, ਸਾਰੰਗ ਕੀ ਵਾਰ ਮਹਲਾ ਮਹਲਾ ਚਾਰ 9 ਸਲੋਕ, ਮਲਾਰ ਕੀ ਵਾਰ ਮਹਲਾ ਪਹਿਲਾ ਵਿਚ 5 ਸਲੋਕ = 63 ਸ੍ਰੀ ਗੁਰੂ ਅੰਗਦ ਸਾਹਿਬ ਖਡੂਰ ਨਗਰ ਵਿੱਚ 3 ਵੈਸਾਖ ਸੰਮਤ 1609 (ਚੇਤਰ ਸੁਦੀ 4) ਨੂੰ ਜੋਤੀ ਜੋਤਿ ਸਮਾਏ। ਈਸਵੀ ਸੰਨ ਅਨੁਸਾਰ 29 ਮਾਰਚ ਸੰਨ 1552 ਦਿਨ ਮੰਗਲਵਾਰ ਸੀ। ਕੁਲ ਉਮਰ 48 ਸਾਲ ਦੀ ਸੀ।

## ਸਹਾਇਕ ਪੁਸਤਕਾਂ

1. ਸਾਹਿਬ ਸਿੰਘ, ਪ੍ਰੋਫ਼ੈਸਰ, ਗੁਰ-ਇਤਿਹਾਸ, ਪਾਤਸ਼ਾਹੀ 2 ਤੋਂ 9, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018

2. ਗੁਰਨਾਮ ਕੌਰ (ਡਾ.) ਘੁੰਮਣ, ਰਣਜੀਤ ਸਿੰਘ (ਡਾ.) (ਸੰਪਾ.) ਸ੍ਰੀ ਗੁਰੂ ਅੰਗਦ ਦੇਵ 'ਗੁਰ ਚੇਲਾ, ਚੇਲਾ ਗੁਰੂ', ਪੰਜਾਬੀ ਯੂਨੀਵਰਸਿਟੀ ਪਟਿਆਲਾ 2007

3. ਜੋਧ ਸਿੰਘ ਡਾ., ਸਿੱਖ ਧਰਮ ਵਿਸ਼ਵ ਕੋਸ਼ (ਪਹਿਲੀ ਸੈਂਚੀ), ਪੰਜਾਬੀ ਯੂਨੀਵਰਸਿਟੀ ਪਟਿਆਲਾ 2008

4. ਨਾਰੰਗ, ਗੋਕਲ ਚੰਦ (ਅਨੁਵਾਦਕ ਗੁਰਚਰਨ ਸਿੰਘ), ਸਿੱਖ ਮਤ ਦਾ ਪਰਿਵਰਤਨ, ਪੰਜਾਬੀ ਯੂਨੀਵਰਸਿਟੀ ਪਟਿਆਲਾ 2009

5. ਪਦਮ ਪਿਆਰਾ ਸਿੰਘ, ਸੰਖੇਪ ਸਿੱਖ ਇਤਿਹਾਸ, ਸਿੰਘ ਬਦਰਜ਼, ਅੰਮ੍ਰਿਤਸਰ 2014,

6. ਮੈਕਾਲਿਫ਼, ਮੈਕਸ ਅਰਥਰ, ਅਨੁਵਾਦਕ ਅਜੈਬ ਸਿੰਘ, ਸੋਧਕ ਡਾ. ਜੀ ਐਸ ਔਲਖ, ਸਿੱਖ ਇਤਿਹਾਸ, ਭਾਗ 1-2, ਲਾਹੌਰ ਬੁਕ ਸ਼ਾਪ, ਲੁਧਿਆਣਾ, 2014

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

"ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥ ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥ ਅੰਗ 1285" । ਮੂਰਖ ਕਦੇ ਵੀ ਮਾਇਆ ਨਾਲ਼ ਰੱਜਦਾ ਨਹੀਂ, ਉਸਦੀ ਤ੍ਰਿਸ਼ਨਾ ਮਿਟਦੀ ਨਹੀਂ । ਮਾਇਆ ਮੋਹ ਵਿਚ ਲੱਗ ਕੇ ਹਰ ਕੋਈ ਖ਼ੁਆਰ ਹੁੰਦਾ ਹੈ, ਗੁਰੂ ਤੋਂ ਬਿਨਾਂ ਸਮਝ ਨਹੀਂ ਪੈਂਦੀ (ਕਿ ਮਾਇਆ ਦਾ ਮੋਹ ਖ਼ੁਆਰੀ ਦਾ ਹੀ ਮੂਲ ਹੈ) । "ਬਿਖਿਆ ਕਦੇ ਹੀ ਰਜੈ ਨਾਹੀ ਮੂਰਖ ਭੁਖ ਨ ਜਾਈ॥ ਦੂਜੈ ਸਭੁ ਕੋ ਲਗਿ ਵਿਗੁਤਾ ਬਿਨੁ ਸਤਿਗੁਰ ਬੂਝ ਨ ਪਾਈ ॥ ਅੰਗ 1287" । (ਕਲਿਜੁਗ ਵਿਚ) ਕੰਗਾਲ (ਨਾਮ ਤੋਂ ਸੱਖਣੇ) ਦਾ ਨਾਮ ਬਾਦਸ਼ਾਹ ਰੱਖਿਆ ਜਾਂਦਾ ਹੈ ਤੇ ਮੂਰਖ ਦਾ ਨਾਮ ਪੰਡਿਤ ਪੈ ਜਾਂਦਾ ਹੈ । "ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਗ 1288" । ਹੰਕਾਰ ਕਰਕੇ ਬੰਦਾ ਮੂਰਖ ਤੇ ਜ਼ਿੱਦੀ ਹੁੰਦਾ ਹੈ ! ਮੈਂ ਹੰਕਾਰ ਨਾਲ਼ ਸਲਾਹ ਮਸ਼ਵਰਾ ਛੱਡ ਦਿੱਤਾ ਹੈ; ਗੁਰੂ ਨੇ ਦੱਸਿਆ ਹੈ ਕਿ ਇਹ (ਹੰਕਾਰ) ਮੂਰਖ ਤੇ ਜ਼ਿੱਦੀ ਹੈ । "ਅਹੰਮੇਵ ਸਿਉ ਮਸਲਤਿ ਛੋਡੀ ॥ ਗੁਰਿ ਕਹਿਆ ਇਹੁ ਮੂਰਖੁ ਹੋਡੀ॥ ਅੰਗ 1347" । ਮੂਰਖ ਆਦਮੀ ਆਪਣੇ ਸਰੀਰ ਨੂੰ ਸਦੀਵੀ ਜਾਣਦਾ ਹੈ, ਸਤਿਗੁਰੂ (ਤੇਗ ਬਹਾਦਰ) ਜੀ ਅਜੇਹੇ ਮੂਰਖ ਨੂੰ ਨਸੀਹਤ ਕਰਦੇ ਹਨ ਕਿ ਤੇਰਾ ਸਰੀਰ ਸੜ ਕੇ ਸੁਆਹ ਹੋ ਜਾਵੇਗਾ, ਹੇ ਬੇਸ਼ਰਮ ਤੇ ਮੂਰਖ ਆਦਮੀ! ਤੂੰ ਰੱਬ ਦਾ ਨਾਮ ਕਿਉਂ ਨਹੀਂ ਲੈਂਦਾ? "ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥ ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ॥1॥ ਅੰਗ 1353" । ਅਗਿਆਨੀ ਮੂਰਖ ਲੋਕ ਮਾਇਆ ਖਾਤਿਰ ਭੱਜ ਨੱਠ ਕਰਦੇ ਹਨ। ਸਤਿਗੁਰੂ ਜੀ ਉਹਨਾਂ ਨੂੰ ਸਮਝਾਉਂਦੇ ਹਨ ਕਿ ਪ੍ਰਭੂ ਦੀ ਭਜਨ ਬੰਦਗੀ ਬਿਨਾਂ ਜਨਮ ਬਿਰਥਾ ਜਾ ਰਿਹਾ ਹੈ! "ਮਾਇਆ ਕਾਰਨਿ ਧਾਵਹੀ ਮੂਰਖ ਲੋਗ ਅਜਾਨ ॥ ਕਹੁ ਨਾਨਕ ਬਿਨੁ ਹਰਿ ਭਜਨ ਬਿਰਥਾ ਜਨਮੁ ਸਿਰਾਨ॥28॥ ਅੰਗ 1427" ।

ਮੂਰਖ ਦਾ ਗੁਣ ਇਹ ਹੈ ਕਿ ਉਹ ਜਦੋਂ ਭੀ ਬੋਲਦਾ ਹੈ ਉਹੀ ਬੋਲਦਾ ਹੈ ਜਿਸ ਨਾਲ ਕਿਸੇ ਦਾ ਨੁਕਸਾਨ ਹੀ ਹੋਵੇ । "ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ ॥1॥ ਅੰਗ 143" । ਮੂਰਖ ਦਾ ਸਭ ਤੋਂ ਵੱਡਾ ਗੁਣ ਇਹ ਹੁੰਦਾ ਹੈ ਕਿ ਉਹ ਮੂਰਖ ਦਾ ਕਹਿਆ ਹੀ ਸੁਣਦਾ ਹੈ; ਭਾਵ ਮੂਰਖ ਦੇ ਕਹੇ ਤੇ ਅਮਲ ਕਰਦਾ ਹੈ । ਮੂਰਖ ਦੇ ਕੀ ਲੱਛਣ ਹਨ? ਮੂਰਖ ਦੀ ਕਰਤੂਤ ਕੈਸੀ ਹੁੰਦੀ ਹੈ? ਮੂਰਖ ਉਹ ਹੈ ਜੋ ਮਾਇਆ ਦਾ ਠੱਗਿਆ ਹੋਇਆ ਹੋਵੇ ਤੇ ਹੰਕਾਰ ਵਿਚ ਹੀ ਮਰ ਜਾਵੇ। ਐਸੀ ਕਰਤੂਤ ਨਾਲ਼ ਉਹ ਸਦਾ ਦੁੱਖ ਪ੍ਰਾਪਤ ਹੁੰਦਾ ਹੈ ਤੇ ਸਦਾ ਦੁਖੀ ਰਹਿੰਦਾ ਹੈ; ਭਾਵ ਜੰਮਣ ਮਰਨ ਦਾ ਦੁਖ ਸਹੇੜੀ ਰੱਖਦਾ ਹੈ ।"ਮੂਰਖੁ ਹੋਵੈ ਸੋ ਸੁਣੈ ਮੂਰਖ ਕਾ ਕਹਣਾ॥ ਮੂਰਖ ਕੇ ਕਿਆ ਲਖਣ ਹੈ ਕਿਆ ਮੂਰਖ ਕਾ ਕਰਣਾ ॥ ਮੂਰਖੁ ਓਹੁ ਜਿ ਮੁਗਧੁ ਹੈ ਅਹੰਕਾਰੇ ਮਰਣਾ ॥ ਏਤੁ ਕਮਾਣੈ ਸਦਾ ਦੁਖੁ ਦੁਖ ਹੀ ਮਹਿ ਰਹਣਾ ॥ ਅੰਗ 953"। ਮੂਰਖ ਦਾ ਕੋਈ ਇਲਾਜ ਵੀ ਹੈ? ਮੂੰਹ ਤੇ ਮਾਰ ਪਿਆਂ ਮੂਰਖ (ਦੇ ਮੂਰਖ-ਪੁਣੇ) ਨੂੰ ਰੋਕ ਲੱਗਦੀ ਹੈ । "ਮੂਰਖ ਗੰਢੁ ਪਵੈ ਮੁਹਿ ਮਾਰ ॥ ਅੰਗ 143" ।

ਸਤਿਗੁਰੂ ਜੀ ਬਖਸ਼ਿਸ਼ ਕਰਦੇ ਹਨ ਕਿ (ਆਪਣੀ ਸਮਰੱਥਾ ਨਾਲ਼) ਨਾ ਕੋਈ ਜੀਵ ਮੂਰਖ ਹੈ ਤੇ ਨਾ ਹੀ ਕੋਈ ਸਿਆਣਾ ਹੈ । (ਜਗਤ ਵਿਚ ਜੋ ਕੁਝ ਹੋ ਰਿਹਾ ਹੈ) ਸਭ ਤੇਰੇ ਭਾਣੇ 'ਚ ਹੀ ਹੋ ਰਿਹਾ ਹੈ । ਹੇ ਅਪਹੁੰਚ ਪ੍ਰਭੂ ! ਹੇ ਮਨ, ਬੁਧੀ ਤੇ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ ਪ੍ਰਭੂ ! ਹੇ ਬੇਅੰਤ ਪ੍ਰਭੂ! ਹੇ ਅਥਾਹ ਪ੍ਰਭੂ ! ਤੇਰੀ ਕੀਮਤ ਕਹੀ/ਦੱਸੀ ਨਹੀਂ ਜਾ ਸਕਦੀ (ਕਿਉਂਕਿ ਤੇਰੇ ਬਰਾਬਰ ਦੀ ਕੋਈ ਸ਼ੈ ਹੈ ਹੀ ਨਹੀਂ) । "ਨਾ ਕੋ ਮੂਰਖੁ ਨਾ ਕੋ ਸਿਆਣਾ ॥ ਵਰਤੈ ਸਭ ਕਿਛੁ ਤੇਰਾ ਭਾਣਾ ॥ ਅਗਮ ਅਗੋਚਰ ਬੇਅੰਤ ਅਥਾਹਾ ਤੇਰੀ ਕੀਮਤਿ ਕਹਣੁ ਨ ਜਾਈ ਜੀਉ ॥3॥ ਅੰਗ 98" । ਨਾ ਕੋਈ ਪੜ੍ਹਿਆ ਪੰਡਿਤ ਤੇ ਸਿਆਣਾ ਹੈ ਅਤੇ ਨਾ ਕੋਈ ਮੂਰਖ ਤੇ ਭੈੜਾ ਹੈ । ਉਸ ਨੂੰ ਹੀ ਬੰਦਾ ਕਿਹਾ ਜਾ ਸਕਦਾ ਹੈ ਜਿਸ ਨੂੰ ਪ੍ਰਭੂ ਆਪਣੀ ਰਜ਼ਾ ਵਿਚ ਰੱਖ ਕੇ ਉਸ ਤੋਂ ਆਪਣੀ ਸਿਫ਼ਤਿ-ਸਾਲਾਹ ਕਰਾਉਂਦਾ ਹੈ । "ਨਾ ਕੋ ਪੜਿਆ ਪੰਡਿਤੁ ਬੀਨਾ ਨਾ ਕੋ ਮੂਰਖੁ ਮੰਦਾ ॥ ਬੰਦੀ ਅੰਦਰਿ ਸਿਫਤਿ ਕਰਾਏ ਤਾ ਕਉ ਕਹੀਐ ਬੰਦਾ ॥4॥2॥36॥ ਅੰਗ 359" । ਸਤਿਗੁਰਾਂ ਨੇ ਆਪਣੀ ਅਸੀਮ ਨਿਮਰਤਾ 'ਚ ਆਪਣੇ ਆਪ ਨੂੰ ਵੀ ਮੂਰਖ ਆਖਿਆ ਹੈ, ਮਿਸਾਲ ਵਜੋਂ ਹੇ ਹਰੀ ! ਮੈਂ ਮੂਰਖ ਨੂੰ ਤੇਰੇ ਨਾਮ ਦਾ ਹੀ ਆਸਰਾ ਹੈ । "ਮੈ ਮੂਰਖ ਹਰਿ ਆਸ ਤੁਮਾਰੀ ॥2॥ ਅੰਗ 164" । ਅਤੇ ਹੇ ਨਾਨਕ ਤੂੰ ਇਕ ਮੂਰਖ ਹੈਂ, ਹੋਰ ਸਾਰਾ ਸੰਸਾਰ ਭਲਾ ਹੈ । "ਨਾਨਕ ਮੂਰਖੁ ਏਕੁ ਤੂ ਅਵਰੁ ਭਲਾ ਸੈਸਾਰੁ ॥ ਅੰਗ 1328" ।

**527. ਦਵੈਤ ਦੀ ਚੱਕੀ 'ਚ ਪੀਸਣ ਤੋਂ ਕਿੱਦਾਂ ਬਚਿਆ ਜਾ ਸਕਦਾ ਹੈ?**


ਚੱਕੀ ਦੇ ਦੋਵੇਂ ਪੁੜ ਜੋੜ ਕੇ ਦਾਣਿਆਂ ਨੂੰ ਪੀਹਣ ਲਈ (ਪ੍ਰਾਣੀ) ਆ ਬੈਠਦਾ ਹੈ । ਹੇ ਨਾਨਕ ! ਇਕ ਅਚਰਜ ਤਮਾਸ਼ਾ ਵੇਖਿਆ ਹੈ ਕਿ ਜੋ ਦਾਣੇ (ਚੱਕੀ ਦੇ) ਦਰ ਤੇ (ਭਾਵ ਕਿੱਲੀ ਦੇ ਨਾਲ਼) ਰਹਿੰਦੇ ਹਨ, ਉਹ ਪੀਸਣੋਂ ਬਚ ਜਾਂਦੇ ਹਨ ॥ ਇਸੇ ਤਰ੍ਹਾਂ, ਜੋ ਮਨੁੱਖ ਦਵੈਤ ਭਾਵ ਵਿਚ ਰਹਿੰਦੇ ਹਨ ਉਹ ਦਰੜੇ ਜਾਂਦੇ (ਤਬਾਹ ਹੁੰਦੇ) ਹਨ ਤੇ ਜੋ ਪ੍ਰਭੂ ਦੇ ਨਾਲ਼ ਜੁੜੇ ਰਹਿੰਦੇ ਹਨ ਉਹ ਬਚ/ਤਰ ਜਾਂਦੇ ਹਨ ।1। "ਦੁਇ ਪੁੜ ਚਕੀ ਜੋੜਿ ਕੈ ਪੀਸਣ ਆਇ ਬਹਿਠੁ ॥ ਜੋ ਦਰਿ ਰਹੇ ਸੁ ਉਬਰੇ ਨਾਨਕ ਅਜਬੁ ਡਿਠੁ ॥1॥ ਅੰਗ 142" ।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੋਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851
www.fb.com/punjabtimesuk


# ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਬੱਸ ਬੇਕਾਬੂ ਹੋ ਕੇ ਸੜਕ 'ਤੇ ਰੇਲਿੰਗ ਨਾਲ ਟਕਰਾਉਣ ਕਾਰਨ 1 ਮੌਤ ਤੇ 23 ਹੋਰ ਜ਼ਖਮੀ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਮੈਰੀਲੈਂਡ ਰਾਜ ਵਿਚ ਇਕ ਬੱਸ ਦੇ ਅਗਿਆਤ ਕਾਰਨਾਂ ਕਾਰਨ ਬੇਕਾਬੂ ਹੋ ਕੇ ਸੜਕ ਕੰਢੇ ਲੱਗੀ ਰੇਲਿੰਗ ਨਾਲ ਟਕਰਾਅ ਜਾਣ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋਣ ਤੇ 23 ਹੋਰ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਹਾਦਸੇ ਦੀ ਜਾਂਚ ਮੈਰੀਲੈਂਡ ਸਟੇਟ ਪੁਲਿਸ ਕਰ ਰਹੀ ਹੈ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਇਹ ਹਾਦਸਾ ਤੜਕਸਾਰ ਹਾਰਫੋਰਡ ਕਾਊਂਟੀ ਵਿਚ ਇੰਟਰਸਟੇਟ 95 ਉਪਰ ਵਾਪਰਿਆ। ਪੁਲਿਸ ਨੇ ਕਿਹਾ ਹੈ ਕਿ ਬੱਸ ਵਿਚ ਕੁਲ 24 ਵਿਅਕਤੀ ਸਵਾਰ ਸਨ ਤੇ ਇਹ ਲੋਕ ਉੱਤਰ ਵੱਲ ਜਾ ਰਹੇ ਸਨ। ਇਕ ਵਿਅਕਤੀ ਮੌਕੇ ਉਪਰ ਹੀ ਦਮ ਤੋੜ ਗਿਆ ਜਦ ਕਿ ਡਰਵਾਈਵਰ ਸਮੇਤ 23 ਹੋਰਨਾਂ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਫਿਲਹਾਲ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ ਤੇ ਹਾਦਸੇ ਦੀ ਜਾਂਚ ਉਪਰੰਤ ਹੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਅਮਰੀਕਾ ਵਿਚ ਸਕੂਲ ਦੇ ਬਾਹਰ ਗੰਨ ਲੈ ਕੇ ਪਹੁੰਚੇ ਵਿਦਿਆਰਥੀ ਨੂੰ ਮਾਰੀ ਗੋਲੀ, ਹੋਈ ਮੌਤ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਵਿਸਕਾਨਸਿਨ ਰਾਜ ਦੇ ਮਾਊਂਟ ਹੋਰਬ ਪਿੰਡ ਦੇ ਮਿਡਲ ਸਕੂਲ ਨੇੜੇ ਗੰਨ ਲੈ ਕੇ ਪੁੱਜੇ ਇਕ ਵਿਦਿਆਰਥੀ ਨੂੰ ਪੁਲਿਸ ਵੱਲੋਂ ਗੋਲੀ ਮਾਰ ਦੇਣ ਉਪਰੰਤ ਉਸ ਦੀ ਮੌਤ ਹੋ ਜਾਣ ਦੀ ਖਬਰ ਹੈ। ਇਹ ਜਾਣਕਾਰੀ ਵਿਸਕਾਨਸਿਨ ਅਟਾਰਨੀ ਜਨਰਲ ਜੋਸ਼ ਕੌਲ ਨੇ ਦਿੱਤੀ ਹੈ। ਕੌਲ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਵਿਦਿਆਰਥੀ ਮਾਊਂਟ ਹੋਰਬ ਏਰੀਆ ਸਕੂਲ ਡਿਸਟ੍ਰਿਕਟ ਦਾ ਸੀ ਤੇ ਉਹ ਨਬਾਲਗ ਸੀ। ਮਾਊਂਟ ਹੋਰਬ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਇਕ ਹਥਿਆਰਬੰਦ ਵਿਅਕਤੀ ਸਕੂਲ ਦੇ ਬਾਹਰ ਘੁੰਮ ਰਿਹਾ ਹੈ। ਜਸਟਿਸ ਡਵੀਜ਼ਨ ਆਫ ਕ੍ਰਿਮੀਨਲ ਇਨਵੈਸਟੀਗੇਸ਼ਨ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪੁਲਿਸ ਅਫਸਰਾਂ ਨੇ ਖਤਰੇ ਨੂੰ ਵੇਖਦਿਆਂ ਹੋਇਆਂ ਗੋਲੀ ਚਲਾਈ। ਇਸ ਘਟਨਾ ਵਿਚ ਸ਼ਾਮਿਲ ਪੁਲਿਸ ਅਫਸਰਾਂ ਨੂੰ ਪਸ਼ਾਸਨਿਕ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ। ਇਸ ਘਟਨਾ ਤੋਂ ਬਾਅਦ ਸਕੂਲ ਇਕ ਦਿਨ ਲਈ ਬੰਦ ਕਰ ਦਿੱਤਾ ਗਿਆ।

TAIL PIECE

Dalip Singh Wasan, Advocate
Email: dalipsinghwassan@yahoo.co.in

## ANY GROUP MAY WIN INDIA HAS BETER DAYS AHEAD

Keeping in view the history update and targets of contesting groups, people are confused to whom they must give power. The politicians too have started shifting in multiple numbers from one side to others too shows that they too are not bound to any one group permanently. This shifting system too shall continue to establish an absolute majority. The voters too have started using their own wisdom and have started choosing better candidates. They wish that the candidates must work for them as their representatives and must not be supporters on all items. If the elected members start to think of voters and become their representatives, not on all items, but a few and start working for the people of the areas, we can expect better results and some most worst problems too could be solved by using wisdom of all present in the House. Silence of supporters should be rare and on most of the items each one present in the house must come forward with his own conscience, wisdom and will. Gornments for med till date had been working under one man the Prime Minister and inspite of al this process we had been making progress and if we start using wisdom of all in the house, better results are expected. And it seems that teh voters shall be concentrating on the candidates when there is no Prime Ministers- designates. Let the voters may avoid choosing such people who shall just mark their presence in teh House without performing their duties of representation. A representative must mean representative and not be just a number in supporters list.The traditional system of supporting and opposing must change and each one present must become real representative of the people of his area and even of the whole nation.

## ALL CANDIDATES ENTERING EMPLOYMENT MARKET MUST KNOW THEIR OCCUPATIONS

Here in India, we have idenfied all professions, trade, callings and occupations and even duties and responsibilities are attached. Most of our youths are preparing themselves choosing their profession, trades, callings and occupations employment and therefore each onemust choose his profession, trade, calling and occupation in employent himself. If need be he must take Vocational Guidance. He must know what education, training and expertises are necessary and he also must know that there is competition for entry. Simple completing age isnot sufficient. All the jobs require work and one must be ready towork. A youth must know that only general education shall not workand even Employment Exchanges cannot help youths coming and asking for General Vacancies. As far India is concerned, there are schools, colleges, universities, training institutions and even high ertrainings too are available and if particular trainings and people in those lines are surplus, the candidates can choose related trades and enter subordinate ositions with opportunities to go ahead.

The youths who are not trained for a particular job remain sunemployed and can create troubles for teh society. The parents and the state must take care of each youth and must ensure that each oneis given right directions in time. Most of the parents are not in a position to work on these plans because of their poverty and knowledgeof employment market. The youths must get training for those jobswhere there is shortage and training youth for surplus category toodoes not work.Vocational Guidance must start from school times so thateach student must be having knowledge of future employment market. Where specific training institutions are not there, we can create apprenticeship programmes.

## YOUTHS IN A DEVELOPED COUNTRY MUST BE RESPONSIBLE CITIZENS

There are pronouncements that our country shall be standing in line with Developed Countries and we we all the citizens of India too must try to ensure that India is great because of its Human-Resources too. We had been slaves since centuries and there had been no propermethod to raise standard of people. Most of us had been living just for living sake and concept of proper life had not been even in ourdreams. But today state parents and even youths themselves have startd to ensure proper development. Health, Education, Training, Proper Employment and proper wages are the main five basics which can turn the nation with responsible citizens. When these fivers arefulfilled, only then we can expect resonsible citizens. When this developed stge is achieved, we can say that we are a developed country. We are a nation of with so many religions, so many sub religions, so many castes, so many sub castes, so many social lives, having so many religious places, so many Holy books and for that we had adopted Secularism and all must believe in this unity and must live peacefully. Whole of India must become our country, opportunities of adopting occupations be free to all and all hates among the people must go. Peace, love for the country, love for the people and service of people are the proper basis of proper developed country. We must understand that even political groups often try to disturb the peace just for sake of votes, but they cannot speak against the unity and integrity of India. A country is great when all the citizens are responsible and united. All citizens must understand that they are Masters and Owners of this country and all selected, elected and appointed are given pay and allowances and are Public Servnts and must have eye on their servants. Even selection and election must be proper and on merits. And citizens are responsible to have proper supervision.

## CONTESTING GROUPS MAY CLAIM VICTORY- INTERNALLY THEY KNOW WHERE THEY STAND

Political groups had been recruiting people and now a large number of people have joined this side. Since these political groups have not written their targets and usually use some techniques to win elections, we hae noticed that shifting of politicians from one group to an other has become a matter of routine. Contesting groups often talk of victories, but internally each group iknow where it stands. Some experts start collecting information who will win and who will lose, even the contesting groups know their position before the elections. These shifting of candidates from one group to another are those who know the fate of group and even leading people in the groups start filing nominations from two or more constituencies to ensure entry in the House.

The routine type of elections could not give us political groups having permanent targets and because of this weakness we could not concentrate on two or three political parties. We have noticed that there had been family parties, even break-up in parties based onprinciples. Most of the members are claiming to be prime Ministers and trying to establish themselves as leaders. And because of this process of claiming leadership, the people of India could not get aleader. Only Prime Minister works and all others just support oroppose and none could establish his name with some special work hecould establish against his name. Some times, the people feel that ifonly Prime Minister works, after appointment of Prime Minister, let all elected members must go to homs because they do not speak as perconscience, wisdom and will and if they use these qualities, none hears to them.

## CONTESTING GROUPS ARE SILENT ON REINSTATEMENT OF PUNJAB

The same groups which were present there, when this Punjab was estblished and it is on record that because of semi political movementthis Punjab started reducing and now is a village-like state before us. The AAP coming in power tried to have Chandigarh back by passing a resolution, but they too know that such a resolution is just a futile exercise. A real Punjab available before us was first hit in partition of 1947 and political groups here started movements and slowely and steadly Himachal Pradesh and then Haryana and Chandigarh were taken away and no objection was raised. Now all these bifurcations are matters of history and these contesting groups therefore, are silent on these re-union because none takes the riskof declaring that they were in teh wrong. And now, when they talk of safety of Pujab they are under a fear that in due course Pathankot and Rajpura too can go to Himachal Pradesh and Haryana. These contesting groups were present in one form or in an other form when all these bifurcations had been done because of political gains. These withdrawals from Punjab could not achieve what was desired and agitated. Had there been no movements even Blue Star Operation could have been avoided, no assassination of Mrs. Indira Gandhi and even riots of November, 1984 could have been avoided.

... Continue on page 33

*... Continue from page 32*



The Sikhs suffered much because of political movements for which there had been no consultation with the Sikhs. And now history had taken its turn and reinstating Punjab in old state is a matter of history and none shall have the courage like Narindra Modi jee when he could withdraw all three Farm Acts and did something great after independence and aftere stablishing democracy in this country. Even teh contesting groups are not in a mood to admit their faults for disturbing the strong state of Punjab here in India. And now this state shall remain without Capital of its own, without hills, without minerals, without jungles, with Bhakhra Dam without Electricity generation unit and all the corporate houses which had been shifted from Punjab. And because of unemployment in this state most of youths are running to other countries and shall not becoming back.

### LET US BEGIN WITH PROPER DEVELOPMENT OF A CHILD

If some contesting group talks of proper development of children, they are on right path. There are chances of development becquse of science, technology, corporate system, introduction of democracy, written laws, rules and regulations and at the same time we must understand that the society too can rise and that rise must begin with the child. Child of today is manof tomorrow and therefore, if we want that our society too must rise with advancements in other fields. Health, education, training and making a man fit for an employment are items whih must be kept in mind by all the growing nations. And if some contesting group talks on this subject, it must be encouraged because without proper growth of society our growths and developments shall not enable us to declare that we too are developed country. Had we started taking care of the child just after getting independence, the number of poor and backward people could have come down and even zero number could have been achieved. The mistke could be corrected now and let us see that the next five years shall be the period when we shall take care of all children, specially children from poor families.The figures do not show us growing, but a look on a member of society shall show that the society has properly developed to live in a developed country.



"Sikh women's alliance and yoga ladies group from Barking and Sevenkings Gurduwara Singh Sabha London East Held Panjabi school shabad kirtan and presentation day at seven kings gurdwara on 5 th May 2024 under the chairmanship of Balvinder kaur sondh and Arranged by Mrs. Inderjit Bhatia supported by Gurdwara committee, teachers and guru ji Sangat . it turned out to be huge success. Thanks to everyone those supported us, participated. Waheguruji bless us all."

# ਕਰਜ਼ਾ ਚੁੱਕ ਕੇ ੂਖ ਗਏ ਪੰਜਾਬੀ ਨੌਜਵਾਨ ਦੀ ਹੋਈ ਮੌਤ



ਇੰਗਲੈਂਡ ਤੋਂ ਇੱਕ ਮੰਦਭਾਗੀ ਖਬਰ ਸਾਹਮਣੇ ਆਈ ਹੈ, ਜਿੱਥੇ ਘਰ ਦੀ ਮਾਲੀ ਹਾਲਤ ਸੁਧਾਰਨ ਲਈ ੂਖ ਗਏ ਅਜਨਾਲਾ ਦੇ ਪਿੰਡ ਚਮਿਆਰੀ ਦੇ 22 ਸਾਲਾਂ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਨੌਜਵਾਨ ਦੀ ਪਛਾਣ ਅੰਮ੍ਰਿਤਪਾਲ ਸਿੰਘ ਵਜੋਂ ਹੋਈ ਹੈ। ਅਮ੍ਰਿਤਪਾਲ ਦੀ ਮੌਤ ਇੱਕ ਬਿਮਾਰੀ ਕਾਰਨ ਹੋਈ ਹੈ। ਅੰਮ੍ਰਿਤਪਾਲ ਸਿੰਘ ਦੀ ਮੌਤ ਦੀ ਖਬਰ ਤੋਂ ਬਾਅਦ ਉਸ ਦੇ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ, ਉਥੇ ਹੀ ਪੂਰੇ ਪਿੰਡ ਵਿਚ ਸੋਗ ਦੀ ਲਹਿਰ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮ੍ਰਿਤਕ ਅੰਮ੍ਰਿਤਪਾਲ ਸਿੰਘ ਦੀ ਮਾਤਾ ਨਰਿੰਦਰ ਕੌਰ ਪਿਤਾ ਅੰਗਰੇਜ਼ ਸਿੰਘ ਅਤੇ ਚਾਚਾ ਨੇ ਦੱਸਿਆ ਕਿ ਅੱਠ ਮਹੀਨੇ ਪਹਿਲਾਂ ਉਨ੍ਹਾਂ ਘਰ ਦੀ ਮਾਲੀ ਹਾਲਤ ਸੁਧਾਰਨ ਲਈ ਅੰਮ੍ਰਿਤਪਾਲ ਸਿੰਘ ਨੂੰ ਕਰਜ਼ਾ ਚੁੱਕ ਕੇ ਇੰਗਲੈਂਡ ਭੇਜਿਆ ਸੀ। ਜਿੱਥੇ ਇੱਕ ਬਿਮਾਰੀ ਕਰਕੇ ਉਸ ਦੀ ਮੌਤ ਹੋ ਗਈ ਹੈ। ਉਹਨਾਂ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਕਿ ਉਨ੍ਹਾਂ ਦੇ ਪੁੱਤ ਅੰਮ੍ਰਿਤਪਾਲ ਸਿੰਘ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਵਿੱਚ ਉਹਨਾਂ ਦੀ ਮਦਦ ਕੀਤੀ ਜਾਵੇ।

# ਅਮਰੀਕਾ ਵਿਚ ਡਰਾਈਵਰ ਦੇ ਬੇਹੋਸ਼ ਹੋ ਜਾਣ ਕਾਰਨ ਅਠਵੀਂ ਸ਼੍ਰੇਣੀ ਦੇ ਬੱਚੇ ਨੇ ਟਾਲਿਆ ਹਾਦਸਾ, ਪੁਲਿਸ ਨੇ ਕੀਤਾ ਸਨਮਾਨ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਿਸਕਾਨਸਿਨ ਰਾਜ ਵਿਚ ਗਲੈਨਡੇਲ ਵਿਖੇ ਸਕੂਲ ਬੱਸ ਦੀ ਡਰਾਈਵਰ ਦੇ ਬੇਹੋਸ਼ ਹੋ ਜਾਣ ਉਪਰੰਤ ਬੱਸ ਨੂੰ ਕਿਸੇ ਤਰਾਂ ਰੋਕ ਕੇ ਵੱਡਾ ਹਾਦਸਾ ਟਾਲ ਦੇਣ ਵਾਲੇ ਗਲੈਨ ਹਿਲਜ਼ ਮਿਡਲ ਸਕੂਲ ਦੇ ਅਠਵੀਂ ਸ਼੍ਰੇਣੀ ਦੇ ਵਿਦਿਆਰਥੀ ਏਸੀ ਹੌਲੈਂਡ ਦਾ ਸਥਾਨਕ ਪੁਲਿਸ ਵੱਲੋਂ ਪ੍ਰਸੰਸਾ ਪੱਤਰ ਦੇ ਕੇ ਸਨਮਾਨ ਕੀਤਾ ਗਿਆ ਹੈ। ਡਰਾਈਵਰ ਅਚਾਨਕ ਬੇਹੋਸ਼ ਹੋ ਗਈ ਤੇ ਉਸ ਦਾ ਸਿਰ ਇਕ ਪਾਸੇ ਨੂੰ ਲੁੜਕ ਗਿਆ। ਏਸੀ ਹੌਲੈਂਡ ਨੇ ਫੁਰਤੀ ਵਿਖਾਉਂਦਿਆਂ ਕਿਸੇ ਤਰਾਂ ਬਰੇਕ ਲਾ ਕੇ ਬੱਸ ਸੁਰੱਖਿਅਤ ਰੋਕ ਲਈ। ਬੱਸ ਦੇ ਰੁਕ ਜਾਣ ਉਪਰੰਤ ਹੌਲੈਂਡ ਨੇ ਪੁਲਿਸ ਤੇ ਆਪਣੀ ਦਾਦੀ ਜੋ ਸਹਾਇਕ ਨਰਸ ਹੈ, ਨੂੰ ਫੋਨ ਕੀਤਾ। ਬਾਕੀ ਬੱਚਿਆਂ ਨੇ ਵੀ ਆਪਣੇ ਘਰ ਫੋਨ ਕਰਕੇ ਘਟਨਾ ਦੀ ਜਾਂਚਕਾਰੀ ਦਿੱਤੀ। ਪੁਲਿਸ ਨੇ ਕਿਹਾ ਹੈ ਕਿ ਹੌਲੈਂਡ ਫੁਰਤੀ ਨਾ ਵਿਖਾਉਂਦਾ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਪੁਲਿਸ ਨੇ ਹੌਲੈਂਡ ਨੂੰ ਪ੍ਰਸੰਸਾ ਪੱਤਰ ਦਿੱਤਾ ਤੇ ਉਸ ਦੇ ਹੌਸਲੇ ਦੀ ਸ਼ਲਾਘਾ ਕੀਤੀ ਹੈ।


# ਗੁਰੂ ਨਾਨਕ ਸਿੱਖ ਟੈਂਪਲ ਗਲਾਸਗੋ (ਸਕੌਟਲੈਂਡ) ਵਿਖੇ 2 ਸੇਵਾਦਾਰਾਂ ਦੀ ਜ਼ਰੂਰਤ

## 2 VACANCIES - Job Title: Religious Sewadar at GURU NANAK SIKH TEMPLE GLASGOW

An opportunity has arisen for the posts of Religious Workers (x2) at Guru Nanak Sikh Temple, Glasgow. We need Kirtani Jatha of 2 religious workers (tier 5) to do the following duties:

***Job Purpose:*** Perform and Understand Gurbani Kirtan hymns, katha and playing the Harmonium and Tabla in accordance with the tenets of the Sikh Faith. Main Duties include: Performing Kirtan, Nitnem, Sukhmani Sahib Path, Ardaas and Sukhasan duties, alongside other general Gurdwara duties. Officiating at weddings, funerals and other ceremonies in accordance with Sikh Maryada.

Recite the daily Sikh prayer from Sri Guru Granth Sahib Ji, singing hymns, conduct weekly Diwan and preach Sikh Religion to congregation. Home visitation. To work collaboratively with all internal teams, departments and external agencies. Any other job as directed by the Gurdwara Committee. The Workers will be responsible for locking and unlocking the Gurdwara premises.

***Personnel Specification:*** Working Hours: 20 hours per week

**Salary:** National Minimum Wage per working hour.

**Benefits:** accommodation is provided free of charge.

**Requirements:** Must be able to read and speak Punjabi and English. Must have sufficient experience. Clean character certificate required from previous employer. Good communicational and interpersonal skills.

**Other details:** Applicants have to be a UK resident or have the right to work in the UK.

**Closing Date:** *Please send your application before 31st May 2024*

| FOR MORE INFORMATION PLEASE CONTACT :- | S. Hardeep Singh - 07584 624 025<br>S. Amandeep Singh - 07359 194 176 |
|---|---|

**GURU NANAK SIKH TEMPLE**
**19-27 OTAGO ST., GLASGOW, G12 8JJ.**

ਗੁਰਮੀਤ ਸਿੰਘ ਪਲਾਹੀ
-9815802070



# ਤੱਪਦੀ ਧਰਤੀ ਦੀ ਕੁੱਖ ਦਾ ਦੁਖਾਂਤ

**ਧਰਤੀ ਨਾਲ ਮਨੁੱਖ ਨੇ ਜਿਵੇਂ ਖਿਲਵਾੜ ਕਰਨਾ ਸ਼ੁਰੂ ਕੀਤਾ ਹੈ, ਉਸਦੇ ਭੈੜੇ ਸਿੱਟੇ ਨਿਕਲ ਰਹੇ ਹਨ। ਗਰਮੀ ਦੇ ਵਾਧੇ ਨਾਲ ਪੰਛੀਆਂ, ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਨਸ਼ਟ ਹੋ ਰਹੀਆਂ ਹਨ। ਖਾਦਾਂ, ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਧਰਤੀ ਦੀ ਕੁੱਖ ਬੰਜਰ ਹੋ ਰਹੀ ਹੈ ।ਪਾਣੀ ਦਾ ਧਰਤੀ ਦੀ ਕੁੱਖ 'ਚੋਂ ਵੱਧ ਨਿਕਾਸ ਧਰਤੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਪਰੋਂ ਮਨੁੱਖ ਦੁਆਰਾ ਪੈਦਾ ਕੀਤਾ ਗੰਦਾ ਪਾਣੀ ਧਰਤੀ ਦੀ ਦਿੱਖ ਹੀ ਨਹੀਂ ਖਰਾਬ ਕਰ ਰਿਹਾ, ਉਸਦੇ ਪੈਦਾਵਾਰੀ ਤੱਤਾਂ ਨੂੰ ਨਸ਼ਟ ਕਰ ਰਿਹਾ ਹੈ। ਧਰਤੀ ਦਾ ਉਹ ਚੱਕਰ ਜਿਹੜਾ ਉਸਨੇ ਕੁਦਰਤੀ ਤੌਰ 'ਤੇ ਆਪਣੀ ਸੁਰੱਖਿਆ ਲਈ, ਚੰਗੇ ਵਾਤਾਵਰਨ ਲਈ ਸਿਰਜਿਆ ਹੋਇਆ ਹੈ, ਉਹ ਮਨੁੱਖੀ "ਕਾਰਾਗਰੀਆਂ" ਕਾਰਨ ਦੂਸ਼ਿਤ , ਪ੍ਰਦੂਸ਼ਿਤ ਹੋ ਰਿਹਾ ਹੈ। ਕੀ ਇਹ ਧਰਤੀ ਨਾਲ ਅਨਿਆ ਨਹੀਂ ?**



ਇਸ ਵਰ੍ਹੇ ਗਰਮੀ ਨਵੇਂ ਰਿਕਾਰਡ ਬਣਾ ਰਹੀ ਹੈ, ਪੁਰਾਣੇ ਸੱਭੇ ਰਿਕਾਰਡ ਤੋੜ ਰਹੀ ਹੈ। ਦੁਨੀਆ ਦੇ ਕਈ ਹਿੱਸੇ ਬੇਮਿਸਾਲ ਗਰਮੀ ਦੀ ਲਪੇਟ ਵਿੱਚ ਹਨ। ਕਈ ਉਹਨਾ ਦੇਸ਼ਾਂ ਵਿੱਚ, ਜਿਥੇ ਤਾਪਮਾਨ 20 ਡਿਗਰੀ ਸੈਲਸੀਅਮ ਤੋਂ ਵੱਧ ਨਹੀਂ ਸੀ ਹੁੰਦਾ, ਉਥੇ ਇਹ ਤਾਪਮਾਨ 45 ਡਿਗਰੀ ਸੈਲਸੀਅਸ ਤੱਕ ਪੁੱਜ ਜਾਣਾ ਕਿਸੇ ਦੁਖਾਂਤ ਤੋਂ ਘੱਟ ਨਹੀਂ ਹੈ। ਇਥੋਂ ਤੱਕ ਕਿ ਮਹਾਂਸਾਗਰਾਂ ਦਾ ਤਾਪਮਾਨ ਵੀ ਪਹਿਲਾਂ ਕਦੇ ਵੀ ਇੰਨਾ ਨਹੀਂ ਵੇਖਿਆ ਗਿਆ, ਜਿੰਨਾ ਅੱਜ ਵੇਖਣ ਨੂੰ ਮਿਲ ਰਿਹਾ ਹੈ। ਇਹ ਤੇਜ ਸਮੁੰਦਰੀ ਤੂਫ਼ਾਨ ਦਾ ਸੂਚਕ ਹੈ। ਗਰਮੀ ਦਾ ਇਹ ਪ੍ਰਕੋਪ ਦੱਖਣੀ ਗੋਲਾਕਾਰ, ਜਿਥੇ ਗਰਮੀ ਹੁੰਦੀ ਹੈ ਅਤੇ ਉੱਤਰੀ ਗੋਲਾਕਾਰ, ਜਿਥੇ ਸਰਦੀ ਹੁੰਦੀ ਹੈ, ਦੋਵਾਂ ਥਾਵਾਂ 'ਤੇ ਹੈ। ਛਪੀਆਂ ਰਿਪੋਰਟਾਂ ਅਨੁਸਾਰ ਜਾਪਾਨ, ਕੀਨੀਆ, ਨਾਈਜੀਰੀਆ, ਬਰਾਜ਼ੀਲ, ਥਾਈਲੈਂਡ, ਅਸਟਰੇਲੀਆ ਅਤੇ ਸਪੇਨ ਵਿੱਚ ਪਿਛਲੇ ਕੁਝ ਹਫ਼ਤੇ ਵੱਧ ਤਾਪਮਾਨ ਰਿਕਾਰਡ ਕੀਤਾ ਗਿਆ। ਐਨ.ਓ.ਏ.ਏ. ਦਾ ਅਨੁਮਾਨ ਇਹ ਵੀ ਹੈ ਕਿ ਸਾਲ 2024 ਵਿੱਚ 22 ਫ਼ੀਸਦੀ ਸੰਭਾਵਨਾ ਹੈ ਕਿ ਇਹ ਸਾਲ ਸਭ ਤੋਂ ਗਰਮ ਸਾਲ ਹੋਏਗਾ।

ਇੰਨਟਰ ਗਵਰਨਮੈਂਟਲ ਪੈਨਲ ਔਨ ਕਲਾਈਮੇਟ ਚੇਂਜ (ਆਈ.ਪੀ.ਸੀ.ਸੀ) ਦੀ ਛੇਵੀਂ ਮੁਲਾਂਕਣ ਰਿਪੋਰਟ ਦੱਸਦੀ ਹੈ ਕਿ ਦੁਨੀਆ ਪਹਿਲੇ ਮੁਲਾਂਕਣ ਦੇ ਹਿਸਾਬ ਨਾਲ 2030 ਤੱਕ 1.5 ਡਿਗਰੀ ਸੈਲਸੀਅਸ ਤੋਂ ਵੱਧ ਗਰਮ ਹੋ ਸਕਦੀ ਹੈ। ਇਸ ਸਥਿਤੀ ਵਿੱਚ ਆਉਣ ਵਾਲੇ ਸਮੇਂ 'ਚ ਭਾਰਤ ਨੂੰ ਨਾ ਸਿਰਫ਼ ਤੇਜ ਗਰਮੀ, ਭਾਰੀ ਮੀਂਹ ਅਤੇ ਅਨਿਸ਼ਚਿਤ ਮਾਨਸੂਨ ਦੇ ਨਾਲ-ਨਾਲ ਮੌਸਮ ਸੰਬੰਧੀ ਹੋਰ ਆਫ਼ਤਾਂ ਦਾ ਸਾਹਮਣਾ ਕਰਨਾ ਪਵੇਗਾ। ਭਾਰਤ ਵਿੱਚ ਪਹਿਲਾਂ ਹੀ ਚੱਕਰਵਾਤ ਤੂਫ਼ਾਨ, ਹੜ੍ਹਾਂ, ਸੋਕੇ, ਲੂ ਆਦਿ 'ਚ ਵੱਡਾ ਵਾਧਾ ਵੇਖਣ ਨੂੰ ਮਿਲ ਰਿਹਾ ਹੈ।

ਪੌਣਪਾਣੀ ਬਦਲੀ ਦੇ ਕਾਰਨ ਧਰਤੀ ਦਾ ਗਰਮ ਹੋਣਾ ਪੂਰੇ ਵਿਸ਼ਵ ਵਿੱਚ ਜਾਂ ਪੂਰੇ ਸਾਲ ਵਿੱਚ ਇਕੋ ਜਿਹਾ ਨਹੀਂ ਹੈ। ਧਰੁਵੀ ਖੇਤਰ ਦੂਜੇ ਵਿਸ਼ਵ ਦੇ ਮੁਕਾਬਲੇ ਚਾਰ ਗੁਣਾ ਤੇਜੀ ਨਾਲ ਗਰਮ ਹੋ ਰਹੇ ਹਨ। ਦੱਖਣ ਵਿੱਚ ਧਰਤੀ ਦੇ ਮੁਕਾਬਲੇ ਮਹਾਂਸਾਗਰ ਜ਼ਿਆਦਾ ਹੈ। ਮਹਾਂਸਾਗਰ ਗਰਮੀ ਨੂੰ ਸੋਕਦੇ ਹਨ ਅਤੇ ਤਾਪਮਾਨ ਦੇ ਉਤਰਾਅ-ਚੜ੍ਹਾਅ ਦੇ ਵਿਰੋਧ 'ਚ'ਬਫ਼ਰ' ਦੇ ਰੂਪ 'ਚ ਕੰਮ ਕਰਦੇ ਹਨ। ਇਸ ਲਈ ਸਰਦੀਆਂ ਆਮ ਤੌਰ 'ਤੇ ਬਹੁਤ ਜਿਆਦਾ ਠੰਡੀਆਂ ਨਹੀਂ ਹੁੰਦੀਆਂ ਅਤੇ ਗਰਮੀ ਅਕਸਰ ਪ੍ਰਚੰਡ ਪੱਧਰ ਤੇ ਨਹੀਂ ਪੁੱਜਦੀ। ਪਰ ਪਿਛਲੇ ਸਾਲ ਵਿੱਚ ਦੁਨੀਆ ਦੇ ਮਹਾਂਸਾਗਰ ਅਸਧਾਰਨ ਰੂਪ ਵਿੱਚ ਗਰਮ ਹੋ ਗਏ ਹਨ। ਭੂਮੱਧ ਰੇਖਾ ਦੇ ਕੋਲ ਵਿਸ਼ਵ ਦੇ ਮਹਾਂਸਾਗਰ ਦਾ ਤਾਪਮਾਨ ਹਾਲੀ ਉੱਚੇ ਪੱਧਰ 'ਤੇ ਬਣਿਆ ਹੋਇਆ ਹੈ।

ਵਧਦੀ ਗਰਮੀ ਕਾਰਨ ਦੁਨੀਆ ਦੀਆਂ ਵੱਡੀਆਂ ਪਰਬਤ ਮਾਲਾਵਾਂ- ਇੰਡੀਜ਼, ਅਲਪਸ, ਰਾਕੀਜ਼, ਅਲਾਸਕਾ, ਹਿਮਾਲਿਆ ਪਰਬਤ ਬਰਫ਼ ਤੋਂ ਸੱਖਣੇ ਹੁੰਦੇ ਜਾ ਰਹੇ ਹਨ। ਹਮੇਸ਼ਾ ਬਰਫ਼ ਨਾਲ ਢੱਕੇ ਰਹਿਣ ਵਾਲੇ ਗਰੀਨਲੈਂਡ ਅਤੇ ਐਂਟਲਾਂਟਿਕਾ 150 ਤੋਂ 200 ਘਣ ਕਿਲੋਮੀਟਰ ਬਰਫ਼ ਗਰਮੀ ਦੇ ਪ੍ਰਭਾਵ ਨਾਲ ਗੁਆ ਰਹੇ ਹਨ।

ਗਰਮੀ ਦਾ ਇੱਕ ਹੋਰ ਅਸਰ ਗਲੇਸ਼ੀਅਰ ਦਾ ਪਿਘਲਣਾ ਹੈ। ਖੋਜੀਆਂ ਨੇ ਇਹ ਚਿਤਾਵਨੀ ਦਿੱਤੀ ਹੈ ਕਿ ਜੇਕਰ ਅੰਟਾਰਟਿਕਾ ਦੀ ਸਾਰੀ ਬਰਫ਼ ਪਿਘਲ ਜਾਂਦੀ ਹੈ ਤਾਂ ਇਸ ਨਾਲ ਦੁਨੀਆ ਭਰ ਵਿੱਚ ਸਮੁੰਦਰ ਦਾ ਪੱਧਰ 60 ਮੀਟਰ ਤੋਂ ਜਿਆਦਾ ਵਧ ਸਕਦਾ ਹੈ। ਜਿਸ ਨਾਲ ਦੁਨੀਆ ਦੇ ਬਹੁਤ ਸਾਰੇ ਖਿੱਤੇ ਪਾਣੀ 'ਚ ਡੁੱਬਣ ਦਾ ਖ਼ਤਰਾ ਹੈ।

ਗਰਮੀ ਦੇ ਵਧਣ ਦਾ ਇੱਕ ਕਾਰਨ ਕਾਰਬਨ ਡਾਈਔਕਸਾਈਡ ਦੀ ਵੱਡੀ ਪੈਦਾਵਾਰ ਹੈ, ਜਿਹੜੀ ਸਾਡੇ ਜਲਵਾਯੂ ਨੂੰ ਪ੍ਰਭਾਵਤ ਕਰਦੀ ਹੈ। ਸਾਲ 2023 'ਚ ਕਾਰਬਨ ਡਾਈਔਕਸਾਈਡ ਦੀ ਪੈਦਾਵਾਰ ਨਵੀਆਂ ਉਚਾਈਆਂ ਛੋਹ ਗਈ ਹੈ, ਜਿਸ ਨਾਲ ਸਾਡੀਆਂ ਸਿਹਤ ਪ੍ਰਣਾਲੀਆਂ ਉਤੇ ਉੱਲਟ ਅਸਰ ਵੇਖਣ ਨੂੰ ਮਿਲ ਰਿਹਾ ਹੈ।

ਪੱਛਮੀ ਦੇਸ਼ ਇਸ ਸਮੱਸਿਆ ਲਈ ਵੱਡੇ ਪੱਧਰ 'ਤੇ ਜ਼ਿੰਮੇਵਾਰ ਹਨ। ਸਾਲ 1750 ਤੋਂ 2022 ਦੇ ਵਿਚਕਾਰ 1.5 ਲੱਖ ਕਰੋੜ ਮੈਟਰਿਕ ਟਨ ਕਾਰਬਨ ਡਾਈਕਔਕਸਾਈਡ ਵਾਯੂਮੰਡਲ 'ਚ ਵਧੀ ਹੈ, ਇਸ ਵਿੱਚ 90 ਫ਼ੀਸਦੀ ਹਿੱਸਾ ਯੂਰਪ ਅਤੇ ਉੱਤਰੀ ਅਮਰੀਕਾ ਦਾ ਰਿਹਾ ਹੈ। ਅੱਜ ਵੀ ਇੱਕ ਅਮਰੀਕੀ ਔਸਤ ਹਰ ਵਰ੍ਹੇ 14.5 ਮੀਟਰਕ ਟਨ ਕਾਰਬਨ ਡਾਈਔਕਸਾਈਡ ਪੈਦਾ ਕਰਦਾ ਹੈ, ਜਦਕਿ ਇੱਕ ਭਾਰਤੀ ਔਸਤ 2.9 ਮੀਟਰ ਟਨ। 'ਅੰਤਰਰਾਸ਼ਟਰੀ ਊਰਜਾ ਏਜੰਸੀ' ਵਲੋਂ ਕੀਤਾ ਇੱਕ ਵਿਸ਼ਲੇਸ਼ਣ ਸਾਹਮਣੇ ਆਇਆ ਹੈ, ਜਿਸ ਅਨੁਸਾਰ 2023 ਵਿੱਚ ਊਰਜਾ ਦੇ ਨਾਲ ਸੰਬੰਧਿਤ ਪੈਦਾਵਾਰ ਵਿੱਚ 41 ਕਰੋੜ ਮੀਟਰਿਕ ਟਨ ਦਾ ਵਾਧਾ ਹੋਇਆ ਹੈ। ਇਹ ਲਗਭਗ ਇੱਕ ਹਜ਼ਾਰ ਤੋਂ ਜਿਆਦਾ ਨਵੇਂ ਗੈਸ ਚਾਲਿਤ ਬਿਜਲੀ ਉਪਕਰਣਾਂ ਤੋਂ ਹੋਣ ਵਾਲੇ ਸਲਾਨਾ ਪ੍ਰਦੂਸ਼ਣ ਦੇ ਬਰਾਬਰ ਹੈ।

ਧਰਤੀ ਉਤੇ ਵਧਦੀ ਗਰਮੀ ਦੇ ਭੈੜੇ ਅਸਰ ਸਾਹਮਣੇ ਆ ਰਹੇ ਹਨ। 1991-2000 ਦੇ ਮੁਕਾਬਲੇ 2013 ਤੋਂ 2022 ਵਿੱਚ 65 ਸਾਲ ਤੋਂ ਉਪਰ ਦੀ ਉਮਰ ਦੇ ਲੋਕਾਂ ਵਿੱਚ ਗਰਮੀ ਨਾਲ ਸੰਬੰਧਤ ਮੌਤਾਂ ਵਿੱਚ 85 ਫ਼ੀਸਦੀ ਵਾਧਾ ਹੋਇਆ ਹੈ, ਕਿਉਂਕਿ ਨਿੱਤ ਨਵੀਆਂ ਆਫ਼ਤਾਂ ਬੀਮਾਰੀਆਂ ਉਸਨੂੰ ਘੇਰ ਰਹੀਆਂ ਹਨ।

ਸਾਲ 2022 ਵਿੱਚ ਅਤਿ ਦੀ ਗਰਮੀ ਦੇ ਪ੍ਰਭਾਵ ਨਾਲ ਹੋਈਆਂ ਮੌਸਮੀ ਘਟਨਾਵਾਂ ਦੇ ਸਿੱਟੇ ਵਜੋਂ 264 ਅਰਬ ਡਾਲਰ ਦਾ ਨੁਕਸਾਨ ਦਾ ਅੰਦਾਜ਼ਾ ਹੈ, ਜੋ 2010-2014 ਦੇ ਮੁਕਾਬਲੇ 23 ਫ਼ੀਸਦੀ ਵਧ ਹੈ। ਵਧਦੀ ਗਰਮੀ ਨਾਲ ਮਨੁੱਖ ਨੂੰ ਆਪਣੀ ਰੋਜ਼ੀ-ਰੋਟੀ ਕਮਾਉਣ 'ਚ ਦਿੱਕਤਾਂ ਆ ਰਹੀਆਂ ਹਨ।

ਗਲੋਬਲ ਵਾਰਮਿੰਗ ਰੋਕਣ ਲਈ ਪੈਰਿਸ ਜਲਵਾਯੂ ਸਮਝੌਤੇ ਉਤੇ ਸਾਰੇ ਦੇਸ਼ਾਂ ਦੇ ਨੁਮਾਇੰਦਿਆਂ ਦੇ ਦਸਤਖ਼ਤ ਹੋਏ ਸਨ। ਇਸ ਸਮਝੌਤੇ ਅਨੁਸਾਰ ਇਹ ਟੀਚਾ ਮਿਥਿਆ ਗਿਆ ਸੀ ਕਿ 2030 ਤੱਕ ਵਿਸ਼ਵ ਗਰੀਨ ਹਾਊਸ ਗੈਸ ਪੈਦਾਵਾਰ 'ਚ ਕਟੌਤੀ ਕਰਨੀ ਹੈ, ਪਰ ਖ਼ਾਸ ਕਰਕੇ ਵੱਡੇ ਵਿਕਸਤ ਦੇਸ਼ ਇਸ ਦੀ ਉਲਟ ਦਿਸ਼ਾ 'ਚ ਅੱਗੇ ਵਧ ਰਹੇ ਹਨ।

ਸੂਰਜ ਮੰਡਲ ਵਿੱਚ ਧਰਤੀ ਹੀ ਇੱਕ ਇਹੋ ਜਿਹਾ ਗ੍ਰਹਿ ਹੈ ਜਿਥੇ ਜੀਵਨ ਸੰਭਵ ਹੈ, ਲੇਕਿਨ ਅੱਜ ਇਸ ਗ੍ਰਹਿ ਦਾ ਆਪਣਾ ਜੀਵਨ ਸੰਕਟ 'ਚ ਨਜ਼ਰ ਆ ਰਿਹਾ ਹੈ। ਜਿਸ ਤਰੀਕੇ ਨਾਲ ਮਾਨਵ ਜੀਵਨ ਸ਼ੈਲੀ ਵਿੱਚ ਭੌਤਿਕਵਾਦ ਅਤੇ ਉਪਭੋਗਵਾਦੀ ਅਤੇ ਲਾਲਚ ਵਧਦਾ ਜਾ ਰਿਹਾ ਹੈ, ਉਸਦਾ ਸਿੱਟਾ ਇਹ ਹੈ ਕਿ ਇਹ ਗ੍ਰਹਿ ਸੰਕਟੀ ਖਾਈ 'ਚ ਡਿਗਦਾ ਜਾ ਰਿਹਾ ਹੈ। ਮਨੁੱਖ ਨੂੰ ਲਗਦਾ ਹੈ ਕਿ ਉਹ ਕੁਦਰਤੀ ਪ੍ਰਕਿਰਤੀ ਦੇ ਵਿਨਾਸ਼ ਦੀ ਸ਼ਰਤ ਉਤੇ ਆਪਣਾ ਵਿਕਾਸ ਕਰ ਲਵੇਗਾ, ਪਰ ਇਹ ਉਸਦੀ ਸਭ ਤੋਂ ਵੱਡੀ ਗਲਤੀ ਹੈ।

ਧਰਤੀ ਤੇ ਪਾਣੀ ਦਾ ਸੰਕਟ ਵਧ ਰਿਹਾ ਹੈ। ਪਲਾਸਟਿਕ ਦੀ ਵਰਤੋਂ ਹੱਦਾਂ ਬੰਨ੍ਹੇ ਟੱਪ ਰਹੀ ਹੈ। ਕੱਚਰੇ ਦੇ ਪਹਾੜ ਸਾਨੂੰ ਦੰਦ ਚਿੜਾ ਰਹੇ ਹਨ। ਸੁੱਖ ਸੁਵਿਧਾਵਾਂ ਦੀਆਂ ਚੀਜ਼ਾਂ ਵਰਤਨ ਦੇ ਨਾਮ ਉਤੇ ਮਨੁੱਖ ਗੰਦਗੀ ਦੇ ਢੇਰਾਂ ਦੇ ਢੇਰ ਪੈਦਾ ਕਰ ਰਿਹਾ ਹੈ। ਸਿੱਟਾ ਥੋੜ-ਚਿਰੀ ਸੌਖ ਦੇ ਰੂਪ ਵਿੱਚ ਤਾਂ ਹੋ ਸਕਦਾ ਹੈ, ਪਰ ਲੰਮੇ ਸਮੇਂ ਦੇ ਸੰਕਟ ਵਿੱਚ ਮਨੁੱਖ ਆਪ ਫਸੀ ਜਾ ਰਿਹਾ ਹੈ। ਸਾਡੀ ਧਰਤੀ ਸੂਰਜ ਦੀਆਂ ਕਿਰਨਾਂ ਤੋਂ ਗਰਮੀ ਪ੍ਰਾਪਤ ਕਰਦੀ ਹੈ। ਇਹ ਕਿਰਨਾਂ ਵਾਯੂਮੰਡਲ ਤੋਂ ਗੁਜਰਦਿਆਂ ਧਰਤੀ ਦੀ ਸਤਹ ਨਾਲ ਟਕਰਾਉਂਦੀਆਂ ਹਨ ਅਤੇ ਫਿਰ ਉਥੋਂ ਹੀ ਧਰਤੀ ਦਾ ਤਾਪਮਾਨ ਵਧਾ ਰਹੀਆਂ ਹਨ। ਪੈਟਰਲ, ਕੋਇਲੇ ਵਰਗੇ ਬਾਲਣ ਦੀ ਵਰਤੋਂ ਕਾਰਬਨ ਡਾਈਔਕਸਾਈਡ ਪੈਦਾ ਕਰਦੀ ਹੈ, ਉਪਰੋਂ ਜੰਗਲਾਂ ਦੀ ਕਟਾਈ ਨੇ ਇਸ ਸਮੱਸਿਆ ਨੂੰ ਹੋਰ ਵਧਾ ਦਿੱਤਾ ਹੈ। ਇੰਜ ਮਨੁੱਖੀ ਜੀਵਨ ਰੱਖਿਅਕ ਅਕਸੀਜਨ ਦੀ ਘਾਟ ਪੈਦਾ ਹੋ ਰਹੀ ਹੈ।

ਧਰਤੀ ਨਾਲ ਮਨੁੱਖ ਨੇ ਜਿਵੇਂ ਖਿਲਵਾੜ ਕਰਨਾ ਸ਼ੁਰੂ ਕੀਤਾ ਹੈ, ਉਸਦੇ ਭੈੜੇ ਸਿੱਟੇ ਨਿਕਲ ਰਹੇ ਹਨ। ਗਰਮੀ ਦੇ ਵਾਧੇ ਨਾਲ ਪੰਛੀਆਂ, ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਨਸ਼ਟ ਹੋ ਰਹੀਆਂ ਹਨ। ਖਾਦਾਂ, ਕੀਟਨਾਸ਼ਕਾਂ ਦੀ ਵਧੇਰੇ ਵਰਤੋਂ ਨਾਲ ਧਰਤੀ ਦੀ ਕੁੱਖ ਬੰਜਰ ਹੋ ਰਹੀ ਹੈ ।ਪਾਣੀ ਦਾ ਧਰਤੀ ਦੀ ਕੁੱਖ 'ਚੋਂ ਵੱਧ ਨਿਕਾਸ ਧਰਤੀ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਉਪਰੋਂ ਮਨੁੱਖ ਦੁਆਰਾ ਪੈਦਾ ਕੀਤਾ ਗੰਦਾ ਪਾਣੀ ਧਰਤੀ ਦੀ ਦਿੱਖ ਹੀ ਨਹੀਂ ਖਰਾਬ ਕਰ ਰਿਹਾ, ਉਸਦੇ ਪੈਦਾਵਾਰੀ ਤੱਤਾਂ ਨੂੰ ਨਸ਼ਟ ਕਰ ਰਿਹਾ ਹੈ। ਧਰਤੀ ਦਾ ਉਹ ਚੱਕਰ ਜਿਹੜਾ ਉਸਨੇ ਕੁਦਰਤੀ ਤੌਰ 'ਤੇ ਆਪਣੀ ਸੁਰੱਖਿਆ ਲਈ, ਚੰਗੇ ਵਾਤਾਵਰਨ ਲਈ ਸਿਰਜਿਆ ਹੋਇਆ ਹੈ, ਉਹ ਮਨੁੱਖੀ "ਕਾਰਾਗਰੀਆਂ" ਕਾਰਨ ਦੂਸ਼ਿਤ , ਪ੍ਰਦੂਸ਼ਿਤ ਹੋ ਰਿਹਾ ਹੈ। ਕੀ ਇਹ ਧਰਤੀ ਨਾਲ ਅਨਿਆ ਨਹੀਂ ?

ਧਰਤੀ ਨਾਲ ਕੀਤੀ ਛੇੜ-ਛਾੜ ਵਧੇਰੇ ਗਰਮੀ ਦਾ ਕਾਰਨ ਬਣਦੀ ਜਾ ਰਹੀ ਹੈ, ਜਿਹੜੀ ਵਾਤਾਵਰਨ 'ਚ ਤਬਦੀਲੀ ਲਿਆ ਰਹੀ ਹੈ, ਬਿਮਾਰੀਆਂ ਦਾ ਫ਼ੈਲਾਅ ਅਤੇ ਮੌਤ ਦੀ ਦਰ ਇਸੇ ਦਾ ਸਿੱਟਾ ਹੈ।

ਮਨੁੱਖੀ ਨਸਲ ਜਿਊਂਦੇ ਰੱਖਣ ਲਈ ਕੁਦਰਤੀ ਸੋਮਿਆਂ ਦੀ ਸੁਰੱਖਿਆ ਬਹੁਤ ਜ਼ਰੂਰੀ ਹੈ। ਵਿਗਿਆਨਕ ਯੁੱਗ 'ਚ ਅੱਗੇ ਵਧਣ ਤੇ ਅਰਾਮਦਾਇਕ ਜੀਵਨ ਜੀਊਣ ਦੀ ਹੋੜ ਨੇ ਜ਼ਿੰਦਗੀ ਜੀਊਣ ਦੇ ਅਰਥ ਹੀ ਬਦਲ ਦਿੱਤੇ ਹਨ।

ਧਰਤੀ ਉਤੇ ਮਨੁੱਖ ਦਾ ਜੀਵਨ ਉਸ ਵੇਲੇ ਅਤਿਅੰਤ ਦੁੱਖਦਾਈ ਹੋ ਜਾਏਗਾ, ਜੇਕਰ ਮਨੁੱਖ ਧਰਤੀ ਦੀ ਕੁੱਖ ਜ਼ਹਿਰਾਂ ਨਾਲ ਭਰ ਦੇਵੇਗਾ। ਇਸ ਸੰਬੰਧੀ ਮਨੁੱਖ ਨੂੰ ਆਪ ਹੀ ਚੇਤੰਨ ਹੋਣਾ ਪਵੇਗਾ ਕਿ ਉਸਦਾ ਜੀਵਨ "ਖੁਸ਼ਹਾਲ ਧਰਤੀ 'ਤੇ ਹੀ ਖੁਸ਼ਹਾਲ ਹੋ ਸਕਦਾ ਹੈ।

ਵਿਸ਼ਵ 'ਚ ਕਾਰਪੋਰੇਟ ਜਗਤ ਦੀ ਵਧ ਰਹੀ ਪਕੜ ਤੇ ਜਕੜ, ਧਨ ਕਮਾਉਣ ਦੀ ਹਵਸ਼, ਕੁਦਰਤ ਨਾਲ ਖਿਲਵਾੜ ਕਰ ਰਹੀ ਹੈ। ਡਿਕਟੇਟਰਾਨਾ ਸੋਚ ਦੇ ਮਾਲਕ ਹਾਕਮਾਂ ਨਾਲ ਸਾਂਝ ਭਿਆਲੀ ਕਰਕੇ ਇਹ ਲੋਕ ਮਨੁੱਖ ਨੂੰ ਆਧੁਨਿਕ ਯੁੱਗ ਦੇ ਸੁਖਮਈ ਸਾਧਨਾਂ ਦੀ ਝਲਕ ਦਿਖਾਕੇ ਆਪਣੇ ਗੁਲਾਮ ਬਣਾਉਣ 'ਤੇ ਤੁਲੇ ਹੋਏ ਹਨ ਅਤੇ ਧਰਤੀ ਉਤੇ ਕੁਦਰਤ ਦੀ ਗੋਦ ਦਾ ਅਨੰਦ ਉਸ ਤੋਂ ਖੋਹ ਲੈਣਾ ਚਾਹੁੰਦੇ ਹਨ। ਅਰਥਾਤ ਧਰਤੀ ਦੀ ਕੁੱਖ ਵਿੱਚ ਹੀ ਨਵੇਂ ਜੰਮਣ ਵਾਲੇ ਬੱਚੇ ਦਾ ਕਤਲ ਕਰਨ 'ਤੇ ਤੁਲੇ ਹੋਏ ਹਨ।

ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)


ਫੋਨ : 07853 317 891

Email: jaggikussa@yahoo.de



# ਕੋਸੀ ਧੁੱਪ ਦਾ ਨਿੱਘ

ਕੌਰੇ ਦਾ ਖ਼ਤ ਪੜ੍ਹ ਕੇ ਬਖਤੌਰ ਭਾਵੁਕ ਹੋ ਗਿਆ ਸੀ। ਪੱਚੀ ਸਾਲ ਹੋ ਗਏ ਸਨ ਉਸ ਨੂੰ ਇੰਗਲੈਂਡ ਆਏ ਹੋਏ। ਉਹ ਇੱਕ ਵਾਰ ਵੀ ਆਪਣੇ ਦੇਸ਼ ਨਹੀਂ ਗਿਆ ਸੀ। ਇੱਕ ਯੁੱਗ ਬੀਤ ਗਿਆ ਸੀ। ਬਖਤੌਰ ਦੀ ਘਰਵਾਲ਼ੀ ਕਰਮ ਕੌਰ ਬਖਤੌਰ ਦੀ ਬੜੀ ਹੀ ਸਹਿਯੋਗੀ ਸੀ। ਉਸ ਨੇ ਅਮਰੋ, ਕੌਰੇ ਅਤੇ ਉਸ ਦੇ ਬੱਚਿਆਂ ਵਾਸਤੇ ਕੱਪੜੇ ਲੱਤੇ ਖਰੀਦ ਕੇ ਦਿੱਤੇ। ਇੱਕ ਅਟੈਚੀ ਕਰਮ ਕੌਰ ਨੇ ਕੌਰੇ ਦੇ ਪ੍ਰੀਵਾਰ ਲਈ ਭਰ ਦਿੱਤਾ। ਪੰਜਾਬ ਵਿੱਚ ਟਾਂਵੇਂ-ਟਾਂਵੇਂ ਘਰੇ ਫ਼ੋਨ ਲੱਗ ਗਏ ਸਨ। ਬਖਤੌਰ ਨੇ ਸਰਪੈਂਚ ਦੇ ਘਰੇ ਫ਼ੋਨ ਕਰ ਕੇ ਕੌਰੇ ਨੂੰ ਸੁਨੇਹਾਂ ਦੇ ਦਿੱਤਾ ਸੀ ਅਤੇ ਦਿੱਲੀ ਏਅਰਪੋਰਟ 'ਤੇ ਪਹੁੰਚਣ ਲਈ ਤਾਕੀਦ ਕੀਤੀ ਸੀ।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-50**

## ਕਾਂਡ 20

ਨਾਜ਼ੀਆਂ ਨੇ ਤਾਂ ਇਹ ਸੋਚਿਆ ਸੀ ਬਈ ਓਮਰ ਦੇ ਮਰਨ ਤੋਂ ਬਾਅਦ ਸਾਰਾ ਯੁੱਧ ਠੱਪ ਹੋਜੂਗਾ, ਤੇ ਸਾਡੀ ਜਿੱਤ ਨਿੱਖਰ ਕੇ ਸਭ ਦੇ ਸਾਹਮਣੇ ਆਊਗੀ, ਪਰ ਉਹਨਾਂ ਦਾ ਭਰਮ ਭੁਲੇਖਾ ਜਲਦੀ ਖ਼ਤਮ ਹੋ ਗਿਆ, ਓਮਰ ਮੁਖ਼ਤਾਰ ਦੀ ਸ਼ਹੀਦੀ ਤੋਂ ਬਾਅਦ ਲਿਬੀਆ ਦੇ ਲੋਕਾਂ ਨੇ ਜੰਗ ਜਾਰੀ ਰੱਖੀ..! ਮੁਖ਼ਤਾਰ ਤਾਂ ਪਹਿਲਾਂ ਹੀ ਭਵਿੱਖਬਾਣੀ ਕਰ ਗਿਆ ਸੀ ਕਿ ਇਹ ਯੁੱਧ ਸਾਡੀ ਅਜ਼ਾਦੀ ਤੱਕ ਚੱਲੂਗਾ ਤੇ ਇਹ ਯੁੱਧ ਮੇਰੀ ਮੌਤ ਨਾਲ਼ ਖ਼ਤਮ ਨਹੀਂ ਹੋਊਗਾ, ਸਾਡੀ ਅਗਲੀ ਪੀੜ੍ਹੀ ਜੰਗ ਲੜਦੀ ਰਹੇਗੀ, ਤੇ ਫ਼ੇਰ ਉਸ ਤੋਂ ਅਗਲੀ ਪੀੜ੍ਹੀ ਥੋਡੇ ਨਾਲ਼ ਲੜੂਗੀ..! ਇਹ ਲੜਾਈ ਸਾਡੀ ਜਿੱਤ, ਤੇ ਅਜ਼ਾਦੀ ਦੀ ਸੰਪੂਰਨਤਾ ਤੱਕ ਨਿਰੰਤਰ ਚੱਲੂਗੀ...!"

-"............।"

-"ਅੱਜ ਇਹ ਲੜਾਈ ਪੂਰੀ ਦੁਨੀਆਂ ਵਿੱਚ ਚੱਲ ਰਹੀ ਐ...! ਓਮਰ ਮੁਖ਼ਤਾਰ ਤੋਂ ਬਾਅਦ ਦੀ ਦੂਜੀ-ਤੀਜੀ ਪੀੜ੍ਹੀ ਲਿਬੀਆ, ਸੀਰੀਆ, ਫ਼ਲਸਤੀਨ ਤੋਂ ਲੈ ਕੇ ਪੂਰੀ ਦੁਨੀਆਂ ਤੱਕ ਸਾਮ-ਰਾਜਵਾਦ ਦੀ ਲੁੱਟ ਵਿਰੁੱਧ ਜ਼ੋਰਦਾਰ ਢੰਗ ਨਾਲ਼ ਲੜੀ ਜਾ ਰਹੀ ਐ...! ਇਹ ਯੁੱਧ ਚੱਲ ਰਿਹਾ ਹੈ ਤੇ ਮਨੁੱਖਾਂ ਨੂੰ ਇਨਸਾਫ਼ ਦਿਵਾਉਣ, ਮਨੁੱਖੀ ਸ਼ੋਸ਼ਣ ਦਾ ਅੰਤ ਕਰਨ ਤੱਕ ਜਾਰੀ ਰਹੂਗਾ, ਜਦ ਤੱਕ ਇਹ ਸਾਮਰਾਜਵਾਦੀ ਲੁੱਟ ਖ਼ਤਮ ਨਹੀਂ ਹੁੰਦੀ, ਓਦੋਂ ਤੱਕ ਇਹ ਯੁੱਧ ਚੱਲਦਾ ਰਹੂਗਾ...!"

ਕਾਮਰੇਡ ਨੇ ਗੱਲ ਖ਼ਤਮ ਕੀਤੀ ਤਾਂ ਇੱਕ ਲੰਮੀ ਚੁੱਪ ਛਾ ਗਈ।

## ਕਾਡ 21

ਕੌਰੇ ਦੀ ਚਿੱਠੀ ਪੜ੍ਹ ਕੇ ਬਖਤੌਰ ਦੀ ਇੰਡੀਆ ਜਾਣ ਦੀ ਤਿਆਰੀ ਹੋ ਗਈ।

ਕੌਰੇ ਦਾ ਖ਼ਤ ਪੜ੍ਹ ਕੇ ਬਖਤੌਰ ਭਾਵੁਕ ਹੋ ਗਿਆ ਸੀ। ਪੱਚੀ ਸਾਲ ਹੋ ਗਏ ਸਨ ਉਸ ਨੂੰ ਇੰਗਲੈਂਡ ਆਏ ਹੋਏ। ਉਹ ਇੱਕ ਵਾਰ ਵੀ ਆਪਣੇ ਦੇਸ਼ ਨਹੀਂ ਗਿਆ ਸੀ। ਇੱਕ ਯੁੱਗ ਬੀਤ ਗਿਆ ਸੀ। ਬਖਤੌਰ ਦੀ ਘਰਵਾਲ਼ੀ ਕਰਮ ਕੌਰ ਬਖਤੌਰ ਦੀ ਬੜੀ ਹੀ ਸਹਿਯੋਗੀ ਸੀ। ਉਸ ਨੇ ਅਮਰੋ, ਕੌਰੇ ਅਤੇ ਉਸ ਦੇ ਬੱਚਿਆਂ ਵਾਸਤੇ ਕੱਪੜੇ ਲੱਤੇ ਖਰੀਦ ਕੇ ਦਿੱਤੇ। ਇੱਕ ਅਟੈਚੀ ਕਰਮ ਕੌਰ ਨੇ ਕੌਰੇ ਦੇ ਪ੍ਰੀਵਾਰ ਲਈ ਭਰ ਦਿੱਤਾ। ਪੰਜਾਬ ਵਿੱਚ ਟਾਂਵੇਂ-ਟਾਂਵੇਂ ਘਰੇ ਫ਼ੋਨ ਲੱਗ ਗਏ ਸਨ। ਬਖਤੌਰ ਨੇ ਸਰਪੈਂਚ ਦੇ ਘਰੇ ਫ਼ੋਨ ਕਰ ਕੇ ਕੌਰੇ ਨੂੰ ਸੁਨੇਹਾਂ ਦੇ ਦਿੱਤਾ ਸੀ ਅਤੇ ਦਿੱਲੀ ਏਅਰਪੋਰਟ 'ਤੇ ਪਹੁੰਚਣ ਲਈ ਤਾਕੀਦ ਕੀਤੀ ਸੀ।

ਮਿਥੇ ਦਿਨ ਬਖਤੌਰ ਦਿੱਲੀ ਏਅਰਪੋਰਟ ਜਾ ਉਤਰਿਆ।

ਅੱਗੇ ਕੌਰਾ ਅਤੇ ਉਸ ਦੇ ਦੋਨੋਂ ਮੁੰਡੇ ਹੀਰਾ ਅਤੇ ਬੱਗਾ ਲੈਣ ਆਏ ਹੋਏ ਸਨ।

ਚਾਹੇ ਬਖਤੌਰ ਦਾ ਹੁਲੀਆ ਬਦਲ ਗਿਆ ਸੀ। ਪਰ ਕੌਰੇ ਨੇ ਝੱਟ ਪਹਿਚਾਣ ਲਿਆ ਅਤੇ ਗਲ਼ ਲੱਗ ਕੇ ਧਾਹੀਂ ਰੋ ਪਿਆ।

-"ਮੈਂ ਤਾਂ ਸੋਚਿਆ ਸੀ ਮੇਰੇ ਸਸਕਾਰ 'ਤੇ ਈ ਆਵੇਂਗਾ ਬਾਈ...!" ਕੌਰਾ ਰੋਂਦਾ ਧਾਹ ਨਹੀਂ ਧਰਦਾ ਸੀ। ਉਹ ਬਖਤੌਰ ਦੇ ਗਲ਼ ਚਾਮਚੜਿੱਕ ਵਾਂਗ ਚੁੰਬੜਿਆ ਹੋਇਆ ਸੀ। ਬਖਤੌਰ ਉਸ ਨੂੰ ਬੱਚਿਆਂ ਵਾਂਗ ਥਾਪੜੀ ਜਾ ਰਿਹਾ ਸੀ।

-"ਦਿਲ ਨੀ ਹੌਲ਼ਾ ਕਰੀਦਾ ਹੁੰਦਾ..!"

ਪਰ ਕੌਰਾ ਰੋਈ ਜਾ ਰਿਹਾ ਸੀ।

-"ਤੂੰ ਹੁਣ ਛਿੱਤਰ ਤਾਂ ਨੀ ਖਾਣੇ...?" ਬਖਤੌਰ ਦੇ ਕਹਿਣ 'ਤੇ ਕੌਰਾ ਰੋਂਦਾ-ਰੋਂਦਾ ਹੱਸ ਪਿਆ।

-"ਤੂੰ ਬਲੈਤੀਆ ਭਰਾਵਾ, ਤੂੰ ਹੁਣ ਛਿੱਤਰ ਈ ਮਾਰਨੇ ਐਂ...!" ਕੌਰਾ ਅੱਖਾਂ ਪੂੰਝਦਾ ਬੋਲਿਆ, "ਅਸੀਂ ਤਾਂ ਬੱਗੇ ਹੋ ਗਏ, ਪਰ ਤੂੰ ਤਾਂ ਪਿਐਂ ਮੋਰ ਦਾ ਮੋਰ..!"

-"ਕੁਪੱਤੀ ਸੱਸ ਮਾਂਗੂੰ ਮਿਹਣੇ ਜੇ ਨਾ ਮਾਰੀ ਜਾਹ ਹੁਣ...! ਪੈੱਗ ਸ਼ੈੱਗ ਵੀ ਲਿਆਇਐਂ, ਕਿ ਸੁੱਕਾ ਈ ਆ ਗਿਐਂ...?"

-"ਮੈਂ ਸੋਚਿਆ ਸੀ ਤੂੰ ਬਾਹਰੋਂ ਬਲੈਤੀ ਲੈ ਕੇ ਆਵੇਂਗਾ..?"

-"ਮੈਂ ਤਾਂ ਲਿਆਂਦੀ ਫ਼ੇਰ..!" ਬਖਤੌਰ ਨੇ ਬੈਗ ਵਿੱਚੋਂ ਬੋਤਲ ਕਬੂਤਰ ਵਾਂਗ ਬਾਹਰ ਕੱਢ ਲਈ।

-"ਵਾਹ...! ਗਿਰਝ ਰੰਗੀ ਆ...! ਇਹਨੂੰ ਤਾਂ ਦੇਖ ਕੇ ਈ ਸਰੂਰ ਚੜ੍ਹਦੈ, ਆਪਣੇ ਆਲ਼ੀ ਤਾਂ ਸਾਲ਼ੀ ਘਸਮੈਲ਼ੀ ਜੀ ਹੁੰਦੀ ਆ...!"

-"ਓਏ ਓਹੀ ਘਸਮੈਲ਼ੀਆਂ ਪੀ-ਪੀ ਉਡਾਰ ਹੋਏ ਸੀ...! ਛਿੱਤਰਾਂ ਤੋਂ ਡਰਦੇ ਨਾਲ਼ੇ ਪੀਂਦੇ ਬਾਪੂ ਤੋਂ ਚੋਰੀ ਸੀ...!"

ਕੌਰਾ ਅਤੇ ਬਖਤੌਰ ਦੋਨੋਂ ਹੱਸ ਪਏ।

-"ਦਿੱਲੀਓਂ ਨਿਕਲ਼ ਕੇ ਕਿਸੇ ਨਲ਼ਕੇ 'ਤੇ ਰੋਕ ਲਿਓ ਹੀਰਿਆ...! ਵੱਡੇ ਬਾਈ ਦੀ ਧਰਨ ਗਿੱਲੀ ਕਰੀਏ...!" ਕੌਰੇ ਨੇ ਆਪਣੇ ਮੁੰਡੇ ਨੂੰ ਕਿਹਾ। ਹੀਰਾ ਚੁੱਪ ਰਿਹਾ। ਉਸ ਨੇ ਕੋਈ ਹੁੰਗਾਰਾ ਨਾ ਭਰਿਆ। ਉਸ ਦੀ ਮਾਂ ਅਮਰੋ ਨੇ ਕਿਹਾ ਸੀ, "ਹੀਰਿਆ ਪੁੱਤ, ਆਬਦੇ ਤਾਏ ਨਾਲ਼ ਵਿਗਾੜਨੀ ਨੀ, ਟੁੱਟੜਾ ਅੱਧ ਦਾ ਮਾਲਕ ਐ, ਹੌਲ਼ੀ ਹੌਲ਼ੀ ਆਪਾਂ ਉਹਦੇ ਆਲ਼ੇ ਅੱਧ 'ਤੇ ਕਬਜਾ ਕਰਨੈਂ...! ਊਂ ਬਾਹਲ਼ੀਆਂ ਲਾਅਲ਼ਾ ਜੀਆਂ ਵੀ ਨਾ ਚੱਟੀਂ, ਜੇ ਪੂਛ ਪੂਛ ਕਰੀਏ, ਅਗਲਾ ਲਾਚੜ ਵੀ ਛੇਤੀ ਜਾਂਦੈ...!" ਸੋਚਦਾ ਹੀਰਾ ਚੁੱਪ ਸੀ।

ਉਹਨਾਂ ਨੇ ਗੱਡੀ ਇੱਕ ਢਾਬੇ ਕੋਲ਼ ਆ ਲਾਈ। ਕੌਰਾ ਅਤੇ ਬਖਤੌਰ ਉਤਰ ਕੇ ਪੈੱਗ-ਸ਼ੈੱਗ ਲਾਉਣ ਲੱਗ ਪਏ।

-"ਬਾਪੂ ਤਾਏ ਦੀ ਬਾਹਲ਼ੀ ਈ ਚਾਪਲੂਸੀ ਜੀ ਕਰੀ ਜਾਂਦੈ ਹੀਰਿਆ...?" ਹੀਰੇ ਦੇ ਛੋਟੇ ਭਰਾ ਬੱਗੇ ਨੇ ਕਿਹਾ।

-"ਤੂੰ ਚੁੱਪ ਰਹਿ...! ਇਹੇ ਬੁੜ੍ਹਿਆਂ ਜਿਆਂ ਨੂੰ ਨਾ ਚੜ੍ਹੀਦੀ, ਨਾ ਲੱਥੀਦੀ...! ਬੀਬੀ ਕਹਿੰਦੀ ਸੀ ਆਪਾਂ ਇਹਦੇ ਸੱਤ ਕਿੱਲਿਆਂ 'ਤੇ ਕਬਜਾ ਕਰਨੈਂ, ਬੱਸ ਤੂੰ ਤਮਾਸ਼ਾ ਦੇਖੀ ਚੱਲ...!" ਬਾਪੂ ਨੂੰ ਮੂੰਹ ਨਾ ਬੋਲਣ ਵਾਲ਼ਾ ਹੀਰਾ ਅੱਜ ਜ਼ਮੀਨ ਦੇ ਲਾਲਚ ਨੂੰ "ਸੀਲ" ਬਣਿਆਂ ਫ਼ਿਰਦਾ ਸੀ।

-"ਓਏ ਤੁਸੀਂ ਵੀ ਖਾ ਲਓ ਜੇ ਕੁਛ ਖਾਣਾ ਪੀਣੈ ਸ਼ੇਰੋ...!" ਬਖਤੌਰ ਨੇ ਬੱਗੇ ਅਤੇ ਹੀਰੇ ਨੂੰ ਕਿਹਾ, "ਨਾਲ਼ੇ ਬਿਚਾਰੇ ਡਰਾਈਵਰ ਨੂੰ ਵੀ ਚਾਹ ਪਾਣੀ ਪਿਆ ਦਿਓ, ਕਦੋਂ ਦਾ ਜਾਗਦਾ ਫ਼ਿਰਦਾ ਹੋਣਾਂ...!"

-"ਠੀਕ ਆ ਤਾਇਆ ਜੀ...!" ਹੀਰੇ ਨੇ ਪਰਦੇ ਨਾਲ਼ ਨਸ਼ੇ ਵਾਲ਼ੀ ਡੱਬੀ ਕੱਢ ਲਈ।

-"ਬੀਬੀ ਨੇ ਕਿਹਾ ਸੀ, ਤਾਏ ਦੇ ਸਾਹਮਣੇ ਕੋਈ ਨਸ਼ਾ ਨਾ ਕਰੀਂ...!" ਬੱਗੇ ਨੇ ਯਾਦ ਕਰਵਾਇਆ।

-"ਤਾਇਆ ਸ਼ਿਸ਼ਨ ਜੱਜ ਲੱਗਿਐ...?"

-"ਤੂੰ ਇਹਨਾਂ ਨਾਲ਼ ਪੈੱਗ ਸ਼ੈੱਗ ਲਾ ਲੈ, ਦੂਜਾ ਨਸ਼ਾ ਨਾ ਕਰੀਂ, ਨਹੀਂ ਬੀਬੀ ਲੜੂਗੀ...!"

-"ਬੀਬੀ ਨੇ ਗੁੱਤ ਪਟਵਾਉਣੀ ਆਂ...? ਇਹਨਾਂ ਗਧੀੜਾਂ ਕਰ ਕੇ ਮੈਂ ਆਬਦੇ ਮੂੰਹ ਨੂੰ ਬੰਨ੍ਹ ਕਿਉਂ ਲਾਵਾਂ...?" ਉਹ ਨਸ਼ੇ ਵਾਲ਼ੀ ਡੱਬੀ ਲੈ ਹੋਰ ਖੂੰਜੇ ਨੂੰ ਹੋ ਗਿਆ। ਬੱਗਾ ਲੰਮਾਂ ਸਾਹ ਖਿੱਚ ਕੇ ਰਹਿ ਗਿਆ।

-"ਤਾਇਆ ਕੀ ਖੁਆਏਂਗਾ ਫ਼ੇਰ...?" ਨਸ਼ੇ ਦੀ ਤਹਿ ਲਾ ਕੇ ਹੀਰਾ ਬੋਲਿਆ।

-"ਜੋ ਮਰਜੀ ਐ ਖਾਓ ਪੁੱਤ, ਤੇ ਨਾਲ਼ ਡਰਾਈਵਰ ਨੂੰ ਵੀ ਖੁਆ ਲਿਓ...!" ਬਖਤੌਰ ਬੋਲਿਆ।

ਮੁੰਡੇ ਡਰਾਈਵਰ ਨੂੰ ਲੈ ਢਾਬੇ ਦੇ ਅੰਦਰ ਵੜ ਗਏ।

-"ਤੂੰ ਜਮਾਂ ਈ ਫਿੜਕਾ ਬਣਿਆਂ ਪਿਐਂ, ਕੀ ਰੋਗ ਐ ਤੈਨੂੰ...?" ਬਖਤੌਰ ਨੇ ਇਕੱਲਾ ਹੋਣ ਕਰ ਕੇ ਕੌਰੇ ਨੂੰ ਦਿਲ ਦੀ ਗੱਲ ਪੁੱਛ ਲਈ।

-"................।" ਕੌਰਾ ਫ਼ਿਰ ਰੋ ਪਿਆ।

-"ਇੱਕ ਰੋਗ ਹੋਵੇ ਤਾਂ ਦੱਸਾਂ ਬਾਈ...!"

-"ਪਰ ਫ਼ੇਰ ਵੀ...?" ਬਖਤੌਰ ਗੱਲ ਦਾ ਸਿਰਾ ਲੱਭ ਰਿਹਾ ਸੀ।

-"ਅਮਰੋ ਤਾਂ ਜਦੋਂ ਦੀ ਜੇਲ੍ਹ 'ਚੋਂ ਆਈ ਐ, ਬਘਿਆੜ੍ਹੀ ਬਣੀ ਵੀ ਐ..! ਮੂੰਹ ਨੀ ਬੋਲਦੀ, ਗਾਲ਼ ਤੋਂ ਬਿਨਾ ਗੱਲ ਨੀ ਕਰਦੀ...!"

-"...............।" ਬਖਤੌਰ ਬੁੱਤ ਬਣਿਆਂ ਸੁਣ ਰਿਹਾ ਸੀ।

-"ਆਹ ਛੋਰ੍ਹ ਐ ਵੱਡਾ, ਉਹ ਕਿਹੜਾ ਨਸ਼ਾ ਐ, ਜਿਹੜਾ ਇਹਨੂੰ ਨੀ ਲੱਗਿਆ...! ਇਹ ਵੀ ਮਾਂ ਦੇ ਮਗਰ ਲੱਗ ਕੇ...!" ਕੌਰੇ ਤੋਂ ਗੱਲ ਪੂਰੀ ਨਾ ਹੋਈ, ਤੇ ਉਹ ਮੁੜ ਰੋਣ ਲੱਗ ਪਿਆ।

-"ਜਿਉਣਾ ਧਿਰਗ ਆ ਭਰਾਵਾ...! ਹੁਣ ਤਾਂ ਮੌਤ ਦੇ ਦਿਨ ਨੇੜੇ ਕਰਦਾ ਸੀ..! ਬੱਸ ਇੱਕੋ ਇੱਛਾ ਸੀ ਤੈਨੂੰ ਮਿਲਣ ਦੀ, ਉਹ ਰੱਬ ਨੇ ਪੂਰੀ ਕਰਤੀ, ਹੁਣ ਚਾਹੇ ਕੱਲ੍ਹ ਨੂੰ ਮਰਜਾਂ...!" ਕੌਰੇ ਨੇ ਪੁੱਠੇ ਹੱਥ ਨਾਲ਼ ਹੰਝੂ ਪੂੰਝੇ।

-"ਤੂੰ ਮੇਰੇ ਕੋਲ਼ ਆ ਜਾ ਕੌਰਿਆ...? ਮੈਂ ਤੈਨੂੰ ਕਾਗਜ਼ ਪੱਤਰ ਭੇਜ ਦਿਊਂਗਾ...!"

-"ਮੇਰੇ ਪਿੱਛੋਂ ਆਹ ਜੁਆਕ ਨੇ ਸਾਰੀ ਪੈਲ਼ੀ ਫੂਕ ਦੇਣੀ ਆਂ ਬਾਈ...! ਤੈਨੂੰ ਇਹਦੀਆਂ ਕਰਤੂਤਾਂ ਦਾ ਨੀ ਪਤਾ, ਇਹ ਕੰਜਰ ਐ ਪੂਰਾ..! ਲੋਕ ਸਾਲ਼ੇ ਤਾਹਨ੍ਹੇ ਮਿਹਣੇ ਦਿੰਦੇ ਆ, ਬਈ ਸਾਲ਼ਾ ਜੇਲ੍ਹ 'ਚ ਜੰਮਿਐਂ, ਅਲ਼ੱਥ ਈ ਬਣੂੰ...!"

-"ਫ਼ੇਰ ਮੈਂ ਇੱਕ ਮੁੰਡੇ ਨੂੰ ਬਾਹਰ ਲੈ ਜਾਨੈ...?"

-"ਕੀਹਨੂੰ ਲਿਜਾਵੇਂਗਾ...? ਸਾਰੇ ਕੁੱਤੇ ਦੀ ਪੂਛ ਐ, ਮਾਂ ਦੀ ਪੈੜ 'ਚ ਪੈਰ ਧਰਦੇ ਆ...! ਸੁਪੱਤਾ ਕੋਈ ਕੰਜਰ ਨੀ...!"

-"............।"

-"ਮਾਂ ਇਹਨਾਂ ਦੀ ਊਂ ਪੁੱਠੇ ਦਿਨ ਜੰਮੀ ਵੀ ਆ, ਉਹਨੇ ਕਦੇ ਸਿੱਧੀ ਗੱਲ ਕਰਨੀ ਈ ਨੀ, ਚਾਹੇ ਸਾਰਾ ਟੱਬਰ ਉਜੜ ਜੇ...!"

ਬਖਤੌਰ ਨੇ ਪੈੱਗ ਪਾ ਲਿਆ।

-"ਇਹੀ ਝੋਰਾ ਮੈਨੂੰ ਦਿਨ ਰਾਤ ਖਾਈ ਜਾਂਦੈ ਬਾਈ ਬਖਤੌਰ, ਬਈ ਇਹਨਾਂ ਸਾਰਿਆਂ ਦਾ ਬਣੂੰ ਕੀ..? ਮੈਂ ਤਾਂ ਅੱਜ ਮਰਿਆ ਭਲ਼ਕ ਦੂਆ ਦਿਨ...!" ਕੌਰੇ ਨੇ ਜਿਵੇਂ ਦਿਲ ਦਿਮਾਗ 'ਤੇ ਜੁੱਗੜਿਆਂ ਤੋਂ ਜੰਮੇਂ ਖਲੇਪੜ ਅੱਜ ਵੱਡੇ ਭਰਾ ਮੂਹਰੇ ਸੱਪ ਦੀ ਕੁੰਜ ਵਾਂਗ ਲਾਹ ਧਰੇ ਸਨ।

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
(M.A, M.PHIL, BJMC, B.ED)
ਮੋਬਾਈਲ: 07806945964



# ਮੈਂ ਤੰਦਰੁਸਤ ਕਿਵੇਂ ਹੋਇਆ ?

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


**ਕਿਸ਼ਤ – 16**

"ਬਿਮਾਰੀ ਸਰੀਰ ਨੂੰ ਕਦੇ ਵੀ ਲੱਗ ਸਕਦੀ ਹੈ", ਇਹ ਗੱਲ ਬਿਲਕੁਲ ਵੀ ਸਹੀ ਨਹੀ, ਇਕ ਅਧੂਰਾ ਸੱਚ ਹੈ ਤੇ ਅਧੂਰਾ ਸੱਚ ਹਮੇਸ਼ਾ ਹੀ, ਝੂਠ ਨਾਲੋਂ ਵੀ ਵੱਧ ਖਤਰਨਾਕ ਹੁੰਦਾ ਹੈ । ਉਕਤ ਫਿਕਰਾ ਅੱਧਾ ਹੈ ਜੇਕਰ ਇਸ ਨੂੰ ਪੂਰਾ ਕਰੀਏ ਤਾਂ ਸੱਚ ਸਾਫ ਅਤੇ ਸ਼ਪੱਸ਼ਟ ਰੂਪ ਵਿਚ ਸਾਹ-ਮਣੇ ਆਉਂਦਾ ਹੈ, ਪੂਰਾ ਫਿਕਰਾ ਇਹ ਹੈ ਕਿ, "ਬਿਮਾਰੀ ਸਰੀਰ ਨੂੰ ਕਦੇ ਵੀ ਲੱਗ ਸਕਦੀ ਹੈ ਜੇਕਰ ਅਸੀਂ ਆਪਣੇ ਸਰੀਰ ਦੀ ਸਾਂਭ ਸੰਭ੍ਹਾਲ ਨਹੀਂ ਕਰਦੇ ।" ਦੂਜੇ ਸ਼ਬਦਾਂ ਵਿਚ ਆਪਣੀ ਸਿਹਤ ਪ੍ਰਤੀ ਵਰਤੀ ਗਈ ਲਾਪਰਵਾਹੀ ਬਿਮਾਰੀ ਨੂੰ ਸੱਦਾ ਦੇਣਾ ਹੈ ।

ਆਪਣੀ ਰੋਜਾਨਾ ਦੀ ਜਿੰਦਗੀ ਵਿਚ ਅਸੀਂ ਬਹੁਤ ਸਾਰੀਆਂ ਕਿਰਿਆਵਾਂ ਕਰਦੇ ਹਾਂ । ਉਹਨਾਂ ਵਿਚੋਂ ਕੁੱਝ ਕਿਰਿਆਵਾਂ ਨੂੰ ਅਸੀਂ ਆਪਣੀ ਜਿੰਦਗੀ ਦਾ ਅਹਿਮ ਅਤੇ ਅਨਿੱਖੜ ਅੰਗ ਬਣਾ ਲੈਂਦੇ ਹਾਂ । ਸਾਡੀ ਜਿੰਦਗੀ ਵਿਚ ਇਸ ਤਰਾਂ ਦੀਆਂ ਅਨਿੱਖੜ ਬਣ ਚੁੱਕੀਆਂ ਕਿਰਿਆਵਾਂ ਨੂੰ "ਪੱਕ ਚੁੱਕੀਆਂ ਆਦਤਾਂ" ਦਾ ਨਾਮ ਵੀ ਦੇ ਦਿੱਤਾ ਜਾਂਦਾ ਹੈ । ਪੱਕ ਚੁੱਕੀ ਆਦਤ ਦਰਅਸਲ ਉਹ ਮੁਹਾਵਰਾ ਹੁੰਦੀ ਹੈ ਜਿਸ ਨੂੰ ਕੋਈ ਵਿਅਕਤੀ ਵਾਰ ਵਾਰ ਦੁਹਰਾਉਂਦਾ ਹੈ ।

ਪੰਜਾਬੀ ਦਾ ਸ਼ਿਰੋਮਣੀ ਕਿੱਸਾਕਾਰ ਵਾਰਿਸ ਸ਼ਾਹ ਇਸ ਸੰਬੰਧੀ ਆਪਣੇ ਕਿੱਸੇ "ਹੀਰ ਰਾਂਝਾ" ਵਿੱਚ ਬਿਆਨ ਕਰਦਾ ਹੈ ਕਿ "ਵਾਰਿਸ ਸ਼ਾਹ ਨਾ ਆਦਤਾਂ ਨਾ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ "ਸਿੱਧੇ ਸ਼ਬਦਾਂ ਵਿਚ ਜਦੋਂ ਕੋਈ ਕਿਰਿਆ ਕਿਸੇ ਵਿਅਕਤੀ ਦੇ ਸੁਭਾਅ ਵਿਚ ਪੂਰੀ ਤਰਾਂ ਰਚਮਿਚ ਜਾਏ ਤਾਂ ਉਹ ਉਸ ਦੀ ਆਦਤ ਬਣ ਜਾਂਦੀ ਹੈ ਜਾਂ ਸੁਭਾਅ ਬਣ ਜਾਂਦੀ ਹੈ । ਉਹ ਆਦਤ ਚੰਗੀ ਹੈ ਜਾਂ ਬੁਰੀ ਹੈ, ਇਸਦੇ ਮੁਤਾਬਿਕ ਹੀ ਸੰਬੰਧਿਤ ਵਿਅਕਤੀ ਦੀ ਸਿਹਤ ਉੱਤੇ ਉਸ ਦਾ ਅਸਰ ਪੈਂਦਾ ਹੈ, ਉਸ ਦਾ ਵਿਵਹਾਰ ਪ੍ਰਭਾਵਤ ਹੁੰਦਾ ਹੈ, ਉਸ ਦਾ ਪਹਿਨ ਪਹਿਰਾਵਾ ਹੁੰਦਾ ਹੈ । ਇਸ ਨੁਕਤੇ ਨੂੰ ਹੋਰ ਸ਼ਪੱਸ਼ਟ ਕਰਨ ਵਾਸਤੇ ਇਥੇ ਇਕ ਉਦਾਹਰਣ ਦੇਣੀ ਜਰੂਰੀ ਹੈ।ਕੁੱਝ ਦਿਨ ਹੋ ਗਏ ਇਕ ਸੱਜਣ ਦਾ ਸਿਹਤ ਦੀ ਤੰਦਰੁਸਤੀ ਨਾਲ ਸੰਬੰਧਿਤ ਮੇਰੀ ਇਸ ਲੇਖ ਲੜੀ ਨੂੰ ਪੜ੍ਹਕੇ ਫੋਨ ਆਇਆ ਤੇ ਉਸ ਨੇ ਸਵਾਲ ਕੀਤਾ ਕਿ "ਕੀ ਸ਼ਰਾਬ ਸਿਹਤ ਲਈ ਹਾਨੀਕਾਰਕ ਹੁੰਦੀ ਹੈ ?" ਜਵਾਬ ਵਜੋਂ ਮੈਂ ਉਸ ਨੂੰ ਦੱਸਿਆ ਕਿ ਜੇਕਰ ਤੁਸੀਂ ਸ਼ਰਾਬ ਪੀਂਦੇ ਹੋ ਤਾਂ ਤੁਹਾਨੂੰ ਇਹ ਸਵਾਲ ਮੈਨੂੰ ਪੁੱਛਣ ਦੀ ਲੋੜ ਹੀ ਨਹੀਂ ਕਿਉਂਕਿ ਬੋਤਲ ਦੇ ਉੱਤੇ ਲਿਖਿਆ ਹੋਇਆ ਹੁੰਦਾ ਹੈ ਕਿ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੁੰਦੀ ਹੈ । ਜੇਕਰ ਤੁਸੀਂ ਸ਼ਰਾਬ ਨਹੀਂ ਪੀਂਦੇ ਤਾਂ ਸ਼ਰਾਬ ਸੰਬੰਧੀ ਤੁਹਾਡੀ ਜਾਣਕਾਰੀ ਵਿਚ ਵਾਧਾ ਕਰਨ ਲਈ ਮੈਂ ਤੁਹਾਨੂੰ ਦੱਸਣਾ ਚਾਹਾਂਗਾ ਕਿ ਸ਼ਰਾਬ ਹੋਵੇ ਜਾਂ ਕੋਈ ਵੀ ਹੋਰ ਚੀਜ ਵਸਤ, ਜਿੰਨਾਂ ਚਿਰ ਉਸ ਦੀ ਵਰਤੋਂ ਕਿਸੇ ਸੀਮਾ ਵਿਚ ਬੱਝਕੇ ਕਰਦੇ ਹਾਂ, ਉਹ ਸਿਹਤ ਵਾਸਤੇ ਹਾਨੀਕਾਰਕ ਨਹੀਂ ਹੁੰਦੀ, ਪਰ ਜਦੋਂ ਸਾਨੂੰ ਕਿਸੇ ਚੀਜ ਦੀ ਲਤ ਲੱਗ ਜਾਂਦੀ ਹੈ, ਅਸੀਂ ਉਸਦੇ ਆਦੀ ਹੋ ਜਾਂਦੇ ਹਾਂ, ਉਸ ਦਾ ਸੇਵਨ ਕੀਤੇ ਬਿਨਾਂ ਨਹੀ ਰਹਿ ਸਕਦੇ ਜਾਂ ਉਹ ਸਾਡੀ ਆਦਤ ਬਣ ਜਾਂਦੀ ਹੈ ਤਾਂ ਉਹ ਚੀਜ ਸਾਡੀ ਸਿਹਤ ਵਾਸਤੇ ਬੁਰੀ ਬਣ ਜਾਂਦੀ ਹੈ । ਸੋ ਸ਼ਰਾਬ ਮਾੜੀ ਨਹੀਂ ਸ਼ਰਾਬਨੋਸ਼ੀ ਮਾੜੀ ਹੈ, ਖੰਡ ਮਾੜੀ ਨਹੀਂ, ਇਸ ਦੀ ਲਤ ਲੱਗ ਜਾਵੇ ਤਾਂ ਉਹ ਮਾੜੀ ਹੈ।

**ਹਰ ਕੋਈ ਆਪਣੇ ਜੀਵਨ ਨੂੰ ਅਰਾਮਦਾਇਕ ਬਣਾਉਣਾ ਲੋੜਦਾ ਹੈ ਜੋ ਕਿ ਬਹੁਤ ਚੰਗੀ ਗੱਲ ਹੈ, ਪਰ ਏਨਾ ਜਿਆਦਾ ਅਰਾਮਦਾਇਕ ਬਣਾਉਣਾ ਕਿ ਉਹ ਸਾਡਾ ਇਕ ਤਰਾਂ ਨਾਲ ਕੰਫਰਟ ਜੋਨ ਬਣ ਜਾਵੇ ਤੇ ਅਸੀਂ ਬਹੁਤ ਜਿਆਦਾ ਸੁੱਖ ਰਹਿਣੇ ਬਣ ਜਾਈਏ ਤਾਂ ਇਸ ਤਰਾਂ ਦਾ ਜੀਵਨ ਕਦੇ ਵੀ ਬਿਮਾਰੀਆਂ ਤੋਂ ਰਹਿਤ ਨਹੀ ਹੋਵੇਗਾ । ਸਾਡੇ ਇਸ ਤਰਾਂ ਦੇ ਰਹਿਣ ਸਹਿਣ ਕਾਰਨ ਸਾਡੇ ਸਰੀਰ ਨੂੰ ਜੰਗਾਲ ਲੱਗ ਜਾਵੇਗਾ, ਮਾਸ ਪੇਸ਼ੀਆ ਨਿਸਲ ਹੋ ਕੇ ਸ਼ਰਿੰਕ ਹੋ ਜਾਣਗੀਆਂ, ਦਲਿੱਦਰੀ ਜਿੰਦਗੀ ਕਾਰਨ ਸਰੀਰ ਬੇਢੱਬਾ ਹੋ ਜਾਵੇਗਾ, ਚਰਬੀ ਵਧਣ ਕਾਰਨ ਸਰੀਰ ਉੱਤੇ ਮਾਸ ਦੀ ਤਹਿ ਮੋਟੀ ਹੁੰਦੀ ਜਾਵੇਗੀ ਜਿਸ ਕਰਕੇ ਸੁਹੱਪਣ ਵੀ ਜਾਂਦਾ ਰਹੇਗਾ ਤੇ ਤੰਦਰੁਸਤੀ ਵੀ ।**



ਹਰ ਕੋਈ ਆਪਣੇ ਜੀਵਨ ਨੂੰ ਅਰਾਮਦਾਇਕ ਬਣਾਉਣਾ ਲੋੜਦਾ ਹੈ ਜੋ ਕਿ ਬਹੁਤ ਚੰਗੀ ਗੱਲ ਹੈ, ਪਰ ਏਨਾ ਜਿਆਦਾ ਅਰਾਮਦਾਇਕ ਬਣਾਉਣਾ ਕਿ ਉਹ ਸਾਡਾ ਇਕ ਤਰਾਂ ਨਾਲ ਕੰਫਰਟ ਜੋਨ ਬਣ ਜਾਵੇ ਤੇ ਅਸੀਂ ਬਹੁਤ ਜਿਆਦਾ ਸੁੱਖ ਰਹਿਣੇ ਬਣ ਜਾਈਏ ਤਾਂ ਇਸ ਤਰਾਂ ਦਾ ਜੀਵਨ ਕਦੇ ਵੀ ਬਿਮਾਰੀਆਂ ਤੋਂ ਰਹਿਤ ਨਹੀ ਹੋਵੇਗਾ । ਸਾਡੇ ਇਸ ਤਰਾਂ ਦੇ ਰਹਿਣ ਸਹਿਣ ਕਾਰਨ ਸਾਡੇ ਸਰੀਰ ਨੂੰ ਜੰਗਾਲ ਲੱਗ ਜਾਵੇਗਾ, ਮਾਸ ਪੇਸ਼ੀਆ ਨਿਸਲ ਹੋ ਕੇ ਸ਼ਰਿੰਕ ਹੋ ਜਾਣਗੀਆਂ, ਦਲਿੱਦਰੀ ਜਿੰਦਗੀ ਕਾਰਨ ਸਰੀਰ ਬੇਢੱਬਾ ਹੋ ਜਾਵੇਗਾ, ਚਰਬੀ ਵਧਣ ਕਾਰਨ ਸਰੀਰ ਉੱਤੇ ਮਾਸ ਦੀ ਤਹਿ ਮੋਟੀ ਹੁੰਦੀ ਜਾਵੇਗੀ ਜਿਸ ਕਰਕੇ ਸੁਹੱਪਣ ਵੀ ਜਾਂਦਾ ਰਹੇਗਾ ਤੇ ਤੰਦਰੁਸਤੀ ਵੀ ।

ਸੋ ਚੰਗੀਆਂ ਆਦਤਾਂ ਚੰਗੇ ਅਤੇ ਦੂਰਗਾਮੀ ਨਤੀਜੇ ਪੇਸ਼ ਕਰਦੀਆਂ ਹਨ । ਆਪਣੀ ਤੰਦਰੁਸਤੀ ਵਾਸਤੇ ਸੁੱਖ ਰਹਿਣੀ ਜਿੰਦਗੀ ਨਾਲ ਕਦੇ ਵੀ ਸਮਝੌਤਾ ਨਾ ਕਰੋ । ਹਮੇਸ਼ਾ ਆਪਣੇ ਆਪ ਨੂੰ ਐਕਟਿਵ ਰੱਖੋ । ਆਪਣੇ ਆਪ ਨੂੰ ਰੂਹਦਾਰੀ ਦੀ ਮੁਹੱਬਤ ਕਰੋ । ਚੰਗਾ ਖਾਓ, ਪੀਓ ਤੇ ਬੇਫਿਕਰੀ ਵਾਲਾ ਅਰਾਮ ਕਰੋ । ਜਿੰਦਗੀ ਵਿਚ ਸੁਆਦਾਂ ਦੇ ਗੁਲਾਮ ਹੋਣ ਦੀ ਬਜਾਏ ਤੰਦਰੁਸਤੀ ਦੇ ਬਾਦਸ਼ਾਹ ਬਣੋ । ਮੇਰੇ ਕਹਿਣ ਦਾ ਮਤਲਬ ਕਦਾਚਿਤ ਵੀ ਇਹ ਨਹੀਂ ਕਿ ਸੁਆਦ, ਰੰਗ ਤੇ ਰਸ ਨਾ ਮਾਣੋ । ਇਹ ਵੀ ਸਾਡੀ ਜਿੰਦਗੀ ਦਾ ਅਹਿਮ ਹਿੱਸਾ ਹਨ, ਇਹਨਾਂ ਤੋਂ ਬਿਨਾਂ ਸਾਡੀ ਦਿੰਦਗੀ ਨੀਰਸ ਅਤੇ ਬੋਝਲ ਬਣ ਜਾਵੇਗੀ, ਪਰ ਧਿਆਨ ਰੱਖੋ ਕਿ ਇਹਨਾਂ ਨੂੰ ਆਪਣੇ ਉੱਪਰ ਏਨਾ ਕੁ ਹਾਵੀ ਕਦੇ ਵੀ ਨਾ ਹੋਣ ਦਿਓ ਕਿ ਬਾਅਦ ਵਿਚ ਇਹ ਮਹਿਸੂਸ ਹੋਣ ਲੱਗ ਪਵੇ ਕਿ ਅਸੀਂ ਹੁਣ ਇਹਨਾਂ ਤੋਂ ਬਿਨਾ ਤਾਂ ਰਹਿ ਹੀ ਨਹੀ ਸਕਦੇ ਭਾਵ ਸਾਡੀ ਜਿੰਦਗੀ ਕਦਾਚਿਤ ਵੀ ਸੁਆਦਾਂ ਦੇ ਗੁਲਾਮ ਨਹੀਂ ਹੌਣੀ ਚਾਹੀਦੀ। ਸਿਰੇ ਦੀ ਗੱਲ ਇਹ ਹੈ ਕਿ ਆਦਤ, ਜੀਭ ਦੇ ਸੁਆਦ, ਸਰੀਰਕ ਸੁੱਖ ਜਾਂ ਫਿਰ ਬਿਮਾਰੀ ਤੋਂ ਰਾਹਤ ਮਹਿਸੂਸ ਕਰਨ ਲਈ ਦਵਾਈ ਆਦਿ ਨੂੰ ਖਾਣ ਦੀ ਕੋਈ ਵੀ ਹੋਵੇ, ਲਾਉਣੀ ਸੌਖੀ ਹੈ, ਪਰ ਬਾਅਦ ਵਿਚ ਉਸ ਤੋਂ ਛੁਟਕਾਰਾ ਪਾਉਣਾ ਬਹੁਤ ਔਖਾ ਤੇ ਬਿਖੜਾ ਕਾਰਜ ਹੁੰਦਾ ਹੈ । ਸੋ ਲੰਮੀ ਤੇ ਸਿਹਤਮੰਦ ਜਿੰਦਗੀ ਜਿਊਣ ਵਾਸਤੇ ਹਮੇਸ਼ਾ ਹੀ ਚੰਗੀਆਂ ਆਦਤਾਂ ਪਾਓ, ਚੰਗਾ ਸੋਚੋ ਤੇ ਚੰਗੇ ਵਿਚਾਰ ਰੱਖੋ, ਚੰਗੀ ਅਤੇ ਸਿਹਤਮੰਦ ਸੋਚ ਵਾਲੇ ਦੋਸਤਾਂ ਦਾ ਸੰਗ ਮਾਣੋ, ਆਪਣਾ ਵੱਧ ਤੋਂ ਵੱਧ ਖਿਆਲ ਰੱਖੋ ਤੇ ਵਧੀਆ ਜਿੰਦਗੀ ਜੀਓ ।

——— ਚਲਦਾ

## ਇਟਲੀ ਵਿੱਚ ਸਸਤੀਆਂ ਗੱਡੀਆਂ ਵੇਚਣ ਦੇ ਨਾਮ ਉਪੱਰ ਲੋਕਾਂ ਨੂੰ ਠੱਗਾਂ ਨੇ ਲਗਾਇਆ 5 ਲੱਖ ਯੂਰੋ ਦਾ ਚੂਨਾ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)- ਇਟਲੀ ਵਿੱਚ ਆਏ ਦਿਨ ਆਵਾਮ ਨਾਲ ਨਵੇਂ-ਨਵੇਂ ਢੰਗ ਤਰੀਕਿਆਂ ਨਾਲ ਠੱਗਾਂ ਵੱਲੋਂ ਠੱਗੀ ਮਾਰਨ ਦੀਆਂ ਘਟਨਾਵਾਂ ਪੁਲਸ ਪ੍ਰਸ਼ਾਸ਼ਨ ਦੀ ਨੀਂਦ ਨੂੰ ਹਰਾਮ ਕਰਨ ਵਿੱਚ ਕੋਈ ਕਸਰ ਨਹੀਂ ਛੱਡ ਰਹੀਆਂ ਤੇ ਪੁਲਸ ਬਾਜ਼ ਅੱਖ ਨਾਲ ਅਜਿਹੇ ਸ਼ਾਤਰ ਠੱਗਾਂ ਨੂੰ ਲੱਭਣ ਵਿੱਚ ਬੇਸ਼ੱਕ ਦਿਨ ਰਾਤ ਇੱਕ ਕਰ ਰਹੀ ਹੈ ਪਰ ਕਈ ਅਜਿਹੀਆਂ ਘਟਨਾਵਾਂ ਹਨ ਜਿਹੜੀਆਂ ਕਿ ਲੋਕਾਂ ਦੇ ਨਾਲ ਪੁਲਸ ਨੂੰ ਵੀ ਸੋਚਣ ਲਈ ਮਜ਼ਬੂਰ ਕਰਦੀਆਂ ਹਨ ਕਿ ਘਟਨਾ ਆਖ਼ਿਰ ਹੋ ਕਿਵੇ ਗਈ। ਇੱਕ ਅਜਿਹੀ ਹੀ ਘਟਨਾ ਇਟਲੀ ਦੇ ਸਭ ਤੋਂ ਅਮੀਰ ਸੂਬੇ ਇਮਿਲੀਆ ਰੋਮਾਨਾ ਦੇ ਸ਼ਹਿਰ ਬਲੋਨੀਆਂ ਵਿਖੇ ਦੇਖਣ ਨੂੰ ਮਿਲੀ ਜਿੱਥੇ ਸੈਤਾਨ ਠੱਗਾਂ ਨੇ ਲੋਕਾਂ ਨੂੰ ਗੱਡੀਆਂ ਵੇਚਣ ਦੇ ਨਾਮ ਉਪੱਰ 5 ਲੱਖ ਯੂਰੋ ਦਾ ਚੂਨਾ ਲਗਾ ਦਿੱਤਾ।

ਮਿਲੀ ਜਾਣਕਾਰੀ ਠੱਗਾਂ ਨੇ ਠੱਗੀ ਮਾਰਨ ਲਈ ਇੱਕ ਵੈੱਬ ਸਾਈਟ ਬਣਾਈ ਜਿਸ ਵਿੱਚ ਇਹ ਜਾਣਕਾਰੀ ਨਸ਼ਰ ਕੀਤੀ ਉਹ ਸਸਤੇ ਭਾਅ ਦੀਆਂ ਨਵੀਆਂ ਗੱਡੀਆਂ ਵੇਚਦੇ ਹਨ ।ਗੱਡੀ ਖਰੀਦਣ ਦੇ ਚਾਹਵਾਨ ਗੱਡੀ ਦੀ ਕੀਮਤ ਅਨੁਸਾਰ ਪੇਸ਼ਗੀ ਆਨਲਾਈਨ ਕੰਪਨੀ ਦੇ ਖਾਤੇ ਵਿੱਚ ਜਮ੍ਹਾਂ ਕਰਵਾਉ ਤੇ ਆਪਣੀ ਮਨਪਸੰਦ ਗੱਡੀ ਦੇ ਆਉਣ ਦੀ ਉਡੀਕ ਕਰਨ।ਬਸ ਫਿਰ ਕੀ ਸੀ ਅਜਿਹੇ ਇਸ਼ਤਿਹਾਰ ਨੂੰ ਪੜ੍ਹਦੇ ਹੀ ਨਵੀਆਂ ਗੱਡੀਆਂ ਦੇ ਸ਼ੌਕੀਨ ਲੋਕ ਟੁੱਟ ਕੇ ਪੈ ਗਏ ਤੇ ਲਗਭਗ 30 ਲੋਕਾਂ ਨੇ ਇਸ ਠੱਗਾਂ ਦੇ ਟੋਲੇ ਨੂੰ 5 ਲੱਖ ਯੂਰੋ ਦੀ ਅਦਾਇਗੀ ਆਨਲਾਈਨ ਕਰ ਦਿੱਤੀ। ਕਈ ਦਿਨਾਂ ਦੀ ਉਡੀਕ ਦੇ ਬਾਅਦ ਵੀ ਜਦੋਂ ਲੋਕਾਂ ਨੂੰ ਕੰਪਨੀ ਵੱਲੋਂ ਗੱਡੀ ਆਉਣ ਦਾ ਕੋਈ ਫੋਨ ਨਾ ਗਿਆ ਤਾਂ ਲੋਕ ਕਾਫ਼ੀ ਪ੍ਰੇਸ਼ਾਨ ਹੋ ਗਏ।ਕੰਪਨੀ ਨੇ ਕਈ ਲੋਕਾਂ ਨੂੰ ਉਹਨਾਂ ਦੇ ਅੰਦਰਲੇ ਲਾਲਚ ਕਾਰਨ ਅਜਿਹਾ ਫਸਾਇਆ ਕਿ ਬੰਦਾ ਆਪ ਮੁਹਾਰੇ ਹੀ ਲੁੱਟ ਹੋ ਜਾਂਦਾ ।ਲੋਕ ਜਦੋਂ ਇਸ ਆਨਲਾਈਨ ਕਪੰਨੀ ਦੇ ਨੰਬਰ ਉਪੱਰ ਫੋਨ ਲਗਾ ਗੱਡੀ ਲੈਣ ਦੀ ਗੱਲ ਕਰਦੇ ਤਾਂ ਅੱਗੋ ਕੁੜੀ ਉਹਨਾਂ ਤੋਂ ਕਿਸ ਮਾਰਕੇ ਦੀ ਗੱਡੀ ਚਾਹੁੰਦੇ ਹੋ ਪੁੱਛਦੀ, ਲੋਕ ਜਦੋਂ ਆਪਣੇ ਮਾਰਕੇ ਵਾਲੀ ਨਵੇਂ ਮਾਡਲ ਦੀ ਗੱਡੀ ਦੀ ਕੀਮਤ ਬਹੁਤ ਘੱਟ ਦੇਖਦੇ ਤਾਂ ਗੱਡੀ ਖਰੀਦਣ ਦੀ ਕਾਹਲ ਕਰਦੇ ਪਰ ਅੱਗੋਂ ਬੀਬੀ ਆਖ ਦਿੰਦੀ ਕਿ ਇਹ ਇੱਕੋ ਗੱਡੀ ਆਈ ਸੀ ਉਹ ਵਿੱਕ ਚੁੱਕੀ ਹੈ ਤੁਸੀ ਜੇਕਰ ਲੈਣੀ ਤਾਂ ਪੇਮੈਂਟ ਆਨਲਾਈਨ ਜਲਦੀ ਕਰੋ । ਇਸ ਦੌੜ ਵਿੱਚ ਹੀ 30 ਲੋਕਾਂ ਨੇ ਆਪਣੀ ਲੁੱਟ ਕਰਵਾ ਲਈ ਤੇ ਜਦੋਂ ਕਈ ਦਿਨ ਲੰਘ ਗਏ ਤਾਂ ਕੁਝ ਨਹੀਂ ਮਿਲਿਆ।ਕਈ ਲੋਕ ਕਪੰਨੀ ਦੀ ਵੈਬਸਾਈਟ ਤੋਂ ਪਤਾ ਪੜ੍ਹ ਜਦੋਂ ਬਲੋਨੀਆਂ ਪਹੁੰਚੇ ਤਾਂ ਉਸ ਪਤੇ ਉਪੱਰ ਕੋਈ ਅਜਿਹੀ ਗੱਡੀਆਂ ਵੇਚਣ ਵਾਲੀ ਏਜੰਸੀ ਨਹੀਂ ਸੀ।ਆਪਣੇ ਨਾਲ ਹੋਈ ਠੱਗੀ ਦਾ ਇਹਨਾਂ ਲੋਕਾਂ ਨੇ ਬੇਸ਼ੱਕ ਪੁਲਸ ਨੂੰ ਦੱਸ ਦਿੱਤਾ ਹੈ ਪਰ ਲੁੱਟ ਹੋ ਚੁੱਕੇ ਲੋਕਾਂ ਨੂੰ ਆਸ ਨਹੀਂ ਲੱਗਦੀ ਕਿ ਉਹਨਾਂ ਦਾ ਲੁੱਟ ਹੋਇਆ ਪੈਸਾ ਵਾਪਸ ਮਿਲ ਸਕੇਗਾ ਕਿਉਂਕਿ ਇਟਲੀ ਵਿੱਚ ਇਹ ਕੋਈ ਪਹਿਲੀ ਘੱਟ ਨਹੀਂ ਜਿਸ ਦੁਆਰਾ ਠੱਗਾਂ ਨੇ ਲੋਕਾਂ ਨਾਲ ਆਨਲਾਈਨ ਠੱਗੀ ਮਾਰੀ ਹੋਵੇ ਇਸ ਤੋਂ ਪਹਿਲਾਂ ਵੀ ਲੱਖਾਂ ਯੂਰੋ ਲੁੱਟ ਲੋਕਾਂ ਨਾਲ ਆਨ ਲਾਈਨ ਹੋ ਚੁੱਕੀ ਹੈ।

# ਹੁਣ ਨਾਂ ਜਾਂਈਂ ਸੋਹੋ ਰੋਡ 'ਤੇ





(ਰੋਚਕ ਕਹਾਣੀ)

ਧਰਮਪਾਲ ਸਹਿਗਲ
07475386265



ਗਰਮੀਆਂ ਦੇ ਦਿਨ ਸਨ, ਜੁਲਾਈ ਮਹੀਨਾਂ। ਮੌਸਮ ਵਧੀਆ ਸੀ। ਹਰ ਪਾਸੇ ਚਿੱਟੀ ਧੁੱਪ ਫੈਲੀ ਹੋਈ ਸੀ। 55 ਸਾਲਾਂ ਦਾ ਬਚਨ ਸਿੰਘ ਅੱਜ ਸੋਹੋ ਰੋਡ 'ਤੇ ਜਾਣ ਦੀ ਤਿਆਰੀ ਕਰ ਰਿਹਾ ਸੀ। ਸਵੇਰ ਦੇ 10 ਵੱਜਣ ਵਾਲੇ ਸਨ। ਪਰ ਬਚਨ ਸਿੰਘ ਨੂੰ ਆਪਣੇ ਸੱਜੇ ਪੈਰ ਦੀ ਜਰਾਬ ਨਹੀਂ ਸੀ ਲੱਭਦੀ। ਖੱਬੇ ਪੈਰ ਦੀ ਜਰਾਬ ਹੱਥ ਵਿੱਚ ਫੜੀ ਬਚਨ ਸਿਘ ਰੋਸਈ ਦੇ ਦਰਵਾਜੇ ਕੋਲ ਆਕੇ ਰੁੱਖੀ ਅਵਾਜ਼ ਵਿੱਚ ਪਤਨੀ (ਰਤਨ ਕੌਰ) ਨੂੰ ਬੋਲਿਆ, ਏ ਰੱਤੋ! ਛੱਡ ਹਾਅ ਕੰਮ! ਪਹਿਲਾਂ ਮੇਰੀ ਜਰਾਬ ਲੱਭ! ਕਿਥੇ ਰੱਖ ਦਿੰਨੀ ਏਂ? ਰਤਨ ਕੌਰ ਰਸੋਈ ਦਾ ਕੰਮ ਛੱਡ ਕੇ ਕਮਰੇ ਵਿੱਚ ਆਈ, ਬਿਸਤਰੇ ਦੇ ਹੇਠਾਂ ਦੇਖਿਆ ਤਾਂ ਜਰਾਬ ਪਈ ਸੀ। ਹੇਠੋਂ ਜਰਾਬ ਕੱਢ ਕੇ ਪਤੀ ਨੂੰ ਫੜਾਉਂਦੀ ਹੋਈ ਬੋਲੀ, ਲੈ ਫੜ! ਤੇਰੀਆਂ ਅੱਖਾਂ ਕੇ ਕਾਂ ਡੋਡੇ! ਹੈਂ? ਤੀਵੀਆਂ ਤੈਨੂੰ ਦੂਰੋਂ ਦਿੱਸ ਪੈਨੀਆਂ। ਚੱਲ ਛੱਡ ਹੁਣ। ਮੈਂ ਜਾਣਕੇ ਬਿੱਡ ਹੇਠਾਂ ਕਾਤੋਂ ਸੁੱਟਣੀ ਸੀ, ਸ਼ੈਂਡ ਕੋਈ ਚੂਹਾ ਧੂ ਕੇ ਲੈ ਗਿਆ ਹੋਣਾਂ। ਨਾਂ ਹੁਣ ਕਿਧਰ ਦੀ ਤਿਆਰੀ? ਰਤਨ ਕੌਰ ਨੇ ਪੁੱਛਿਆ। ਬਚਨ ਸਿੰਘ ਬੂਟ ਪਾਉਂਦਾ ਬੋਲਿਆ, ਮੱਖ ਜਰਾ ਸੋਹੋ ਰੋਡ ਹੋ ਆਵਾਂ। ਦਿਨ ਸੋਹਣਾਂ ਵਾਂ। ਕਈ ਦਿਨ ਹੋ ਗਏ ਸੀ ਘਰੇ ਕੈਦੀਆਂ ਆਂਗੂ ਬੈਠੇ ਨੂੰ। ਏਦਾਂ ਕਰੀਂ ਫੇਰ ਮਾਰਕੀਟ ਵੀ ਹੋ ਆਵੀਂ। ਰਤਨ ਕੌਰ ਨੇ ਯਾਦ ਕਰਾਇਆ। ਲੈ ਮਾਰਕੀਟ ਤਾਂ ਧੁੱਰ ਜਾਕੇ ਆ, ਦੂਰ ਵਾ, ਤੂੰ ਹੀ ਜਾ ਆਈਂ। ਨਾਂ, ਤੂੰ ਫੇਰ ਸੋਹੋ ਰੋਡ 'ਤੇ ਭੰਗੜਾ ਪਾਉਣ ਚਲਾਂ? ਏ ਛੱਡ ਖਰੋੜ ਨਾਂ ਕਰ। ਲਿਆ ਫੜਾ ਫਿਰ ਛੱਤਰੀ ਝੋਲਾ। ਤੇਰੇ ਨਾਲ ਕਿਹੜਾ ਪੰਗਾ ਲਵੇ। ਕਹਿ ਕੇ ਬਚਨ ਸਿੰਘ ਝੋਲਾ ਛੱਤਰੀ ਫੜਕੇ ਘਰੋਂ ਬਾਹਰ ਸੜਕ 'ਤੇ ਆ ਗਿਆ। ਤਾਜ਼ੀ ਹਵਾ ਦੇ ਲੰਬੇ ਸਾਹ ਲੈਂਦਾ ਬਚਨ ਸਿੰਘ ਹੈਂਡਸਵਰਥ ਦੀ ਮਸ਼ਹੂਰ ਸੜਕ ਸੋਹੋ ਰੋਡ 'ਤੇ ਆ ਗਿਆ।

ਸੋਹੋ ਰੋਡ 'ਤੇ ਭੀੜ ਵਾਵਾ ਸੀ। ਦੇਸੀ ਦੁਕਾਨਦਾਰਾਂ ਨੇ ਅੱਧਾ ਫੁੱਟਪਾਥ ਆਲੂ ਗੰਢਿਆਂ ਦੀਆਂ ਬੋਰੀਆਂ ਤੇ ਫੱਲ ਫਰੂਟ ਸਬਜ਼ੀਆਂ ਰੱਖ ਰੱਖ ਕੇ ਮੱਲਿਆ ਹੋਇਆ ਸੀ। ਬਚਨ ਸਿੰਘ ਅੱਗੇ ਵਧਿਆ, ਦੇਖਿਆ, ਫੁੱਟਪਾਥ ਦੇ ਹੇਠਾਂ ਸੜਕ ਦੇ ਨਾਲ-ਨਾਲ ਪੇਪਰ, ਲਫਾਫੇ, ਕੋਕ ਦੇ ਤੇ ਬੀਅਰਾਂ ਦੇ ਡੱਬੇ ਖਿੱਲਰੇ ਪਏ ਸਨ। ਦੁੱਖੀ ਹੋਇਆ ਬਚਨ ਸਿੰਘ ਬੁੱਲਾਂ ਵਿੱਚ ਬੋਲਿਆ, ਗੰਦਗੀ ਵਾਲੇ ਮੁਲਕਾਂ ਵਿੱਚੋਂ ਆਏ ਲੋਕਾਂ ਨੂੰ ਕੀ ਪਤਾ ਕਿ ਸਫਾਈ ਕੀ ਬਲਾ ਏ। ਗੰਦਗੀ ਦੇ ਕੀੜੇ ਗੰਦਗੀ ਵਿੱਚ ਹੀ ਰਹਿਣਾ ਚਾਹੁੰਦੇ ਆ। ਇਨ੍ਹਾਂ ਨੂੰ ਸਾਫ ਸੁੱਥਰੇ ਦੇਸ਼ਾਂ ਵਿੱਚ ਆਉਣਾ ਨਹੀਂ ਚਾਹੀਦਾ। ਅਚਾਨਕ ਕਿਸੇ ਨੇ ਇਕ ਦੁਕਾਨ ਵਿੱਚੋਂ ਨਿਕਲਦਿਆਂ ਅਵਾਜ਼ ਮਾਰੀ, ਓ ਬਚਨ ਸਿੰਹਾਂ! ਬਚਨ ਸਿੰਘ ਨੇ ਸੱਜੇ ਪਾਸੇ ਦੇਖਿਆ ਤਾਂ ਪਛਾਣਦੇ ਬੋਲਿਆ, ਵਾਹ ਬਈ ਮੁਨੀਰ ਮੀਆਂ। ਕਹਿਕੇ ਹੱਥ ਮਿਲਾਇਆ ਤੇ ਇਕ ਪਾਸੇ ਖਲੋ ਕੇ ਗੱਲਾਂ ਕਰਨ ਲੱਗ ਪਏ। ਮੁਨੀਰ ਬੋਲਿਆ, ਕਿੱਦਾਂ ਨੱਕ ਦੀ ਸੇਦ ਨਾਲ ਤੁਰਿਆ ਜਾਂਦਾ ਸੀ, ਹੈਂ ਆਲਾ ਦੁਆਲਾ ਵੀ ਦੇਖ ਲਿਆ ਕਰ। ਮੀਆਂ, ਆਦਤ ਨਹੀਂ ਨਾਂ ਪਈ। ਕੀ ਕਰਾਂ? ਦੋਵੇਂ ਹੱਸ ਪਏ। ਬਚਨ ਸਿੰਘ ਫਿਰ ਬੋਲਿਆ, ਸਿਹਤ ਕਿੱਦਾਂ ਤੇਰੀ, ਹੁਣ ਕੀ ਕੰਮ ਕਰਦਾਂ? ਤੇਰਾ ਪਰਿਵਾਰ ਕਿੱਦਾਂ? ਆਪਣਾ ਸਲਮਾਂ ਤਾਂ ਸੁੱਖ ਨਾਲ ਬਿਆਉਣ ਵਾਲੀ ਹੋਣੀ ਆਂ? ਜਾਂ ਬਿਆ ਤੀ? ਓ ਭਰਾਵਾਂ! ਤੂੰ ਮੇਰੀ ਪਹਿਲੀ ਬੇਗਮ ਦੀ ਗੱਲ ਕਰਦਾਂ? ਲੈ ਤਾਂ ਹੋਰ? ਹੋਰ ਕਿੰਨੀਆਂ ਵਾ ਤੇਰੇ ਕੋਲ? ਹੁਣ ਇਕ ਵੀ ਨਹੀਂ। ਹੈਂ ਇਕ ਵੀ ਨਹੀਂ? ਇਹ ਕਿਉਂ ਬਈ? ਬਚਨ ਸਿੰਘ ਹੈਰਾਨ। ਉਹ ਏਦਾਂ ਜਦੋਂ ਮੈਂ ਪਹਿਲੀ ਬੇਗਮ ਲਿਆਇਆ ਸੀ ਪਾਕਸਤਾਨ ਤੋਂ, ਤੈਨੂੰ ਵੀ ਪਤਾ ਈ ਏ। ਸਾਲ ਕੁ ਖੰਡ ਠੀਕ ਰਹੀ। ਫੇਰ ਕੁੜੀ ਸਲਮਾਂ ਹੋਈ। ਜਦੋਂ ਏਥੇ ਪੱਕੀ ਹੋਈ ਤਾਂ ਖੰਭ ਲੱਗ ਗਏ। ਮੈਂ ਕੰਮ ਤੋਂ ਲੇਟ ਸ਼ਿਫਟ ਲਾ ਕੇ ਥੋੜ੍ਹਾ ਪਹਿਲਾਂ ਘਰ ਆ ਗਿਆ, ਫੇਰ ਕੀ, ਕਿਸੇ ਹੋਰ ਬੰਦੇ ਨਾਲ ਬੈਠੀ ਦੇਖ ਲਈ। ਬੰਦਾ ਮੈਨੂੰ ਦੇਖ ਕੇ ਬਿੰਡੋਂ ਵਿੱਚ ਦੀ ਛਾਲ ਮਾਰ ਕੇ ਦੌੜ ਗਿਆ। ਫੇਰ ਕੀ ਕਰਦਾਂ? ਬੱਸ ਛੱਡ ਤੀ। ਫੇਰ ਹੋਰ ਬਿਆਹੀ, ਤਾਂ ਉਹ ਸਾਲੀ ਵੀ ਮੇਰਾ ਪੈਸਾ ਹੜੱਪ ਕਰਕੇ ਕਿਸੇ ਅਰਬੀ ਸ਼ੇਕ ਨਾਲ ਜਹਾਜ਼ੇ ਚੜ੍ਹ ਗਈ। ਮੈਂ ਫਿਰ ਬਚਨ ਸਿੰਹਾਂ, ਫੁੱਲ ਸਟਾਪ ਈ ਲਾ ਦਿੱਤਾ। ਹੁਣ ਛੜਾ ਫਿਰਦਾਂ। ਮੰਨ ਮਰਜ਼ੀ ਦਾ ਖਾਂਦਾ ਪੀਂਦਾ। ਦੋਵੇਂ ਹੱਸ ਪਏ। ਬਈ ਨਹੀਂ ਬਦਲਿਆ। ਪਰ ਇਕ ਗੱਲ ਆ, ਆਪਣੀ ਦੋਸਤੀ ਦੀਆਂ ਧੂੰਮਾਂ ਪੂਰੀ ਫੈਕਟਰੀ ਵਿੱਚ ਪਈਆਂ ਹੋਈਆਂ ਸੀ। ਆਈਂ ਕਿਸੇ ਦਿਨ ਘਰ ਨੂੰ? ਚੰਗਾ ਚੰਗਾ। ਕਹਿ ਕੇ ਮੁਨੀਰ ਭੀੜ ਵਿੱਚ ਗੁੰਮ ਹੋ ਗਿਆ। ਬਚਨ ਸਿੰਘ ਥੋੜ੍ਹੀ ਹੀ ਦੂਰ ਗਿਆ ਸੀ ਕਿ ਉਸ ਦੀ ਨਜ਼ਰ ਇਕ ਅੱਧਖੜ ਔਰਤ 'ਤੇ ਪੈ ਗਈ। ਫੁੱਟਪਾਥ 'ਤੇ ਲੱਗੀ ਜਲੇਬੀਆਂ ਦੀ ਰੇੜੀ ਕੋਲ ਖਲੋਤੀ ਸ਼ਾਇਦ ਜਲੇਬੀਆਂ ਖਰੀਦ ਰਹੀ ਸੀ। ਉਸ ਦੇ ਤਿੰਨ ਬੱਚੇ ਉਸ ਦੀ ਸਲਵਾਰ ਫੜੀ ਉਸ ਦੇ ਆਲੇ ਦੁਆਲੇ ਘੁੰਮ ਰਹੇ ਸਨ। ਬਚਨ ਸਿੰਘ ਕੋਲ ਆ ਕੇ ਬੋਲਿਆ, ਬਈ ਕਿੱਦਾਂ ਕਿਰਨ ਕੌਰੇ। ਕੱਲੀ ਨੇ ਖਾਣੀਆਂ ਜਲੇਬੀਆਂ? ਕਿਰਨ ਕੌਰ ਨੇ ਗਰਦਨ ਘੁਮਾ ਕੇ ਬਚਨ ਸਿੰਘ ਵੱਲ ਦੇਖਿਆ, ਬੋਲੀ ਓ ਹੈਲੋ ਭਾਜੀ! ਕੀ ਹਾਲ ਏ? ਮੈਂ ਤਾਂ ਠੀਕ ਹਾਂ, ਜੁਆਕਾਂ ਦੇ ਡੈਡੀ ਨੂੰ ਘਰੇ ਛੱਡ ਆਈ? ਤਾਂ ਕਿ ਚੋਰੀ ਚੋਰੀ ਜਲੇਬੀਆਂ ਖਾ ਸਕੇਂ। ਕਿਰਨ ਹੱਸ ਪਈ ਤੇ ਬੋਲੀ, ਨਹੀਂ ਭਾਜੀ ਪੇ ਇਨ੍ਹਾਂ ਦਾ ਉਸ ਦੁਕਾਨ 'ਤੇ ਘੋੜੇ ਲਾਉਣ ਗਿਆ ਵਾ। ਉਸ ਦੀ ਇਹ ਆਦਤ ਹਾਲੇ ਗਈ ਨਹੀਂ। ਕਿਥੋਂ, ਇਹ ਰੰਡੀ ਆਦਤ ਨਹੀਂ ਜਾਣੀ। ਅੱਛਾ ਤੈਂ ਕੁੱਸ਼ ਸੁਣਿਆਂ? ਨਹੀਂ ਭਾਜੀ! ਉਹ ਜੇੜੀ ਆਪਣੀਂ ਸੁਪਰਵਾਈਜ਼ਰ ਹੁੰਦੀ ਸੀ, ਜੇਹੜੀ ਤੈਨੂੰ ਵੀ ਸੂਈ ਕੁੱਤੀ ਆਂਗੂ ਪੈਂਦੀ ਰਹਿੰਦੀ ਸੀ। ਉਹ ਨੂੰ ਸੈਕ ਮਿਲ ਗਈ। ਆ ਜੇੜੀਆਂ ਭਾਂਡੇ ਧੋਂਣ ਵਾਲੀਆਂ ਜਾਲ੍ਹੀਆਂ ਹੁੰਦੀਆਂ, ਉਹ ਚੁੱਕਦੀ ਫੜ ਲਈ ਅਗਲਿਆਂ। ਹੈਂ ਫੱੜ ਲਈ? ਚੰਗਾ ਹੋਇਆ, ਲੁੱਚੀ ਨੇ ਸਾਰਿਆਂ ਨੂੰ ਤੰਗ ਕੀਤਾ ਹੋਇਆ ਸੀ। ਕੁੱਤੀ ਆਪਣੇ ਨੂੰ ਗੋਰੀ ਸਮਝਦੀ ਸੀ। ਭਾਜੀ ਤੂੰ ਹਾਲੇ ਵੀ ਕੰਮ ਕਰੀ ਜਾਨਾਂ ਉਥੇ? ਲੈ ਮੈਂ ਤਾਂ ਕਦੋਂ ਦਾ ਛੱਡਤਾ। ਚੰਗਾ ਭਾਜੀ ਆਈਂ ਕਿਸੇ ਦਿਨ ਸਾਡੇ ਘਰ। ਚੰਗਾ! ਕਹਿ ਕੇ ਬਚਨ ਸਿੰਘ ਅੱਗੇ ਤੁਰ ਪਿਆ।

ਬਚਨ ਸਿੰਘ ਸੋਹੋ ਰੋਡ ਦੇ ਅੱਧ ਵਿੱਚ ਆ ਗਿਆ। ਅਚਾਨਕ ਉਸ ਦੀ ਨਜ਼ਰ ਇਕ ਦੇਸੀ ਦੁਕਾਨ 'ਤੇ ਲੱਗੀ ਭੀੜ 'ਤੇ ਪੈ ਗਈ। ਕੋਲ ਆਕੇ ਪਤਾ ਲੱਗਾ ਕਿ ਦੁਕਾਨ 'ਤੇ ਬਦਾਮਾਂ ਦੀ, ਕਾਜੂਆਂ ਦੀ ਤੇ ਨਮਕੀਨ ਪਿਸਤਿਆਂ ਦੀ ਸੇਲ ਲੱਗੀ ਹੋਈ ਏ। ਲੋਕਾਂ ਵਿੱਚ ਹੱਲ ਚੱਲ ਮਚੀ ਹੋਈ ਸੀ। ਪਿਸਤੇ, ਬਦਾਮ, ਕਾਜੂ ਇੰਡੀਆ ਲੈ ਜਾਣ ਲਈ ਦੌੜ ਲੱਗੀ ਹੋਈ ਸੀ। ਬਚਨ ਸਿੰਘ ਮੁਸ਼ਕਿਲ ਨਾਲ ਭੀੜ ਵਿੱਚੋਂ ਨਿਕਲਦਿਆਂ ਤੇ ਇਕ ਰਾਹੀ ਨਾਲ ਟਕਰਾ ਗਿਆ। ਰਾਹੀ ਵੱਲ ਦੇਖਿਆ ਤਾਂ ਪਛਾਣ ਕੇ ਬੋਲਿਆ, ਓ ਬੱਲੇ ਬੱਲੇ ਬਈ ਦਰਸ਼ੀ? ਤੂੰ ਯਾਰ ਏਥੇ? ਕਹਿਕੇ ਬਚਨ ਸਿੰਘ ਨੇ ਦਰਸ਼ੀ ਨੂੰ ਗੱਲ ਨਾਲ ਲਾਇਆ। ਹਾਲ ਚਾਲ ਪੁੱਛਿਆ। ਦਰਸ਼ੀ ਬਚਨ ਸਿੰਘ ਨੂੰ ਭੀੜ ਤੋਂ ਲਾਂਭੇ ਖਲੋ ਗਿਆ ਬੋਲਿਆ, ਬਚਨ ਸਿੰਹਾਂ ਆਪਾਂ ਬਹੁਤ ਚਿਰਾਂ ਬਾਅਦ ਮਿਲੇ ਹਾਂ। ਦੱਸ ਪਰਿਵਾਰ ਠੀਕ ਆ? ਸਭ ਠੀਕ ਏ ਦਰਸ਼ੀ ਬੇਬੀ ਵਿਆਹ ਦਿੱਤੀ। ਮੁੰਡੇ ਦੀਪੂ ਨੂੰ ਬੁੱਲ ਬੁੱਲ ਹੰਟਣ ਵਿੱਚ (ਵੁਲਵਰਹੈਂਪਟਨ) ਗੈਰਾਜ ਲੈ ਦਿੱਤੀ ਏ, ਬਈ ਆਪਣਾਂ ਕੰਮ ਚਲਾ। ਹੁਣ ਤੂੰ ਸੁਣਾਂ ਤੇਰੇ ਬੱਚੇ ਕਿਦਾਂ? ਦਰਸ਼ੀ ਨੇ ਅੱਖਾਂ ਭਰ ਕੇ ਕਹਿਣਾ ਸ਼ੁਰੂ ਕੀਤਾ ਬਚਨ ਸਿੰਹਾਂ ਤੂੰ ਆਪਣੇ ਬੱਚਿਆਂ ਨੂੰ ਪੈਰਾਂ 'ਤੇ ਖੜ੍ਹੇ ਕਰ ਦਿੱਤਾ, ਬਹੁਤ ਚੰਗਾ ਕੀਤਾ। ਮੇਰੇ ਬੱਚੇ ਸਾਡੇ ਕਹਿਣੇਂ ਤੋਂ ਬਾਹਰ ਹੋ ਗਏ। ਦੇਖ ਬਚਨ ਸਿੰਹਾਂ, ਜਦੋਂ ਸਾਡੇ ਬੱਚੇ ਛੋਟੇ ਸੀ ਤਾਂ ਬੜੇ ਪਿਆਰੇ ਲੱਗਦੇ ਸੀ, ਜਿਉਂ ਜਿਉਂ ਇਹ ਵੱਡੇ ਹੁੰਦੇ ਗਏ, ਬੱਸ ਸਾਨੂੰ ਅੱਖਾਂ ਕੱਢਣ ਲੱਗ ਪਏ। ਗੋਰਿਆਂ ਨੂੰ ਛੱਡ ਕਾਲਿਆਂ ਦੀ ਭੈੜੀ ਸੰਗਤ ਵਿੱਚ ਰੱਲ ਗਏ। ਮੁੰਡੇ ਨੇ ਆਪਣੇ ਨੱਕ, ਕੰਨ, ਬੁੱਲ, ਅੱਖਾਂ ਦੇ ਭਰਵੱਟੇ, ਕੋਕੇ ਗਾਨੀਆਂ, ਨੱਤੀਆਂ ਮੋਤੀਆਂ ਨਾਲ ਬਿੰਨ ਲਏ। ਸ਼ਕਲਾਂ ਬਗਾੜ ਲਈਆਂ। ਕੁੜੀ ਨੇ ਬਾਹਾਂ ਤੇ ਲੱਤਾਂ 'ਤੇ ਟੈਟੂ ਖੁੱਦਵਾ ਲਏ। ਝਿੜਕਦੇ ਆਂ ਤਾਂ ਪੁਲਸ ਦਾ ਡਰਾਵਾ ਦਿੰਦੇ ਆ। ਹਾਰ ਕੇ ਅਸੀਂ ਕਹਿਣਾ ਛੱਡ ਦਿੱਤਾ। ਕੁੜੀ ਪੰਜਾਬੀ ਮੁੰਡੇ ਨਾਲ ਵਿਆਹ ਨਹੀਂ ਕਰਾਉਂਦੀ, ਕਹਿੰਦੀ ਇੰਡੀਅਨ ਮੁੰਡੇ ਲਾਲਚੀ ਨੇ, ਮਾਵਾਂ ਦੇ ਚਮਚੇ ਨੇ, ਦਾਜ ਮੰਗਦੇ ਨੇ। ਮੈਂ ਤਾਂ ਆਪਣੀਂ ਔਲਾਦ ਤੋਂ ਬਹੁਤ ਦੁਖੀ ਹਾਂ। ਦਰਸ਼ੀ ਸੁਣ ਕੇ ਬਹੁਤ ਦੁੱਖ ਹੋਇਆ, ਪਰ ਦਰਸ਼ੀ ਦੇਖ ਏਸ ਵਿੱਚ ਸਾਡਾ ਵੀ ਕਸੂਰ ਏ। ਅਸੀਂ ਆਪਣੇ ਬੱਚਿਆਂ ਵਿੱਚ ਬੈਠਦੇ ਨਹੀਂ। ਉਨ੍ਹਾਂ ਨਾਲ ਦੋ ਘੜੀਆਂ ਬੈਠ ਕੇ ਸੁਵਾਲ ਜਵਾਬ ਨਹੀਂ ਕਰਦੇ। ਅਸੀਂ ਬੱਸ ਚੱਲ ਸੋ ਚੱਲ ਕੰਮ 'ਤੇ, ਓਵਰ ਟਾਈਮ ਵਿੱਚ ਰੁੱਝੇ ਰਹਿੰਦੇ ਹਾਂ। ਬੱਚੇ ਫਿਰ ਕੀ ਕਰਨ? ਕੇਦੇ ਕੋਲ ਗੱਲਾਂ ਕਰਨ ਜਾਣ? ਫਿਰ ਜਦੋਂ ਪਾਣੀ ਸਿਰ ਟੱਪ ਜਾਂਦਾ ਏ ਫਿਰ ਅਸੀਂ ਗੋਰੇ ਕਾਲਿਆਂ ਨੂੰ ਦੋਸ਼ ਦਿੰਦੇ ਹਾਂ। ਹੁਣ ਏਦਾਂ ਕਰੀਂ ਆਪਣੇ ਬੱਚਿਆਂ ਨਾਲ ਬੈਠ ਕੇ ਗੁੱਸੇ ਗਿਲੇ ਮਿਟਾ ਕੇ ਦੋਸਤਾਨਾ ਮਾਹੌਲ ਬਣਾਂ। ਉਨ੍ਹਾਂ ਨਾਲ ਪਿਆਰ ਨਾਲ ਗੱਲਬਾਤ ਕਰ, ਉਨ੍ਹਾਂ ਨੂੰ ਸ਼ੌਪਿੰਗ ਕਰਨ ਨਾਲ ਲੈ ਕੇ ਜਾ, ਲੈ ਫੇਰ ਦੇਖੀਂ ਸਭ ਠੀਕ ਹੋ ਜਾਣਾਂ। ਠੀਕ ਏ ਬਚਨ ਸਿੰਹਾ, ਇਹ ਵੀ ਕਰਕੇ ਦੇਖਦਾਂ। ਆ ਚੱਲੀਏ ਘਰ ਨੂੰ? ਫੇਰ ਸਹੀ ਦਰਸ਼ੀ! ਬਚਨ ਸਿੰਘ ਤੇ ਦਰਸ਼ੀ ਇਕੱਠੇ ਇਕ ਲੁਆਂਡਰੀ ਵਿੱਚ ਕੰਮ ਕਰਦੇ ਸਨ।

ਕੀ ਬਣਦਾ ਜਾ ਰਿਹਾ ਸਾਡੀ ਨਵੀਂ ਪੀੜ੍ਹੀ ਦਾ? ਆਪਣੀ ਸੱਭਿਅਤਾ ਭੁੱਲਦੀ ਜਾਂਦੀ ਏ। ਏਸ ਮੁਲਕ ਦੇ ਹੱਰ ਸ਼ਹਿਰ ਵਿੱਚ ਗੁਰੂ ਘਰ ਖੁੱਲ੍ਹੇ ਹੋਏ ਹਨ, ਤੇ ਖੁੱਲ੍ਹ ਰਹੇ ਹਨ, ਪਰ ਸਾਡੀ ਨਵੀਂ ਪੀੜ੍ਹੀ ਜਾਂਦੀ ਨਹੀਂ, ਕਹਿੰਦੀ ਏ, ਜੋ ਕੁਝ ਭਾਈ ਜੀ ਪੜ੍ਹੀ ਜਾਂਦੇ ਨੇ ਸਾਨੂੰ ਸਮਝ ਨਹੀਂ ਲੱਗਦੀ, ਇਹ ਸਭ ਸੋਚਦਾ ਬਚਨ ਸਿੰਘ ਸੋਹੋ ਰੋਡ ਦੀ ਮਸ਼ਹੂਰ ਮਾਰਕੀਟ ਵਿੱਚ ਆ ਗਿਆ। ਟਮਾਟਰ, ਮੂਲੀਆਂ, ਗੋਭੀ ਤੇ ਹੋਰ ਨਿੱਕ ਸੁੱਕ ਲਿਆ ਤੇ ਮਾਰਕੀਟ ਵਿੱਚੋਂ ਬਾਹਰ ਆ ਗਿਆ। ਹੌਲੀ ਹੌਲੀ ਆਪਣੇ ਧਿਆਨ ਵਿੱਚ ਬਚਨ ਸਿੰਘ ਘਰ ਨੂੰ ਆ ਰਿਹਾ ਸੀ। ਸੋਹੋ ਰੋਡ ਦਾ ਮਸ਼ਹੂਰ ਪੱਬ (ਨਿਊ-ਇਨ) ਦੀਆਂ ਟ੍ਰੈਫਿਕ ਲਾਈਟਾਂ ਕੋਲ ਆ ਕੇ ਬਚਨ ਸਿੰਘ ਖਲੋ ਕੇ ਕਰੌਸ ਕਰਨ ਵਾਲੀ ਬੱਤੀ ਦੀ ਉਡੀ ਕਰ ਰਿਹਾ ਕਿ ਅਚਨਾਕ ਕਿਸੇ ਨੇ ਉਸ ਦੇ ਮੋਢੇ 'ਤੇ ਹੱਥ ਰੱਖ ਦਿੱਤਾ। ਬਚਨ ਸਿੰਘ ਨੇ ਗਰਦਨ ਘੁਮਾ ਕੇ ਦੇਖਿਆ ਤੇ ਪਛਾਂਣਕੇ ਬੋਲਿਆ, ਓ ਸੱਦ ਕੇ ਜਾਵਾਂ, ਤੇਰੇ ਤਾਰਿਆ, ਬਈ ਤੈਨੂੰ ਤੁਰਿਆ ਆਉਂਦਾ ਯਾਦ ਕਰਦਾ ਸੀ। ਨਾਲੇ ਸ਼ੰਮਸ਼ਾਦ ਬੇਗਮ ਦਾ ਗਾਣਾਂ ਸੁਣਿਆ ਸੀ? ਬਈ ਜੇਨੂੰ ਯਾਦ ਕਰੋ, ਉਹ ਮਿਲਦਾ ਜਰੂਰ ਬਈ। ਤਾਰਾ ਸਿੰਘ ਵੀ ਬਚਨ ਸਿੰਘ ਦੀ ਬਾਂਹ 'ਤੇ ਝੋਲਾ ਫੜਕੇ ਬੋਲਿਆ, ਖਰਿਆ ਕਿੰਨੇ ਚਿਰਾਂ ਬਾਅਦ ਮਿਲੇ ਹਾਂ।

ਬਾਕੀ ਹਿਸਾ ਸਫਾ 38 ਤੇ ਪੜ੍ਹੋ →

37 ਸਫ਼ੇ ਦੀ ਬਾਕੀ

ਬਚਨ ਸਿੰਘ ਇਨਕਾਰ ਨਹੀਂ ਕਰ ਸਕਿਆ ਤੇ ਤਾਰਾ ਸਿੰਘ ਦੇ ਮਗਰ ਤੁਰ ਪਿਆ। ਦੋਵੇਂ ਪੱਬ ਦੇ ਅੰਦਰ ਆ ਗਏ।

ਪੱਬ ਦੇ ਇਕ ਕੋਣੇਂ ਵਿੱਚ ਤਾਰਾ ਸਿੰਘ ਹੁਣਾਂ ਦੀ ਮੇਜ਼ ਸੀ। ਇਕ ਹੋਰ ਬੰਦਾ ਵੀ ਬੈਠਾ ਬੀਅਰ ਪੀ ਰਿਹਾ ਸੀ। ਤਾਰਾ ਸਿੰਘ ਬਚਨ ਸਿੰਘ ਨੂੰ ਉਸ ਬੰਦੇ ਕੋਲ ਲਿਆ ਕੇ ਬੋਲਿਆ ਬਈ ਮਿੰਦਰੂ! ਆ ਏ ਉਹ ਬੰਦਾ ਜੇਦੀਆਂ ਮੈਂ ਗੱਲਾਂ ਦੱਸਦਾ ਹੁੰਦਾ ਸੀ ਤੁਹਾਨੂੰ। ਬਈ ਬਚਨਿਆਂ, ਇਹ ਆ ਮੇਰਾ ਗੁਆਂਡੀ ਮਿੰਦਰ ਸਿੰਘ। ਬਚਨ ਸਿੰਘ ਨੇ ਹੱਥ ਮਿਲਾਇਆ ਤੇ ਕੰਧ ਨਾਲ ਝੋਲਾ ਤੇ ਛੱਤਰੀ ਰੱਖ ਦਿੱਤੇ ਤੇ ਕੋਲ ਪਈ ਕੁਰਸੀ 'ਤੇ ਬੈਠ ਗਿਆ। ਤਾਰਾ ਸਿੰਘ ਨੇ ਖੜ੍ਹੇ ਖੜ੍ਹੇ ਨੇ ਇਕ ਗੱਭਰੂ ਨੂੰ ਅਵਾਜ਼ ਮਾਰੀ ਜੋ ਆਪਣੇ ਸਾਥੀਆਂ ਨਾਲ ਡਾਰਟ ਖੇਲ ਰਿਹਾ ਸੀ, ਓ ਜੈਲੋ! ਨਸ਼ਾਂਨਾ ਫੇਰ ਮਾਰ ਲਈਂ, ਤੇ ਹਾਅ ਲਿਆਈਂ (ਗੀਂਨਸ ਤੇ ਬਿੱਟਰ) ਦਾ ਪੈਂਟ। ਤਿੰਨੋਂ ਬੀਅਰ ਪੀਣ ਲੱਗ ਪਏ। ਤਾਰਾ ਸਿੰਘ ਮੁੱਛਾਂ 'ਤੇ ਆਈ ਝੱਗ ਨੂੰ ਸਾਫ ਕਰਕੇ ਬਚਨ ਸਿੰਘ ਨੂੰ ਬੋਲਿਆ, ਬਚਨਿਆਂ! ਕਿਥੇ ਰਹਿਨਾਂ ਹੁਣ? ਕਦੇ ਦੇਖਿਆ ਨਹੀਂ। ਕੀ ਗੱਲ, ਮਿੱਡਲੈਂਡ ਛੱਡਤਾ? ਨਾਂ ਨਾਂ ਤਾਰਿਆ। ਮਿੱਡਲੈਂਡ ਛੱਡ ਹੁੰਦਾ? ਤਾਰਿਆ ਚੱਕ ਹੁਣ, ਲਿਆਵਾਂ ਗਰਮ ਗਰਮ, ਅੰਦਰ ਲੋ ਤਾਂ ਹੋਵੇ? ਮਿੰਦਰੂ ਨੇ ਕਿਹਾ। ਲੈ ਆ ਫੇਰ, ਹੁਣ ਖੱਟਾ ਨਾਂ ਉਡੀਕ। ਮਿੰਦਰੂ ਤਿੰਨ ਡਬਲ ਰੱਮ ਤੇ ਕੋਕ ਦੀਆਂ ਗਲਾਸੀਆਂ ਲੈ ਆਇਆ। ਬਚਨਿਆਂ ਮਸੀਂ ਤਾਂ ਮਿਲੇ ਆਪਾਂ। ਤਾਰਾ ਸਿੰਘ ਨੇ ਬਚਨ ਸਿੰਘ ਦੇ ਮੋਢੇ 'ਤੇ ਧੱਫਾ ਮਾਰਦੇ ਕਿਹਾ। ਚੰਗਾ ਬਈ ਦੋਸਤੋ ਮੈਂ ਹੁਣ ਜਾਵਾਂ! ਮਿੰਦਰੂ ਨੇ ਗਲਾਸੀ ਖਾਲੀ ਕਰਕੇ ਕਿਹਾ। ਓ ਯਾਰ ਬੱਸ? ਮਿੰਦਰੋ ਬਿਨਾਂ ਓਦਰ ਗਿਆਂ? ਤਾਰਾ ਸਿੰਘ ਨੇ ਮੁੱਛਾਂ ਵਿੱਚੋਂ ਮੁਸਕਰਾਕੇ ਮਜ਼ਾਕ ਕੀਤਾ। ਇਹ ਗੱਲ ਨਹੀਂ ਤਾਰਿਆ। ਜਾ ਕੇ ਉਦੇ ਵਾਸਤੇ (ਟੂੰਨਾਂ ਮੱਛੀ) ਦਾ ਸਲਾਦ ਬਣਾਉਣਾਂ, ਕਹਿੰਦੀ ਆ ਬਈ ਪਤਲੀ ਹੋਣਾਂ। ਥੁੱਲ ਥੁੱਲ ਕਰਦੇ ਸਰੀਰ ਨੂੰ ਦੇਖਕੇ ਉਹਦੀਆਂ ਸਹੇਲੀਆਂ ਮਜ਼ਾਕ ਕਰਦੀਆਂ ਵਾ। ਬਈ ਮਿੰਦਰੂ ਉਹਨੇ ਪਤਲੀ ਹੋ ਕੇ ਮਿੱਸ ਮਿੱਡਲੈਂਡ ਬਣਨਾਂ? ਸ਼ੈਤ! ਤਿੰਨੇ ਹੱਸ ਪਏ। ਮਿੰਦਰੂ ਚਲਾ ਗਿਆ।

ਬਚਨ ਸਿੰਘ ਨੂੰ ਹਲਕਾ ਨਸ਼ਾ ਮਹਿਸੂਸ ਹੋਣ ਲੱਗਾ। ਬੋਲਿਆ, ਬਈ ਤਾਰਿਆ ਤੈਨੂੰ ਮਿਲਕੇ ਮਜ਼ਾ ਆ ਗਿਆ। ਲੈ ਮੈਂ ਵੀ ਜਾਵਾਂ। ਚਲਾ ਜਾਈਂ ਬਚਨਿਆਂ, ਠਹਿਰ ਮੈਂ ਜਰਾ (ਟੁਆਲਟ) ਹੋ ਆਵਾਂ। ਜਾਂਦਾ ਜਾਂਦਾ ਜੈਲੇ ਦੇ ਕੰਨ ਵਿੱਚ ਕੁਝ ਕਹਿ ਗਿਆ। ਜੈਲਾ ਦੋ ਗਲਾਸੀਆਂ ਡਬਲ ਰੱਮ ਤੇ ਕੋਕ ਦੀਆਂ ਬਚਨ ਸਿੰਘ ਦੇ ਟੇਬਲ 'ਤੇ ਰੱਖ ਗਿਆ। ਤਾਰਾ ਸਿੰਘ ਵੀ ਆ ਗਿਆ। ਬਚਨ ਸਿੰਘ ਬੋਲਿਆ, ਬਈ ਤਾਰੇ, ਬਹੁਤ ਹੋ ਗਿਆ। ਬਚਨਿਆਂ ਬੈਠਾ ਰਹਿ, ਕੁਝ ਨਹੀਂ ਕਹਿੰਦੀ ਭਰਜਾਈ। ਐਵੇਂ ਨਾ ਡਰ। ਨਾਲ ਚੇਤਾ ਤੈਨੂੰ? ਕੁੱਕੜ ਵਾਲੇ ਪੱਬ ਵਿੱਚ ਮਸ਼ੀਨਾਂ ਖੇਲਦੇ ਸੀ, ਤੇਰੀ ਭਰਜਾਈ ਧੁੱਰ ਪੱਬ ਅੰਦਰ ਆ ਗਈ ਸੀ ਤੇ ਆਪਣੇ ਦੋਨਾਂ ਦੇ ਭਰੇ ਗਲਾਸ ਗਟ ਗਟ ਕਰਕੇ ਪੀ ਗਈ ਸੀ। ਆਹੋ ਆਹੋ ਫੇਰ ਗਲਾਸ ਖਾਲੀ ਕਰਕੇ, ਡਕਾਰ ਮਾਰਦੀ ਮਾਰਦੀ ਸਾਨੂੰ ਕੰਨੋਂ ਫੜਕੇ ਬਾਹਰ ਲੈ ਆਈ, ਕਿ ਚਲੋ ਘਰਾਂ ਨੂੰ ਰੰਨਾਂ ਤੁਹਾਡੀਆਂ ਘਰੇ ਉਡੀਕਦੀਆਂ ਰਹਿਨੀਆਂ ਤੇ ਤੁਸੀਂ ਪੱਬਾਂ ਵਿੱਚ ਗੁੱਲਛੜੇ ਉਡਾਉਂਦੇ ਹੋ? ਤਾਰਾ ਸਿੰਘ ਤੇ ਬਚਨ ਸਿੰਘ ਉਚੀ ਉਚੀ ਹੱਸਣ ਲੱਗ ਪਏ। ਅਚਾਨਕ ਥੋੜ੍ਹੀ ਦੂਰ ਬੈਠਾ ਇਕ ਅੱਧਖੜ ਸੱਜਣ ਇਨ੍ਹਾਂ ਵੱਲ ਦੇਖਕੇ ਬੋਲਿਆ, ਓ ਬਾਬਿਓ! ਕਦੀ ਕੋਈ ਰਾਜਨੀਤੀ ਦੀਆਂ ਗੱਲਾਂ ਉਤੇ ਵੀ ਵਿਚਾਰ ਵਟਾਂਦਰਾ ਕਰ ਲਿਆ ਕਰੋ, ਬੱਸ ਤੁਹਾਨੂੰ ਤਾਂ ਪੀਣ ਦੀਆਂ ਹੀ ਗੱਲਾਂ ਆਉਂਦੀਆਂ। ਸੁਣਕੇ ਤਾਰਾ ਸਿੰਘ ਬੋਲਿਆ, ਓ ਛੋਟੇ ਭਊ ! ਤੈਨੂੰ ਪੱਬ ਵਿੱਚ ਕਿੱਸ ਚੰਦਰੇ ਨੇ ਭੇਜਿਆ ਓਏ? ਤੈਨੂੰ ਤਾਂ ਸਮਾਂ ਕੇ ਸਾਊਥਾਲ ਦੇ ਲੋਕਾਂ ਵਾਂਗੂ ਘਰ ਬੈਠਕੇ ਹੀ ਪੀਣੀ ਚਾਹੀਦੀ ਆ। ਕਈ ਸੁਣ ਕੇ ਹੱਸ ਪਏ। ਪੱਰੇ ਬੈਠਾ ਇਕ ਸੱਜਣ ਵੀ ਤਾਰਾ ਸਿੰਘ ਦੀ ਗੱਲ ਸੁਣਕੇ ਤੇ ਹੱਸਦਾ ਹੋਇਆ ਬੋਲਿਆ, ਓ ਬਈ ਮੇਰੀ ਵੀ ਗੱਲ ਸੁਣ ਲਉ ਕੇਰਾਂ। ਪਿੱਛੇ ਜੇਹੇ ਮੈਂ ਸਾਊਥਾਲ ਆਪਣੇ ਸੋਹਰੀਂ ਗਿਆ। ਲਉ ਜੀ ਸ਼ਾਮ ਪੈ ਗਈ। ਮੈਂ ਸੋਚਾਂ ਬਈ ਇਹ ਮੁੰਡੇ ਤੇ ਮੇਰੇ ਸਹੁਰਾ ਸਾਹਬ ਹੁਣ ਕਹਿਣਗੇ ਬਈ, ਚਲੋ ਉਠੋ ਚੱਲੀਏ ਪੱਬ ਨੂੰ। ਪਰ ਕਿਥੇ? ਮੈਂ ਉਡੀਕੀ ਜਾਵਾਂ। ਫੇਰ ਮੇਰੇ ਬੈਠੇ ਬੈਠੇ ਮੁੰਡੇ ਨੇ ਬੀਅਰਾਂ ਦੇ ਡੱਬੇ ਮੇਜ਼ 'ਤੇ ਲਿਆ ਧਰੇ। ਮੈਂ ਪੁੱਛ ਈ ਲਿਆ, ਓ ਬਈ ਪੱਬ ਠਹਿਰ ਕੇ ਜਾਣਾਂ? ਮੇਰੇ ਸੋਹਰੇ ਸਾਹਬ ਜੀ ਬੋਲੇ, ਛੱਡੋ ਜੀ, ਪੱਬ ਵਿੱਚ ਕੀ ਜਾਣਾਂ? ਘਰ ਬੈਠਦੇ ਹਾਂ। ਘਰ ਵਿੱਚ ਬੈਠਕੇ ਪੀਣ ਦਾ ਮਜ਼ਾ ਈ ਹੋਰ ਹੁੰਦਾ ਜੀ। ਹਾਰ ਕੇ ਕੌੜਾ ਘੁੱਟ ਭਰਨਾਂ ਪਿਆ। ਸਾਰੇ ਹੱਸ ਪਏ।

ਬਚਨ ਸਿੰਘ ਨੂੰ ਨਸ਼ੇ ਨੇ ਘੇਰ ਲਿਆ, ਤਾਰਾ ਸਿੰਘ ਨੂੰ ਬੋਲਿਆ, ਬਈ ਤਾਰਿਆ। ਲੱਗਦਾ ਮੇਰਾ ਹੁਣ ਸਰ ਗਿਆ ਲੱਗਦਾ, ਬੱਸ ਕਰ ਹੁਣ। ਤੇ ਮੈਂ ਹੁਣ ਜਾਵਾਂ! ਲੈ ਲੈ ਬਚਨਿਆਂ ਤੂੰ ਘਬਰਾ ਨਾਂ, ਤੂੰ ਟੱਲੀ ਨਹੀਂ ਹੁੰਦਾ। ਯਾਰ ਤੂੰ ਚਿਰਾਂ ਬਾਅਦ ਤਾਂ ਮਿਲਿਆਂ। ਤੈਨੂੰ ਆਪਣਾਂ ਮੁੰਡਾ ਤਰਲੋਕਾ ਛੱਡ ਆਊਗਾ। ਕਹਿਕੇ ਤਾਰਾ ਸਿੰਘ ਨੇ ਜੈਲੇ ਨੂੰ ਫਿਰ ਅਵਾਜ਼ ਮਾਰੀ ਜੋ ਇਕ ਗੋਰੀ ਨਾਲ ਗੱਲੀਂ ਲੱਗਾ ਹੋਇਆ ਸੀ। ਜੈਲੇ! ਹਾਅ ਗੋਰੀ ਦੇ ਹੱਥ ਭੇਜਦੇ ਸਾਡੀ ਡਰਿੰਕ। ਪੰਜਾਂ ਮਿੰਟਾਂ ਵਿੱਚ ਹੀ ਗੋਰੀ ਗਲਾਸੀਆਂ ਲੈ ਆਈ। ਪੈਸੇ ਦਿੰਦਾ ਤਾਰਾ ਸਿੰਘ ਬਚਨ ਸਿੰਘ ਨੂੰ ਬੋਲਿਆ ਜੋ ਉਹ ਵੀ ਨਸ਼ੇ ਵਿੱਚ ਸੀ, ਬਈ ਬਚਨਿਆ, ਲੈ ਅਖੀਰਲਾ ਪੈਗ ਲਾ ਲਾ ਦੇਖ ਗੋਰੀ ਲੈ ਕੇ ਆਈ ਏ। ਪੀ ਜਾ ਗੱਟ ਗੱਟ ਕਰਕੇ। ਬਚਨ ਸਿੰਘ ਅੱਧੀ ਗਲਾਸੀ ਪੀ ਕੇ ਬੋਲਿਆ, ਬੱਸ ਕਰ ਹੁਣ। ਹੁਣ ਨਹੀਂ ਲੰਘਦੀ ਅੰਦਰ। ਚੰਗਾ ਬਚਨਿਆ ਬੱਸ ਕਰੀਏ ਹੁਣ। ਮਜ਼ਾ ਆ ਗਿਆ ਤੇਰੇ ਨਾਲ ਬੈਠਕੇ ਬਈ। ਰਾਜੀ ਰਹਿ। ਮਿਲਦਾ ਗਿਲਦਾਂ ਰਹੀ। ਅੱਛਾ ਤਾਰਿਆ ਮੈਂ ਜਰਾ ਟੋਲਟ ਜਾ ਆਵਾਂ। ਬਚਨ ਸਿੰਘ ਨੇ ਉਠਦੇ ਨੇ ਕਿਹਾ, ਲੈ ਮੈਂ ਫੜਕੇ ਲਜਾਵਾਂ? ਲੈ ਲੈ ਤਾਰਿਆ, ਜਾਨ ਹੈਂਗੀ ਹਾਲੇ। ਤੂੰ ਘਬਰਾ ਨਾਂ। ਬਚਨ ਸਿੰਘ ਲੜਖੜਾਉਂਦਾ (ਜੈਂਟਸ) ਤੋਂ ਬਾਹਰ ਆਇਆ, ਪਰ ਵਾਪਸ ਤਾਰਾ ਸਿੰਘ ਕੋਲ ਆਉਣ ਦੀ ਬਜਾਏ ਬਚਨ ਸਿੰਘ ਸ਼ਰਾਬੀ ਹੋਇਆ ਪੱਬ ਦਾ ਬਾਹਰਲਾ ਦਰਵਾਜ਼ਾ ਖੋਲ ਕੇ ਬਾਹਰ ਸੜਕ 'ਤੇ ਆ ਗਿਆ। ਬੋਂਦਲਿਆਂ ਵਾਂਗ ਬਚਨ ਸਿੰਘ ਕੋਲ ਹੀ ਇਕ ਖੰਭੇ ਦਾ ਸਹਾਰਾ ਲੈ ਕੇ ਖਲੋ ਗਿਆ। ਅੱਧਖੁੱਲੀਆਂ ਅੱਖਾਂ ਨਾਲ ਚਾਰੇ ਪਾਸੇ ਦੇਖਿਆ। ਫਿਰ ਪੱਬ ਵੱਲ ਮੂੰਹ ਕਰਕੇ ਉਚੀ ਅਵਾਜ਼ ਵਿੱਚ ਬੋਲਿਆ, ਓਏ ਤਾਰਿਆ ਕਿਥੇ ਆ ਤੂੰ? ਮੈਨੂੰ ਛੱਡ ਕੇ ਚਲਾ ਗਿਆਂ? ਕਿਥੇ ਗਿਆ ਤੇਰਾ ਤਰਲੋਕਾ! ਕੱਢ ਬਾਹਰ ਉਹਨੂੰ! ਛੱਡ ਕੇ ਆਵੇ ਆਪਣੇਂ ਬੁੱਡੇ ਤਾਏ ਨੂੰ ਓਏ ਹੈ, ਬੂ ਊ ਊ!

ਅਚਾਨਕ ਪੁਲਸ ਦੀ ਕਾਰ ਖੰਭੇ ਨੂੰ ਜੱਫੀ ਪਾਈ ਖਲੋਤੇ, ਬਚਨ ਸਿੰਘ ਦੇ ਕੋਲ ਆਕੇ ਰੁੱਕ ਗਈ। ਕਾਰ ਵਿੱਚੋਂ ਦੋ ਪੁਲਸ ਦੇ ਬੰਦੇ ਨਿਕਲੇ। ਖਲੋਤੇ ਬਚਨ ਸਿੰਘ ਨੂੰ ਚੈਕ ਕੀਤਾ ਤੇ ਸਮਝ ਗਏ ਕਿ ਬੰਦਾ ਸ਼ਰਾਬੀ ਏ। ਪੁਲਸ ਨੇ ਜੇਬਾਂ ਫਰੋਲੀਆਂ। ਬੱਸ ਪਾਸ ਹੱਥ ਆ ਗਿਆ। ਬੱਸ ਪਾਸ ਦੇਖ ਕੇ ਪੁਲਸ ਬਚਨ ਸਿੰਘ ਨੂੰ ਉਸ ਦੇ ਘਰ ਦੇ ਦਰਵਾਜ਼ੇ ਕੋਲ ਛੱਡ ਗਏ। ਬਚਨ ਸਿੰਘ ਨੇ ਦਰਵਾਜ਼ਾ ਖੋਲਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਕਾਮਯਾਬ ਨਹੀਂ ਹੋ ਸਕਿਆ। ਖਿੱਝਕੇ ਦਰਵਾਜ਼ੇ 'ਤੇ ਮੁੱਕੇ ਮਾਰਦਾ ਬੋਲਿਆ, ਦਰਵਾਜ਼ਾ ਖੋਲ ਰਤਨੀਏ, ਬਚਨਾਂ ਸ਼ਰਾਬੀ ਹੋ ਕੇ ਆਇਆ, ਨਹੀਂ ਤਾਂ ਚਗਾਠਾਂ ਸਣੇ ਪੱਟ ਦਊਂ ਦਰਵਾਜ਼ਾ, ਹੈ ਬੂ ਊ ਊ! ਰਤਨ ਕੌਰ ਨੇ ਝੱਟ ਦਰਵਾਜ਼ਾ ਖੋਲ ਦਿੱਤਾ ਤੇ ਬਚਨ ਸਿੰਘ ਦੀ ਹਾਲਤ ਦੇਖਦੀ ਰਹਿ ਗਈ। ਮੱਥੇ 'ਤੇ ਹੱਥ ਮਾਰਦੀ ਹੋਈ ਬੋਲੀ, ਹਾਏ ਹਾਏ, ਤੇਰਾ ਬੇੜਾ ਤੱਰ ਜਾਏ, ਓਏ ਆ ਕੀ ਹਾਲਤ ਬਣਾਕੇ ਆਇਆਂ? ਤੇਰੀ ਜੁੱਤੀ ਦਾ ਇਕ ਪੈਰ ਕਿਥੇ ਗਿਆ? ਝੋਲਾ ਛੱਤਰੀ ਕਿਥੇ ਸੁੱਟ ਆਇਆਂ? ਤੈਨੂੰ ਤਾਂ ਮੈਂ ਮਾਰਕੀਟ ਭੇਜਿਆ ਸੀ। ਓ ਤੂੰ ਕਿਥੋਂ ਆਇਆਂ ਏਨੀ ਪੀ ਕੇ? ਮੱਖ ਹੱਟ ਜਾ, ਮੇਰੇ ਰਸਤੇ ਤੋਂ। ਕਹਿਕੇ ਬਚਨ ਸਿੰਘ ਸੋਫੇ 'ਤੇ ਧੜੰਮ ਕਰਕੇ ਡਿੱਗ ਪਿਆ। ਫਿੱਟੇ ਮੂੰਹ ਤੇਰੇ। ਸ਼ਰਮ ਦਾ ਈ ਘਾਟਾ, ਮਾਰਦਾ ਹੁਣ ਘੁਰਾੜੇ। ਕਮਰੇ ਬਿੱਚ ਸਮਿਲ ਉਠਾਲੂ ਦਿੱਤੀ। ਰਤਨ ਕੌਰ ਨੱਕ 'ਤੇ ਚੁੰਨੀ ਰੱਖ ਕੇ ਦੂਸਰੇ ਕਮਰੇ ਵਿੱਚ ਚਲੇ ਗਈ।

ਸਵੇਰਾ ਹੋ ਗਿਆ, ਪਰ ਬਚਨ ਸਿੰਘ ਬੇਸੁੱਧ ਸੀ। ਅਚਾਨਕ ਦਰਵਾਜ਼ੇ ਦੀ ਘੰਟੀ ਵੱਜੀ। ਰਤਨ ਕੌਰ ਨੇ ਦਰਵਾਜ਼ਾ ਖੋਲ੍ਹਿਆ, ਦੇਖਿਆ ਸਾਹਮਣੇਂ ਜੈਲਾ ਹੱਥਾਂ ਵਿੱਚ ਝੋਲਾ ਤੇ ਛੱਤਰੀ ਫੜੀ ਖਲੋਤਾ ਸੀ। ਝੱਟ ਬੋਲਿਆ, ਆਂਟੀ ਆ ਫੜ ਅੰਕਲ ਦਾ ਸਮਾਨ। ਇਹ ਕੱਲ ਪੱਬ ਵਿੱਚ ਹੀ ਛੱਡ ਆਇਆ ਸੀ। ਇਹ ਬੁੱਡੇ ਲੋਕ ਬਹੁਤ ਪੀਂਦੇ ਵਾ। ਇਹ ਮੁੰਡੇ ਖੁੰਡੇ ਤਾਂ ਹੈ ਨਹੀਂ। ਸ਼ਰਾਬੀ ਹੋਏ ਇਹ ਸੜਕਾਂ 'ਤੇ ਤੁਰੇ ਚੰਗੇ ਲੱਗਦੇ ਆ? ਅੱਗੇ ਤੋਂ ਏਸ ਅੰਕਲ ਨੂੰ ਇਕੱਲਾ ਨਾਂ ਭੇਜੀਂ। ਏਦੇ ਵਿੱਚ ਸਾਡੀ ਵੀ ਬਹੁਤ ਬੇਈਜਤੀ ਹੁੰਦੀ ਆ। ਐਨੇ ਸ਼ਰਾਬੀ ਤਾਂ ਗੋਰੇ ਬੁੜ੍ਹੇ ਵੀ ਨਹੀਂ ਹੁੰਦੇ। ਕਹਿਕੇ ਜੈਲਾ ਚਲਾ ਗਿਆ। ਰਤਨ ਕੌਰ ਸ਼ਰਮ ਦੀ ਮਾਰੀ ਚੁੱਪ ਖੜ੍ਹੀ ਰਹੀ। ਅਚਾਨਕ ਨਾਲ ਦੇ ਕਮਰੇ ਵਿੱਚੋਂ ਬਚਨ ਸਿੰਘ ਦੀ ਅਵਾਜ਼ ਆਈ, ਏ ਰਤਨੀਏ! ਕਿਥੇ ਆ ਤੂੰ, ਏ ਲਿਆਈਂ ਸ਼ਿਕੰਜਵੀ ਬਣਾ ਕੇ ਛੇਤੀ। ਸੋਹਰਾ ਸਿਰ ਪਾਟੀ ਜਾਂਦਾ, ਦਿਲ ਵਿੱਚ ਲੱਗੀ ਆ ਅੱਗ। ਰਤਨ ਕੌਰ ਖਿੱਝਕੇ ਕੋਲ ਆ ਕੇ ਬੋਲੀ, ਹੁਣ ਕੀ ਅਵਾ ਤਵਾ ਬੋਲੀ ਜਾਨਾਂ? ਹੁਣ ਫੇਰ ਜਾਣਾ ਸੋਹੋ ਰੋਡ 'ਤੇ? ਲਿਆਵਾਂ ਜਰਾਬ ਲੱਭਕੇ? ਅਖੇ, ਘਰੇ ਕੈਦੀਆਂ ਵਾਂਗ ਬੈਠਾ ਵਾਂ। ਏ ਖੜੀ ਖੜੀ ਫੇਰ ਲੜ ਲਈ, ਲਿਆ ਸ਼ਿਕੰਜਵੀ ਬਣਾਕੇ। ਪੂਰਾ ਨਿੰਬੂ ਨਿਚੋੜੀ, ਕਾਲਾ ਲੂਣ ਪਾਈਂ, ਬਰਫ ਦੀਆਂ ਪਾਈਂ ਚਾਰ ਪੰਜ ਡਲੀਆਂ। ਜਾ ਹੁਣ, ਮੇਰਾ ਮੂੰਹ ਨਾ ਦੇਖ। ਰਤਨ ਕੌਰ ਚਲੇ ਗਈ। ਬਚਨ ਸਿੰਘ ਸਿਰ ਫੜਦਾ ਸੋਫੇ ਤੋਂ ਉਠ ਕੇ ਬੈਠ ਗਿਆ। ਆਪਣੇ ਆਪ ਨੂੰ ਬੋਲਿਆ, ਹਾਏ ਓਏ ਤਾਰਿਆ। ਰਾਤੀ ਤੂੰ ਮੈਨੂੰ ਪਲਾ ਪਲਾ ਕੇ ਮਾਰਿਆ। ਰਤਨ ਕੌਰ ਵੱਡਾ ਪਿੱਤਲ ਦਾ ਗਲਾਸ ਸ਼ਿਕੰਜਵੀ ਦਾ ਲੈ ਆਈ। ਫੜਾਉਂਦੀ ਹੋਈ ਬੋਲੀ, ਮੁੰਡੇ ਖੁੰਡੇ ਵੀ ਸ਼ਰਮ ਮਸੂਸ ਕਰਦੇ ਵਾ, ਜੱਦ ਸ਼ਰਾਬੀ ਹੋ ਕੇ ਬੁੜੇ ਸੜਕਾਂ 'ਤੇ ਫਿਰਦੇ ਵਾ। ਹੁਣ ਤੂੰ ਮੁੰਡਾ ਖੁੰਡਾ ਨਹੀਂ, ਨਹੀਂ ਪੱਚਦੀ ਤਾਂ ਨਾਂ ਪੀਆ ਕਰ ਏਨੀ। ਕਿਥੇ ਮੁੰਡੇ ਤੇ ਕਿਥੇ ਤੂੰ। ਅੱਗੇ ਤੋਂ ਕਦੇ ਇਕੱਲਾ ਨਾਂ ਜਾਈਂ। ਇਹ ਵੀ ਚੰਗਾ ਹੋ ਗਿਆ ਕਿ ਬਹੂ ਮੁੰਡਾ ਨਹੀਂ ਆਏ, ਨਹੀਂ ਤਾਂ ਤੇਰੀ ਹੋਏ ਹੋਏ ਹੋ ਜਾਣੀਂ ਸੀ।

ਏ ਹੁਣ ਬੱਸ ਵੀ ਕਰ ਹੁਣ, ਬੋਲੀ ਜਾਨੀਂ ਏ ਬਿਨਾਂ ਮਤਲਵ ਤੋਂ, ਲਿਆ ਇਕ ਹੋਰ ਗਲਾਸ ਬਣਾ ਕੇ। ਬਚਨ ਸਿੰਘ ਨੇ ਖਾਲੀ ਗਲਾਸ ਫੜਾਉਂਦੇ ਹੋਏ ਨੇ ਕਿਹਾ। ਰਤਨ ਕੌਰ ਖਾਲੀ ਗਲਾਸ ਲੈ ਕੇ ਬੁੱੜ ਬੁੱੜ ਕਰਦੀ ਰਸੋਈ ਵੱਲ ਚਲੇ ਗਈ।।।

–ਧਰਮਪਾਲ ਸਹਿਗਲ


# ਜੋਅ ਬਾਈਡਨ ਹੁਣ ਇਕ ਵਾਰ ਅਪਣੇ ਬਿਆਨ ਨੂੰ ਲੈ ਕੇ ਵਿਵਾਦਾਂ ਵਿਚ ਘਿਰ ਗਏ

ਅਮਰੀਕੀ ਰਾਸ਼ਟਰਪਤੀ ਜੋਅ ਬਾਈਡਨ ਹੁਣ ਇਕ ਵਾਰ ਅਪਣੇ ਬਿਆਨ ਨੂੰ ਲੈ ਕੇ ਵਿਵਾਦਾਂ ਵਿਚ ਘਿਰ ਗਏ ਹਨ। ਦਰਅਸਲ, ਪ੍ਰਵਾਸੀਆਂ ਦਾ ਹਵਾਲਾ ਦਿੰਦੇ ਹੋਏ ਬਾਈਡਨ ਨੇ ਭਾਰਤ ਅਤੇ ਜਾਪਾਨ ਦੀ ਤੁਲਨਾ ਚੀਨ ਨਾਲ ਕਰ ਦਿਤੀ। ਉਨ੍ਹਾਂ ਕਿਹਾ ਕਿ ਚੀਨ, ਭਾਰਤ ਅਤੇ ਜਾਪਾਨ 'ਚ ਜ਼ੇਨੋਫੋਬੀਆ ਹੈ ਯਾਨੀ ਪ੍ਰਵਾਸੀਆਂ ਪ੍ਰਤੀ ਡਰ ਹੈ, ਜਿਸ ਕਾਰਨ ਇਹ ਦੇਸ਼ ਆਰਥਿਕ ਤੌਰ 'ਤੇ ਵਿਕਾਸ ਨਹੀਂ ਕਰ ਪਾ ਰਹੇ ਹਨ। ਉਸੇ ਸਮੇਂ, ਉਨ੍ਹਾਂ ਦਲੀਲ ਦਿਤੀ ਕਿ ਪ੍ਰਵਾਸ ਸੰਯੁਕਤ ਰਾਜ ਦੀ ਆਰਥਿਕਤਾ ਲਈ ਚੰਗਾ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਅਮਰੀਕਾ 'ਚ ਰਾਸ਼ਟਰਪਤੀ ਅਹੁਦੇ ਲਈ ਚੋਣਾਂ ਹੋਣੀਆਂ ਹਨ। ਅਜਿਹੇ 'ਚ ਰਾਸ਼ਟਰਪਤੀ ਬਾਈਡਨ ਅਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਿਚਾਲੇ ਸਖ਼ਤ ਮੁਕਾਬਲਾ ਹੈ। ਦੋਵੇਂ ਆਗੂ ਇਕ ਦੂਜੇ ਨੂੰ ਪਛਾੜਨ ਲਈ ਇਕ ਦੂਜੇ 'ਤੇ ਹਮਲਾ ਕਰਦੇ ਰਹਿੰਦੇ ਹਨ। ਇਸ ਦੌਰਾਨ ਰਾਸ਼ਟਰਪਤੀ ਅਹੁਦੇ ਲਈ ਫੰਡ ਇਕੱਠਾ ਕਰਨ ਦੇ ਪ੍ਰੋਗਰਾਮ 'ਚ ਬਾਈਡਨ ਨੇ ਕਿਹਾ ਕਿ ਸਾਡੀ ਅਰਥਵਿਵਸਥਾ ਦੇ ਵਧਣ ਦਾ ਇਕ ਕਾਰਨ ਤੁਸੀਂ ਅਤੇ ਕਈ ਹੋਰ ਲੋਕ ਹਨ। ਅਸੀਂ ਅੱਗੇ ਵਧ ਰਹੇ ਹਾਂ ਕਿਉਂਕਿ ਅਸੀਂ ਪ੍ਰਵਾਸੀਆਂ ਦਾ ਸਵਾਗਤ ਕਰਦੇ ਹਾਂ।

# ਵੋਟਰਾਂ ਵਿਚ ਉਤਸ਼ਾਹਹੀਣਤਾ ਕਿਤੇ ਮੋਦੀ ਦੀ ਨੀਤੀ ਦਾ ਸਿੱਟਾ ਤਾਂ ਨਹੀਂ ?

**ਅਭੈ ਕੁਮਾਰ ਦੂਬੇ**



ਲੋਕ ਸਭਾ ਚੋਣਾਂ 'ਚ ਦੋ ਗੇੜਾਂ ਦੀਆਂ ਵੋਟਾਂ ਪੈ ਚੁੱਕੀਆਂ ਹਨ। ਹੁਣ ਇਹ ਲਗਭਗ ਸਪੱਸ਼ਟ ਹੋ ਚੁੱਕਾ ਹੈ ਕਿ ਸੱਤਾਧਾਰੀ ਪਾਰਟੀਆਂ ਨੂੰ ਸਖ਼ਤ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾਂ ਲੱਗ ਰਿਹਾ ਸੀ ਕਿ ਨਰਿੰਦਰ ਮੋਦੀ, ਜਿਸ ਤਰ੍ਹਾਂ ਰੋਜ਼ ਸਵੇਰੇ ਚਹਿਲ-ਕਦਮੀ ਕਰ ਕੇ ਕਸਰਤ ਕਰਦੇ ਹਨ, ਉਸੇ ਤਰ੍ਹਾਂ ਉਹ ਆਰਾਮ ਨਾਲ ਚੋਣਾਂ ਜਿੱਤ ਜਾਣਗੇ। ਉਨ੍ਹਾਂ ਦੇ ਸਮਰਥਕਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਮੋਦੀ ਜੀ 2024 ਦੀਆਂ ਚੋਣਾਂ ਲੜ ਰਹੇ ਹਨ, ਪਰ ਉਨ੍ਹਾਂ ਦੀ ਤਿਆਰੀ 2029 ਦੀਆਂ ਚੋਣਾਂ ਨੂੰ ਜਿੱਤਣ ਦੀ ਹੈ ਅਤੇ ਉਨ੍ਹਾਂ ਦੀ ਨਜ਼ਰ 2047 'ਤੇ ਹੈ, ਜਦੋਂ ਦੇਸ਼ ਦੀ ਆਜ਼ਾਦੀ ਦੇ 100 ਸਾਲ ਪੂਰੇ ਹੋ ਜਾਣਗੇ। ਪਰ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਭਾਜਪਾ ਸਮਰਥਕ ਵੋਟਰਾਂ 'ਚ ਹੀ ਨਹੀਂ, ਸਗੋਂ ਭਾਜਪਾ ਵਰਕਰਾਂ ਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸੋਇਮ ਸੇਵਕਾਂ 'ਚ ਇਸ ਕਦਰ ਸੁਸਤੀ ਅਤੇ ਆਲਸ ਦਾ ਆਲਮ ਦਿਖਾਈ ਦੇਵੇਗਾ।

ਹੁਣ ਭਾਜਪਾ ਦੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਉਹ ਕਿਸ ਤਰ੍ਹਾਂ ਉਨ੍ਹਾਂ 'ਚ ਉਤਸ਼ਾਹ ਜਗਾਵੇ। ਉਸ ਨੇ ਇਕ ਨਹੀਂ, ਸਗੋਂ ਤਿੰਨ ਪਾਸੇ ਉਤਸ਼ਾਹ ਪੈਦਾ ਕਰਨਾ ਹੈ। ਵੋਟਰਾਂ 'ਚ, ਪਾਰਟੀ ਵਰਕਰਾਂ 'ਚ ਅਤੇ ਸੋਇਮ ਸੇਵਕਾਂ 'ਚ। ਮੋਦੀ ਜੀ ਨੇ ਸੋਚਿਆ ਸੀ ਕਿ ਕਾਂਗਰਸ ਦੇ ਘੋਸ਼ਣਾ ਪੱਤਰ ਦਾ ਸੰਪਰਦਾਇਕ ਅਰਥ ਕੱਢ ਕੇ ਉਹ ਪੂਰੀ ਚੋਣ 'ਚ ਉਤਸ਼ਾਹ ਜਗਾਉਣ 'ਚ ਕਾਮਯਾਬ ਹੋ ਜਾਣਗੇ। ਪਰ ਦੂਜੇ ਗੇੜ 'ਚ ਡਿਗੀ ਵੋਟ ਫ਼ੀਸਦੀ ਦੇਖਣ ਤੋਂ ਨਹੀਂ ਲਗਦਾ ਕਿ ਉਹ ਕਾਮਯਾਬ ਹੋਏ ਹਨ। ਸਵਾਲ ਇਹ ਹੈ ਕਿ, ਕੀ ਉਹ ਤੀਜੇ ਗੇੜ ਲਈ ਚੋਣ ਪ੍ਰਚਾਰ ਦੇ ਕਿਸੇ ਤੀਸਰੇ ਹੱਥਕੰਡੇ ਨੂੰ ਅਜ਼ਮਾਉਣ 'ਤੇ ਗ਼ੌਰ ਕਰਨਗੇ। ਯਾਦ ਰਹੇ ਕਿ ਪਹਿਲੇ ਦੌਰ 'ਚ ਉਨ੍ਹਾਂ ਦਾ ਸਾਰਾ ਜ਼ੋਰ ਭ੍ਰਿਸ਼ਟਾਚਾਰ ਖ਼ਿਲਾਫ਼ ਆਪਣੀ ਅਖੌਤੀ ਲੜਾਈ 'ਤੇ ਸੀ। ਦੂਜੇ ਦੌਰ 'ਚ ਭ੍ਰਿਸ਼ਟਾਚਾਰ ਦਾ ਮੁੱਦਾ ਗ਼ਾਇਬ ਹੋ ਗਿਆ ਅਤੇ ਉਹ ਸ਼ੁਰੂ ਹੋਇਆ, ਜਿਸ ਨੂੰ ਮੈਂ ਮੋਦੀ ਜੀ ਦਾ 'ਮੰਗਲਸੂਤਰ ਕਾਂਡ' ਕਹਿੰਦਾ ਹਾਂ। ਤੀਸਰੇ ਦੌਰ 'ਚ ਕੀ ਹੋਵੇਗਾ ?

ਪਹਿਲਾਂ ਸਮਝਿਆ ਇਹ ਜਾ ਰਿਹਾ ਸੀ ਕਿ ਵੰਡੀਆਂ ਹੋਈਆਂ ਵੋਟਾਂ ਜਾਂ ਵੋਟਰਾਂ ਵਲੋਂ ਹਰ ਵਾਰ ਚੋਣਾਂ ਦੇ ਹਿਸਾਬ ਨਾਲ ਵੋਟ ਪਾਉਣ ਦੀ ਆਦਤ ਨੂੰ ਦੇਖਦਿਆਂ ਕੁਝ ਰਾਜਾਂ 'ਚ ਹਾਰ ਦੇ ਬਾਵਜੂਦ ਲੋਕ ਸਭਾ 'ਚ ਭਾਜਪਾ ਦੀ ਜਿੱਤ ਦੀਆਂ ਸੰਭਾਵਨਾਵਾਂ 'ਤੇ ਸਵਾਲੀਆ ਨਿਸ਼ਾਨ ਨਹੀਂ ਲਗਾਇਆ ਜਾ ਸਕਦਾ। ਵਿਰੋਧੀ ਧਿਰ ਦੀ ਏਕਤਾ ਐਂਟੀ-ਇਨਕੁੰਬੈਂਸੀ ਦੀ ਮਾਤਰਾ ਅਤੇ ਮਜ਼ਬੂਤੀ 'ਤੇ ਨਿਰਭਰ ਸੀ। ਇਹ ਮੰਨ ਲਿਆ ਗਿਆ ਸੀ ਕਿ ਜੇਕਰ ਸਰਕਾਰ ਵਿਰੋਧੀ ਭਾਵਨਾਵਾਂ ਆਮ ਕਿਸਮ ਦੀਆਂ ਹਨ, ਤਾਂ ਨਰਿੰਦਰ ਮੋਦੀ ਆਪਣੇ ਸਮਾਜਿਕ ਗੱਠਜੋੜ ਅਤੇ ਲੋਕ ਭਲਾਈ ਮਾਡਲ ਦੇ ਦਮ 'ਤੇ ਉਸ 'ਤੇ ਕਾਬੂ ਪਾ ਲੈਣਗੇ। ਜੇਕਰ ਇਹ ਭਾਵਨਾਵਾਂ ਸਿਖ਼ਰਾਂ 'ਤੇ ਪਹੁੰਚ ਗਈਆਂ ਤਾਂ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਉਨ੍ਹਾਂ ਨੂੰ ਕਿਸੇ ਅਸਾਧਾਰਨ ਉਪਾਅ ਦੀ ਜ਼ਰੂਰਤ ਪਏਗੀ। ਪਿਛਲੀ ਵਾਰ ਪੁਲਵਾਮਾ 'ਤੇ ਅੱਤਵਾਦੀ ਹਮਲੇ ਦੇ ਜਵਾਬ 'ਚ ਕੀਤੀ ਗਈ 'ਸਰਜੀਕਲ ਸਟ੍ਰਾਈਕ' ਜਾਂ 'ਘੁਸ ਕੇ ਮਾਰਾਂ' ਵਾਲੇ ਚੋਣਾਵੀ ਜੁਮਲੇ ਨੇ ਇਹ ਭੂਮਿਕਾ ਨਿਭਾਈ ਸੀ। ਜੇਕਰ ਇਹ ਜੁਮਲਾ ਨਾ ਹੁੰਦਾ ਤਾਂ ਅੱਜ ਨਰਿੰਦਰ ਮੋਦੀ ਲੰਗੜੀ (ਘੱਟ ਬਹੁਮਤ ਵਾਲੀ) ਸਰਕਾਰ ਚਲਾ ਰਹੇ ਹੁੰਦੇ। ਉਹ ਅਸਾਧਾਰਨ ਉਪਾਅ ਕੀ ਹੋਵੇਗਾ ? ਮੋਦੀ ਜੀ ਬੜੀ ਬੇਚੈਨੀ ਨਾਲ ਉਸ ਨੂੰ ਲੱਭ ਰਹੇ ਹਨ। ਚੋਣਾਂ ਲੰਬੀਆਂ ਚੱਲਣ ਵਾਲੀਆਂ ਹਨ। ਆਖ਼ਰੀ ਗੇੜ ਦੀਆਂ ਵੋਟਾਂ 1 ਜੂਨ ਨੂੰ ਪੈਣਗੀਆਂ। ਵੇਖਣ ਵਾਲੀ ਗੱਲ ਹੋਵੇਗੀ ਕਿ ਮੋਦੀ ਇਸ ਦੌਰਾਨ ਕਿਹੜਾ ਹੱਥਕੰਡਾ ਲੱਭ ਲਿਆਉਂਦੇ ਹਨ।



ਭਾਜਪਾ ਨੇ ਪਿਛਲੇ 10 ਸਾਲਾਂ 'ਚ ਦਿਖਾਇਆ ਹੈ ਕਿ ਸਮਾਜਿਕ ਗੱਠਜੋੜ ਬਣਾਉਣ ਦੀ ਕਲਾ 'ਚ ਉਸ ਦਾ ਕੋਈ ਸਾਨੀ ਨਹੀਂ ਹੈ। ਇਹ ਇਕ ਅਜਿਹੀ ਕਲਾ ਹੈ, ਜਿਸ ਨੂੰ ਜ਼ਿਆਦਾਤਰ ਵਿਰੋਧੀ ਪਾਰਟੀਆਂ, ਖ਼ਾਸਕਰ ਕਾਂਗਰਸ ਲਗਭਗ ਭੁੱਲ ਹੀ ਚੁੱਕੀ ਹੈ। ਸੰਸਦੀ ਚੋਣਾਂ ਹਮੇਸ਼ਾ ਅਤੇ ਹਰ ਥਾਂ ਪ੍ਰਮੁੱਖ ਰੂਪ ਨਾਲ ਸਮਾਜਿਕ ਗੱਠਜੋੜਾਂ ਜ਼ਰੀਏ ਹੀ ਜਿੱਤੀਆਂ ਜਾਂਦੀਆਂ ਹਨ। ਬਾਕੀ ਕਾਰਕਾਂ ਦੀ ਭੂਮਿਕਾ ਵੀ ਹੁੰਦੀ ਹੈ, ਪਰ ਉਹ ਨਾਂਹ ਦੇ ਬਰਾਬਰ ਹੁੰਦੇ ਹਨ।

ਭਾਜਪਾ ਨੇ ਉੱਤਰ ਪ੍ਰਦੇਸ਼ 'ਚ 45 ਤੋਂ 50 ਫ਼ੀਸਦੀ ਵੋਟਾਂ ਦਾ ਜੋ ਸਮਾਜਿਕ ਗੱਠਜੋੜ ਬਣਾਇਆ ਹੈ, ਉਹ ਪਿਛਲੇ 9 ਸਾਲਾਂ 'ਚ ਹੋਈਆਂ ਦੋ ਲੋਕ ਸਭਾ ਅਤੇ ਦੋ ਵਿਧਾਨ ਸਭਾ ਚੋਣਾਂ ਦੌਰਾਨ ਉਸ ਨੂੰ ਇਕਪਾਸੜ ਜਿੱਤਾਂ ਦਿਵਾਉਂਦਾ ਰਿਹਾ ਹੈ। ਨਾ ਤਾਂ ਸਮਾਜਵਾਦੀ ਪਾਰਟੀ, ਨਾ ਬਹੁਜਨ ਸਮਾਜ ਪਾਰਟੀ ਅਤੇ ਨਾ ਹੀ ਕਾਂਗਰਸ ਉਸ 'ਚ ਥੋੜ੍ਹੀ ਜਿਹੀ ਵੀ ਸੰਧ ਲਗਾ ਸਕੀ ਹੈ। ਗੁਜਰਾਤ 'ਚ ਭਾਜਪਾ ਦਿਖਾ ਚੁੱਕੀ ਹੈ ਕਿ ਸਰਕਾਰ ਵਿਰੋਧੀ ਭਾਵਨਾਵਾਂ (ਐਂਟੀ-ਇਨਕੁੰਬੈਂਸੀ) ਵਧਣ ਦੇ ਬਾਵਜੂਦ ਉਹ ਚੋਣ ਨਤੀਜਿਆਂ ਨੂੰ ਆਪਣੇ ਹੱਕ 'ਚ ਇਕਪਾਸੜ ਕਿਵੇਂ ਬਣਾ ਸਕਦੀ ਹੈ। ਗੁਜਰਾਤ 'ਚ ਪਟੇਲਾਂ ਅਤੇ ਅਗੜੀ ਜਾਤੀਆਂ ਦੇ ਬੁਨਿਆਦੀ ਜਨ ਆਧਾਰ 'ਤੇ ਖੜ੍ਹੇ ਹੋ ਕੇ ਭਾਜਪਾ ਨੇ ਉਸ 'ਚ ਪੱਛੜੇ ਵਰਗਾਂ, ਆਦਿਵਾਸੀਆਂ ਅਤੇ ਦਲਿਤਾਂ ਦੀਆਂ ਵੋਟਾਂ ਹੋਰ ਜੋੜ ਕੇ ਜੋ ਮਤਦਾਤਾ-ਮੰਡਲ ਬਣਾਇਆ ਹੈ,ਉਸ ਨੇ ਇਕ ਵਾਰ ਫਿਰ ਉਸ ਦਾ ਸਾਥ ਦਿੱਤਾ ਹੈ। ਕੌਮੀ ਪੱਧਰ 'ਤੇ ਭਾਜਪਾ ਨੇ ਉੱਚੀਆਂ ਜਾਤੀਆਂ, ਯਾਦਵਾਂ ਨੂੰ ਛੱਡ ਕੇ ਜ਼ਿਆਦਾਤਰ ਪੱਛੜੀਆਂ ਜਾਤਾਂ, ਜਾਟਵਾਂ ਨੂੰ ਛੱਡ ਕੇ ਜ਼ਿਆਦਾਤਰ ਦਲਿਤ ਜਾਤੀਆਂ ਅਤੇ ਮੋਟੇ ਤੌਰ 'ਤੇ ਔਰਤ ਵੋਟਰਾਂ ਦੀ ਹਮਦਰਦੀ ਜਿੱਤਣ 'ਚ ਸਫਲਤਾ ਹਾਸਲ ਕੀਤੀ ਹੈ। ਲੋਕ ਸਭਾ ਚੋਣਾਂ ਤੋਂ ਪਹਿਲਾਂ ਅਜਿਹਾ ਕੋਈ ਕਾਰਨ ਨਹੀਂ ਦਿਖਾਈ ਦੇ ਰਿਹਾ ਸੀ ਕਿ ਇਹ ਸਮਾਜਿਕ ਤਬਕੇ ਭਾਜਪਾ ਦਾ ਸਾਥ ਛੱਡਣ ਬਾਰੇ ਸੋਚਣਗੇ। ਮਾਹੌਲ ਹੀ ਕੁਝ ਅਜਿਹਾ ਬਣ ਗਿਆ ਸੀ ਕਿ ਲੋਕਾਂ ਨੂੰ ਭਾਜਪਾ ਹੀ ਸਾਰੇ ਦੇਸ਼ 'ਤੇ ਸ਼ਾਸਨ ਕਰਨ ਦੀ ਸਮਰੱਥਾ ਨਾਲ ਲੈਸ ਦਿਖਾਈ ਦੇ ਰਹੀ ਸੀ। ਇਹ ਕੁਝ ਉਵੇਂ ਹੀ ਸੀ, ਜਿਵੇਂ ਕਦੇ ਆਮ ਵੋਟਰ ਕਾਂਗਰਸ ਬਾਰੇ ਸੋਚਦੇ ਸਨ। ਅਜਿਹੇ ਹੀ ਮਾਹੌਲ ਕਾਰਨ ਮੇਰੇ ਵਰਗੇ ਸਿਆਸੀ ਸਮੀਖਿਅਕ ਦੇ ਦਿਮਾਗ 'ਚ ਇਹ ਗੱਲ ਨਹੀਂ ਆ ਸਕੀ ਸੀ ਕਿ ਕੁਝ ਹੋਰ ਵੀ ਵਾਪਰ ਸਕਦਾ ਹੈ। ਜਿਵੇਂ ਹੀ ਨਿਤਿਸ਼ ਕੁਮਾਰ ਦੇ ਪਾਲਾ ਬਦਲਣ ਅਤੇ ਕਾਂਗਰਸ ਦੀ ਲਾਪਰਵਾਹੀ ਕਾਰਨ ਵਿਰੋਧੀ ਏਕਤਾ ਦੀ ਗਤੀਸ਼ੀਲਤਾ ਖ਼ਤਮ ਹੋਈ ਨਜ਼ਰ ਆਈ ਤਾਂ ਇਕ ਵਾਰ ਫਿਰ ਮੋਦੀ ਜੀ ਨੇ ਆਪਣਾ ਰਸਤਾ ਸਾਫ਼ ਕਰ ਲਿਆ ਸੀ। ਪਰ ਇਹ ਕਿਸੇ ਨੂੰ ਨਹੀਂ ਪਤਾ ਸੀ ਕਿ ਹਰ ਚੋਣਾਂ 'ਚ ਵਧਣ ਵਾਲਾ ਵੋਟ ਫ਼ੀਸਦੀ ਇਸ ਵਾਰ ਇਸ ਤਰ੍ਹਾਂ ਘਟੇਗਾ ਕਿ ਉਸ ਨਾਲ ਭਾਜਪਾ ਦੀ ਚੋਣਾਂ ਜਿੱਤਣ ਦੀ ਗਾਰੰਟੀ 'ਤੇ ਸ਼ੱਕ ਦੇ ਬੱਦਲ ਮੰਡਰਾਉਣ ਲੱਗਣਗੇ। ਬਹੁਸੰਖਿਆਵਾਦੀ ਰਾਜਨੀਤੀ ਨੂੰ ਟਿਕਾਉਣ ਦਾ ਦੂਜਾ ਪਹਿਲੂ ਰਿਹਾ ਹੈ ਭਾਜਪਾ ਵਲੋਂ ਪ੍ਰਚੱਲਿਤ ਕੀਤਾ ਗਿਆ ਨਵਾਂ ਲੋਕ ਭਲਾਈ ਮਾਡਲ। ਇਸ ਨੂੰ ਲਾਭਪਾਤਰੀਆਂ ਦੀ ਨਵੀਂ ਜਾਤੀ ਵਜੋਂ ਵੀ ਦਰਸਾਇਆ ਜਾਂਦਾ ਹੈ। ਇਹ ਭਾਜਪਾ ਨੂੰ ਰਾਜਨੀਤਕ ਝਟਕਿਆਂ ਅਤੇ ਸਦਮਿਆਂ ਨੂੰ ਪਚਾ ਜਾਣ ਦੀ ਸਮਰੱਥਾ ਮੁਹੱਈਆ ਕਰ ਰਿਹਾ ਹੈ। ਪੁਰਾਣੇ ਲੋਕ ਭਲਾਈ ਮਾਡਲ ਦਾ ਨਮੂਨਾ ਮਗਨਰੇਗਾ ਵਰਗੇ ਪ੍ਰੋਗਰਾਮ ਹਨ, ਨਵੇਂ ਮਾਡਲ ਦਾ ਨਮੂਨਾ ਬਹੁਤ ਵੱਡਾ ਅਤੇ ਵਿਭਿੰਨ ਹੈ। ਇਸ 'ਚ ਜਨਧਨ ਖਾਤਿਆਂ ਤੋਂ ਲੈ ਕੇ ਪ੍ਰਧਾਨ ਮੰਤਰੀ ਸਨਮਾਨ ਯੋਜਨਾ ਅਤੇ ਮੁਫ਼ਤ ਜਾਂ ਸਸਤੇ ਅਨਾਜ ਦੀਆਂ ਯੋਜਨਾਵਾਂ ਸ਼ਾਮਿਲ ਹਨ। ਪੁਰਾਣਾ ਮਾਡਲ ਕਹਿੰਦਾ ਹੈ ਕਿ ਕੰਮ ਦੀ ਕੋਈ ਨਾ ਕੋਈ ਗਾਰੰਟੀ ਮਿਲੇਗੀ ਜਾਂ ਖੁਰਾਕੀ ਵਸਤਾਂ ਸਸਤੀਆਂ ਕਰ ਦਿੱਤੀਆਂ ਜਾਣਗੀਆਂ। ਨਵਾਂ ਮਾਡਲ ਕਹਿੰਦਾ ਹੈ ਕਿ ਆਰਥਿਕ ਸਹਾਇਤਾ ਸਿੱਧੇ ਤੁਹਾਡੇ ਖਾਤਿਆਂ 'ਚ ਪਹੁੰਚੇਗੀ ਜਾਂ ਬਿਜਲੀ-ਪਾਣੀ ਦੀਆਂ ਸਹੂਲਤਾਂ ਮੁਫ਼ਤ ਜਾਂ ਬਹੁਤ ਘੱਟ ਕੀਮਤਾਂ 'ਤੇ ਮਿਲਣਗੀਆਂ।

ਨਿਰੀਖਕਾਂ ਨੂੰ ਚੇਤੇ ਹੋਵੇਗਾ ਕਿ ਨਰਿੰਦਰ ਮੋਦੀ ਨੇ 2014 'ਚ ਸੱਤਾ 'ਚ ਆਉਣ ਤੋਂ ਤੁਰੰਤ ਬਾਅਦ ਪਹਿਲਾ ਕਦਮ ਜਨਧਨ ਯੋਜਨਾ ਦੇ ਖਾਤੇ ਖੁੱਲ੍ਹਵਾਉਣ ਦੇ ਰੂਪ 'ਚ ਚੁੱਕਿਆ ਸੀ। ਦਰਅਸਲ, ਉਹ ਨਵੇਂ ਲੋਕ ਭਲਾਈ ਮਾਡਲ ਦਾ ਉੱਚ ਢਾਂਚਾ ਬਣਾ ਰਹੇ ਸਨ।

ਨਰਿੰਦਰ ਮੋਦੀ ਨੇ ਦਿਖਾਇਆ ਹੈ ਕਿ ਭਾਵੇਂ ਹੀ ਪੱਛਮੀ ਉੱਤਰ ਪ੍ਰਦੇਸ਼, ਹਰਿਆਣਾ ਅਤੇ ਪੰਜਾਬ ਦੇ ਕਿਸਾਨਾਂ ਨੇ ਦਿੱਲੀ ਘੇਰ ਲਈ ਹੋਵੇ, ਉਹ 10 ਕਰੋੜ ਕਿਸਾਨਾਂ ਦੇ ਖਾਤਿਆਂ 'ਚ 18 ਹਜ਼ਾਰ ਕਰੋੜ ਰੁਪਏ ਇਕ ਪਲ 'ਚ ਭੇਜ ਕੇ ਉਨ੍ਹਾਂ ਨੂੰ ਇਨ੍ਹਾਂ ਅੰਦੋਲਨਕਾਰੀ ਕਿਸਾਨਾਂ ਨਾਲੋਂ ਵੱਖ ਦਿਖਾ ਸਕਦੇ ਹਨ। ਇਹ ਫੰਡਾ ਇਕਦਮ ਸਿੱਧਾ ਹੈ। ਜਿਨ੍ਹਾਂ ਤਬਕਿਆਂ ਦੀ ਆਮਦਨੀ ਬਹੁਤ ਘੱਟ ਹੋ ਗਈ ਹੈ ਜਾਂ ਤਕਰੀਬਨ ਜ਼ੀਰੋ ਹੈ, ਉਨ੍ਹਾਂ ਨੂੰ ਜੇਕਰ 500 ਤੋਂ 2000 ਦੀ ਰਕਮ ਵੀ ਅਚਾਨਕ ਆਪਣੇ ਖਾਤੇ 'ਚ ਆਉਂਦੀ ਦਿਖੇਗੀ, ਤਾਂ ਉਹ ਸਰਕਾਰ ਦਾ ਸ਼ੁਕਰਾਨਾ ਹੀ ਕਰਨਗੇ। ਇਸ ਤਰ੍ਹਾਂ ਦੀਆਂ ਯੋਜਨਾਵਾਂ ਅਰਥਵਿਵਸਥਾ ਦੇ ਸੰਪੂਰਨ ਕਾਰਪੋਰੇਟੀਕਰਨ ਲਈ ਸੁਰੱਖਿਅਤ ਗੁੰਜਾਇਸ਼ ਮੁਹੱਈਆ ਕਰਵਾ ਰਹੀਆਂ ਹਨ।

ਕੀ ਪਹਿਲੇ ਦੋ ਗੇੜਾਂ 'ਚ ਵੋਟ ਫ਼ੀਸਦੀ 'ਚ ਆਈ ਜ਼ਿਕਰਯੋਗ ਗਿਰਾਵਟ ਨਾਲ ਇਹ ਪਤਾ ਨਹੀਂ ਲਗਦਾ ਕਿ ਨਾ ਤਾਂ ਭਾਜਪਾ ਦਾ ਸਮਾਜਿਕ ਗੱਠਜੋੜ, ਨਾ ਹੀ ਔਰਤ ਵੋਟਰਾਂ ਦਾ ਭਾਜਪਾ ਪ੍ਰਤੀ ਵਧਿਆ ਆਕਰਸ਼ਣ ਅਤੇ ਨਾ ਹੀ ਲਾਭਪਾਤਰੀਆਂ ਦੀ ਨਵੀਂ ਜਾਤੀ ਵੋਟਰਾਂ ਦੇ ਮਨ 'ਚ ਬੈਠੀ ਉਦਾਸੀਨਤਾ ਦੀ ਕਾਟ ਕਰ ਸਕਣ ਦੇ ਸਮਰੱਥ ਹੈ ? ਇਸ ਦੇ ਕਾਰਨਾਂ ਦੀ ਗੰਭੀਰ ਜਾਂਚ ਕਰਨੀ ਹੋਵੇਗੀ। ਵੇਖਣਾ ਹੋਵੇਗਾ ਕਿ ਨਰਿੰਦਰ ਮੋਦੀ ਨੇ ਪਿਛਲੇ 10 ਸਾਲਾਂ 'ਚ ਜਿਸ ਤਰ੍ਹਾਂ ਸਰਕਾਰ ਚਲਾਈ ਹੈ ਅਤੇ ਜਿਸ ਤਰ੍ਹਾਂ ਨਾਲ ਆਪਣੀ ਪਾਰਟੀ ਅਤੇ ਵਰਕਰਾਂ ਨੂੰ ਛੋਹ ਦਿੱਤੀ ਹੈ, ਕਿਤੇ ਇਹ ਉਦਾਸੀਨਤਾ ਉਸੇ ਦਾ ਸਿੱਟਾ ਤਾਂ ਨਹੀਂ ਹੈ ?

ਲੇਖਕ ਅੰਬੇਡਕਰ ਵਿਸ਼ਵ ਯੂਨੀਵਰਸਿਟੀ, ਦਿੱਲੀ 'ਚ ਪ੍ਰੋਫ਼ੈਸਰ ਨੇ

# ਇੰਗਲੈਂਡ ਦੇ ਕਬੱਡੀ ਸੀਜ਼ਨ 2024 ਦਾ ਪਹਿਲਾ ਟੂਰਨਾਮੈਂਟ ਬਰੈਡਫੋਰਡ ਵਿਖੇ 12 ਮਈ ਨੂੰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਕਬੱਡੀ ਫੈਡਰੇਸ਼ਨ ਦੀ ਅਗਵਾਈ ਹੇਠ ਇਸ ਹਫਤੇ ਤੋਂ ਸ਼ੁਰੂ ਹੋ ਰਹੇ ਕਬੱਡੀ ਸੀਜ਼ਨ 2024 ਦਾ ਪਹਿਲਾ ਟੂਰਨਾਮੈਂਟ ਬਰੈਡਫੋਰਡ ਵਿਖੇ Karmand Community Centre, Cricket Club, Barkerend Road, Bradford, BD3 9EP ਵਿਖੇ 12 ਮਈ ਦਿਨ ਐਤਵਾਰ ਨੂੰ ਬਰੈਡਫੋਰਡ ਸਪੋਰਟਸ ਕਲੱਬ ਵੱਲੋਂ ਕਰਵਾਇਆ ਜਾ ਰਿਹਾ ਹੈ।




ਟੂਰਨਾਮੈਂਟ ਸਬੰਧੀ ਜਾਣਕਾਰੀ ਦਿੰਦੇ ਹੋਏ ਸੀਨੀਅਰ ਚੇਅਰਮੈਨ ਅਮਰਜੀਤ ਸਿੰਘ ਰਾਇਤ, ਚੇਅਰਮੈਨ ਦਲਬੀਰ ਸਿੰਘ ਸੈਂਬੀ, ਪ੍ਰਧਾਨ ਦਲਬੀਰ ਸਿੰਘ ਸਿੱਧੂ ਨੇ ਦੱਸਿਆ ਕਿ ਟੂਰਨਾਮੈਂਟ ਇੰਗਲੈਂਡ ਕਬੱਡੀ ਫੈਡਰੇਸ਼ਨ ਦੇ ਅਸੂਲਾਂ ਅਨੁਸਾਰ ਹੋ ਰਿਹਾ ਹੈ, ਜਿਸ ਵਿੱਚ ਭਾਰਤ ਤੋਂ ਉੱਚ ਕੋਟੀ ਦੇ ਖਿਡਾਰੀ ਪਹੁੰਚ ਰਹੇ ਹਨ।

ਟੂਰਨਾਮੈਂਟ ਦੇ ਸਬੰਧੀ ਸਾਰੀਆਂ ਤਿਆਰੀਆਂ ਹੋ ਚੁੱਕੀਆਂ ਹਨ। ਵਧੇਰੇ ਜਾਣਕਾਰੀ ਲਈ ਦਲਬੀਰ ਸਿੰਘ ਸੈਂਬੀ 07990585949, ਦਲਬੀਰ ਸਿੰਘ ਸਿੱਧੂ 07577409249 ਜਾਂ ਹਰਜਿੰਦਰ ਸਿੰਘ ਨਿੱਝਰ 07889099612 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਲੀਡਜ਼ ਵਿਖੇ ਵਿਸਾਖੀ ਸਮਾਗਮ ਤੇ ਅਹਿਮ ਸ਼ਖਸੀਅਤਾਂ ਪਹੁੰਚਣਗੀਆਂ -ਸੇਖੋਂ


ਨਿਰਮਲ ਸਿੰਘ ਸੇਖੋਂ ਐਮ ਬੀ ਈ

ਲੀਡਜ਼ (ਪੰਜਾਬ ਟਾਈਮਜ਼) – ਯੌਰਕਸ਼ਾਇਰ ਸਿੱਖ ਫੋਰਮ ਵੱਲੋਂ ਹਰ ਸਾਲ ਵਿਖੇ ਵਿਸਾਖੀ ਸਮਾਗਮ ਵੱਡੇ ਪੱਧਰ 'ਤੇ ਮਨਾਇਆ ਜਾਂਦਾ ਹੈ। ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰਮੈਨ ਸ: ਨਿਰਮਲ ਸਿੰਘ ਸੇਖੋਂ ਐਮ ਬੀ ਈ, ਐਫ ਆਰ ਐਸ ਏ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਇਸ ਸਾਲ ਵੀ 9 ਮਈ ਦਿਨ ਵੀਰਵਾਰ ਨੂੰ ਵਿਸਾਖੀ ਸ਼ੀਪਸਕਾਰ ਬਾਰ ਐਂਡ ਗ੍ਰਿੱਲ ਲੀਡਜ਼ ਵਿਖੇ ਬੜੀ ਧੂਮ-ਧਾਮ ਨਾਲ ਮਨਾਈ ਜਾ ਰਹੀ ਹੈ, ਜਿਸ ਦੌਰਾਨ ਮਹਿਮਾਨਾਂ ਦੇ ਮਨੋਰੰਜਨ ਲਈ ਸੱਭਿਆਚਾਰਕ ਪ੍ਰੋਗਰਾਮ ਡੀ ਜੇ ਤੇ ਭੰਗੜਾ ਪੇਸ਼ ਕੀਤਾ ਜਾਵੇਗਾ ।

ਸ: ਸੇਖੋਂ ਐਮ ਬੀ ਈ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਹਨਾਂ ਵੱਲੋਂ ਉੱਚ ਪੱਧਰ ਤੇ ਅਧਿਕਾਰੀਆਂ, ਵੱਖ ਵੱਖ ਧਾਰਮਿਕ ਆਗੂਆਂ ਅਤੇ ਮਾਨਯੋਗ ਸ਼ਖਸੀਅਤਾਂ ਨੂੰ ਸੱਦਾ ਪੱਤਰ ਭੇਜੇ ਗਏ ਹਨ। ਜਿਹਨਾਂ ਵਿੱਚ ਤਿੰਨ ਲੌਰਡ ਮੇਅਰ ਤੇ ਸਥਾਨਕ ਹਾਈਸ਼ੈਰਿਫ਼ ਤੇ ਪੁਲਿਸ ਦੇ ਚੀਫ਼ ਕਾਂਸਟੇਬਲ ਵੀ ਆ ਰਹੇ ਹਨ। ਇਹਨਾਂ ਦੇ ਇਲਾਵਾ ਯੌਰਕਸ਼ਾਇਰ ਦੀ ਮੈਜਿਸਟ੍ਰੇਟ ਚੇਅਰ-ਪਰਸਨ, ਯੌਰਕਸ਼ਾਇਰ ਦੇ ਮੇਅਰ ਵੀ ਪਹੁੰਚ ਰਹੇ ਹਨ। ਇਸ ਮੌਕੇ ਹੋਰ ਵੀ ਬਹੁਤ ਸਾਰੇ ਉਘੇ ਕਾਰੋਬਾਰੀ, ਬਿਜਨੈਸਮੈਨ, ਹਿੰਦੂ ਭਾਈਚਾਰੇ ਵੱਲੋਂ ਅਤੇ ਯਹੂਦੀ ਭਾਈਚਾਰੇ ਵੱਲੋਂ ਵੀ ਉਘੇ ਆਗੂ ਪਹੁੰਚ ਰਹੇ ਹਨ। ਵਿਸਾਖੀ ਦਾ ਇਹ ਸਮਾਗਮ ਯੌਰਕਸ਼ਾਇਰ ਸਿੱਖ ਫੋਰਮ ਦੇ ਚੇਅਰ ਪਰਸਨ ਤੇ ਫਾਊਂਡਰ ਸ: ਨਿਰਮਲ ਸਿੰਘ ਸੇਖੋਂ ਅਤੇ ਯੂਨੀਵਰਸਿਟੀ ਦੇ ਫੈਲੋ ਸਿੰਘਾਂ ਵੱਲੋਂ ਆਯੋਜਿਤ ਕੀਤਾ ਜਾ ਰਿਹਾ ਹੈ, ਇਸ ਮੌਕੇ ਮਹਿਮਾਨਾਂ ਦੀ ਖਾਸ ਆਓ ਭਗਤ ਕੀਤੀ ਜਾਵੇਗੀ ਤੇ ਮਾਣ ਸਨਮਾਨ ਲਈ ਟਰੌਫੀਆਂ ਵੀ ਦਿੱਤੀਆਂ ਜਾਣਗੀਆਂ।

ਪੰਜਾਬੀ ਗੱਭਰੂ, ਕਿੰਗਜ਼ਵੇਅ ਬੈਂਕਿਉਟਿੰਗ ਦੇ ਮਾਲਕ ਗੈਰੀ ਅਟਵਾਲ ਨੇ ਆਪਣੇ ਪਿਤਾ ਉਮਰਾਓ ਅਟਵਾਲ ਦੇ ਕਦਮਾਂ 'ਤੇ ਚੱਲਦਿਆਂ

ਆਇਰਿਸ਼ ਵਿਸਕੀ ਦਾ ਆਪਣਾ ਨਵਾਂ ਬਰਾਂਡ 22G (ਬਾਈ ਜੀ) ਬਣਾਇਆ


KINGSWAY BANQUETING OWNER GARY ATWAL
LAUNCHES IRISH WHISKEY BRAND '22G'

22G ਜਲਦੀ ਹੀ ਵੱਡੇ ਸਟੋਰਾਂ ਅਤੇ ਦੁਕਾਨਾਂ 'ਤੇ ਉਪਲੱਬਦ ਹੋਵੇਗੀ - ਦੁਕਾਨਦਾਰ ਜਲਦੀ ਸੰਪਰਕ ਕਰਨ TEL: 020 8570 8351







KINGSWAY BANQUETING

270-272 BATH ROAD, HOUNSLOW, MIDDX, TW4 7DF *(Opp. Hounslow west tube station)*

Email: Kingswaylondon@icloud.com - www.kingswaybanqueting.com

KINGSWAY BANQUETING

# ਰਾਮ, ਰਹੀਮ, ਪਰਾਨ, ਕੁਰਾਨ ਅਨੇਕ ਕਹੈਂ ਮੱਤ ਏਕ ਨਾ ਮਾਨਿਉ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਕਿ ਇਹ ਸਭ ਸਾਨੂੰ ਕੀ ਅਰਥ ਆਖਦੇ ਨੇ ਬੜੀਆਂ ਉੱਤਮ ਸਿੱਖਿਆ ਸਾਧਾਰਣ ਮਨੁੱਖ ਤਾਂ ਸ਼ਾਇਦ ਅਸਰਦਾਰ ਹੋ ਹੀ ਜਾਵੇ ਪਰ ਸਾਡੇ ਪਾਂਧੇ ਪ੍ਰਚਾਰਕ ਹੋਰ ਹੀ ਪਾਸੇ ਤੋਰਦੇ ਨੇ ਜੀ, ਅਸੀਂ ਪੁਰਾਨ ਕੁਰਾਨ ਨਹੀਂ ਮੰਨਣੇ ਜਦੋਂ ਕਿ ਰਾਮ, ਕ੍ਰਿਸ਼ਨ ਭਗਵਾਨ, ਯਸ਼ੂ ਮਸੀਹ, ਅੱਲ੍ਹਾ ਫੇਰ ਵਾਹਿਗੁਰੂ ਸਭ ਸ੍ਰਿਸ਼ਟੀ ਦੇ ਹੀ ਮਾਲਕ ਦੇ ਨਾਉਂ ਸਨ ਮਨੁੱਖਤਾ ਦੀ ਹੋਂਦ ਨੇ ਸਨਾਤਨ ਪਰਕ੍ਰਿਤੀ ਦੀ ਪੂਜਾ, ਅਨੁਭਵ ਕਿ ਇਹ ਸਭ ਦਾਤੇ ਦੀ ਦੇਣ ਹੈ, ਨਾਉਂ ਆਪਣੇ ਵਾਤਾਵਰਣ, ਖਿੱਤੇ, ਬੋਲੀ ਅਧਾਰਤ ਸਨ ਫੇਰ ਆਦਮ ਨੇ ਆਪਣੇ ਨਾਉਂ ਧਰ ਲਏ, ਰਾਮ, ਕ੍ਰਿਸ਼ਨ ਭਗਵਾਨ ਤੋਂ ਲੈ ਕੇ ਸਿੰਘ, ਕੌਰ ਭੀ ਉਸੇ ਤਰ੍ਹਾਂ ਰਾਮ ਸਿੰਘ ਰਾਮ ਕੌਰ ਆਦਿ ਪਰ ਧਰਮ ਵੰਡ ਸ਼੍ਰੇਣੀ ਵੰਡ ਹੁੰਦੀ ਗਈ, ਭਾਈਚਾਰਾ ਪ੍ਰਸਪਰ ਪ੍ਰੇਮ ਸਨ ਭਲੇਮਾਣਸੀ ਨਾਲ ਅਵੱਲੀ ਮੱਤ ਭੀ ਪ੍ਰਬਲ ਹੋਈ, ਚਲੋ ਹੁਣ ਆਪਾਂ ਸੁਘੜਤਾ ਦੀ ਪ੍ਰਣਾਲੀ ਦੇਖੀਏ ਧਰਮਾਂ ਦੀਆਂ ਪੋਥੀਆਂ ਪੁਸਤਕਾਂ ਲੇਖਕਾਂ ਨੇ ਤੇ ਆਪਣੇ ਰੋਟੀ ਸਾਧਨਾਂ ਲਈ ਪਰ ਨਾਉਂ ਪੀਰ ਪਗੰਬਰ ਤੇ ਔਲੀਏ, ਦੇਵੀ ਦੇਵਤੇ, ਗੁਰੂਆਂ ਦੇ ਵਰਤੇ, ਭਾਵੇਂ ਕਿਸੇ ਦੇ ਭੀ ਆਪਣੇ ਬੋਲ ਕਿਧਰੇ ਅੰਕਤ ਨਹੀਂ, ਵਿਸ਼ੇ ਵੱਲ ਵਧਾਂ ਸਾਡਾ ਧਰਮ ਜੋ ਹੈ ਤਾਂ ਬਹਿਸ ਦਾ ਮੁੱਦਾ ਕਿ 550 ਸਾਲ ਦਾ ਹੈ, ਖੈਰ ਸਾਰੇ ਸੰਤ ਮਾੜੇ ਨਹੀਂ, ਮੈਂ ਇਸ ਬੇਲੋੜੀ ਬਹਿਸ ਵਿੱਚ ਪੈਣਾ ਨੀ ਕੇਵਲ ਦੋ ਸੰਤਾਂ ਦੀ ਨਿੱਜੀ ਦੇਖੀ ਸੇਵਾ ਲਿਖੂੰਗੀ, ਪਹਿਲਾ ਤਾਂ ਸੰਤ ਗੁਰਬਚਨ ਸਿੰਘ ਕੰਬਲੀ ਵਾਲੇ ਖਾੜਕੂਵਾਦ ਨੇ ਸਾਊਥਾਲ ਦੇ ਗੁਰ-ਦੁਆਰੇ ਨੂੰ ਲੁੱਟੋ ਤੇ ਭੰਨ ਤੋੜ ਬੰਦ, ਇਕ ਸਮਾਂ ਆਇਆ ਤਾਂ ਸਵ: ਬੇਅੰਤ ਸਿੰਘ ਨੇ ਬੀੜਾ ਚੁੱਕਿਆ, ਬਹਾਲੀ ਕਰਵਾਈ ਹੈਵਲੋਕ ਦੀ ਫੇਰ ਪਾਰਕ ਐਵੇਨੀਊ ਗੁਰੂ ਘਰ ਵੱਲ ਵਧੇ ਬਾਬਾ ਜੀ ਤੜਕੇ ਆਪਣਾ ਕਿਰਪਾਨ ਫੜ ਗੇਟ 'ਤੇ ਡੱਟ ਗਏ, ਬੇਅੰਤ ਸਿੰਘ ਨੇ ਮੈਨੂੰ ਨਾਲ ਖੜੀ ਕਰਤਾ, ਬਾਬਾ ਜੀ ਬੀਬਾ ਤੂੰ ਪਿੱਛੇ ਰਹਿ ਪਰ ਭਾਅ ਜੀ ਕਹਿੰਦੇ ਸੰਤੋ ਇਹ ਉਨ੍ਹਾਂ ਨੂੰ ਪਛਾਣਦੀ ਹੈ 5 ਹਫ਼ਤੇ ਮੋਰਚੇ ਤੇ ਗੇਟ 'ਤੇ ਪਹਿਰੇਦਾਰਨੀ ਚਲੋ ਜੀ ਕਾਮਯਾਬ ਹੋ ਗਏ ਪੁਲਸ ਦੁਖੀ ਸੀ ਨਿੱਤ ਦੇ ਝਗੜਿਆਂ ਤੋਂ ਹੁਣ ਸੰਤਾਂ ਦੀ ਇਹ ਸੇਵਾ ਕਿਵੇਂ ਭੁਲਾਈਏ, ਦੂਜਾ ਆਏ ਸੰਤ ਬਾਬਾ ਮਾਨ ਸਿੰਘ ਪਿਹੋਵੇ ਵਾਲੇ, ਦੀਵਾਨ ਲਾ ਮਾਇਆ ਸੋਨਾ ਢੇਰ ਸਭ ਗੁਰੂ ਘਰ ਲਈ ਦਿੱਤੀ ਹਫ਼ਤਾ ਭਰ ਕੋਈ ਪਟਰੋਲ ਤੱਕ ਦਾ ਪੌਂਡ ਨਾ ਲਿਆ, ਮੈਂ ਸੰਤ ਪੈਰੋਕਾਰ ਨਹੀਂ ਪਰ ਸੇਵਾ ਕੀਤੀ ਦੀ ਰਿਣੀ ਤੇ ਸਤਿਕਾਰੀ ਹਾਂ ਪਰ ਸਿੱਖ ਕੀਤੀ ਯਾਦ ਰੱਖਣ ਵਾਲੇ ਨੀ ਇਹ ਤਾਂ ਜਿਨ੍ਹਾਂ ਦੇਸ਼ਾਂ ਵਿੱਚ ਗੁਰੂ ਘਰ ਉਸ ਵੇਲੇ ਮਸ਼ੱਕਤਾਂ ਨਾਲ ਖੋਲ੍ਹੇ ਉਨ੍ਹਾਂ ਨੂੰ ਹੀ ਨਹੀਂ ਮਾਣ ਸਤਿਕਾਰ ਦਿੰਦੇ ਬੱਸ ਕਬਜ਼ੇ ਕਰਨ, 84 ਦੀ ਲਹਿਰ ਦੇ ਸ਼ਲਾਰੂ ਆ ਕੇ ਟਿਕੇ ਹੀ ਪੰਥ ਹਨ ਉਹੀ ਸ਼ਹੀਦ ਹਨ, ਦਿਨ ਮਨਾਉ ਭਲੇ ਨੂੰ ਚੈਨਲ ਖੁੱਲ੍ਹ ਗਏ ਕੋਈ ਰੋਕ ਟੋਕ ਨੀ, ਜੋ ਮਰਜੀ ਬੋਲੋ, ਪ੍ਰਚਾਰਕ ਭੀ ਲੋਭੀ ਉਹੀ ਬੋਲਦੇ ਨੇ ਪ੍ਰਬੰਧਕ ਸੁਨਣਾ ਲੋਚਨ ਮੈਂ ਲਿਖਣੋ ਨਹੀਂ ਰਹਿ ਸਕਦੀ ਕਿ ਅੱਜ ਤਾਂ ਗੁਰੂ ਨਾਨਕ ਦਾ ਨਹੀਂ ਸੰਤਾਂ, ਡੇਰਿਆਂ ਦਾ ਧਰਮ ਪ੍ਰਚੱਲਤ ਹੈ। ਮੂਰਤੀ ਪੂਜਾ ਵਿਅਕ-ਤੀਗਤ ਪੂਜਾ ਵਿਵਰਜਤ ਹੈ ਸਾਧੜਾਂ, ਤਮਾਸ਼ੂਤਾਂ ਲਈ ਇਨ੍ਹਾਂ ਲਈ ਕਾਰਗਰ ਹੈ ਫੇਰ ਕਹਿੰਦੇ ਲੋਕ ਡੇਰੀ ਕਿਉਂ ਜਾਂਦੇ ਨੇ ਜਦੋਂ ਹੁਣ ਗੁਰਦੁਆਰੇ ਡੇਰੇ ਬਣ ਗਏ ਫੇਰ ਅੰਤਰ ਕੀ ਹੈ ਜੀ ਬਿਆਸ ਵਾਲਿਆਂ ਰਾਧਾ ਸੁਆਮੀਆਂ ਨੂੰ ਨਸ਼ੇ ਤੋਂ ਦੂਰ ਦੀ ਮੁਹਿੰਮ ਇਨ੍ਹਾਂ ਜੀ ਗੁਰੂ ਡੰਮ ਹੈ ਹਾਲਾਂਕਿ ਉਹ ਗੁਰੂ ਸ਼ਬਦ ਨਹੀਂ ਵਰਤਦੇ ਸਨ ਕੇਵਲ ਮਹਾਪੁਰਸ਼ ਹੁਣ ਫੇਰ ਉਹਦੇ ਦੁਆਲੇ ਮੈਂ ਬਾਬਾ ਚਰਨ ਸਿੰਘ (ਗਰੇਵਾਲ ਪਿੰਡ ਨਾਰੰਗਵਾਲ) ਲੁਧਿਆਣਾ ਛੋਟੇ ਹੁੰਦਿਆਂ ਆਪਣੇ ਪਿੰਡ ਤਿੰਨ ਚਾਰ ਦਿਨ ਦਾ ਸਮਾਗਮ ਕਰਦੇ ਸੀ ਕਹਿੰਦਾ ਬੰਦੋਬਸਤ ਰੀਤ ਹੀ ਨਹੀਂ, ਮੇਰੀ ਮਾਂ ਆਪਣੀ ਭੂਆ ਨਾਲ ਹੀ ਘਰਾਂ ਵਿਆਹੀ ਸੀ, ਦਾਦੀ ਮਾਂ ਜੀ ਨੇ ਪਿਤਾ ਫੌਜ ਵਿੱਚ ਕਰਕੇ ਕਹਿਣਾ ਜਾ ਆਉ ਤਾਂ ਯਾਦ ਹੈ ਭੰਡਾਰੇ ਦਾ ਮਾਲ੍ਹ ਪੂੜੇ ਸਾਨੂੰ ਦਿੰਦੀਆਂ ਸਨ ਨਿਆਣਿਆਂ ਨੂੰ ਪਰ ਗੱਲਾਂ ਸੁਣਦੀਆਂ ਸਨ ਕਿ ਪਤਾ ਨਹੀਂ ਲੱਗਦਾ ਕਿਧਰ ਕੀ ਕੀ ਹੈ ਪ੍ਰਸੰਗ ਤਾਂ ਪਤਾ ਨਹੀਂ ਕੀ ਹੁੰਦਾ ਸੀ ਪਰ ਮੈਂ ਵੈਂਬਲੇ ਸਮਾਗਮ ਵਿੱਚ ਜਾ ਕੇ ਦੇਖਿਆ ਸੀ ਕਿ ਉਹ ਉੱਚੀ ਥਾਂ ਬੈਠੇ ਟੋਪੀ ਵਾਲਾ ਪੋਥੀ ਪੜ੍ਹਦਾ ਸੀ ਚਰਨ ਸਿੰਘ ਜੀ ਮਗਰੋਂ ਵਿਆਖਿਆ ਕਰਦੇ ਸਨ ਕੋਈ ਸਿੱਖ ਧਰਮ ਵਿਰੋਧੀ ਬੋਲ ਨਹੀਂ ਸਨ ਪਰ ਸਾਡੀ ਮਾਨਸਿਕਤਾ ਰੋਗੀ ਹੈ ਅਸੀਂ ਕੂੜ ਨੂੰ ਝੱਟ ਮਨ ਵਸਾ ਲੈਂਦੇ ਹਾਂ ਪੰਜਾਬ ਵਿੱਚ ਕਾਂਗਰਸ ਰਾਜ ਦਾ ਕਾਰਨ ਹੀ ਇਹ ਡੇਰੇ ਹਨ ਜੋ ਭੀ ਡੇਰੇ ਹੁੰਦੇ ਹਨ ਸਰਕਾਰਾਂ ਦੇ ਪਾਲਤੂ ਨੇ ਮੁੱਢ ਕਦੀਮ ਤੋਂ ਹੀ ਅੰਗ੍ਰੇਜ਼ ਰਾਜ ਕੀ ਅਜ਼ਾਦੀ ਕੀ ਕਾਂਗਰਸੀ ਗਰਾਂਟਾਂ ਹੁਣ ਭਾਜਪਾ ਕਿਥੋਂ ਸਿੱਖ ਰਾਜ ਇਸੇ ਸੰਦਰਭ ਵਿੱਚ ਹੁਣ ਦੀ ਦਸ਼ਾ ਪੰਜਾਬ ਦੀ ਚੋਣ ਪ੍ਰਣਾਲੀ ਝੁਰਮਟ ਭੀ ਧਰਮ ਧੁਰੇ ਵਿੱਚ ਘੜੀਸੀ ਜਾ ਰਹੇ ਹੈ ਜੀ ਧਰਮੀ, ਪੰਥਕ ਤੇ ਸਿੱਖ ਸਭ ਅੰਮ੍ਰਿਤਪਾਲ ਨੂੰ ਵੋਟਾਂ ਪਾਵੋ, ਕੱਲ੍ਹ ਹੀ ਇਕ ਪ੍ਰਚਾਰਕ ਨੌਜਵਾਨ ਬੋਲੇ ਦੱਸੋ ਇਹਦਾ ਧਰਮ ਨਾਲ ਕੀ ਨਾਤਾ, ਚੋਣ ਤਾਂ ਰਾਜਨੀਤੀ ਹੈ, ਸਿੱਖ ਮੀਰੀ-ਪੀਰੀ: ਸਿੱਖ ਧਰਮ 'ਤੇ ਹਮਲੇ ਲਈ ਲਲਕਾਰ ਸੀ, ਨਾ ਕਿ ਐਮ.ਪੀ., ਐਮ.ਐਲ.ਏ. ਲਈ, ਅਕਾਲੀ ਦਲ ਪੰਥ ਤਾਂ ਕਹਿੰਦਾ ਹੈ ਕਿ ਅਕਾਲੀ ਦਲ ਖੇਤਰੀ ਪਾਰਟੀ ਹੀ ਨਹੀਂ ਸਗੋਂ ਸਿੱਖ ਧਰਮ 'ਤੇ ਬਾਹਰਲੇ ਧਾਵੇ ਲਈ ਤੱਤਪਰ ਰਹਿੰਦੇ ਨੇ ਪੰਜਾਬ ਵਿੱਚ ਪੰਜਾਬੀ ਸਿੱਖਾਂ ਲਈ ਜੱਦੋ-ਜਹਿਦੀ ਹਨ, ਪਰ ਆਹ ਨਵਾਂ ਹੀ ਰਾਹ ਖੋਲ੍ਹ ਲਿਆ, ਦੁੱਬਈ ਤੋਂ ਤਾਂ ਭਾਰਤੀ ਪਾਸਪੋਰਟ ਹੋਣਾ ਹੀ ਸੀ, ਪਰ ਸਭ ਅਧਾਰ ਤੇ ਕਾਰਡ ਆਦਿ ਬਣਾ ਕੇ ਪਹਿਲਾਂ ਹੀ ਸਿਆਸਤ ਦਾ ਰਾਹ ਸੀ, ਕਿਹੜਾ ਪਰਿਵਾਰ ਗੁਰਸਿੱਖ, ਗੁਰਮੁਖਾ ਵਾਲਾ ਧੁਰਾ ਸਾਬਤ ਕਰ ਰਿਹਾ ਹੈ ਸਗੋਂ ਸਿੱਖ ਪਾਰਟੀ ਦੀਆਂ ਵੋਟਾਂ ਖਰਾਬ ਕਰਨਾ, ਜੋ ਲੋਕ ਬੀਬੀ ਖਾਲੜਾ ਦਾ ਪਾਸਾ ਜੋੜਦੇ ਹਨ, ਸੁਣੋ ਭਾਈ ਜਸਵੰਤ ਸਿੰਘ ਖਾਲੜਾ ਭੀ ਕਾਮਰੇਡ ਬੈਂਸ ਪਰਿਵਾਰ ਨਾਲ ਜੁੜੇਵੇ ਸਨ, ਠੀਕ ਹੈ ਕਦੀ ਅਕਾਲੀ ਦਲ ਨਾਲ ਭੀ ਰੱਲ ਗਏ ਸਨ ਪਰ ਬੀਬੀ ਜੀ ਨੇ ਤਾਂ ਕਸਰ ਨੀ ਛੱਡੀ ਵਿਰੋਧੀ ਬਨਣ ਦੀ, ਪ੍ਰਚਾਰ ਭੀ ਸੱਚਾ ਨਹੀਂ ਜੀ 25000 ਲਾਸ਼ਾਂ ਝੂਠ ਦੇ ਪੈਰ ਨਹੀਂ ਹੁੰਦੇ ਜਬਾਨ ਕਲਾਮ ਜਰੂਰ ਹੁੰਦੀ ਹੈ ਤਾਂ ਹੀ ਤਾਂ ਕੌਮ 'ਤੇ ਸੰਕਟ ਰਹਿੰਦਾ ਹੈ ਦੇਖੋ ਕਿਵੇਂ ਝੁੰਭਰ ਪਾਇਆ ਹੈ ਫੇਰ ਹੁਣ ਲੱਖਾ ਸਿਧਾਣਾ ਭਈਆਂ ਨਾਲ ਯੁੱਧ ਲੁਆਉਣ ਨੂੰ ਉਕਸਾ ਰਿਹਾ ਹੈ ਪਰ ਉਹਨੇ ਭਾਨਾ ਸਿੱਧੂ, ਝੋਟਾ ਕਿਉਂ ਨਹੀਂ ਖੜ੍ਹੇ ਕੀਤੇ ਚੰਗੀ ਤਰ੍ਹਾਂ ਘਾਣ ਕਰੋ ਕਾਂਗਰਸੀ ਸਕੀਮਾਂ ਤਾਂ ਸੀ ਹੀ ਹੁਣ ਭਾਜਪਾ ਹੈ ਤਮਾਸ਼ੇ ਨੇ ਰਾਜਾ ਵੜਿੰਗ ਹੀ ਲੁਧਿਆਣੇ ਤੋਂ ਖੜ੍ਹ ਗਿਆ ਦੱਸੋ ਤੂੰ ਪ੍ਰਧਾਨ ਹੈ ਹੋਰ ਕੋਈ ਬੰਦਾ ਨੀ ਸੀ, ਸਾਰੇ ਹੀ ਫੁੱਲ ਫੁੱਲ 'ਤੇ ਭੌਰਿਆਂ ਵਾਂਗ ਫਿਰਨਾ ਦਸਤੂਰ ਬਣ ਗਿਆ ਹੈ, ਕੌਣ ਬਾਲੀ ਹੈ ਪੰਜਾਬ ਦਾ, ਆਹ ਵਿਦੇਸ਼ੀ ਨਾਲੋਂ ਪੰਡ ਕਾਹਲੀ ਇਹ ਹੁਣ ਆਹ ਸਾਰਾ ਸਮਾਂ ਕੰਨ ਖਾਣਗੇ ਲੋਕਾਂ ਦੇ ਚੈਨਲਾਂ 'ਤੇ ਆਮ ਆਦਮੀ ਪਾਰਟੀ ਵਾਲਾ ਫੰਡ ਭੀ ਹੂੰਝ ਜਾਣਗੇ ਅੰਮ੍ਰਿਤਪਾਲ ਫੰਡ।

ਲਉ ਸੁਣੋ ਜੀ ਕੁਝ ਤਾਜ਼ੀਆਂ ਤੇ ਬਾਸੀਆਂ ਵੀਰਵਾਰ ਨੂੰ ਦੇਸ਼ ਵਿੱਚ ਕੌਂਸਲ ਤੇ ਮੇਅਰਾਂ ਦੀਆਂ ਚੋਣਾਂ, ਅੱਗੇ ਤਾਂ ਘਰਾਂ ਦੇ ਕੁੰਡੇ ਖੜਕਾ ਕੇ ਸਿਰ ਦੁਖਣ ਲਾ ਦਿੰਦੇ ਸੀ, ਹੁਣ ਸਾਡੇ ਵੱਲ ਤਾਂ ਜੀ.ਐਲ.ਏ. ਤੇ ਲੰਡਨ ਮੇਅਰ ਦੀ ਚੋਣ ਹੈ ਕੌਂਸਲ ਦੀਆਂ ਨਹੀਂ ਅਗਲੇ ਸਾਲ ਗੱਲ ਇਹ ਹੈ ਈ.ਯੂ. ਵਿੱਚੋਂ ਤਾਂ ਨਿਕਲ ਆਏ ਮੰਡੀ ਵਿੱਚੋਂ ਬਾਹਰ ਪਰ ਢੋਅ ਕੇ ਸਭ ਮਾਲ ਇਥੇ ਲਿਆਂਦਾ, ਸਾਰਾ ਯੂਰਪ ਦੇਸੀ, ਭਾਈਬੰਦ ਟੱਬਰ ਇਥੇ ਆਪ ਉਥੇ, ਆਪ ਇਥੇ ਟੱਬਰ ਉਥੇ ਇਹ ਸਹੂਲਤ ਤਾਂ ਟੋਰੀਆਂ ਦੀ ਮਿਹਰਬਾਨੀ 'ਤੇ ਅਸੀਂ ਵਹੀਰਾਂ ਘੱਤ ਵੋਟਾਂ ਪਾਈਆਂ ਕਿਉਂਕਿ ਯੂਰਪ ਨੇ ਕਾਨੂੰਨਾਂ ਨਾਲ ਸਾਡੀ ਕੰਡ ਤੋੜ ਤੀ, ਹੁਣ ਹੋਰ ਧੌਣ ਭਨਾਉਂਦੇ ਹਾਂ, ਸਭ ਇਕੋ ਪਾਸੇ ਵੋਟਾਂ ਪੈਣਗੀਆਂ ਜਿੰਨੀ ਦੇਰ ਰਲ੍ਹੀ ਮਿਲੀ ਸਰਕਾਰ ਜਾਂ ਫੇਰ ਘੱਟ ਮਾਰਜਨ ਨਾਲ ਹੋਵੇ ਲੋਕਾਂ ਦੇ ਹੱਕ ਵਿੱਚ ਨਹੀਂ ਹੁੰਦੀ ਪਰ ਸੱਚ ਤਾਂ ਇਹ ਹੈ ਕਿ ਭੱਤਾ ਪ੍ਰਾਪਤੀ ਨਾਲੇ ਕੰਮ ਭੀ ਕਰੀ ਜਾਂਦੇ ਨੇ ਤਾਂ ਖੁਸ਼ ਹਨ ਪਰ ਜਿਨ੍ਹਾਂ ਨੇ ਬਿਜਲੀ, ਗੈਸ, ਪਾਣੀ ਕੌਂਸਲ ਟੈਕਸ ਗਾਰਡ ਦਾ ਪੱਤਾ ਸੁੱਤਾ ਚੁੱਕਣ ਵਿੱਚ ਵਾਧੇ ਨਾਲ ਲੱਕ ਤੁੜਵਾਉਣਾ ਹੈ, ਜਿਹੜੀ ਪਾਰਟੀ ਖਰਚੇ ਵੱਧ ਕਰੇ ਤਾਂ ਟੈਕਸ ਵੱਧ ਲਾਊ ਹੁਣ ਕਹਿੰਦੇ ਮੌਸਮ, ਮੀਂਹ ਠੰਡ ਕਰਕੇ ਫਸਲਾਂ ਦੀ ਤਬਾਹੀ ਤਾਂ ਆਟਾ, ਦੁੱਧ, ਬ੍ਰੈਡ, ਬਿਸਕੁਟ ਸਭ ਮਹਿੰਗੇ ਜੇ ਮੈਂ ਸੁਝਾਵਾਂ ਕਿ ਚਲੋ ਭਾਈ ਬ੍ਰੈਡ ਬਿਸਕੁਟ ਤਾਂ ਨਾ ਵਰਤੋ ਦੇਸੀ ਨਾਸ਼ਤਾ ਪਰੌਂਠਾ ਚਾਹ ਨਾਲ ਸਾਰੋ ਤਾਂ ਭੀ ਗੈਸ ਭੀ ਮਹਿੰਗਾ ਤੇ ਆਟਾ ਭੀ ਪਰ ਉਨਾ ਨਹੀਂ ਘਾਟਾ ਪੈਣਾ ਫੇਰ ਭੀ, ਆਮ ਚੋਣਾਂ ਭੀ ਸ਼ਾਇਦ ਇਸੇ ਸਾਲ ਆ ਵੱਜਣ, ਖਰਚਾ ਵਾਧੂ ਫੇਰ ਅਗਲੇ ਸਾਲ ਕੌਂਸਲ ਦੀਆਂ ਸਰਕਾਰ ਬਦਲ ਗਈ ਤਾਂ ਇਕ ਵਰਗ ਤਾਂ ਪ੍ਰਸੰਨ ਪਰ ਦੂਜੇ ਦੀ ਢੂਹੀ ਭੰਨ ਹੋਣੀ ਏ ਭਾਵੇਂ ਲੁਕਮੇ ਟੈਕਸਾਂ ਨਾਲ ਬਟੂਏ ਤਾਂ ਸਭ ਦੇ ਹੀ ਠੰਡੇ ਹੋਣੇ ਨੇ, ਸੰਸਾਰ 'ਤੇ ਹੇਠਲੀ ਉਤੇ ਲਿਆਉਣ ਵਾਲੇ ਤਾਂ ਤਿੰਨ ਦੇਸ਼ ਹਨ, ਅਮਰੀਕਾ ਰੂਸ ਤੇ ਚੀਨ, ਤਜਰਬੇ ਕਰਕੇ ਵਾਤਾਵਰਣ ਖਰਾਬ, ਬੀਮਾਰੀਆਂ ਫਲਾਉਣ ਤੇ ਜੰਗ ਲਾਉ ਟਿਕਣ ਨੀ ਦੇਣਾ, ਖਰਬੂਜੇ ਨੂੰ ਦੇਖ ਕੇ ਰੰਗ ਪਕੜਨ ਵਾਲੀ ਕਹਾਵਤ ਸਕਾਟਲੈਂਡ ਵਿੱਚ ਕਹਿੰਦੇ ਚੱਲ ਮੀਆਂ ਛੱਡ ਕੁਰਸੀ ਹਾਲੇ ਲੰਡਨ ਵਿੱਚ ਇਹ ਭਾਵੀ ਨੀ ਵਰਤੀ ਕਿ ਚਲੋ ਲਾਲਾ ਜੀ ਜਾ ਕੇ ਪੂਜਾ ਕਰੋ ਗਊ ਮਨਸੋ।

ਕਿਵੇਂ ਬਦਲ ਗਏ ਸਾਡੇ ਭਾਈਚਾਰੇ ਦੇ ਤੇ ਸੱਭਿਅਤਾ ਦੇ ਵਤੀਰੇ, ਕਰੋਨਾ ਨੇ ਘਰੀਂ ਪਰੌਣੇ ਤਾਂ ਉੱਕਾ ਹੀ ਹਟਾਤੇ, ਪਰਿਵਾਰ ਭੀ ਵੰਡੇ ਗਏ, ਇਹਦੇ ਨਾਲ ਭਾਵੇਂ ਮਹਾਂਮਾਰੀ 'ਤੇ ਕੋਈ ਅਸਰ ਪਿਆ ਜਾਂ ਨਾ ਪਰ ਜੀਵਨ 'ਤੇ ਤਾਂ ਡੂੰਘਾ ਪਿਆ, ਘਰੀਂ ਕੋਈ ਸੱਦਦਾ ਨੀ ਕੋਈ ਜਾਂਦਾ ਨੀ, ਬੱਸ ਗੁਰਦੁਆਰੇ ਪਾਠ, ਵਿਆਹ ਜਾਂ ਸਮਾਗਮ ਅੰਤ ਸਸਕਾਰਾਂ 'ਤੇ ਮਿਲ ਲਵੋ, ਹਾਸੇ ਦੀ ਗੱਲ ਬਜ਼ੁਰਗਾਂ ਨੂੰ ਤਾਂ ਬਿਸਕੁਟ ਘਰੀਂ ਰੱਖਣੇ ਲੋੜ ਨੀ ਕੀਹਨੇ ਆਉਣਾ ਮਿਲਣ ਲਈ, ਰਹੀ ਗੱਲ ਜੁਆਕਾਂ ਦੀ ਉਨ੍ਹਾਂ ਨੂੰ ਆਖ ਕੇ ਦੇਖੋ ਕਿ ਆਹ ਮਹਿੰਗੀ ਹੈ ਨਾ ਲਿਆਵੋ ਉਹ ਤਾਂ ਅਡੰਬਰ ਕੇ ਬੋਲਣਗੇ ਕਿਉਂਕਿ ਉਨ੍ਹਾਂ ਨੂੰ ਖਰਚੇ ਦੀ ਚਿੰਤਾ ਨਹੀਂ ਚਲੋ ਖੁਸ਼ ਰਹਿਣ ਗੁਰੂ ਘਰ ਨਗਰ ਕੀਰਤਨ 'ਤੇ ਤਾਂ 80 ਹਜ਼ਾਰ ਤੋਂ ਭੀ ਵੱਧ ਪੌਂਡ ਸੜਕਾਂ ਬੰਦ ਸਕਿਉਰਿਟੀ ਜੋ ਬੱਸ ਝੰਗੀਆਂ ਪਾ ਕੇ ਖੜਨ ਲਈ, ਪੁਲਸ ਘੁੰਮਦੀ ਫਿਰ ਕੌਂਸਲ ਨੇ ਕੂੜਾ ਢੋਹਣਾ ਏ, ਪਰ ਰਾਸ਼ਨ ਕੀ ਚਾਹੀਦਾ ਹੈ ਦੇ ਨੋਟਿਸ ਲੱਗ ਗਏ ਜੀ ਆਟਾ, ਬਰਾਊਨ ਸ਼ੂਗਰ, ਅਨਸਾਲਟਡ ਬਦਰ ਦੁੱਧ ਆਦਿ ਘਾਟਾ ਹੈ ਪਰ ਸੰਗਤਾਂ ਦਾ ਔਹ ਚੜ੍ਹਾਵਾ ਵਰਤਣ ਲੱਗਿਆਂ ਕਿਰਕ ਨਹੀਂ ਥਾਪੀਆਂ ਦੇਵਾਂ ਧਨ ਦੀ ਨਿਰਾਦਰੀ ਕਰੋ ਚੜ੍ਹਾਵਾ ਬੇਕਿਰਕੀ ਨਾਲ ਵਰਤੋ ਫੇਰ ਆਖੋ ਲੋਕਾਂ ਨੂੰ ਪਤਾ ਨਾ ਲੱਗੇ ਕੱਲ੍ਹ ਹੀ ਪਰਿਵਾਰਕ ਜੋੜੇ ਦਾ ਟੈਲੀਫੂਨ ਆਇਆ ਤਾਂ ਸਾਂਝਾ ਪਾਈਆਂ ਕਿ ਧਰਮ ਕਿਸ ਪਾਸੇ ਜਾ ਰਿਹਾ ਹੈ ਪੁਰਾਣਾ ਤਾਂ ਪਰ੍ਹਾਂ ਕਰਤਾ, ਧਰਮ ਨੂੰ ਵੰਡਣ ਵਿੱਚ ਇਹ ਹੀ ਜ਼ਿੰਮੇਵਾਰ ਹੋਣਗੇ ਇਥੋਂ ਦੇ ਤੀਸਰੀ ਪੀੜ੍ਹੀ ਨੇ ਨਹੀਂ ਮੰਨਣਾ, ਬਾਗੀ ਹੋਣਗੇ ਇਕ ਇੰਕਸ਼ਾਫ ਜੋ ਬੋਲੀ, ਭਾਸ਼ਾ ਅੱਜ ਦੇ ਇਹ ਗੁਰਸਿੱਖ ਮੁੰਡੇ ਬੜੇ ਭੱਦੀ ਹੀ ਬੋਲੀ ਬੋਲਦੇ ਨੇ ਪਰ ਨਾਲ ਹੀ ਅਸ਼ਲੀਲ ਤੇ ਮੰਦੀ ਭਾਸ਼ਾ ਤੇ ਬੋਲੀ ਨੂੰ ਆਹ ਨੇਤਾ ਲੋਕ ਸ਼ਬਦਾਵਲੀ ਆਖਦੇ ਨੇ ਲੱਗਦਾ ਇਨ੍ਹਾਂ ਨੂੰ ਸ਼ਬਦਾਵਲੀ ਦੇ ਅਰਥ ਨਹੀਂ ਆਉਂਦੇ ਭਾਈ ਇਹ ਸ਼ਬਦਾਂ ਤੋਂ ਬਣੀ ਬੋਲੀ ਨੂੰ ਆਖਦੇ ਨੇ ਸਮਝੋ ਸਾਡੀ ਤਾਂ ਸੱਭਿਅਤਾ ਦੇ ਤੇਵਰ ਹੀ ਬਦਲ ਧਰੇ ਇਹ ਦੇਸ਼ ਲੈਂਦਿਆਂ ਲੈਂਦਿਆਂ ਨੇ ਸੂਬੇ ਵਿੱਚ ਧਮੁਸੂਲੀ ਚੱਕੀ ਪਈ ਹੈ, ਲੋਕੀ ਇਨ੍ਹਾਂ ਤੋਂ ਮਾਰੇ ਭਾਜਪਾ ਦਾ ਪੱਲਾ ਫੜ ਰਹੇ ਹਨ ਸਿੱਟੇ ਦੇਖ ਲਿਉ ਸ਼੍ਰੋਮਣੀ ਕਮੇਟੀ ਦੀ ਮੁਲਾਜਮਤ ਘੋਖ ਲਵੋ ਇਕ ਫੀਸਦੀ ਜੱਟ ਨੀ ਹੋਣੇ ਆਹ ਅੰਮ੍ਰਿਤਪਾਲ ਵਹੀਰਾਂ, ਹੁਣ ਰਾਹੀਰਾਂ, ਅੰਗਲੀ ਸੰਗਲੀ ਜਾਤ ਬਰਾਦਰੀ ਜਿਮੇ ਇੱਲ੍ਹਾਂ ਇਕੱਠੀਆਂ ਹੁੰਦੀਆਂ ਨੇ ਝੁਰਮਟ ਪਾਇਆ ਪਿਆ ਜਿਮੇ ਉਹ ਕੋਈ ਔਲੀਆ ਹੈ।

ਕੱਲ੍ਹ ਦੀ ਭੂਤਨੀ ਸਿਵਿਆਂ ਵਿੱਚ ਅੱਧ ਸਿਆਸਤ ਤੋਂ ਪੜ੍ਹਸਾਸਤ ਹੈਰਾਨੀ ਦੇਖੋ ਸਦੀ ਤੋਂ ਵੱਧ ਪੁਰਾਣੀ ਪਾਰਟੀ ਫੇਰ ਕੁਰਬਾਨੀਆਂ ਭਰੀ ਕਹਿੰਦੇ ਜੀ ਅਕਾਲੀ ਦਲ ਆਪਣਾ ਨੁਮਾਇੰਦਾ ਹਟਾਵੇ ਭਲਾ ਕਿਉਂ, ਕੀ ਤੁਸੀਂ ਉਹਦੇ ਵਿਧਾਨ ਵਿੱਚ ਹੋ ਜਾਂ ਕਿ ਸਹਿਮਤੀ ਨਾਲ ਖੜਾ ਕੀਤਾ, ਚਲੋ ਜੀ ਜੇ ਨਹੀਂ ਭੀ ਪੁੱਛਿਆ (ਬਾਕੀ ਹਿਸਾ ਸਫਾ 42 ਤੇ ਪੜ੍ਹੋ)

41 ਸਫ਼ੇ ਦਾ ਬਾਕੀ ਹਿਸਾ


ਹੁਣ ਤੁਸੀਂ ਉਹਨੂੰ ਵੋਟਾਂ ਪੁਆਉ, ਇਧਰ ਆਹ ਦੇਖੋ ਦੋ ਚੈਨਲਾਂ 'ਤੇ ਕਿਵੇਂ ਭੈਰਮੀ ਚੱਕੀ ਹੈ ਜੀ ਅਕਾਲ ਤਖ਼ਤ ਦਾ ਜਥੇਦਾਰ ਹੁਕਮ ਕਰੇ, ਅਕਾਲੀ ਦਲ ਨੂੰ ਭਲੇਮਾਣਸੋ ਤੁਹਾਡਾ ਜਥੇਦਾਰ ਤਾਂ ਹਵਾਰਾ ਹੈ ਉਹ ਕਰੇ ਮਾਨ ਦਲ ਨੂੰ ਹੁਕਮ ਕਿ ਈਮਾਨ ਸਿੰਘ ਨੂੰ ਹਟਾ ਕੇ ਅੰਮ੍ਰਿਤਸਰ ਤੋਂ ਮਾਤਾ ਨੂੰ ਖੜ੍ਹੀ ਕਰ ਦੇਵੇ, ਅਕਾਲੀ ਦਲ ਦਾ ਕੀ ਵਾਸਤਾ ਚੋਣਾਂ ਲੜੀ ਜਾਵੇ ਉਹ ਭੀ ਤਾਂ ਪੰਥ ਦੇ ਵਿਰੁੱਧ ਹੀ ਖੜਨ ਲੱਗਾ ਹੈ ਉਹਨੂੰ ਕਿਉਂ ਨਾ ਹਟਾਵੇ, ਅਕਾਲ ਤਖ਼ਤ ਅਸਲ ਵਿੱਚ ਇਹ ਆਪਣੀ ਕਿੜ ਕੱਢ ਰਹੇ ਨੇ ਇਕ ਤਾਂ ਅਖ਼ਬਾਰ ਨੂੰ ਤੇ ਯੂ: ਟਿਊਬ ਚੈਨਲ ਨੂੰ ਸੁਖਬੀਰ ਬਾਦਲ ਨੇ ਟਹੂਏ ਨਾ ਦਿੱਤੇ, ਦੂਜਾ ਇਹ ਹੋਰ ਧੜਾ ਹੈ ਇਕ ਹੋਰ ਰੇਡੀਉ ਭੀ ਤਾਂ ਜੋ ਚਲਾ ਨਾ ਸਕਿਆ ਤੇ ਸੁਖਬੀਰ ਨੇ ਹਾਮੀ ਨਾ ਭਰੀ ਤਾਂ ਉਲਟ ਸਭ ਨਿੱਜੀ ਲਾਹੇ ਭੁੜਕਦੇ ਨੇ, ਪਰ ਬਾਦਲ ਨਹੀਂ, ਕੀ ਕੁਰਬਾਨੀ ਹੈ ਅੰਮ੍ਰਿਤਪਾਲ ਦੇ ਪਰਿਵਾਰ ਦੀ, ਹਾਂ ਦੁੱਬਈ ਵਿੱਚ ਉਹ ਭੀ ਟਰੱਕ ਚਲਾਉਂਦਾ ਸੀ, ਅੰਮ੍ਰਿਤਪਾਲ ਦੇ ਪਰਿਵਾਰ ਦਾ ਭੀ ਇਹੀ ਵਪਾਰ ਸੀ ਫੇਰ ਦੀਪ ਸਿੱਧੂ ਮਾਨ ਦਲ ਨਾਲ ਕਲਸੀ ਫਿਲਮ ਦੁਨੀਆਂ ਵਿੱਚ ਸਭ ਤਾਰਾਂ ਜੜੁੱਤ ਨੇ ਕੇਸ ਸਿਫ਼ਰ ਨਹੀਂ, ਪਰ ਅਕਾਲੀ ਦਲ ਨਾਲ ਖਹਿਬੜਨ ਦਾ ਕੀ ਅਰਥ ਮਾਨ ਦਲ ਨੇ ਅਪਨਾ ਲਿਆ, ਲੜੋ ਚੋਣ ਪਿਤਾ ਭੀ, ਚਾਚਾ ਭੀ, ਮਾਂ ਭੀ ਕਿਵੇਂ ਪੱਬਾਂ ਭਾਰ, ਸੰਗਤ ਦੇ ਹੁਕਮ ਪਤਾ ਨੀ ਕਿਹੜੀ ਸੰਗਤ ਆਪ ਹੀ ਸਭ ਨੇ ਬਿਗਾਨੀ ਸ਼ਾਹ ਮਿੱਠੀ ਹੀ ਹੁੰਦੀ ਹੈ। ਆਹ ਇਥੇ ਚੈਨਲਾਂ 'ਤੇ ਚੀਕ ਚਿਹਾੜਾ ਧਰਮ ਹੈ ਲਾਭ ਲਾਹੇ ਨੇ ਦੁਸ਼ਮਣ ਏਜੰਸੀਆਂ ਨੂੰ ਰੁੰਡੇ ਦੇਣੇ ਤਾਂ ਜੁਆਰ ਦੇ ਦਾਣੇ ਨੇ ਪੰਡਾਂ ਸੁੱਟ ਰਹੇ ਨੇ ਇਹ ਚੱਬਣ ਨੂੰ ਕਾਹਲੇ ਕੋਈ ਪੰਥ ਨਹੀਂ, ਧਰਮ ਨਹੀਂ ਤੇ ਖਾਲਿਸਤਾਨ ਨਹੀਂ, ਨਿੱਜਸਥਾਨ ਨੇ ਕੌਮ ਦਾ ਭੁੱਗਾ ਕੁੱਟ ਹੋ ਰਿਹਾ ਹੈ ਸੂਬੇ ਦੀ ਤਬਾਹੀ, **ਲਾ ਕੇ ਦੰਦਾਂ ਵਿੱਚ ਮੇਖਾਂ ਮੌਜ ਸੁਨਿਆਰਾ ਲੈ ਗਿਆ** ਵਾਲੀ ਕਹਾਣੀ ਬਨਣੀ ਹੈ। ਮੱਧ ਵਰਗ ਪਿਛਾਂਹ ਤੇ ਟੋਲਾ ਅਗਾਂਹ, ਆਮ ਪਾਰਟੀ ਦੇ ਵੇਲੇ ਵਾਲੀ ਫੇਰ ਹੋਣੀ ਹੈ ਅਜਾਰ ਹਨ ਖੇਤਰੀ ਪਾਰਟੀ ਨੂੰ ਢਾਹੁਣ ਲਈ ਕੇਂਦਰ ਪੱਬਾਂ ਭਾਰ ਇਹ ਮਸਖ਼ਰੇ ਹੱਥ ਠੋਕੇ, ਅਖੇ ਪੰਥਕ ਹਾਂ ਕੁਪੰਥਕਾਂ ਦੀ ਫੇਰ ਕੀ ਪਛਾਣ, ਕਸਰ ਹੈ, ਪ੍ਰਸ਼ਨ ਕਰਨੇ ਪੱਤਰਕਾਰ ਦਾ ਕਿੱਤਾ ਹੁੰਦਾ ਹੈ ਥੋੜੀ ਲਾਹ ਦਿੰਦੇ ਨੇ ਪਰ ਕਦੀ ਰਾਸ਼ਟਰੀ ਅਖ਼ਬਾਰ ਇਨ੍ਹਾਂ ਦੀ ਹਾਮੀ ਭਰਦੇ ਨੇ ਇਹ ਤਕਰਾਰ ਨੇ ਉਧਰ ਵਕੀਲ ਦੇਖੋ ਰੇੜੀਆਂ 'ਤੇ ਗਾਹਕ ਲੱਭਣੇ ਭਾਈ ਜੇ ਨਹੀਂ ਚੱਲਦੀ ਤਾਂ ਕਿਸੇ ਵਕੀਲ ਦੇ ਮੁਨਸ਼ੀ ਹੀ ਲੱਗ ਜਾਵੋ ਕੌਮ ਦਾ ਕਿਉਂ ਨਮੂਜ਼ ਕੱਢਣ ਲੱਗੇ ਹੋ ਕਿਆ ਭਕਾਈਆਂ ਡਬਰੂਗੜ੍ਹ ਜੇਲ੍ਹ ਕਾਲੇ ਪਾਣੀ ਇਨ੍ਹਾਂ ਸੂਬਰਿਆਂ ਨੂੰ ਪੁੱਛੋ ਕਾਲੇ ਪਾਣੀ ਪਰਿਵਾਰ ਜਾ ਸਕਦੇ ਸੀ, ਸ਼੍ਰੋਮਣੀ ਕਮੇਟੀ ਸਿਆਲਕਾ ਵਕੀਲ ਨੀ ਬੋਲਦਾ ਕਿ ਪਰਿਵਾਰਾਂ ਨੂੰ ਮਿਲਾਉਣ 'ਤੇ ਕਿੰਨਾ ਖਰਚਾ ਹੋਇਆ, ਵਕੀਲਾਂ 'ਤੇ ਕਿੰਨਾ ਜੀ ਕੋਈ ਗੁਨਾਹ ਕੀਤਾ ਨੀ, ਠਾਣਾ ਘੇਰਿਆ ਕੋਈ ਜੁਰਮ ਬੰਦਾ ਅਗਵਾਹ ਕਰਕੇ ਕੁੱਟਣਾ ਭੀ ਕੋਈ ਕੇਸ ਹੈ, ਬੱਸ ਜੀ ਅੰਮ੍ਰਿਤਪਾਲ ਤਾਂ ਔਲੀਆ ਹੈ, ਵਕੀਲ ਨੇ ਕਿ ਕੋਹਾ ਦੇਣੇ ਕੱਲ੍ਹ ਇਕੋ ਹਿੰਦੂ ਨੌਜਵਾਨ ਮੈਂ ਤੇ ਬੇਟੀ ਗੁਰਦੁਆਰੇ ਤੋਂ ਆ ਰਹੀਆਂ ਸੀ, ਨਹਿਰ ਦੇ ਪੁੱਲ 'ਤੇ ਪੁਲਸ ਦੋ ਨਸ਼ੇੜੀ ਘੇਰੀ ਖੜੀ, ਅਸੀਂ ਦੇਖਣ ਖੜ ਗਏ, ਬੇਟੀ ਪੁਲਸ ਨੂੰ ਸੂਚਿਤ ਕਰਦੀ ਰਹਿੰਦੀ ਹੈ ਨੌਜਵਾਨ ਭੀ ਗੱਲਾਂ ਲੱਗਾ ਕਹਿੰਦਾ ਪੰਜਾਬ ਵਿੱਚ ਨਸ਼ੇ ਦੀ ਗੱਲ ਇਥੇ ਆਹ ਕੀ ਹੈ, ਦੱਸਣ ਲੱਗਾ ਪਿਤਾ ਜਲੰਧਰ ਦਾ ਵਕੀਲ ਸੀ ਦੋ ਸਾਲ ਫੌਤ ਮੈਂ ਤਾਂ ਕਈ ਸਾਲ ਹੋਗੇ ਨਾਲ ਹੀ ਗਿਆ ਸੀ ਹੁਣ ਕੋਠੀ ਖਾਲੀ ਕਿਰਾਏ ਵਾਲੇ ਭੰਨ ਤੋੜ ਗਏ ਜਾਣ ਤੋਂ ਘਬਰਾਹਟ, ਉਥੇ ਸਿਆਸੀ ਭੰਬੂਤਾਰੇ ਇਥੇ ਕੁਝ ਸੰਸਥਾਵਾਂ ਭਾਈਚਾਰਾ ਪਾੜ ਰਹੇ ਨੇ ਪਰ ਮੈਂ ਤਾਂ ਇਥੋਂ ਦਾ ਜੰਮਪਲ ਹਾਂ, ਮੇਰੀ ਬੇਟੀ ਭੀ ਪਰ ਉਹ ਤਾਂ ਪੰਜਾਬ ਨੂੰ ਬਹੁਤ ਲੋਚਦੀ ਹੈ, ਹੈਰਾਨ ਹੋਇਆ ਚਲੋ ਗੱਲ ਤੋਂ ਭਾਵ ਕਿ ਅਸੀਂ ਹਰ ਦੇਸ਼ ਵਿੱਚ ਖਰੂਦ ਪਾ ਦਿੰਦੇ ਹਾਂ, ਧਰਮ ਉੱਤਮ ਸੀ ਪਰ ਮਧੋਰਾ ਕਰਕੇ ਸਾਹ ਲੈਣਗੇ, ਜਾਤਾਂ ਪਾਤਾਂ ਵਾਲੇ ਤਾਂ ਕਹਿੰਦੇ ਗੁਰੂ ਨੇ ਸਾਨੂੰ ਉੱਚੇ ਕਰਤਾ ਹੁਣ ਉਹ ਥੱਲੇ ਨਹੀਂ ਉਤਰਦੇ। ਕੀ ਗੁਰੂ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ 'ਤੇ ਕੰਮ ਕਰਨ ਲਈ (ਗੁਰੂ ਗ੍ਰੰਥ) ਦੀ ਵਰਤੋਂ ਕਰਿਉ ਧਰਮ ਨੂੰ ਸੁਪਰ ਮਾਰਕੀਟ ਬਣਾ ਦਿਉ ਕਦੋਂ (ਗੁਰੂ ਗੋਬਿੰਦ ਸਿੰਘ) ਕੋਲ ਸਮਾਂ ਸੀ ਇਸ ਤਰ੍ਹਾਂ ਦੀਆਂ ਬਾਤਾਂ ਦਾ ਉਹਨੇ ਤਾਂ ਯੁੱਧ ਵਿੱਚ ਕੁੱਦਣਾ ਸੀ, ਬੱਸ ਹਰ ਪ੍ਰਸੰਗ ਗੁਰੂ ਨਾਲ ਜੋੜ ਕੇ ਕਮਾਈ ਸਾਧਨ ਕੱਲ੍ਹ ਇਕ ਪ੍ਰਚਾਰਕ ਦੀ ਸੁਣੋ ਗੁਰੂ ਲਾਧੋ ਰੇ ਸ਼ਰਧਾਲੂ ਮੱਖਣ ਸ਼ਾਹ ਲੁਬਾਣੇ ਦੀ ਸੁੱਖ ਪੂਰੀ ਹੋਈ ਤੇ ਸ਼ਰਧਾਲੂ ਜਾਣ ਲੱਗ ਪਏ, ਇਕ ਕਹਿੰਦਾ ਮੇਰੀ ਭੀ ਇੱਛਾ ਪੂਰੀ ਹੋ ਗਈ ਤਾਂ ਪਿੱਛਿਉਂ ਟੈਲੀਫੂਨ ਆਉਣ ਲੱਗ ਪਏ ਅਜਿਹੇ ਪਖੰਡੀ ਦਾ ਟੋਟਣ ਲਾਲ ਹੋ ਜਾਵੇ ਤਾਂ ਹੋਸ਼ ਆਵੇ ਚਿੰਤਾ ਖਾਂਦੀ ਹੈ ਕਿ ਧਰਮ ਦੇ ਕਿੰਨੇ ਕੁ ਟੁੱਕੜੇ ਹੋ ਜਾਣਗੇ, ਮੋਦੀ ਸਾਹਬ ਵਿਧਾਨ ਬਦਲ ਦੇਣ ਤਾਂ ਘੱਟੋ ਘੱਟ ਰਿਜ਼ਰਵੇਸ਼ਨ ਮੁੱਕੇ ਡਾ: ਅੰਬੇਡਕਰ ਦਾ ਪਾਇਆ ਪਾੜਾ ਭਰ ਹੋਵੇ, ਬਰਤਾਨਵੀ ਅਡੰਬਰ ਰਚਨੇ ਭੀ ਕੁਝ ਸੁਧਰ ਜਾਣ ਜੇਕਰ ਕੋਈ ਕਾਨੂੰਨ ਬਣ ਜਾਵੇ ਨਹੀਂ ਤਾਂ ਟਿੱਡੀਪਿਲਪੀਹੀ ਨੂੰ ਜੁਕਾਮ ਹੋਇਆ ਹੀ ਰਹੂ, ਮੈਂ ਤਾਂ ਕਠੋਰ ਲਿਖਤਾਂ ਤੋਂ ਹੱਟਣਾ ਨਹੀਂ ਮੇਰੀ ਇਹ ਸਮਾਜ ਸੇਵਾ ਹੈ ਦਿਉ ਅਸੀਸ ਸੁਣੇ ਜਗਦੀਸ਼।

## ਵਿਸ਼ੇਸ਼ ਵਿਸ਼ਲੇਸ਼ਣ, ਅਲੋਚਣ ਪੜਚੋਲ ਮੁੱਦਾ ਚਮਕੀਲਾ ਫਿਲਮ ਦਿਲਜੀਤ ਦੁਸਾਂਝ

ਸਿੱਖ ਸਿਆਸਤ, ਪੜਸਾਬਣ ਤੇ ਉਕਸਾਬਣ ਕੌਣ ਸੀ ਚਮਕੀਲਾ ਸਾਡੇ ਪਿੰਡੋਂ ਨਿਕਲ ਅੱਧੇ ਮੀਲ 'ਤੇ ਛੋਟਾ ਪਿੰਡ ਵਸਾਇਆ, ਪਰ ਉਹ ਸਾਡੇ ਪਿੰਡ ਦਾ ਨਉਂ ਹੀ ਵਰਤਦਾ ਸੀ ਛੋਟੇ ਦਾ ਨਹੀਂ, ਹੁਣ ਦੁੱਗਰੀ ਤਿੰਨ ਕੁ ਮੀਲ 'ਤੇ ਜਾ ਵੱਸਿਆ ਅਨੁਚਿਤ ਜਾਤੀ, ਗਾਇਕੀ ਦੀ ਪ੍ਰਸਿੱਧੀ ਕਰਕੇ ਸਾਡੇ ਪਿੰਡ ਦੇ ਜੁਆਨ ਭੀ ਮਾਣ ਮੱਤੇ, ਕਤਲ ਕਰਕੇ ਹੁਣ ਫਿਲਮ ਬਣੀ ਪਰ ਮੈਨੂੰ ਉਦੋਂ ਭੀ ਪਿੰਡੋਂ ਆਹ ਖ਼ਬਰਾਂ ਹੀ ਮਿਲੀਆਂ ਸਨ ਕਿ ਅਮਰ ਚਮਕੀਲੇ ਨੂੰ ਖਾੜਕੂਆਂ ਨੇ ਫਰੌਤੀਆਂ ਕਰਕੇ ਮਾਰਿਆ ਏ, ਫਿਲਮ ਵਿੱਚ ਦਿਲਜੀਤ ਦੁਸਾਂਝ ਨੇ ਅਦਾਕਾਰੀ ਕੀਤੀ, ਨੁਕਤਾਚੀਨੀ ਜੀ ਸਿੱਖਾਂ ਦੇ ਚਰਿੱਤਰ ਨੂੰ ਮਾਣ ਸਨਮਾਨ ਨਹੀਂ ਦਿੱਤਾ, ਦਲਜੀਤ ਨੇ ਕਿਉਂ ਖਾੜਕੂਆਂ ਨੂੰ ਭਲੇਮਾਣਸ ਨਹੀਂ ਆਖਿਆ-ਪਰ ਕੀ ਅਤਿਵਾਦੀ ਆਖਣ 'ਤੇ ਤਾਂ ਭਮਕਦੇ ਨੇ ਖਾੜਕੂ ਤੇ ਹੁੱਭਧੇ ਨੇ ਸੱਚ ਤਾਂ ਇਹ ਹੈ ਕਿ ਨਾ ਤਾਂ ਚਮਕੀਲਾ ਲਚਰ ਕਰਕੇ, ਨਾ ਹੀ ਅੰਤਰਜਾਤੀ ਵਿਆਹ ਕਰਕੇ ਤੇ ਨਾ ਹੀ ਜਾਤਪਾਤ ਕਰਕੇ ਕਤਲ ਕੀਤਾ ਫਰੌਤੀਆਂ ਇਕ ਵਾਰ ਤਾਂ ਦੇ ਚੁੱਕਿਆ ਸੀ, ਹਰ ਵਾਰ ਹੀ ਮੰਗਣ ਲਿਖਦੀ ਜਾਵਾਂ ਇਥੇ ਦਾ ਇਕ ਬੰਦਾ ਆਪ ਹੀ ਮੰਨੀ ਜਾਂਦਾ ਹੈ ਅਸੀਂ ਮਿਲਣ ਗਏ ਮਿਲਿਆ ਗਾਉਣ ਤੋਂ ਲਚਰ ਤੋਂ ਵਰਜਦੇ ਸੀ ਮੈਂ ਤਾਂ ਸੱਚ ਲਿਖਦੀ ਹਾਂ ਕਿ ਇਹ ਲੋਕ ਭਲੇਮਾਣਸ ਤਾਂ ਨਾ ਸਨ ਨਾਂ ਹਨ ਤੇ ਨਾ ਹੋਣਗੇ, ਸੁਣੋ ਸਾਹਿਬ ਦਾ ਪੁਰਾਣ ਭੰਡਾਰ ਫੋਲੋ, ਕਿਤਾਬਾਂ, ਰਸਾਲੇ ਤੇ ਫੇਰ ਗਵੱਈਏ ਲਚਰ ਹੁਣ ਜੰਮਿਆ ਹੈ, ਪਹਿਲਾਂ ਖਾੜੇ, ਗਰਾਮਾਫੋਨ, ਤਵੇ ਆਦਿ ਮਨੁੱਖ ਅੱਡ ਥਾਵਾਂ 'ਤੇ ਸੁਣਦੇ ਸਨ, ਹੁਣ ਪਸਾਰੇ ਨੇ ਨਸ਼ਰ ਕਰਤਾ ਕਿਹੜਾ ਗੌਣ ਵਾਲਾ ਲਚਰ ਨਹੀਂ ਗਾ ਹਟਿਆ ਚਮਕੀਲਾ ਮੂਸੇਵਾਲੇ ਤਰ੍ਹਾਂ ਛੇਤੀ ਚਮਕ ਗਿਆ ਨਜਰੀਂ ਚੜ੍ਹ ਗਿਆ ਪੈਸਾ ਬਟੋਰਨ ਦਾ ਵਸੀਲਾ ਨਾ ਮਿਲਣ 'ਤੇ ਡੁੱਕ ਤਾਂ ਫਿਲਮ ਤੱਥਾਂ ਤੋਂ ਰਹਿਤ ਕਿਵੇਂ ਬਣਾ ਸਕਦਾ ਹੈ ਨਿਰਮਾਤਾ, ਪਾਸ ਹੀ ਨਹੀਂ ਹੋਣੀ, ਰਹੀ ਗੱਲ ਦਿਲਜੀਤ ਦੁਸਾਂਝ ਦਾ ਵਿਰੋਧ, ਪਹਿਲਾਂ ਖਾਲੜਾ ਫਿਲਮ 'ਤੇ ਉਧੜਮ ਮਚਾਇਆ ਜੀ ਸੱਚ ਨੀ ਪੇਸ਼ ਕੀਤਾ, ਸੱਚ 25000 ਲਾਸ਼ਾਂ ਕਹਿੰਦਾ ਤਾਂ ਅੰਕੜੇ ਕਿਥੋਂ ਲੈ ਕੇ ਦਿੰਦਾ ਕੂੜ ਪ੍ਰਚਾਰ ਨੇ ਕਾਮਰੇਡ ਵਕੀਲ ਸਨ ਇਸ ਡਰਾਮੇ ਪਿੱਛੇ, ਹੁਣ ਤਾਂ ਕੀ ਹਾਲੇ ਹੋਰ ਸਿਵੇ ਫੋਲੇ ਜਾਣਗੇ ਖਾੜਕੂਵਾਦ ਦੇ ਇਥੇ ਭੀ ਫੰਡ ਰਾਸ਼ਨਾਂ ਨੇ ਸਾਲ ਦੇ ਸਾਲ ਸਿੱਖ ਸੋਸ਼ਲ ਮੀਡੀਏ ਦੀ ਚੰਗੀ ਮਿੱਝ ਕੱਢਦੇ ਨੇ ਅਸਲ ਵਿੱਚ ਕਾਮਰੇਡ ਸੀ ਬੱਸ ਅੰਮ੍ਰਿਤਧਾਰੀ ਬਣ ਕੇ ਚਮੜੀ ਲਾਹੁਣ ਲੱਗੇ ਨੇ ਕੌਮ ਦੀ ਭਲੇ ਨੂੰ ਗੁਰੂ ਘਰ ਲੱਭਗੇ ਲੁੱਟ ਲਈ ਚੈਨਲ ਲੱਭ ਗਏ ਘਸੁੱਟ ਲਈ ਕੂੜ ਫਿਰੇ ਪ੍ਰਧਾਨ ਵੇ ਲਾਲੋ, 60-70 ਸਾਲ ਪਹਿਲਾਂ ਪਿੰਡਾਂ ਵਿੱਚ ਬਗਲੀਆਂ 'ਤੇ ਪੱਤਰੀਆਂ ਚੁੱਕੀ ਪਾਂਡੇ ਪੁੱਛਿਆ ਦਿੰਦੇ ਸਨ ਪਰ ਕਈ ਬਜ਼ੁਰਗਾਂ ਨੇ ਭਜਾ ਦੇਣੇ ਪਿੰਡੋ ਹੁਣ ਕੋਈ ਸੰਸਥਾ ਹੀ ਨਹੀਂ ਜੋ ਇਨ੍ਹਾਂ ਬਗਲਿਪੁਣੇ ਦੇ ਵਿਰੁੱਧ ਬੋਲੇ 40 ਸਾਲ ਹਾਲੇ ਇਨ੍ਹਾਂ ਦੇ ਢਿੱਡ ਨੀ ਭਰੇ ਕਮਾਈ ਅੰਨੀ ਹੈ ਇਨ੍ਹਾਂ ਦੇਸ਼ਾਂ ਵਿੱਚ ਪਰ ਇਹ ਫੇਰ ਭੀ ਪੂਜਾ ਦਾ ਧਨ ਖਾਣ ਨੂੰ ਗੁਰੂ ਦੇਣ ਮੰਨਦੇ ਨੇ ਸੱਚਾਈ ਸਾਡੇ ਪਿੰਡਾਂ ਵਿੱਚ ਖਾੜਕੂਵਾਦ ਨਹੀਂ ਸੀ, ਦੁਆਬਾ ਮਾਝਾ ਤੇ ਮੋਗਾ ਪਿੰਡ ਤਾਂ ਕਾਮਰੇਡ ਸੀ ਰੋਡੇ ਬੱਸ ਇਹ ਘਰ ਸੀ ਖੂਹ 'ਤੇ ਵਾਸਾ ਸਿੱਖਾਂ ਦੇ ਗਿਆਨੀ ਜੈਲ ਸਿੰਘ ਦਾ ਪ੍ਰਭਾਵ, ਵਿਦੇਸ਼ੀ ਭੀ ਬਹੁਤੇ ਇਥੋਂ ਦੇ ਹੀ ਹਨ, ਸਾਡੇ ਤਾਂ ਸਰਾਭਾ ਨੂੰ ਭੀ ਕੋਈ ਚੰਗਾ ਨਹੀਂ ਸੀ ਸਮਝਦਾ, ਸਾਡੇ ਪਿੰਡ ਟਕਸਾਲ ਦਾ ਗੁੰਬੀ ਆ ਗਿਆ ਆਪਣੀ ਕਮਾਈ ਲਈ ਲੱਗ ਗਿਆ ਪ੍ਰਚਾਰ ਕਰਨ ਇਹ ਲਹਿਰ ਸੀ ਹੀ ਚੇਲੇ ਵਧਗੇ ਨੇ ਗਰੂਰ ਚੜ੍ਹਾ ਤਾ, ਲੱਬੀ ਹੱਥ ਨਾ ਆਮਦੀ ਦਾਨਸ਼ਮੰਦਾ ਦੀ ਪਤ, ਤਾੜੇ ਨੀ ਆਇਆ ਸੂਬਾ ਭਾਵੇਂ ਬਾਦਲ ਸਾਹਬ ਨੇ ਭਜਾਏ ਬੜੇ ਪਰ ਟਿੱਡੀ ਦਲ ਦਾ ਜਾਮਾ ਹੀ ਹੱਦਾਂ ਦਾ, ਇਹ ਜੀ ਅੰਮ੍ਰਿਤ ਛਕੋ ਸਭ ਹਜ਼ਮ ਪ੍ਰਥਾ ਸਿੱਖੀ ਦੀ ਨਹੀਂ ਸੀ, ਅੰਮ੍ਰਿਤ ਤਾਂ ਸੋਝੀ ਆਈ 'ਤੇ ਪ੍ਰਣ ਕਰਨ ਦਾ ਮਨ ਤੇ ਕਿਧਰੇ ਛਕਾਉਂਦੇ ਸੀ, ਪਰੰਪਰਾ ਈਸਾਈ ਮੱਤ ਦੀ ਹੈ ਕਿ ਜੰਮਦੇ ਨੂੰ ਸਿੱਟਾ ਦਿਉ ਬੈਪਟਾਈਜ਼ ਕਰੋ, ਚਲੋ ਗੱਲ ਕੌਮ ਦੀ ਕਰੀਏ, **ਅਖੇ ਲਾਈ ਲੱਗ ਨਾ ਹੋਵੇ ਘਰ ਵਾਲਾ ਚੰਦਰਾ ਗੁਆਂਢ ਨਾ ਹੋਵੇ,** ਅਸੀਂ ਸਾਰੇ ਹੀ ਲਾਈ ਲੱਗ ਹਾਂ ਸੋਸ਼ਲ ਮੀਡੀਏ ਤੇ ਚੈਨਲਾਂ ਦੇ ਪੜਨਾ ਗੁਨਣਾ, ਇਤਿਹਾਸ ਕੀ ਸਹਿਤ ਕੀ ਅਖ਼ਬਾਰ ਕੀ ਤਾਂ ਕੌਮੀ ਏਜੰਡਾ ਹੀ ਨਹੀਂ ਬੱਸ ਚੈਨਲਾਂ 'ਤੇ ਬੇਥਵੀਆਂ ਸੁਣੋ ਪੈਸੇ ਦੇਵੋ ਹਰ ਦੇਸ਼ ਜਾ ਕੇ ਗੁਰੂ ਘਰਾਂ ਤੋਂ ਜੀ ਦੀਵਾਨ ਲਾਵੋ ਰਾਗੀ ਸੱਦੋ ਨਗਰ ਕੀਰਤਨ ਕੱਢੋ ਅਸੀਂ ਕਦਰ ਕਰਾਂਗੇ ਲੱਕ ਤੋੜ ਤਾਂ ਕੌਮ ਦਾ ਸੋਚ ਤਾਂ ਦੱਬ ਹੀ ਧਰੀ ਜਿਹੜੇ ਟੈਂਟ ਤੇ ਵਧੀਆ ਲੰਗਰ ਭੱਜੋ ਉਧਰ ਯਾਨੀ ਜਿਹੜੀ ਏਜੰਸੀ ਬੁਰਕੀ ਪਾਵੇ ਉਥੇ ਹੀ ਗੌਂਦੇ ਨੇ ਸਾਰੀ ਰਾਤ ਪੱਕੇ ਹੋਏ ਚੈਨਲੀ ਪ੍ਰੀਜੈਂਟਰ ਦੀ ਸੁਣੋ, ਜੀ ਮੈਂ ਸ਼੍ਰੋਮਣੀ ਕਮੇਟੀ ਮੁਲਾਜ਼ਮ ਹੁੰਦਾ ਸੀ, ਯਾਨੀ ਖਾ ਪੀ ਕੇ ਲੱਤ ਮਾਰੀ ਚੈਨਲ 'ਤੇ ਸਵਾਲ ਜੀ ਅੰਮ੍ਰਿਤਪਾਲ ਵਿਰੁੱਧ ਅਕਾਲੀ ਦਲ ਦਾ ਬੰਦਾ ਸਹੀ ਜਾਂ ਗਲਤ, ਇਹਦੀ ਮੱਤ ਨੀ ਟਿਕਾਣੇ ਅੰਮ੍ਰਿਤਪਾਲ ਕੌਣ? ਸ਼੍ਰੋਮਣੀ ਅਕਾਲੀ ਸਿਆਸੀ ਪਾਰਟੀ ਵਿਰੁੱਧ ਅੰਮ੍ਰਿਤਪਾਲ ਖੜ੍ਹਾ ਹੈ ਕਿ ਅਕਾਲੀ ਉਮੀਦਵਾਰ, ਇਹ ਗਿਆਨ ਵਿਹੂਣੇ ਪੰਥ ਵਿਰੋਧੀ ਨੇ, ਬੇਨਤੀ ਕਰਾਂ ਭਾਈ ਘੱਟੋ ਘੱਟ ਹੁਣ ਸਿੱਖ ਤਾਂ ਬੇਅਦਬੀ ਪ੍ਰਚਾਰ ਸ਼ਰਮ ਕਰਕੇ ਬੰਦ ਕਰਨ ਦੂਜੇ ਧਰਮਾਂ ਵਾਲੇ ਜਾਣਦੇ ਨੇ ਆਪੇ ਹੀ ਇਹ ਕਰਦੇ ਨੇ ਕਾਂਗਰਸੀ ਤਾਂ ਚਲੋ ਰਟੀ ਜਾਣ ਪਰ ਸਿੱਖ ਹੱਤਕ ਮੰਨਣ, ਬੰਦੀ ਸਿੰਘ ਬੇਅਦਬੀ ਕੋਈ ਸੂਬਾਈ ਮੁੱਦਾ ਨਹੀਂ ਚੋਣਾਂ ਲਈ ਅਕਲ ਦੇ ਜਨਾਜ਼ੇ ਨਾ ਕੱਢੋ, ਰੱਬ ਬੇਅੰਤ ਹੈ ਕਰੂ ਨਿਤਾਰੇ, ਮਨੁੱਖ ਦਾ ਕਰਦਾਰ-ਚਰਿੱਤਰ ਜਾਤ ਦੱਸਦੀ ਹੁੰਦੀ ਹੈ, ਕੰਮ ਕਿੱਤਾ ਨਹੀਂ, ਪਰ ਇਹ ਬਰਾਦਰੀਵਾਦ ਹੈ ਹੁਣ, ਪੰਜਾ, ਤੱਕੜੀ ਵਿਵਾਦ, ਉਧਰ ਅਮਰਪਾਲ ਬੋਨੀ ਅਜਨਾਲਾ ਪੁੱਤਰ ਅਕਾਲੀਆਂ ਦਾ ਦੁੱਧ ਘਿਉ ਖਾ ਪੀ ਕੇ ਬਾਪ ਡਾਕਟਰ ਰਤਨ ਸਿੰਘ ਅਜਨਾਲਾ, ਬ੍ਰਹਮਪੁਰੇ ਤੇ ਢੀਂਡਸਾ ਧੜ੍ਹੇ ਚੜ੍ਹਕੇ ਦਗਾ ਦੇ ਗਏ, ਵਜ਼ੀਰੀਆਂ ਮਾਣ ਕੇ ਪੁੱਤ ਗੜਕੇ ਜੀ ਸਿੱਖ ਧਰਮ ਛੋਟਾ ਤੇ ਈਸਾਈ ਵੱਡਾ ਭਰਾ, ਗੱਲ ਇਹ ਹੈ ਵਿਵਾਦੀ ਨਾ ਕਿ ਤੱਕੜੀ, ਕੀ ਬਾਬੇ ਨਾਨਕ ਦਾ ਕੋਈ ਧਾਰਮਿਕ ਚਿੰਨ੍ਹ ਸੀ? ਨਹੀਂ ਪੂਰਾ ਤੋਲਣ ਪੰਜਾਂ ਗੁਰੂ ਨਾਨਕ ਦੇਵ ਜੀ ਦਾ ਪੰਜਾ ਸਾਹਿਬ ਲਗਾ ਕੇ ਗੁਰ-ਦੁਆਰਾ ਸਥਾਪਤ ਕਰ ਲਿਆ ਤਾਂ ਧਰਮ ਨਾਲ ਜੁੜ ਗਿਆ, ਪਰ ਚਲੋ ਉਹ ਨੇ ਕੋਈ ਅਪਸ਼ਬਦ ਨਹੀਂ ਬੋਲੇ, ਜੁਆਨਾਂ ਨੂੰ ਧਰਮ ਦਾ ਬਹੁਤਾ ਗਿਆਨ ਨਹੀਂ ਭੁੱਲ ਹੋ ਜਾਂਦੀ ਹੈ ਖਿਮਾਂ ਜਾਚਨਾ ਭੀ ਧਰਮ ਅੰਗ ਹੈ, ਬੋਨੀ ਅਜਨਾਲਾ ਵਾਲਾ ਵਿਸ਼ਾ ਹੈ, ਭਾਵੇਂ ਸਤਿਕਾਰ ਕਮੇਟੀ ਤਾਂ ਮੁੱਦੇ ਸੁੰਘਦੀ ਹੈ ਆਈ ਗੱਲ ਬੀ.ਜੇ.ਪੀ. ਦੀ ਉਹ ਤਾਂ ਪੰਜਾਬ ਵਿੱਚ ਘੁਸਪੈਠ ਕਰਵਾ ਰਹੀ ਹੈ, ਦੇਖੋ ਮਨਜੀਤ ਸਿੰਘ ਮੰਨਾ (ਸ਼੍ਰੇਣੀ ਵਿੱਚੋਂ ਤੇ ਅਕਾਲੀ ਦਲ ਵਿੱਚੋਂ) ਘੱਲ ਤਾ ਖਡੂਰ ਸਾਹਿਬ ਰਿਜਰਵ ਸੀਟ ਤਾਂ ਹੈ ਨਹੀਂ, ਕੁਲਬੀਰ ਜੀਰਾ ਪੁੱਤਰ ਇੰਦਰਜੀਤ ਜੀਰਾ ਅਕਾਲੀ ਦਲ ਦੇ ਨਿੱਘ ਵਿੱਚੋਂ ਕਾਂਗਰਸ ਵਿੱਚ ਗਿਆ ਬਠਿੰਡਾ ਤੋਂ ਗੁਰਦੀਪ ਸਿੰਘ ਅਕਾਲੀ ਦਲ ਨਾਲ ਹੁੰਦਾ ਸੀ, ਉਹ ਭੀ ਨੱਠ ਕੇ ਹੋਰ ਅਕਾਲੀ ਦਲ ਬਣਾ ਲਿਆ, ਗੱਲ ਕੀ ਇਹ ਹਨ ਸਿੱਖ ਚਰਿੱਤਰ ਦੇਖੋ ਦੋਵੇਂ ਮੰਨਾ ਕੁਲਬੀਰ ਜੀਰਾ, ਆਮ ਸੀਟਾਂ ਤੇ ਕੀ ਰਿਜਰਵ ਸੀਟਾਂ 'ਤੇ ਕੋਈ ਖੱਤਰੀ ਬ੍ਰਾਹਮਣ, ਜੱਟ ਖੜ੍ਹਾ ਕੀਤਾ? ਉਧਰ ਆਹ ਮਾਨ ਦਲੀਏ, ਕੋਈ ਪ੍ਰੋਫੈਸਰ ਬਲਜਿੰਦਰ ਸਿੰਘ, ਕੋਈ ਬਲਵਿੰਦਰ ਸਿੰਘ ਆਪਣੇ ਆਪ ਨੂੰ ਪੰਥ ਹੀ ਸਮਝੀ ਜਾਂਦੇ ਨੇ, ਪ੍ਰੋਫੈਸਰ ਬਲਜਿੰਦਰ ਸਿੰਘ ਸੁਣੋ ਕਹਿੰਦਾ (ਗੁਰੂ ਨਾਨਕ ਦੇਵ) ਸ੍ਰਿਸ਼ਟੀ ਦੇ ਮਾਲਕ ਦੀ ਤੱਕੜੀ ਉਹ ਸਿੱਖਾਂ ਦੇ ਗੁਰੂ ਹਨ ਨਾ ਕਿ ਸ੍ਰਿਸ਼ਟੀ ਦੇ, ਕੀ ਅਸੀਂ ਫੇਰ ਦੂਜੇ ਧਰਮਾਂ ਨੂੰ ਨੀਮਾਂ ਨਹੀਂ ਦਿਖਾ ਰਹੇ ਇਹ ਪਤਾ ਨਹੀਂ ਕਾਰਕੁੰਨ ਤੇ ਪ੍ਰੋਫੈਸਰ ਕਾਹਦੇ ਨੇ ਉਂਘ ਪਤਾਲ ਦੀਆਂ ਛੱਡ ਕੇ ਨੇਤਾ ਬਣਦੇ ਨੇ ਗੰਦਮ ਨੂੰ ਜੁਆਰ, ਬਾਜਰਾ ਇਲਮ ਰਹਿਤ ਨੇ ਇਹ ਮੰਨਾ, ਕੁਲਬੀਰ ਜੀਰਾ ਅਕਾਲੀ ਦਲ ਦੇ ਰੀਜੈਕਟ ਨੇ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

# ਸਿਹਤ ਤੇ ਸੁੰਦਰਤਾ



# ਫਿਲਮੀ ਦੁਨੀਆ



## ਪੰਮਾ ਮੱਲ੍ਹੀ ਦੀ ਨਜ਼ਰ ਪੰਜਾਬੀ ਚੈਨਲ



ਕਲਾਕਾਰ ਲਈ ਚਾਹੇ ਅੱਜ ਸ਼ੋਸਲ ਮੀਡੀਆ ਆ ਚੁੱਕਾ ਹੈ, ਪਰ ਫਿਰ ਵੀ ਟੀ.ਵੀ. ਚੈਨਲਾਂ ਦਾ ਸਾਥ ਤਾਂ ਚਾਹੀਦਾ ਹੀ ਹੈ। ਗਾਇਕ ਪੰਮਾ ਮੱਲ੍ਹੀ ਇਸ ਵਿਸ਼ੇ ਤੇ ਵਿਚਾਰ ਰੱਖਦੇ ਹਨ ਕਿ ਪੇਂਡੂ ਦਰਸਕਾਂ ਤੱਕ ਪਹੁੰਚ ਦਾ ਜਰੀਆ ਗਾਇਕਾਂ ਲਈ ਅੱਜ ਡੀ.ਡੀ. ਪੰਜਾਬੀ ਹੈ। 'ਸੁਰਤਾਲ' 'ਛਣਕਾਰ' ਜਿਹੇ ਪ੍ਰੋਗਰਾਮ ਸਾਡੇ ਕਲਾਕਾਰਾਂ ਲਈ ਹਨ। 'ਸਲੂਟ' 'ਸਾਰਾ ਪਿੰਡ' ਤੇ 'ਬੀ.ਪੀ.' ਦੋਗਾਣਿਆਂ ਨਾਲ ਸਟਾਰ ਗਾਇਕ ਬਣੇ ਪੰਮਾ ਮੱਲ੍ਹੀ ਨੇ ਪੀ.ਟੀ.ਸੀ. ਪੰਜਾਬੀ ਨੂੰ ਵੀ ਗਾਇਕ ਕਲਾਕਾਰਾਂ ਦਾ ਚੈਨਲ ਕਿਹਾ ਹੈ। ਪੰਮਾ ਮੱਲ੍ਹੀ ਅਨੁਸਾਰ ਗਾਇਕ ਲਈ ਟੀ.ਵੀ. ਅੱਜ ਵੀ ਪ੍ਰਚਾਰ ਦਾ ਵੱਡਾ ਸਾਧਨ ਹੈ।

### ਮੋਨਿਕਾ ਗਿੱਲ ਲਈ 'ਉੱਚਾ ਦਰ ਬਾਬੇ ਨਾਨਕ ਦਾ'

'ਸਤਿ ਸ੍ਰੀ ਇੰਗਲੈਂਡ' ਨਾਲ ਸੱਤ ਸਾਲ ਪਹਿਲਾਂ ਜਿਹੋ ਜਿਹੀ ਫਿੱਟ-ਹਿੱਟ ਤੇ ਨਿਆਰੀ ਅਭਿਨੇਤਰੀ ਮੋਨਿਕਾ ਗਿੱਲ ਲੱਗਦੀ ਸੀ ਅੱਜ ਵੀ ਉਸ ਤਰਾਂ ਦੀ ਹੈ। ਮੋਨਿਕਾ ਨੂੰ ਦੇਖ ਕੋਈ

## • ਪੰਜਾਬੀ ਫ਼ਿਲਮ ਦਰਪਣ •



ਇਹ ਨਹੀਂ ਕਹਿ ਸਕਦਾ ਕਿ ਉਹ ਸ਼ਾਦੀ-ਸ਼ੁਦਾ ਹੋਏਗੀ। ਤਰੁਨ ਜਗਪਾਲ ਦਾ ਵਾਰ-ਵਾਰ ਧੰਨਵਾਦ ਕਰਦੀ ਮੋਨਿਕਾ ਕਹਿੰਦੀ ਹੈ ਕਿ ਦੇਵ ਖਰੋੜ ਹੇ ਯੋਗਰਾਜ ਸਿੰਘ ਨਾਲ ਤੁਰਨ ਦੀ 'ਉੱਚਾ ਦਰ ਬਾਬੇ ਨਾਨਕ ਦਾ' ਕਰਨੀ ਦਿਲ ਨੂੰ ਧਰਵਾਸ ਕਿ ਮੋਨਿਕਾ ਤੇਰੀ ਪੰਜਾਬੀ ਫ਼ਿਲਮਾਂ 'ਚ ਗੱਲ ਬਾਤ ਹੈ। ਸਰਬਜੀਤ ਚੀਮਾ, ਕਿੰਮੀ ਵਰਮਾ, ਹਰਜ ਨਾਗਰਾ ਤੇ ਗੁਰਨਾਜ ਕੌਰ ਦੇ ਨਾਲ ਈਸ਼ਾ ਰਿਖੀ ਵੀ ਫ਼ਿਲਮ 'ਚ ਹੈ ਤੇ ਮੋਨਿਕਾ ਗਿੱਲ ਨੂੰ ਉੱਚੀ ਥਾਂ ਤੇ 'ਉੱਚਾ ਦਰ ਬਾਬੇ ਨਾਨਕ ਦਾ' ਲਿਜਾਏਗੀ।

### ਰਾਜ ਕਾਕੜਾ ਦਾ 'ਪੰਜਾਬ ਦੇਸ਼'

ਗੀਤਕਾਰ ਚੋਟੀ ਦਾ ਗਾਇਕ ਪ੍ਰਵਾਨਿਤ ਤੇ ਅਦਾਕਾਰ ਗਜਬ ਦਾ ਹੈ, ਰਾਜ ਕਾਕੜਾ ਜਿਸਦਾ ਹਰ ਗੀਤ, ਗਾਇਕੀ ਤੇ ਸਟੇਜ ਦਾ ਆਕਰਸ਼ਣ ਦਿਨ ਪ੍ਰਤੀ ਦਿਨ ਵਧ ਰਿਹਾ ਹੈ। ਆਪਣੀ ਪੇਸ਼ਕਸ਼ ਨਾਲ ਰਾਜ ਹੁਣ ਨਵਾਂ ਐਲਬਮ 'ਪੰਜਾਬ ਦੇਸ਼' ਲੈ ਕਿ ਆ ਰਹੇ ਹਨ। ਲਾਡੀ ਗਿੱਲ ਨੇ ਰਾਜ ਦੇ ਲਿਖੇ ਆਪਣੇ ਪੰਜਾਬ ਦੀ ਸਿਫ਼ਤ ਕਰਦੇ ਇਸ ਗੀਤ ਦਾ ਸੰਗੀਤ ਰਾਜ ਕਾਕੜਾ ਦੀ ਅਵਾਜ਼ ਦੇ ਅਨੁਕੂਲ ਦਿਲਕਸ਼ ਬਣਾਇਆ ਹੈ। ਦਿਲਜੋਤ ਗਰਚਾ ਦੇ ਬਣਾਏ ਵੀਡਿਉ ਨਾਲ ਰਾਜ ਕਾਕੜਾ 'ਪੰਜਾਬ ਦੇਸ਼' ਦਾ ਨਾਮ ਚਮਕਾਉਣ ਵਾਲੇ ਹਨ ਤੇ ਚਮਕਾਉਣਾ ਚਾਹੀਦਾ ਵੀ ਹੈ।


### ਤਨੂ ਦਾ ਕਹਿਣਾ ਨਾਮ ਯਾਦ ਰੱਖਿਉ



ਜੁਲਫ਼ ਕਾਲੀ ਕਾਲੀ ਕੁੜੀ ਗੋਰੀ ਗੋਰੀ ਤਨੂ ਕਪੂਰ ਨੂੰ 'ਮਜ਼ਬੂਰੀਆਂ' 'ਜ਼ਿੰਮੇਵਾਰੀਆਂ' ਨਾ ਘੇਰਨ ਤੇ ਜਿੰਨੀ ਉਹ ਸੋਹਣੀ, ਨਰਮ ਤੇ ਨਾਜ਼ਕੁਤਾ ਵਾਲੀ ਹੈ ਅੱਜ ਹਰ ਤੀਜੀ ਪੰਜਾਬੀ ਫ਼ਿਲਮ ਕਰ ਰਹੀ ਹੋਏ। ਫਿਰ ਵੀ 'ਅਹਿਸਾਸ' ਤੋਂ ਬਾਅਦ ਨਿਰਦੇਸ਼ਕ ਅਸ਼ੋਕ ਮਲਹੋਤਰਾ ਵੱਡੀ ਫ਼ਿਲਮ ਕਰਨ ਵਾਲੇ ਹਨ ਤੇ ਉਹਨਾਂ ਦੀ ਆਦਿਵਾਸੀ ਪਿਛੋਕੜ ਤੇ ਬਣਨ ਵਾਲੀ ਇਸ ਫ਼ਿਲਮ ਲਈ ਤਨੂ ਫਿੱਟ ਹੈ। ਇਸ ਫ਼ਿਲਮ ਦੇ ਨਾਲ ਪਾਲੀਵੁੱਡ ਦੇ ਬੂਹੇ ਉਸ ਲਈ ਖੁੱਲ੍ਹੇ ਹੀ ਹਨ।


### ਸਾਗਰ ਦੁੱਗਲਵਾਲੀਆਂ 'ਨਾਹਰ ਸਿੰਘ'

ਅਸਲੀ ਸੰਤੁਸ਼ਟੀ ਧਾਰਮਿਕ ਗਾਇਕੀ ਤੇ ਫ਼ਿਲਮਾਂ ਹਨ ਤੇ ਇਹ ਗੱਲ ਲੋਕ ਗਾਇਕ ਤੇ ਅਭਿਨੇਤਾ ਸਾਗਰ ਦੁੱਗਲਵਾਲੀਆਂ ਨੇ ਕਹੀ ਹੈ। ਬਾਬਾ ਵਡਭਾਗ ਸਿੰਘ ਜੀ ਤੇ ਸਭ ਤੋਂ ਵੱਧ ਗੀਤ ਬੋਲਣ ਵਾਲੇ ਸੀ.ਡੀ. ਟਰੈਕ ਰਾਹੀ ਉਸਦੇ ਆਏ ਹਨ। ਸਾਗਰ ਦੁੱਗਲਵਾਲੀਆ ਹੁਣ ਬਾਬਾ ਵਡਭਾਗ ਸਿੰਘ ਤੇ ਫ਼ਿਲਮ 'ਨਾਹਰ ਸਿੰਘ' ਕਰਨ ਜਾ ਰਹੇ ਹਨ। ਫ਼ਿਲਮ ਦੀ ਕਥਾ, ਪਟਕਥਾ ਤੇ ਸੰਵਾਦ ਸਾਗਰ ਦੇ ਹਨ। ਤੇ ਨਿਰਦੇਸ਼ਨ ਅਮਰ ਨਿਮਾਣਾ ਕਰ ਰਹੇ ਹਨ।



ਸਾਗਰ ਦੁੱਗਲਵਾਲੀਆਂ ਇਸ ਫ਼ਿਲਮ ਨੂੰ ਵੱਡੇ ਪਰਦੇ ਤੇ ਵੀ ਲਿਆਂਦਾ ਅਰਥਾਤ ਸਿਨੇਮਾ ਘਰਾਂ ਦਾ ਸ਼ਿੰਗਾਰ ਬਣਾਇਆ ਜਾਏ ਇਸ ਨੀਤੀ ਨਾਲ ਚਲ ਰਹੇ ਹਨ। 'ਗੁਰਮੰਤਰ ਸੋਢੀ ਦਾ' ਉਹਨਾਂ ਦੀ ਫ਼ਿਲਮ ਸੀ।

### ਸਿਮਰ ਜੌਹਲ ਸਟਾਰ ਹੀਰੋਇਨ 2025 ਦੀ




ਜਦ ਸਮਾਂ ਚੰਗਾ ਆਏ ਤਦ ਜਿਹਨਾਂ ਕਦੇ ਨਮਸਤੇ ਨਹੀਂ ਬੁਲਾਈ ਹੁੰਦੀ ਉਹ ਵੀ ਟੱਬਰ ਸਮੇਤ ਹੱਥ ਜੋੜ ਲੰਘ ਦੇ ਹਨ। ਸਿਮਰ ਜੌਹਲ ਮੁਲਾਇਮ ਰੂੰ ਜਿਹੀ ਨਰਮ ਪਿਆਰੀ ਨਾਇਕਾ ਹੈ, ਪਰ ਸਮਾਂ ਸਹੀ ਨਹੀਂ ਸੀ। ਕਾਫ਼ੀ ਬਰੇਕ ਫ਼ਿਲਮਾਂ ਤੋਂ ਰਹੀ ਪਰ ਜਦ 'ਕਬੂਤਰਬਾਜ਼' ਸੁਖਪਾਲ ਸਿੱਧੂ ਦੀ ਕੀਤੀ ਤਾਂ ਸਿਮ-ਸਿਮ ਹੋ ਰਹੀ ਹੈ। ਸਿਮਰ ਨੂੰ ਹੋਰ ਫ਼ਿਲਮਾਂ ਤੇ ਵੈਬ ਸੀਰੀਜ਼ ਪੇਸ਼ਕਸ਼ਾਂ ਹਨ ਤੇ ਸਮੇਂ ਦੇ ਹਿਸਾਬ ਨਾਲ ਚੇਤੰਨਤਾ ਨਾਲ ਚਲੀ ਤਾਂ 2025 ਦੀ ਸਟਾਰ ਨਾਇਕਾ ਉਹ ਹੋਏਗੀ।

## * ਚੂੰਢੀਆਂ-ਪੁੰਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





***ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਮਾਗਮ ਕਰ ਕੇ ਦਿੱਲੀ ਫ਼ਤਿਹ ਦਿਵਸ ਮਨਾਇਆ-ਇਕ ਖ਼ਬਰ**

-ਹੁਣ ਭਾਜਪਾ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਮੇਟੀ ਨੂੰ ਫ਼ਤਿਹ ਕਰਨ ਦਾ ਦਿਵਸ ਮਨਾਇਆ ਕਰੇਗੀ।



***ਅੰਮ੍ਰਿਤਪਾਲ ਸਿੰਘ ਦੇ ਪਿਤਾ ਵਲੋਂ ਵਿਰਾਸਤੀ ਗਲੀ ਵਾਲਾ ਮੋਰਚਾ ਖ਼ਤਮ ਕਰਨ ਦਾ ਐਲਾਨ- ਇਕ ਖ਼ਬਰ**

-ਇਸ ਮੋਰਚੇ ਦੇ ਤੰਬੂ ਹੁਣ ਖਡੂਰ ਸਾਹਿਬ 'ਚ ਗੱਡ ਦਿਤੇ ਗਏ ਹਨ।



***ਸੰਗਤਾਂ ਦੇ ਵਿਰੋਧ ਕਾਰਨ ਜਥੇਦਾਰ ਰਘਬੀਰ ਸਿੰਘ ਸਿੱਖ ਪਰੇਡ 'ਚ ਹਿੱਸਾ ਲਏ ਬਿਨਾਂ ਹੀ ਅਮਰੀਕਾ ਤੋਂ ਪਰਤ ਆਏ- ਇਕ ਖ਼ਬਰ**

-ਕੀਤੀਆਂ ਲੱਧੀ ਦੀਆਂ ਪੇਸ਼ ਦੁੱਲੇ ਦੇ ਆਈਆਂ।



***ਆਪਣੇ ਹੀ ਆਗੂਆਂ ਦੇ ਬੜਬੋਲੇਪਣ ਨੇ ਪੰਜਾਬ ਕਾਂਗਰਸ ਦੀਆਂ ਜੜ੍ਹਾਂ ਵੱਢੀਆਂ- ਸੁਨੀਲ ਜਾਖੜ**

-ਬਹੁਤਾ ਬੋਲਣੁ ਝਖਣੁ ਹੋਇ। (ਗੁ.ਗ੍ਰੰ. ਸਾਹਿਬ ਅੰਗ 661)



***ਪੰਜਾਬ ਤੇ ਪੰਥ ਦੇ ਅਥਾਹ ਨੁਕਸਾਨ ਲਈ ਬਾਦਲ ਪਰਵਾਰ ਹੀ ਜ਼ਿੰਮੇਵਾਰ ਹੈ- ਰਵੀਇੰਦਰ ਸਿੰਘ**

-ਸੋਨੇ ਦੇ ਤਵੀਤ ਵਾਲ਼ੀਏ, ਤੇਰੀ ਹਰ ਮੱਸਿਆ ਬਦਨਾਮੀ।

***ਪੰਜਾਬ ਵਿਚ ਜੀ. ਐਸ. ਟੀ. ਵਿਚ 21 ਫ਼ੀ ਸਦੀ ਦਾ ਰਿਕਾਰਡ ਵਾਧਾ- ਪੰਜਾਬ ਸਰਕਾਰ**

-ਜਿੰਨਾ ਮਰਜ਼ੀ ਵਧਾ ਲਉ, ਤੁਹਾਨੂੰ ਕੀ ਮਿਲਣਾ ਵਿਚੋਂ? ਛਿੱਕੂ!

***ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰੋਗਰਾਮ 'ਚ ਜ਼ਬਰਦਸਤ ਝੜਪ, ਚੱਲੀਆਂ ਕੁਰਸੀਆਂ- ਇਕ ਖ਼ਬਰ**

-ਕੂੰਡੇ ਟੁੱਟ ਗਏ ਘੋਟਣੇ ਭੱਜ ਗਏ, ਤਕੀਏ ਮਲੰਗ ਲੜ ਪਏ।



***ਆਸ਼ੂ ਦੀ ਥਾਂ ਵੜਿੰਗ ਨੂੰ ਟਿਕਟ ਮਿਲਣ 'ਤੇ ਕਾਂਗਰਸ ਵਿਚ ਕਲੇਸ਼ ਹੋ ਗਿਆ ਸ਼ੁਰੂ- ਇਕ ਖ਼ਬਰ**

-ਪਾਊਂ ਮੈਂ ਵੀ ਤੇਰੇ ਰੰਗ ਵਿਚ ਭੰਗ ਨੀਂ, ਜੇ ਕੋਈ ਹੋਰ ਲੈ ਆਇਆ ਤੇਰੀ ਜੰਞ ਨੀਂ।

***ਮਨੀਪੁਰ 'ਚ ਪੁਲਿਸ ਨੇ ਹੀ ਔਰਤਾਂ ਨੂੰ ਭੀੜ ਦੇ ਹਵਾਲੇ ਕੀਤਾ ਸੀ- ਸੀ. ਬੀ. ਆਈ. ਦੀ ਚਾਰਜਸ਼ੀਟ 'ਚ ਦਾਅਵਾ**

-ਰੁਕਨਦੀਨਾਂ ਉਸ ਖੇਤ ਨੇ ਕੀ ਬਚਣਾ, ਜਿੱਥੇ ਵਾੜ ਹੀ ਖੇਤ ਨੂੰ ਖਾਂਵਦੀ ਏ।




***ਡਾ. ਧਰਮਵੀਰ ਗਾਂਧੀ ਕਦੇ ਵੀ ਵਿਕੇਗਾ ਨਹੀਂ- ਪਰਤਾਪ ਸਿੰਘ ਬਾਜਵਾ**

-ਮਰਦ ਸੋਈ ਜੋ ਵਚਨ ਦਾ ਹੋਇ ਪੱਕਾ, ਕੱਚੇ ਪਿੱਲਿਆਂ ਨੂੰ ਆਖਦੇ ਮਰਦ ਨਾਹੀਂ।



***ਸਕਾਟਲੈਂਡ ਦੇ ਪਹਿਲੇ ਮੰਤਰੀ ਹਮਜਾ ਯੂਸਫ਼ ਨੇ ਦਿਤਾ ਅਸਤੀਫ਼ਾ- ਇਕ ਖ਼ਬਰ**

-ਚਾਰੇ ਕੰਨੀਆਂ ਮੇਰੀਆਂ ਦੇਖ ਖਾਲੀ, ਅਸੀਂ ਨਾਲ ਨਾਹੀਂ ਕੁਝ ਲੈ ਚੱਲੇ।



***ਸੂਰਤ ਅਤੇ ਇੰਦੌਰ ਦਾ ਚੋਣ ਘਟਨਾਕ੍ਰਮ ਭਾਜਪਾ ਪ੍ਰਤੀ 'ਲੋਕਾਂ ਦੇ ਅਥਾਹ ਪਿਆਰ' ਨੂੰ ਦਰਸਾਉਂਦੈ- ਰਾਜਨਾਥ ਸਿੰਘ**

-ਪੁੱਠੇ ਥਾਂ 'ਤੇ ਰੁੱਖ ਉੱਗਿਐ, ਢੀਠ ਆਖਦੇ ਬੈਠਾਂਗੇ ਛਾਂਵੇਂ।

***ਸਿਆਸਤਦਾਨ ਮੁੱਦਾਹੀਣ ਲੋਕ ਸਭਾ ਚੋਣਾਂ ਲੜ ਰਹੇ ਹਨ- ਇਕ ਖ਼ਬਰ**

-ਖਾਲੀ ਘੋੜੀ ਹਿਣਕਦੀ, ਉੱਤੇ ਨਹੀਂ ਦੀਂਹਦਾ ਵੀਰ।

***ਕੀ ਸਿੱਖਾਂ ਦੇ ਮਸਲੇ ਹੱਲ ਹੋ ਗਏ ਹਨ ਜੋ ਦਿੱਲੀ ਕਮੇਟੀ ਦੇ ਛੇ ਮੈਂਬਰ ਭਾਜਪਾ 'ਚ ਸ਼ਾਮਲ ਹੋ ਗਏ?-ਰਣਜੀਤ ਕੌਰ**

-ਸਿੱਖਾਂ ਦੇ ਮਸਲਿਆਂ 'ਚੋਂ ਕੀ ਲੈਣੈ ਬਈ? ਉਨ੍ਹਾਂ ਦੇ ਆਪਣੇ ਸਭ ਮਸਲੇ ਹੱਲ ਹੋਣਗੇ ਹੁਣ।



***ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਿੱਖਾਂ ਦੇ ਅਧਿਕਾਰਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ- ਇਕ ਖ਼ਬਰ**

-ਸਾਬਤ ਕਦਮ ਹੈ ਇਸ਼ਕ ਦੇ ਰਾਹ ਉੱਤੇ, ਪੈਰ ਅਗ਼ਾਂਹ ਤੋਂ ਪਿਛਾਂਹ ਨਾ ਹਟਿਆ ਸੂ।

* * * * * * *

# ਸਮੂਹ ਪੰਥ ਸਿਖ ਕੈਲੰਡਰ ਦਾ ਸਾਂਝਾ ਹੱਲ ਲਭੇ-ਰਮੇਸ਼ ਸਿੰਘ ਨਾਲ ਇਕ ਮੁਲਾਕਾਤ

## ✪ ਕਿਹਾ ਕਿ ਪਾਕਿਸਤਾਨ ਵਿਚ ਜਲਦ ਲਾਗੂ ਹੋਵੇਗਾ ਸਿੱਖ ਮੈਰਿਜ ਐਕਟ ✪ ਭਾਰਤ ਪਾਕਿ ਦੋਸਤਾਨਾ ਸੰਬੰਧਾਂ ਦੀ ਹਮਾਇਤ ਕੀਤੀ



ਪਾਕਿਸਤਾਨ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪਾਕਿਸਤਾਨੀ ਪੰਜਾਬ ਦੇ ਪਹਿਲੇ ਸਿੱਖ ਮੰਤਰੀ ਰਮੇਸ਼ ਸਿੰਘ ਨੇ ਇਕ ਵਿਸ਼ੇਸ਼ ਇੰਟਰਵਿਊ ਵਿਚ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਨੂੰ ਸਤਿਕਾਰ ਅਤੇ ਬਰਾਬਰਤਾ ਦਿੱਤੀ ਜਾ ਰਹੀ ਹੈ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਪੰਥ ਵਿਚ ਕਲੰਡਰ ਅਤੇ ਹੋਰ ਕਈ ਦੁਬਿਧਾਵਾਂ ਦੇ ਹੱਲ ਲਈ ਸੰਸਾਰ ਭਰ ਦੀਆਂ ਸਿੱਖ ਸੰਸਥਾਵਾਂ, ਜਿਨ੍ਹਾ ਵਿਚ ਸ਼੍ਰੋਮਣੀ ਕਮੇਟੀ, ਦਿੱਲੀ ਗੁਰਦੁਆਰਾ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਵੀ ਸ਼ਾਮਿਲ ਹੈ , ਨੂੰ ਸੱਦਾ ਦਿੰਦੀ ਹੈ ਜੇ ਇਹ ਸਿੱਖ ਸੰਸਥਾਵਾਂ ਇਨ੍ਹਾਂ ਦੁਬਿਧਾਵਾਂ ਦੇ ਸਾਂਝੇ ਹੱਲ ਲਈ ਮਿਲ ਬੈਠਣ ਲਈ ਤਿਆਰ ਹੋਣ ਤਾਂ ਉਹ ਇਸ ਮੀਟਿੰਗ ਦੀ ਮੇਜ਼ਬਾਨੀ ਕਰਨ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਘੱਟ ਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਰਹੀ ਹੈ। ਪੇਸ਼ ਹੈ ਉਨ੍ਹਾਂ ਨਾਲ ਕੀਤੀ ਗਈ ਇਸ ਵਿਸ਼ੇਸ਼ ਗੱਲਬਾਤ ਦੇ ਕੁੱਝ ਅੰਸ਼-

ਸੁਆਲ-ਜਦੋਂ ਤੁਸੀਂ ਐਮ. ਐਲ. ਏ. ਬਣੇ ਸੀ ਤਾਂ ਤੁਸੀਂ ਪਾਕਿਸਤਾਨ ਵਿਚ ਸਿੱਖ ਮੈਰਿਜ ਐਕਟ ਪਾਸ ਕਰਵਾਉਣ ਲਈ ਕੰਮ ਕੀਤਾ ਸੀ। ਪਰ ਹੁਣ ਤੱਕ ਪਾਕਿਸਤਾਨ ਵਿਚ ਇਸ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਨਾ ਹੀ ਨਿਯਮ-ਕਾਨੂੰਨਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਹੈ?

ਜੁਆਬ-ਮੈਂ 2013 ਵਿਚ ਪਹਿਲੀ ਵਾਰ ਲਹਿੰਦੇ ਪੰਜਾਬ ਵਿਚ ਐਮ. ਐਲ. ਏ. ਬਣਿਆ ਸਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੈਂ 2018 ਵਿਚ ਸਿੱਖ ਮੈਰਿਜ ਐਕਟ ਦਾ ਪ੍ਰਾਈਵੇਟ ਬਿੱਲ ਪੇਸ਼ ਕੀਤਾ ਸੀ, ਜੋ ਪੰਜਾਬ ਅਸੈਂਬਲੀ ਵਿਚ ਆਮ ਸਹਿਮਤੀ ਨਾਲ ਪਾਸ ਹੋਇਆ ਸੀ। ਪਰ ਬਦਕਿਸਮਤੀ ਨਾਲ ਇਹ ਲਾਗੂ ਨਹੀਂ ਹੋ ਸਕਿਆ ਅਤੇ ਇਸ ਦੇ ਨਿਯਮ ਕਾਨੂੰਨ ਨਹੀਂ ਬਣ ਸਕੇ। ਪਰ ਹੁਣ ਮੈਂ ਮੰਤਰੀ ਬਣਦਿਆਂ ਸਾਰ ਹੀ ਪਹਿਲੀ ਹਦਾਇਤ ਇਹ ਕੀਤੀ ਹੈ ਕਿ ਸਿੱਖ ਮੈਰਿਜ ਐਕਟ, ਹਿੰਦੂ ਮੈਰਿਜ ਐਕਟ ਅਤੇ ਕ੍ਰਿਸਚੀਅਨ ਮੈਰਿਜ ਐਕਟ ਜਲਦੀ ਤੋਂ ਜਲਦੀ ਪਾਸ ਕਰਵਾ ਕੇ ਲਾਗੂ ਕੀਤੇ ਜਾਣ। ਸਿੱਖ ਮੈਰਿਜ ਐਕਟ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖਾਂ ਦੀ ਸਲਾਹ ਨਾਲ ਜੂਨ ਤੋਂ ਪਹਿਲਾਂ ਪਹਿਲਾਂ ਲਾਗੂ ਹੋ ਜਾਵੇਗਾ ਅਤੇ ਪਾਕਿਸਤਾਨ ਦੁਨੀਆ ਦਾ ਪਹਿਲਾ ਦੇਸ਼ ਹੋਵੇਗਾ, ਜਿੱਥੇ ਸਿੱਖ ਮੈਰਿਜ ਐਕਟ ਲਾਗੂ ਹੋਵੇਗਾ।

ਸੁਆਲ- ਕਰਤਾਰਪੁਰ ਸਾਹਿਬ ਦੇ ਲਾਂਘੇ ਦਾ ਦਾ ਪ੍ਰਬੰਧ ਇੱਕ ਵੱਖਰੀ ਏਜੰਸੀ ਦੇ ਅਧੀਨ ਹੈ, ਜਦੋਂ ਕਿ ਬਾਕੀ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਕੀਤਾ ਜਾਂਦਾ ਹੈ। ਕੀ ਤੁਹਾਨੂੰ ਨਹੀਂ ਲਗਦਾ ਕਿ ਕਰਤਾਰਪੁਰ ਸਾਹਿਬ ਦਾ ਪ੍ਰਬੰਧ ਵੀ ਗੁਰਦੁਆਰਾ ਕਮੇਟੀ ਦੇ ਅਧੀਨ ਹੋਣਾ ਚਾਹੀਦਾ ਹੈ?

ਜੁਆਬ-ਗੁਰਦੁਆਰਾ ਕਰਤਾਰਪੁਰ ਸਾਹਿਬ ਪਹਿਲੀ ਵਾਰ ਮੀਆਂ ਨਵਾਜ਼ ਸ਼ਰੀਫ਼ ਦੀ ਹਕੂਮਤ ਵੇਲੇ ਦਰਸ਼ਨਾਂ ਲਈ 1999-2000 ਵਿਚ ਖੁੱਲ੍ਹਿਆ ਸੀ। ਅਮਰੀਕਾ ਦੇ ਸਿੰਘ ਜੇ. ਬੀ. ਸਿੰਘ ਨੇ ਕਾਰ ਸੇਵਾ ਸ਼ੁਰੂ ਕੀਤੀ ਸੀ। ਮੇਰੇ ਵੱਡੇ ਭਰਾ ਜੀ ਉੱਥੇ ਪਹਿਲੀ ਵਾਰ ਮੁੱਖ ਗ੍ਰੰਥੀ ਵਜੋਂ ਉੱਥੇ ਗਏ ਸਨ। ਸੰਗਤਾਂ ਦੀ ਅਰਦਾਸ ਸੀ ਕਿ ਖੁੱਲ੍ਹੇ ਦਰਸ਼ਨ ਦੀਦਾਰ ਕੀਤੇ ਜਾਣ, ਇੱਥੇ ਜਾਣ ਦਾ ਰਸਤਾ ਬਹੁਤ ਔਖਾ ਸੀ। ਇੱਥੇ ਰਸਤੇ ਵਿਚ ਸਿਰਫ਼ ਜੰਗਲ ਹੀ ਜੰਗਲ ਸਨ। ਕੋਈ ਵਸੋਂ ਨਹੀਂ ਸੀ। ਉਸ ਵੇਲੇ ਗੁਰਦੁਆਰਾ ਸਾਹਿਬ ਤੋਂ ਟੈਲੀਫ਼ੋਨ ਕਰਨ ਲਈ ਵੀ 18 ਕਿੱਲੋਮੀਟਰ ਦੂਰ ਜਾਣਾ ਪੈਂਦਾ ਸੀ। ਹੁਣ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਵਾਸਤੇ ਵੱਖਰੀ ਏਜੰਸੀ ਨਹੀਂ ਹੈ। ਇਹ ਵੀ ਇਵੈਕੂਈ ਟਰੱਸਟ ਬੋਰਡ ਦੇ ਅਧੀਨ ਹੀ ਹੈ। ਇਹ ਇਕ ਪ੍ਰਾਜੈਕਟ ਮੈਨੇਜਮੈਂਟ ਹੈ। ਸਾਰਾ ਕੰਮ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ, ਇਵੈਕੂਈ ਟਰੱਸਟ ਪ੍ਰਾਪਟੀ ਬੋਰਡ ਅਤੇ ਪ੍ਰਾਜੈਕਟ ਮੈਨੇਜਮੈਂਟ ਮਿਲ ਕੇ ਕਰ ਰਹੇ ਹਨ। ਗੁਰਦੁਆਰਾ ਸਾਹਿਬ ਦੇ ਅੰਦਰ ਦੇ ਸਾਰੇ ਪ੍ਰਬੰਧ ਤੇ ਯਾਤਰੀਆਂ ਦੀ ਸੇਵਾ ਸੰਭਾਲ ਪਾਕਿਸਤਾਨ ਗੁਰਦੁਆਰਾ ਕਮੇਟੀ ਹੀ ਕਰਦੀ ਹੈ। ਸਾਰੇ ਅਦਾਰੇ ਮਿਲ ਕੇ ਹੀ ਕੰਮ ਕਰ ਰਹੇ ਹਨ।

ਸੁਆਲ-ਸਿੰਧ ਅਤੇ ਹੋਰ ਸੂਬਿਆਂ ਵਿਚ ਨਾਬਾਲਗ ਲੜਕੀਆਂ ਦੇ ਜਬਰੀ ਧਰਮ ਪਰਿਵਰਤਨ ਅਤੇ ਅਗਵਾ ਕਰਨ ਦੀਆਂ ਘਟਨਾਵਾਂ ਵਧ ਰਹੀਆਂ ਹਨ,ਪਰ ਕੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਅਜਿਹੀਆਂ ਘਟਨਾਵਾਂ ਨੂੰ ਰੁਕਵਾਉਣ ਲਈ ਕੋਸ਼ਿਸ਼ਾਂ ਕਰੋਗੇ ?

ਜੁਆਬ-ਰਿਆਸਤੇ ਪਾਕਿਸਤਾਨ ਦਾ ਸੰਵਿਧਾਨ ਹਰ ਪਾਕਿਸਤਾਨੀ ਨੂੰ ਉਹ ਚਾਹੇ ਕਿਸੇ ਵੀ ਧਰਮ ਦੇ ਹੋਣ, ਬਰਾਬਰੀ ਦਾ ਅਧਿਕਾਰ ਦਿੰਦਾ ਹੈ। ਸਾਡੀ ਮੁੱਖ ਮੰਤਰੀ ਮਰੀਅਮ ਨਵਾਜ਼ ਸਾਹਿਬਾ ਨੇ ਖ਼ੁਦ ਕਿਹਾ ਹੈ ਕਿ ਘੱਟ ਗਿਣਤੀਆਂ ਸਾਡੇ ਸਿਰ ਦਾ ਤਾਜ ਹਨ। ਮੈਂ ਆਪਣੀ ਪੂਰੀ ਟੀਮ ਨੂੰ ਹਦਾਇਤ ਕੀਤੀ ਹੈ ਕਿ ਕਿਸੇ ਨਾਲ ਕੋਈ ਵਿਤਕਰਾ ਨਾ ਹੋਵੇ। ਰਹੀ ਗੱਲ ਸਿੰਧ ਅਤੇ ਹੋਰ ਸੂਬਿਆਂ ਵਿਚ ਨਾਬਾਲਗਾਂ ਨਾਲ ਕੁੱਝ ਜ਼ਿਆਦਤੀ ਦੇ ਕੇਸ ਸਾਹਮਣੇ ਆਏ ਹਨ। ਪਰ ਸਰਕਾਰ ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਕਰਦੀ ਹੈ ਅਤੇ ਘੱਟ ਗਿਣਤੀਆਂ ਨਾਲ ਜ਼ਿਆਦਤੀ ਕਰਨ ਦਾ ਵਾਲਿਆਂ ਖ਼ਿਲਾਫ਼ ਕਾਰਵਾਈ ਹੁੰਦੀ ਹੈ। ਮੈਂ ਇਸ ਮਾਮਲੇ ਵਿਚ ਜੋ ਕਰ ਸਕਦਾ ਹਾਂ ਜ਼ਰੂਰ ਕਰਾਂਗਾ।

ਸੁਆਲ-ਕੀ ਤੁਸੀਂ ਪਾਕਿਸਤਾਨ ਵਿਚ ਰਹਿੰਦੇ ਸਿੱਖਾਂ, ਹਿੰਦੂਆਂ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਦੀ ਬਿਹਤਰੀ ਲਈ ਕੁੱਝ ਨਵਾਂ ਕਰਨ ਦੀ ਯੋਜਨਾ ਬਣਾ ਰਹੇ ਹੋ ?

ਜੁਆਬ- ਮੇਰੇ ਲਈ ਇਹ ਸੱਚਮੁੱਚ ਚੁਣੌਤੀ ਪੂਰਨ ਹੈ ਕਿ ਮੈਂ ਘੱਟ ਗਿਣਤੀਆਂ ਦਾ ਮੰਤਰੀ ਹੋਣ ਦੇ ਨਾਤੇ ਘੱਟ ਗਿਣਤੀਆਂ ਲਈ ਕੀ ਕੰਮ ਕਰਾਂਗਾ। ਮੈਂ ਇਕ 5 ਸਾਲਾ ਰੋਡ ਮੈਪ ਬਣਾ ਰਿਹਾ ਹਾਂ ਜਿਸ ਵਿਚ ਸਾਰੀਆਂ ਧਿਰਾਂ ਨੂੰ ਸ਼ਾਮਿਲ ਕਰਕੇ ਘੱਟ ਗਿਣਤੀਆਂ ਦੇ ਸਾਰੇ ਮਸਲੇ ਹੱਲ ਕਰਨ ਲਈ ਕੰਮ ਕਰਾਂਗਾ। ਉਨ੍ਹਾਂ ਨੂੰ ਧਰਮ ਕਾਰਨ ਮੁਸ਼ਕਿਲ ਨਾ ਆਏ। ਉਨ੍ਹਾਂ ਨਾਲ ਕਿਤੇ ਵੀ ਧੱਕਾ ਨਾ ਹੋਵੇ, ਇਸ ਲਈ ਲੋਕਾਂ ਦੇ ਰਵੱਈਏ ਨੂੰ ਬਦਲਣਾ ਪੈਣਾ ਹੈ। ਮੇਰਾ ਮੰਤਰਾਲਾ ਇਸ ਲਈ ਸਮਰਪਿਤ ਹੈ। ਅੰਤਰ-ਧਰਮ ਸਦਭਾਵਨਾ ਸਹਿਮਤੀ ਬਣਾਉਣਾ, ਪੰਜਾਬ ਵਿਚ ਵਸਦੀਆਂ ਘੱਟ ਗਿਣਤੀਆਂ ਲਈ ਸਮਾਜਿਕ ਨਿਆਂ, ਨੌਕਰੀਆਂ ਅਤੇ ਸਕੂਲਾਂ ਕਾਲਜਾਂ ਵਿਚ ਇਕੋ ਜਿਹੇ ਬਰਾਬਰੀ ਦੇ ਮੌਕੇ ਦੇਣ ਲਈ ਅਸੀਂ 5 ਸਾਲਾਂ ਵਿਚ ਪੂਰੀ ਮਿਹਨਤ ਕਰਾਂਗੇ ਅਤੇ ਕੋਸ਼ਿਸ਼ ਕਰਾਂਗੇ ਕਿ ਇਹ ਰੋਡ ਮੈਪ ਪੱਕੇ ਤੌਰ 'ਤੇ ਲਾਗੂ ਰਹੇ।

ਸੁਆਲ-ਕੀ ਇੱਕ ਸੱਤਾਧਾਰੀ ਪਾਰਟੀ ਦੇ ਆਗੂ ਵਜੋਂ ਭਾਰਤ ਅਤੇ ਪਾਕਿਸਤਾਨ ਦੇ ਸੰਬੰਧਾਂ ਨੂੰ ਸੁਧਾਰਨ ਵਿਚ ਤੁਸੀਂ ਕੋਈ ਭੂਮਿਕਾ ਨਿਭਾਓਗੇ ?

ਜੁਆਬ-ਪਾਕਿਸਤਾਨ ਦੀ ਪਾਲਿਸੀ ਹੈ ਗੁਆਂਢੀ ਮੁਲਕਾਂ ਨਾਲ ਚੰਗੇ ਸੰਬੰਧ ਹੋਣ। ਸਾਡੇ ਕਾਇਦ ਨਵਾਜ਼ ਸ਼ਰੀਫ਼ ਨੇ ਵੀ ਕਈ ਵਾਰ ਕਿਹਾ ਹੈ ਕਿ ਅਸੀਂ ਗੁਆਂਢੀ ਮੁਲਕ (ਭਾਰਤ) ਨਾਲ ਚੰਗੇ ਸੰਬੰਧਾਂ ਦੇ ਹਾਮੀ ਹਾਂ, ਹੁਣ ਵਾਲੀ ਸਰਕਾਰ ਵੀ ਇਹੀ ਚਾਹੁੰਦੀ ਹੈ। ਪਰ ਇਹ ਬਰਾਬਰੀ ਦੇ ਆਧਾਰ 'ਤੇ ਹੀ ਹੋ ਸਕਦਾ ਹੈ। ਅਸੀਂ ਚਾਹੁੰਦੇ ਹਾਂ ਕਿ ਭਾਰਤ ਨਾਲ ਵਪਾਰ ਹੋਵੇ, ਲੋਕਾਂ ਦਾ ਆਉਣ ਜਾਣ ਹੋਵੇ। ਪਰ ਜੇ ਇਹ ਦੋਵਾਂ ਪਾਸਿਓਂ ਹੋਵੇ ਤਾਂ ਹੀ ਹੋ ਸਕਦਾ ਹੈ। ਖ਼ਾਸ ਕਰ ਭਾਰਤ ਤੇ ਪਾਕਿਸਤਾਨ ਲਈ ਸਭ ਤੋਂ ਵੱਡੀ ਚੁਣੌਤੀ ਗਰੀਬੀ ਹੈ ਤੇ ਇਸ ਗਰੀਬੀ ਨੂੰ ਖ਼ਤਮ ਕਰਨ ਲਈ ਦੋਸਤੀ ਦੀ ਜ਼ਰੂਰਤ ਹੈ। ਪਰ ਇਹ ਨਹੀਂ ਹੋ ਸਕਦਾ ਕਿ ਕੋਈ ਕਹੇ ਕਿ ਮੈਂ ਵੱਡਾ ਹਾਂ ਤੇ ਛੋਟੇ ਨੂੰ ਦਬਾਅ ਸਕਦਾ ਹਾਂ ਅਤੇ ਛੋਟਾ ਇਹ ਮਹਿਸੂਸ ਕਰੇ ਕਿ ਮੈਨੂੰ ਵੱਖਰਾ ਤੇ ਇਕੱਲਾ ਕਰਨ ਲਈ ਕੋਈ ਰਣਨੀਤੀ ਬਣਾਈ ਗਈ ਹੈ। ਅਸੀਂ ਸਿਰਫ਼ ਭਾਰਤ ਨਾਲ ਹੀ ਨਹੀਂ ਬਾਕੀ ਗੁਆਂਢੀ ਦੇਸ਼ਾਂ ਨਾਲ ਵੀ ਚੰਗੇ ਸੰਬੰਧਾਂ ਲਈ ਕੰਮ ਕਰ ਰਹੇ ਹਾਂ। ਮੈਂ ਜਿੰਨੀ ਕੁ ਭੂਮਿਕਾ ਨਿਭਾਅ ਸਕਦਾ ਹਾਂ, ਨਿਭਾਅ ਰਿਹਾ ਹਾਂ।

ਸੁਆਲ-ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਦੂਜੇ ਦੇਸ਼ਾਂ ਦੇ ਨਿਵਾਸੀਆਂ ਤੋਂ ਫ਼ੀਸ ਵਸੂਲਣ ਦਾ ਵਿਚਾਰ ਤਾਂ ਸਮਝ ਵਿਚ ਆਉਂਦਾ ਹੈ, ਪਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੇ ਪਾਕਿਸਤਾਨੀ ਨਾਗਰਿਕਾਂ ਤੋਂ ਇਹ ਕਿਉਂ ?

ਜੁਆਬ-ਕਰਤਾਰਪੁਰ ਸਾਹਿਬ ਬਹੁਤ ਵੱਡਾ ਕਾਰੀਡੋਰ ਹੈ ਇਹ 175 ਏਕੜ ਦਾ ਹੈ। ਅਸੀਂ ਕੁੱਝ ਅਜਿਹੇ ਕਦਮ ਚੁੱਕੇ ਹਨ ਕਿ ਇਹ ਪ੍ਰਾਜੈਕਟ ਚਲਦਾ ਰਹੇ। ਇੱਥੇ 17 ਅਰਬ ਰੁਪਏ ਦਾ ਨਿਵੇਸ਼ ਕੀਤਾ ਗਿਆ ਹੈ। ਅਸਲ ਵਿਚ ਗੁਰਦੁਆਰਾ ਸਾਹਿਬ ਦੇ ਅੰਦਰ ਜਾਣ ਦੀ ਕੋਈ ਫ਼ੀਸ ਨਹੀਂ। ਗੁਰੂ ਦਰਬਾਰ ਸਭ ਲਈ ਸਾਂਝਾ ਹੈ, ਕਿਸੇ ਤੇ ਰੋਕ ਨਹੀਂ। ਬਾਹਰੋਂ ਵੀਜ਼ਾ ਲੈ ਕੇ ਆਉਣ ਵਾਲੇ ਸਿੱਖਾਂ ਲਈ ਇਥੇ ਆਉਣ ਦੀ ਫ਼ੀਸ ਵੀ ਖ਼ਤਮ ਕਰ ਦਿੱਤੀ ਗਈ ਹੈ। ਪਰ ਸਥਾਨਕ ਲੋਕ ਕੰਪਲੈਕਸ ਵਿਚ ਆ ਕੇ ਉੱਥੇ ਬਣੇ ਵਪਾਰਕ ਅਤੇ ਮਨੋਰੰਜਕ ਅਦਾਰਿਆਂ ਵਿਚ ਵੀ ਜਾਂਦੇ ਹਨ। ਇਹ ਫ਼ੀਸ ਉਨ੍ਹਾਂ ਕਾਰਨ ਹੀ ਲਈ ਜਾਂਦੀ ਹੈ। ਗੁਰਦੁਆਰਾ ਸਾਹਿਬ, ਤੇ ਕੋਈ ਫ਼ੀਸ ਨਹੀਂ ਹੈ।

ਸੁਆਲ-ਗੁਰਪੁਰਬ ਮਨਾਉਣ ਦੇ ਸੰਬੰਧ ਵਿਚ, ਪਾਕਿਸਤਾਨ ਗੁਰਦੁਆਰਾ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਵੱਖੋ-ਵੱਖਰੇ ਕਲੰਡਰਾਂ ਦੀ ਪਾਲਣਾ ਕਰ ਰਹੀਆਂ ਹਨ? ਕੀ ਤੁਸੀਂ ਇੱਕ ਆਮ ਸਹਿਮਤੀ ਤੱਕ ਪਹੁੰਚਣ ਲਈ ਯਤਨ ਕਰੋਗੇ ?

ਜੁਆਬ-ਜਿਸ ਦਿਨ ਮੈਂ ਪਾਕਿਸਤਾਨ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਬਣਿਆ ਸੀ, ਮੈਂ ਉਸ ਦਿਨ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਹਰਿਆਣਾ ਗੁਰਦੁਆਰਾ ਕਮੇਟੀ ਤੇ ਸਾਰੀ ਦੁਨੀਆ ਦੀਆਂ ਸਿੱਖ ਸੰਗਤਾਂ ਨੂੰ ਬੇਨਤੀ ਕੀਤੀ ਸੀ ਕਿ ਆਓ, ਬੈਠ ਕੇ ਗੱਲ ਕਰੀਏ ਤੇ ਨਿੱਕੇ ਨਿੱਕੇ ਵਖਰੇਵੇਂ ਮਿਟਾ ਲਈਏ। ਅਸੀਂ 2003 ਤੋਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਪ੍ਰਵਾਨਿਤ ਨਾਨਕਸ਼ਾਹੀ ਕਲੰਡਰ ਲਾਗੂ ਕੀਤਾ ਹੋਇਆ ਹੈ।

# ਪੰਜਾਬ ਵਿਚ ਖੱਬੇ ਪੱਖੀ ਸਿਆਸਤ ਠੁੱਸ ਹੋਈ

ਬਘੇਲ ਸਿੰਘ ਧਾਲੀਵਾਲ

## ✪ ਚਾਰ ਹਲਕਿਆਂ ਜਲੰਧਰ, ਅੰਮ੍ਰਿਤਸਰ, ਖਡੂਰ ਸਾਹਿਬ ਅਤੇ ਫਰੀਦਕੋਟ ਤੋਂ ਲੜ ਰਹੇ ਨੇ ਚੋਣ

ਪੰਜਾਬ ਵਿਚ ਇੱਕ ਯੁੱਗ ਲਾਲ ਝੰਡੇ ਦਾ ਸੀ ਜਦੋਂ ਵਿਧਾਨ ਸਭਾ ਵਿਚ ਕਾਮਰੇਡਾਂ ਦੀ ਅਵਾਜ਼ ਬੁਲੰਦ ਹੁੰਦੀ ਸੀ। ਸੀਪੀਆਈ ਦਾ ਚੋਣ ਨਿਸ਼ਾਨ 'ਦਾਤੀ-ਬੱਲੀ' ਅਤੇ ਸੀਪੀਆਈ (ਮਾਰਕਸਵਾਦੀ) ਦਾ ਚੋਣ ਨਿਸ਼ਾਨ 'ਦਾਤੀ-ਹਥੌੜਾ' ਹੈ । ਜਦੋਂ ਅੱਜ ਦੇ ਦੌਰ ਵਿਚ ਝਾਤ ਮਾਰਦੇ ਹਾਂ ਤਾਂ ਖੱਬੇ ਪੱਖੀਆਂ ਦੀ ਹੋਂਦ ਕਿਤੇ ਦਿਖਾਈ ਨਹੀਂ ਦੇ ਰਹੀ। ਲੋਕ ਸਭਾ ਚੋਣਾਂ 'ਤੇ ਨਤੀਜੇ ਵੇਖਦੇ ਹਾਂ ਤਾਂ ਪੰਜਾਬ ਵਿਚ ਆਖ਼ਰੀ ਸਮੇਂ 1999 ਦੀਆਂ ਚੋਣਾਂ ਵਿਚ ਬਠਿੰਡਾ ਤੋਂ ਸੀਪੀਆਈ ਦੇ ਉਮੀਦਵਾਰ ਭਾਨ ਸਿੰਘ ਭੌਰਾ ਚੋਣ ਜਿੱਤੇ ਸਨ। ਕਾਮਰੇਡ ਭੌਰਾ ਸਾਲ 1971 ਵਿਚ ਬਠਿੰਡਾ ਹਲਕੇ ਤੋਂ ਚੋਣ ਜਿੱਤੇ ਸਨ। ਸਭ ਤੋਂ ਪਹਿਲਾਂ ਖਾਤਾ 1957 ਵਿੱਚ ਖੁੱਲ੍ਹਿਆ ਸੀ ਜਦੋਂ ਸਾਂਝੇ ਪੰਜਾਬ ਵਿਚ ਝੱਜਰ ਸੀਟ ਤੋਂ ਕਾਮਰੇਡ ਪ੍ਰਤਾਪ ਸਿੰਘ ਦੌਲਤਾ ਚੋਣ ਜਿੱਤੇ ਸਨ। ਲੋਕ ਸਭਾ ਚੋਣਾਂ ਵਿੱਚ ਕਾਮਰੇਡ ਰਣਜੀਤ ਸਿੰਘ ਨੇ ਸਾਲ 1962 ਅਤੇ ਤੇਜਾ ਸਿੰਘ ਸੁਤੰਤਰ ਨੇ 1971 ਵਿਚ ਲੋਕ ਸਭਾ ਚੋਣ ਜਿੱਤੀ ਸੀ। ਮਾਰਕਸਵਾਦੀ ਪਾਰਟੀ ਦੇ ਪੰਜਾਬ ਵਿਚ ਹੁਣ ਤੱਕ ਇਕਲੌਤੇ ਸੰਸਦ ਮੈਂਬਰ ਭਗਤ ਰਾਮ ਸਾਲ 1977 ਵਿਚ ਬਣੇ ਸਨ ਅਤੇ ਉਨ੍ਹਾਂ ਫਿਲੌਰ ਹਲਕੇ ਤੋਂ ਚੋਣ ਲੜੀ ਸੀ। ਹੁਣ ਤੱਕ 17 ਚੋਣਾਂ ਵਿੱਚ ਖੱਬੇ ਪੱਖੀ ਧਿਰਾਂ ਦੇ ਪੰਜਾਬ




ਵਿੱਚ 6 ਦਫ਼ਾ ਹੀ ਸੰਸਦ ਮੈਂਬਰ ਬਣੇ ਹਨ। ਵੋਟ ਫ਼ੀਸਦੀ ਵੱਲ ਦੇਖੀਏ ਤਾਂ 1952 ਦੀ ਪਹਿਲੀ ਲੋਕ ਸਭਾ ਚੋਣ ਵਿੱਚ ਸੀਪੀਆਈ ਦਾ ਵੋਟ ਫੀਸਦ 5.04 ਸੀ ਅਤੇ ਉਦੋਂ ਚਾਰ ਸੀਟਾਂ ਤੋਂ ਕਾਮਰੇਡਾਂ ਨੇ ਚੋਣਾਂ ਲੜੀਆਂ। ਸਭ ਤੋਂ ਵੱਡਾ ਰਿਕਾਰਡ ਸੀਪੀਆਈ ਦਾ 1957 ਵਿਚ ਰਿਹਾ ਜਦਕਿ ਖੱਬੇ ਪੱਖੀਆਂ ਨੂੰ ਪੰਜਾਬ ਵਿੱਚ 16.81 ਫੀਸਦੀ ਵੋਟਾਂ ਪਈਆਂ ਸਨ ਅਤੇ 11 ਸੀਟਾਂ ਤੋਂ ਇਨ੍ਹਾਂ ਨੇ ਚੋਣ ਲੜੀ ਸੀ। ਸੀਪੀਆਈ ਦਾ ਵੋਟ ਸ਼ੇਅਰ 2004 ਵਿਚ 2.55 ਫੀਸਦੀ ਅਤੇ 2014 ਵਿਚ 0.40 ਫੀਸਦੀ ਸੀ। ਆਖ਼ਰੀ 2019 ਦੀਆਂ ਚੋਣਾਂ ਵਿਚ ਸੀਪੀਆਈ ਨੂੰ ਸਿਰਫ਼ 0.3 ਫੀਸਦੀ ਵੋਟਾਂ ਪਈਆਂ ਜਦਕਿ ਸੀਪੀਐਮ ਨੂੰ 0.1 ਫੀਸਦੀ ਵੋਟਾਂ ਪਈਆਂ। ਸੀਪੀਐੱਮ ਦਾ ਹੁਣ ਤੱਕ ਸਭ ਤੋਂ ਵੱਡਾ ਵੋਟ ਸ਼ੇਅਰ 4.94 ਫੀਸਦੀ 1977 ਦੀਆਂ ਚੋਣਾਂ ਵਿਚ ਰਿਹਾ।

ਜਦੋਂ ਪੰਜਾਬ ਵਿਧਾਨ ਸਭਾ ਚੋਣਾਂ 'ਵਿਚ ਖੱਬੇ ਪੱਖੀਆਂ ਦੀ ਕਾਰਗੁਜ਼ਾਰੀ ਦੇਖਦੇ ਹਾਂ ਤਾਂ ਆਖ਼ਰੀ ਦਫ਼ਾ ਸਾਲ 2002 ਵਿਚ ਸੀਪੀਆਈ ਦੇ ਦੋ ਵਿਧਾਇਕ ਨੱਥੂ ਰਾਮ (ਮਲੋਟ) ਅਤੇ ਗੁਰਜੰਟ ਸਿੰਘ ਕੁੱਤੀਵਾਲ (ਪੱਕਾ ਕਲਾਂ) ਸੀ। ਉਸ ਮਗਰੋਂ ਵਿਧਾਨ ਸਭਾ ਵਿਚ ਕੋਈ ਕਾਮਰੇਡ ਨਹੀਂ ਪਹੁੰਚਿਆ। ਉਦੋਂ ਸੀਪੀਆਈ ਨੂੰ 2.1 ਫੀਸਦੀ ਵੋਟਾਂ ਪਈਆਂ ਸਨ। 1997 ਵਿਚ ਸੀਪੀਆਈ ਦੇ ਨਿਹਾਲ ਸਿੰਘ ਵਾਲਾ ਤੋਂ ਅਜੈਬ ਸਿੰਘ ਅਤੇ ਬੁਢਲਾਡਾ ਤੋਂ ਹਰਦੇਵ ਅਰਸ਼ੀ ਚੋਣ ਜਿੱਤੇ ਸਨ। ਉਸ ਤੋਂ ਪਹਿਲਾਂ 1992 ਵਿਚ ਸੀਪੀਆਈ ਦੇ ਚਾਰ ਅਤੇ ਸੀਪੀਐਮ ਦਾ ਇੱਕ ਉਮੀਦਵਾਰ ਜਿੱਤਿਆ ਸੀ।

ਸਾਲ 1985 ਦੀ ਵਿਧਾਨ ਸਭਾ ਚੋਣ ਵਿਚ ਸੀਪੀਆਈ ਦਾ ਇੱਕਲੌਤਾ ਵਿਧਾਇਕ ਜਲਾਲਾਬਾਦ ਤੋਂ ਮਹਿਤਾਬ ਸਿੰਘ ਬਣਿਆ ਸੀ। 1980 ਵਿਚ ਸੀਪੀਆਈ ਦੇ 9 ਅਤੇ ਸੀਪੀਐਮ ਦੇ ਪੰਜ ਉਮੀਦਵਾਰ ਚੋਣ ਜਿੱਤੇ ਸਨ। 1977 ਵਿੱਚ ਸੀਪੀਐਮ ਦੇ ਅੱਠ ਅਤੇ ਸੀਪੀਆਈ ਦੇ ਸੱਤ ਉਮੀਦਵਾਰ ਸਫ਼ਲ ਹੋਏ ਸਨ। 1977 ਵਿੱਚ ਸੀਪੀਆਈ ਦਾ ਅਸੈਂਬਲੀ ਚੋਣਾਂ ਵਿਚ ਵੋਟ ਸ਼ੇਅਰ 6.6 ਫੀਸਦੀ ਜੋ ਸਾਲ 2002 ਵਿਚ 2.1 ਫੀਸਦੀ ਰਹਿ ਗਿਆ। ਸਾਲ 2022 ਦੀਆਂ ਚੋਣਾਂ ਵਿਚ ਖੱਬੇ ਪੱਖੀਆਂ ਦਾ ਵੋਟ ਸ਼ੇਅਰ ਨੋਟਾ ਨਾਲੋਂ ਵੀ ਘੱਟ ਰਿਹਾ। ਨੋਟਾ ਨੂੰ 0.71 ਫੀਸਦੀ ਵੋਟਾਂ ਪਈਆਂ ਜਦੋਂ ਕਿ ਸੀਪੀਆਈ ਨੂੰ 0.05 ਫੀਸਦੀ ਅਤੇ ਸੀਪੀਐਮ ਨੂੰ 0.06 ਫੀਸਦੀ ਵੋਟਾਂ ਮਿਲੀਆਂ ਸਨ। ਆਜ਼ਾਦੀ ਮਗਰੋਂ ਨਾਮੀ ਕਾਮਰੇਡ ਰਹੇ ਹਨ ਜਿਹੜੇ ਵਾਰ-ਵਾਰ ਜਿੱਤਦੇ ਰਹੇ ਹਨ। ਕਾਮਰੇਡ ਸਤਪਾਲ ਡਾਂਗ ਲਗਾਤਾਰ ਚਾਰ ਵਾਰ ਚੋਣ ਜਿੱਤੇ ਸਨ। ਰਾਮਪੁਰਾ ਫੂਲ ਹਲਕੇ ਤੋਂ ਮਾਸਟਰ ਬਾਬੂ ਸਿੰਘ ਚਾਰ ਵਾਰ ਵਿਧਾਇਕ ਬਣੇ ਸਨ। ਕਾਮਰੇਡ ਦਾਨਾ ਰਾਮ ਵੀ ਚਾਰ ਦਫ਼ਾ ਚੋਣ ਜਿੱਤੇ ਸਨ। ਮਰਹੂਮ ਕਾਮਰੇਡ ਭਾਨ ਸਿੰਘ ਭੌਰਾ ਦੋ ਵਾਰ ਅਸੈਂਬਲੀ ਚੋਣ ਜਿੱਤੇ ਅਤੇ ਦੋ ਵਾਰ ਸੰਸਦ ਮੈਂਬਰ ਬਣੇ। ਕਾਮਰੇਡ ਜਗੀਰ ਸਿੰਘ ਜੋਗਾ ਚਾਰ ਵਾਰ ਚੋਣ ਜਿੱਤੇ ਸਨ। ਖੱਬੀਆਂ ਧਿਰਾਂ ਵਿਚੋਂ ਸੀਪੀਐਮ ਦੇ ਚੰਦ ਸਿੰਘ ਚੋਪੜਾ ਦੋ ਵਾਰ ਚੋਣ ਜਿੱਤੇ ਸਨ ਤੇ ਨੂਰਮਹਿਲ ਤੋਂ ਸਰਵਣ ਸਿੰਘ ਦੋ ਵਾਰ ਜਿੱਤੇ। ਹਰਦੇਵ ਅਰਸ਼ੀ, ਦਰਸ਼ਨ ਸਿੰਘ ਕੈਨੇਡੀਅਨ, ਬਲਦੇਵ ਸਿੰਘ ਸ਼ੁਤਰਾਣਾ ਤੇ ਮਹਿਤਾਬ ਸਿੰਘ ਆਦਿ ਦੋ-ਦੋ ਵਾਰ ਚੋਣ ਜਿੱਤੇ। 1992 ਵਿਚ ਵਿਮਲਾ ਡਾਂਗ ਵਿਧਾਇਕ ਬਣੇ। ਲੋਕ ਸਭਾ ਚੋਣਾਂ ਵਿਚ ਸੀਪੀਆਈ ਦਾ ਕਾਂਗਰਸ ਨਾਲ 1971, ਸਾਲ 1998, ਸਾਲ 1999 ਅਤੇ ਸਾਲ 2004 ਵਿਚ ਗੱਠਜੋੜ ਹੋਇਆ ਸੀ। ਹੁਣ ਖੱਬੇ ਪੱਖੀ ਧਿਰਾਂ ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਅਤੇ ਸੀਪੀਆਈ (ਐਮ) 'ਇੰਡੀਆ ਗੱਠਜੋੜ' ਦਾ ਹਿੱਸਾ ਹਨ ਪ੍ਰੰਤੂ ਪੰਜਾਬ ਵਿਚ ਇਹ ਆਪਣੇ ਪੱਧਰ 'ਤੇ ਚਾਰ ਹਲਕਿਆਂ ਜਲੰਧਰ ਤੋਂ ਸੀਪੀਆਈ (ਐਮ) ਨੇ ਟਰੇਡ ਯੂਨੀਅਨ ਆਗੂ ਪੁਰਸ਼ੋਤਮ ਲਾਲ ਬਿਲਗਾ, ਅੰਮ੍ਰਿਤਸਰ ਤੋਂ ਸੀਪੀਆਈ ਦੇ ਦਸਵਿੰਦਰ ਕੌਰ, ਖਡੂਰ ਸਾਹਿਬ ਤੋਂ ਕਿਸਾਨ ਆਗੂ ਗੁਰਦਿਆਲ ਸਿੰਘ ਤੇ ਫਰੀਦਕੋਟ ਤੋਂ ਗੁਰਚਰਨ ਸਿੰਘ ਮਾਨ ਚੋਣ ਲੜ ਰਹੇ ਹਨ।

# ਪ੍ਰਮਾਣੂ ਯੁੱਧ ਵਿੱਚ ਅਮਰੀਕਾ ਦੀ 75 ਫੀਸਦੀ ਆਬਾਦੀ ਦੀ ਮੌਤ ਹੋ ਸਕਦੀ ਏ


## ✪ ਖ਼ਤਰਨਾਕ ਨਕਸ਼ੇ ਵਿਚ ਹੋਇਆ ਖੁਲਾਸਾ, ਦੁਨੀਆਂ ਵਿਚ ਵਧਿਆ ਫੌਜੀ ਤਣਾਅ

ਵਸ਼ਿੰਗਟਨ-ਸ਼ੀਤ ਯੁੱਧ ਵੇਲੇ ਦੇ ਇੱਕ ਨਕਸ਼ੇ ਤੋਂ ਪਤਾ ਲੱਗਿਆ ਹੈ ਕਿ ਜੇਕਰ ਸੰਯੁਕਤ ਰਾਜ ਅਮਰੀਕਾ ਵਿੱਚ ਇੱਕ ਪ੍ਰਮਾਣੂ ਯੁੱਧ ਹੋਇਆ ਤਾਂ ਕਿੰਨਾ ਵਿਨਾਸ਼ਕਾਰੀ ਹੋ ਸਕਦਾ ਹੈ। ਨਕਸ਼ੇ ਦੇ ਅਨੁਸਾਰ ਰੇਡੀਓਐਕਟਿਵ ਫਾਲੋਆਉਟ ਅਮਰੀਕਾ ਦੇ ਵੱਡੇ ਹਿੱਸਿਆਂ ਨੂੰ ਪ੍ਰਭਾਵਤ ਕਰ ਸਕਦਾ ਹੈ ਅਤੇ ਨਤੀਜੇ ਵਜੋਂ ਸਭ ਤੋਂ ਗੰਭੀਰ ਪ੍ਰਭਾਵਿਤ ਖੇਤਰਾਂ ਵਿੱਚ 75 ਪ੍ਰਤੀਸ਼ਤ ਨਾਗਰਿਕਾਂ ਦੀ ਮੌਤ ਹੋ ਸਕਦੀ ਹੈ।

ਸ਼ੀਤ ਯੁੱਧ ਦੇ ਅੰਤ ਦੇ ਬਾਵਜੂਦ ਹਾਲ ਹੀ ਦੀਆਂ ਘਟਨਾਵਾਂ ਜਿਵੇਂ ਕਿ ਰੂਸ ਦਾ ਯੂਕਰੇਨ 'ਤੇ ਹਮਲਾ ਅਤੇ ਇਜ਼ਰਾਈਲ ਅਤੇ ਈਰਾਨ ਵਿਚਕਾਰ ਵੱਧ ਰਹੇ ਫੌਜੀ ਤਣਾਅ ਨੇ ਪ੍ਰਮਾਣੂ ਯੁੱਧ ਦੇ ਡਰ ਨੂੰ ਫਿਰ ਤੋਂ ਜਗਾਇਆ ਹੈ। ਪ੍ਰਮਾਣੂ ਸ਼ਕਤੀਆਂ ਵਿੱਚ ਅਮਰੀਕਾ, ਬ੍ਰਿਟੇਨ, ਫਰਾਂਸ, ਰੂਸ ਅਤੇ ਚੀਨ ਸ਼ਾਮਲ ਹਨ, ਪਾਕਿਸਤਾਨ, ਭਾਰਤ ਅਤੇ ਉੱਤਰੀ ਕੋਰੀਆ ਕੋਲ ਵੀ ਪ੍ਰਮਾਣੂ ਸਮਰੱਥਾ ਹੈ।

### ਪਰਮਾਣੂ ਸਾਈਲੋ 'ਤੇ ਕਿਵੇਂ ਹੋਵੇਗਾ ਹਮਲਾ

ਇਜ਼ਰਾਈਲ ਕੋਲ ਪ੍ਰਮਾਣੂ ਹਥਿਆਰ ਹੋਣ ਦਾ ਸ਼ੱਕ ਹੈ, ਪਰ ਜਨਤਕ ਤੌਰ 'ਤੇ ਇਸ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਦੂਜੇ ਪਾਸੇ, ਈਰਾਨ ਇੱਕ ਮਹੱਤਵਪੂਰਨ ਯੂਰੇਨੀਅਮ ਸੰਸ਼ੋਧਨ ਪ੍ਰੋਗਰਾਮ ਚਲਾ ਰਿਹਾ ਹੈ। ਮੰਨਿਆ ਜਾ



ਰਿਹਾ ਹੈ ਕਿ ਈਰਾਨ ਕੋਲ ਪ੍ਰਮਾਣੂ ਬੰਬ ਬਣਾਉਣ ਲਈ ਕਾਫੀ ਯੂਰੇਨੀਅਮ ਹੈ ਪਰ ਪਾਬੰਦੀਆਂ ਦੇ ਡਰ ਕਾਰਨ ਉਹ ਇਸ ਦਾ ਖੁਲਾਸਾ ਨਹੀਂ ਕਰਦਾ।

ਇੰਸਟੀਚਿਊਟ ਆਫ਼ ਮੈਡੀਸਨ ਦੇ ਵਿਗਿਆਨੀ ਵਿਲੀਅਮ ਡੌਘੇਟਰੀ, ਬਾਰਬਰਾ ਲੇਵੀ ਅਤੇ ਫ੍ਰੈਂਕ ਵਾਨ ਹਿੱਪੇਲ ਨੇ 1986 ਵਿੱਚ ਅਮਰੀਕਾ 'ਤੇ ਪ੍ਰਮਾਣੂ ਹਮਲੇ ਦੇ ਸੰਭਾਵੀ ਪ੍ਰਭਾਵਾਂ ਦੀ ਖੋਜ ਕੀਤੀ। ਉਨ੍ਹਾਂ ਨੇ ਸਿਧਾਂਤਕ ਤੌਰ 'ਤੇ ਕਿਹਾ ਕਿ ਜੇਕਰ ਦੁਸ਼ਮਣ ਨੇ ਅਮਰੀਕੀ ਪ੍ਰਮਾਣੂ ਸਟੋਰੇਜ ਸਾਈਟਾਂ 'ਤੇ ਹਮਲਾ ਕੀਤਾ, ਤਾਂ ਮਿੰਟਮੈਨ ਮਿਜ਼ਾਈਲਾਂ ਵਾਲੇ ਸਾਈਲ ਸਾਈਟ 'ਤੇ ਹੀ ਫਟ ਸਕਦੇ ਹਨ।

ਖੋਜਕਰਤਾਵਾਂ ਨੇ ਕਿਹਾ, 'ਅਸੀਂ ਆਮ ਧਾਰਨਾ ਬਣਾ ਲਈ ਹੈ ਕਿ 1,116 ਯੂਐਸ ਮਿਜ਼ਾਈਲ ਸਾਈਲੋ ਅਤੇ ਮਿਜ਼ਾਈਲ ਲਾਂਚ-ਕੰਟਰੋਲ ਕੇਂਦਰਾਂ ਵਿੱਚੋਂ ਹਰੇਕ 'ਤੇ ਦੋ 0.5-ਮੈਗਾਟਨ ਵਾਰਹੈੱਡਾਂ ਨਾਲ ਹਮਲਾ ਕੀਤਾ ਜਾਵੇਗਾ। ਡੇਲੀ ਐਕਸਪ੍ਰੈਸ ਨੇ ਇਸ ਅਧਿਐਨ ਬਾਰੇ ਇੱਕ ਵਿਸਤ੍ਰਿਤ ਲੇਖ ਪ੍ਰਕਾਸ਼ਿਤ ਕੀਤਾ ਹੈ।

### ਪਰਮਾਣੂ ਬੰਬ ਦਾ ਕਿਵੇਂ ਹੋਵੇਗਾ ਅਸਰ

ਇਸ ਖੋਜ ਦੁਆਰਾ ਜਾਰੀ ਕੀਤੇ ਗਏ ਨਕਸ਼ੇ ਦੇ ਅਨੁਸਾਰ ਸਭ ਤੋਂ ਹਨੇਰੇ ਵਾਲੇ ਖੇਤਰ ਦਰਸਾਉਂਦੇ ਹਨ ਕਿ ਰੇਡੀਏਸ਼ਨ ਦਾ ਪੱਧਰ 3,500 ਰੇਡਸ ਤੋਂ ਉੱਪਰ ਪਹੁੰਚ ਜਾਵੇਗਾ। ਖੋਜਕਰਤਾਵਾਂ ਨੇ ਇੱਕ ਗੰਭੀਰ ਮੁਲਾਂਕਣ ਕਰਦਿਆਂ ਹੋਇਆਂ ਕਿਹਾ, 'ਇਸ ਖੇਤਰ ਦੇ ਅੰਦਰ ਤਿੰਨ-ਚੌਥਾਈ ਤੋਂ ਵੱਧ ਆਬਾਦੀ ਮਰ ਜਾਵੇਗੀ।'

ਵਿਗਿਆਨੀਆਂ ਨੇ ਕਿਹਾ ਕਿ ਜੇਕਰ ਹਵਾ ਵਿਚ ਧਮਾਕਾ ਹੁੰਦਾ ਹੈ ਤਾਂ ਅੱਗ ਦਾ ਗੋਲਾ ਰੇਡੀਓ ਐਕਟਿਵ ਤਰੰਗਾਂ ਨੂੰ ਉਪਰਲੇ ਵਾਯੂਮੰਡਲ ਵਿਚ ਲੈ ਜਾਵੇਗਾ, ਜਿੱਥੋਂ ਇਹ ਹੌਲੀ-ਹੌਲੀ ਮਹੀਨਿਆਂ ਅਤੇ ਸਾਲਾਂ ਵਿਚ ਆਪਣਾ ਖਤਰਨਾਕ ਪ੍ਰਭਾਵ ਛੱਡੇਗਾ। ਦਰਅਸਲ, ਅਮਰੀਕੀ ਵਿਗਿਆਨੀਆਂ ਨੇ ਅੰਦਾਜ਼ਾ ਲਗਾਇਆ ਹੈ ਕਿ ਜੇਕਰ ਅਮਰੀਕਾ 'ਤੇ ਪਰਮਾਣੂ ਹਮਲਾ ਹੁੰਦਾ ਹੈ ਤਾਂ ਕੀ ਪ੍ਰਭਾਵ ਪੈ ਸਕਦਾ ਹੈ।

**ਲੇਖਕਾਂ ਨੂੰ ਬੇਨਤੀ ਹੈ ਕਿ ਅਜਿਹੇ ਲੇਖ ਲਿਖੋ, ਤੇ ਸਾਹਿਤ ਰਚੋ, ਜਿਹਨਾਂ ਦੇ ਨਾਲ ਪੰਜਾਬ, ਪੰਜਾਬੀ ਤੇ ਪੰਜਾਬੀਆਂ ਦੀ ਸਰਬ–ਪੱਖੀ ਉਨਤੀ, ਤਰੱਕੀ ਹੋਵੇ ਅਤੇ ਲੋਕਾਂ ਦਾ ਬੌਧਿਕ ਵਿਕਾਸ ਹੋਵੇ । ਕੇਵਲ ਨਿੰਦਿਆ ਕਰਨ ਵਾਲੀ ਨੀਤੀ ਤੋਂ ਗੁਰੇਜ਼ ਕੀਤਾ ਜਾਵੇ । ਜੇ ਕਿਸੇ ਵਿਅਕਤੀ ਵਿਸ਼ੇਸ਼ ਦੇ ਗਲਤ ਜਾਂ ਸਮਾਜ ਵਿਰੋਧੀ ਕੰਮਾਂ ਦੀ ਵਿਆਖਿਆ ਕਰਨੀ ਬਹੁਤ ਜ਼ਰੂਰੀ ਹੋਵੇ ਤਾਂ ਉਹ ਤੱਥਾਂ ਅਤੇ ਸਬੂਤਾਂ 'ਤੇ ਅਧਾਰਿਤ ਹੋਵੇ ।**

# ਘਸੀਟਾ ਰਾਮ ਦਾ ਪੈਕੇਜ

**ਹਾਸ ਵਿਅੰਗ**

**ਦਲੀਪ ਸਿੰਘ ਜੁਨੇਜਾ**

ਘਸੀਟਾ ਰਾਮ ਨੇ ਆਪਣੇ ਬਾਪੂ ਤੋਂ ਹੀ ਰਾਜ ਮਿਸਤਰੀ ਦਾ ਕੰਮ ਸਿੱਖ ਲਿਆ ਸੀ। ਪਹਿਲਾਂ ਉਹ ਆਪਣੇ ਬਾਪੂ ਦੇ ਨਾਲ ਹੀ ਦਿਹਾੜੀਆਂ ਕਰਨ ਚਲਿਆ ਜਾਂਦਾ। ਦੋਵੇਂ ਚੰਗੇ ਕਾਰੀਗਰ ਹੋਣ ਕਰਕੇ ਇਲਾਕੇ ਵਿਚ ਉਨ੍ਹਾਂ ਦੀ ਪ੍ਰਸਿੱਧੀ ਹੋਣ ਲੱਗੀ। ਆਂਢ-ਗੁਆਂਢ ਦੇ ਪਿੰਡਾਂ ਵਾਲੇ ਪਿਉ-ਪੁੱਤਰ ਨੂੰ ਮਕਾਨ ਉਸਾਰੀ ਲਈ ਲੈ ਜਾਂਦੇ। ਦੁਪਹਿਰ ਦੀ ਰੋਟੀ ਤੇ ਦੋ ਵੇਲੇ ਦੀ ਚਾਹ ਉਨ੍ਹਾਂ ਨੂੰ ਮਕਾਨ-ਮਾਲਕਾਂ ਵੱਲੋਂ ਦਿੱਤੀ ਜਾਂਦੀ। ਪਿਓ ਦੀ ਮੌਤ ਪਿਛੋਂ ਘਸੀਟੇ ਦਾ ਜੁੱਟ ਟੁੱਟ ਗਿਆ। ਪਿੰਡਾਂ ਵਿਚ ਉਸਾਰੀ ਦਾ ਕੰਮ ਵੀ ਘੱਟ ਗਿਆ। ਲੋਕ ਪਿੰਡ ਛੱਡ ਕੇ ਸ਼ਹਿਰਾਂ ਵਿਚ ਮਕਾਨ ਬਨਾਉਣ ਲੱਗੇ। ਘਸੀਟਾ ਵੀ ਹੁਣ ਲੇਬਰ ਚੌਂਕ ਵਿਚ ਖੜਾ ਹੋਣ ਲੱਗਾ। ਜਿਸ ਦਿਨ ਘਸੀਟੇ ਨੂੰ ਦਿਹਾੜੀ ਨਾ ਮਿਲਦੀ ਉਹ ਪਿੰਡ ਦੀ ਸੱਥ ਵਿਚ ਆ ਕੇ ਬੈਠ ਜਾਂਦਾ। ਸੱਥ ਵਿਚ ਬਜ਼ੁਰਗ, ਅਮਲੀ ਤੇ ਕਈ ਪੜ੍ਹੇ ਲਿਖੇ ਬੇਰੋਜ਼ਗਾਰ ਵੀ ਆ ਜਾਂਦੇ। ਨੰਬਰਦਾਰਾਂ ਦਾ ਬੇਰੋਜ਼ਗਾਰ ਮੁੰਡਾ ਆਪਣੇ ਘਰੋਂ ਅਖਬਾਰ ਲੈ ਆਉਂਦਾ ਤੇ ਮਸਾਲੇ ਲਾ-ਲਾ ਕੇ ਖਬਰਾਂ ਪੜ੍ਹ ਕੇ ਸੁਣਾਉਂਦਾ ਤੇ ਸੱਥ ਵਿਚ ਬੈਠੇ ਲੋਕ ਆਪਣੀ ਆਪਣੀ ਟਿੱਪਣੀ ਕਰਦੇ। ਨੰਬਰਦਾਰ ਦੇ ਪੁੱਤਰ ਨੇ ਖਬਰ ਪੜ੍ਹੀ। ਪੰਜ ਬੱਚਿਆਂ ਦੀ ਮਾਂ ਨਾਲ ਸਹੁਰੇ ਨੇ ਮੂੰਹ ਕਾਲਾ ਕੀਤਾ। ਹੁਣ ਕਈ ਧਾਰਮਿਕ ਆਗੂਆਂ ਨੇ ਫਤਵਾ ਦਿੱਤਾ ਹੈ ਕਿ ਉਹ ਔਰਤ ਆਪਣੇ ਪਤੀ ਨੂੰ ਆਪਣਾ ਪੁੱਤਰ ਸਮਝੇ। ਲਓ ! ਕਰ ਲਓ ਗੱਲ ਕਲਯੁਗ ਵਿਚ ਕੀ ਹਨ੍ਹੇਰਾ ਪੈ ਗਿਆ। ਇਸ ਖਬਰ 'ਤੇ ਵੱਖ-ਵੱਖ ਤਰ੍ਹਾਂ ਦੀ ਟਿੱਪਣੀ ਕੀਤੀ ਗਈ।

ਅੱਜ ਕਲ ਅਖਬਾਰਾਂ ਵਿਚ ਪੈਕੇਜ ਦੀਆਂ ਬਹੁਤ ਖਬਰਾਂ ਛਪਦੀਆਂ ਸਨ। ਕਦੇ ਅਮਰੀਕਾ, ਪਾਕਿਸਤਾਨ ਨੂੰ ਪੈਕੇਜ ਦੇ ਰਿਹਾ ਸੀ। ਕਦੇ ਭਾਰਤ ਸਰਕਾਰ ਜੰਮੂ ਕਸ਼ਮੀਰ ਪ੍ਰਾਂਤ ਨੂੰ ਪੈਕੇਜ ਦੇ ਰਹੀ ਸੀ। ਕਦੇ ਪੰਜਾਬ ਸਰਕਾਰ ਪੈਕੇਜ ਮੰਗ ਰਹੀ ਸੀ। ਕਈ ਹਵਾਈ ਸੇਵਾਵਾਂ ਵਾਲੇ ਟੂਰਿਸਟਾਂ ਦੀ ਸਹੂਲਤ ਲਈ ਦੇਸ਼ ਵਿਦੇਸ਼ ਦੀਆਂ ਹਵਾਈ ਉਡਾਣਾ ਲਈ ਪੈਕੇਜ ਦੇ ਰਹੇ ਸਨ।

ਇਕ ਦਿਨ ਘਸੀਟਾ ਅਜੇ ਲੇਬਰ ਚੌਂਕ ਵਿਚ ਪਹੁੰਚਿਆ ਹੀ ਸੀ ਉਥੇ ਇਕ ਦਮ ਕਿੰਨੀਆਂ ਹੀ ਟਰੈਕਟਰ-ਟਰਾਲੀਆਂ ਆ ਗਈਆਂ। ਠੇਕੇਦਾਰਾਂ ਨੇ ਉਥੇ ਖਲੋਤੇ ਸਾਰੇ ਰਾਜ ਮਿਸਤਰੀ ਤੇ ਮਜ਼ਦੂਰਾਂ ਨੂੰ ਬੁੱਕ ਕਰ ਲਿਆ ਤੇ ਉਨ੍ਹਾਂ ਨੂੰ ਟਰੈਕਟਰ ਟਰਾਲੀਆਂ ਵਿਚ ਸਾਈਕਲਾਂ ਸਮੇਤ ਲੋਡ ਕਰ ਲਿਆ। ਇੰਜ ਅਫ਼ਰਾ-ਦਫ਼ਰੀ ਮੱਚ ਗਈ ਜਿਵੇਂ ਕਿਸੇ ਰਾਜਨੀਤਿਕ ਪਾਰਟੀ ਦੇ ਮੋਰਚੇ ਨੂੰ ਫੇਲ੍ਹ ਕਰਨ ਲਈ ਪੁਲਿਸ ਵਰਕਰਾਂ ਨੂੰ ਫਟਾ-ਫਟ ਬੱਸਾਂ ਤੇ ਟਰੱਕਾਂ ਵਿਚ ਤੂੜਨ ਦੀ ਕਰਦੀ ਹੈ। ਠੇਕੇਦਾਰਾਂ ਨੇ ਨਾਜਾਇਜ਼ ਕਾਲੋਨੀਆਂ ਵਿਚ ਉਸਾਰੀ ਦੇ ਠੇਕੇ ਲੈ ਲਏ ਹਨ। ਠੇਕਾਦਾਰਾਂ ਨੇ ਤਿੰਨ ਸ਼ਿਫਟਾਂ ਸ਼ੁਰੂ ਕਰ ਦਿੱਤੀਆਂ। ਰਾਤ ਨੂੰ ਉਸਾਰੀ ਕਰਨ ਲਈ ਜਨਰੇਟਰ ਲਗਾ ਕੇ ਲਾਈਟ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਠੇਕੇਦਾਰਾਂ ਦਾ ਕਹਿਣਾ ਸੀ ਕਿ ਇੱਕ ਵਾਰੀ ਕੋਠੀਆਂ 'ਤੇ ਲੈਂਟਰ ਪੈ ਜਾਏ ਸਹੀ ਫਿਰ ਸਰਕਾਰ ਕੁਝ ਵੀ ਨਹੀਂ ਕਰ ਸਕਦੀ। ਠੇਕੇਦਾਰ ਜਾਣਦੇ ਸਨ ਕਿ ਮਾਲਕ ਮਕਾਨ ਪੈਰੀਫੇਰੀ ਐਕਟ ਦੀ ਉਲੰਘਣਾ ਕਰਕੇ ਉਸਾਰੀ ਕਰ ਰਹੇ ਸਨ ਪਰ ਉਨ੍ਹਾਂ ਨੂੰ ਇਸ ਗੱਲ ਨਾਲ ਕੀ। ਉਨ੍ਹਾਂ ਨੂੰ ਤਾਂ ਕੀਤੇ ਹੋਏ ਕੰਮ ਦੇ ਪੈਸੇ ਮਿਲਣੇ ਸਨ। ਇਸ ਲਈ ਉਹ ਵੀ ਚਾਹੁੰਦੇ ਸਨ ਕਿ ਵੱਧ ਤੋਂ ਵੱਧ ਲੇਬਰ ਲਗਾ ਕੇ ਕੰਮ ਨਬੇੜੇ ਜਾਣ। ਹੁਣ ਤਾਂ ਸਰਕਾਰ ਨੇ ਨਾਜਾਇਜ਼ ਕਾਲੋਨੀਆਂ ਦੇ ਨਕਸ਼ੇ ਪਾਸ ਕਰਨ ਲਈ ਵੀ ਕਾਨੂੰਨ ਬਣਾ ਦਿੱਤਾ ਸੀ।



ਇਕ ਵਾਰੀ ਤਾਂ ਪੁੱਡਾ ਵਲੋਂ ਮਕਾਨ ਮਾਲਕਾਂ ਨੂੰ ਨੋਟਿਸ ਵੀ ਜਾਰੀ ਕੀਤਾ ਗਿਆ, ਉਸ ਕਰਕੇ ਕੁਝ ਦਿਨ ਕੰਮ ਰੁਕਿਆ ਰਿਹਾ ਪਰ ਫਿਰ ਸਭ ਟਿਕ ਟਿਕਾ ਹੋ ਗਿਆ। ਹੁਣ ਘਸੀਟੇ ਦੀਆਂ ਪੌਂ ਬਾਰਾਂ ਸਨ। ਠੇਕੇਦਾਰ ਉਸ ਨੂੰ ਡਬਲ ਸ਼ਿਫਟ ਲਗਾਉਣ ਲਈ ਕਹਿੰਦਾ ਸੀ ਪਰ ਘਸੀਟੇ ਤੋਂ ਦੋ ਸ਼ਿਫਟਾਂ ਨਹੀਂ ਸਨ ਲੱਗਦੀਆਂ ਪਰ ਉਹ ਸ਼ਾਮ ਨੂੰ ਦੋ ਘੰਟੇ ਓਵਰ ਟਾਈਮ ਲਗਾਉਣ ਲਈ ਰਾਜ਼ੀ ਹੋ ਗਿਆ ਸੀ। ਸਵੇਰੇ-ਸਵੇਰੇ ਘਸੀਟਾ ਰੋਟੀ ਦਾ ਡੱਬਾ ਸਾਈਕਲ ਦੇ ਹੈਂਡਲ ਨਾਲ ਲਟਕਾਈ ਸੱਥ ਕੋਲੋਂ ਲੰਘਣ ਲੱਗਾ ਤਾਂ ਉਥੇ ਬੈਠੇ ਇਕ ਆਦਮੀ ਨੇ ਟਿੱਪਣੀ ਕੀਤੀ, ਘਸੀਟਿਆ ਹੁਣ ਤਾਂ ਕਾਟੋ ਫੁੱਲਾਂ 'ਤੇ ਖੇਡਦੀ ਹੈ। ਇਕ ਹੋਰ ਨੇ ਕਿਹਾ, "ਹੁਣ ਤਾਂ ਡੌਲ ਟੱਪ ਹੋਇਆ ਪਿਐ।" ਪਰ ਘਸੀਟੇ ਨੇ ਉਨ੍ਹਾਂ ਦੀਆਂ ਗੱਲਾਂ ਵੱਲ ਕੋਈ ਧਿਆਨ ਨਾ ਦਿੱਤਾ ਤੇ ਸਿੱਧਾ ਸਾਈਕਲ ਚਲਾਈ ਗਿਆ। ਕੰਮ ਤੋਂ ਵਾਪਸੀ ਸਮੇਂ ਘਸੀਟੇ ਨੇ ਘਰ ਲਈ ਨਿੱਕ-ਸੁੱਕ ਖਰੀਦਿਆ। ਦੁਕਾਨਦਾਰ ਨੇ ਕਿਹਾ ਕਿ ਇਕ ਸਾਬਣ ਦੀ ਟਿੱਕੀ ਦਸ ਰੁਪਏ ਦੀ ਹੈ ਤੇ ਜੇ ਤਿੰਨ ਟਿੱਕੀਆਂ ਦਾ ਪੈਕੇਜ ਲਏ ਤਾਂ ਇਕ ਟਿੱਕੀ ਮੁਫਤ ਮਿਲੇਗੀ। ਘਸੀਟੇ ਨੇ ਸੋਚਿਆ ਇਹ ਠੀਕ ਰਹੇਗਾ। ਉਸ ਦੇ ਤਿੰਨ ਨਿਆਣੇ ਵੱਖਰੀ-ਵੱਖਰੀ ਟਿੱਕੀ ਲਈ ਲੜਦੇ ਰਹਿੰਦੇ ਸਨ। ਹੁਣ ਉਹ ਹਰ ਇਕ ਨੂੰ ਵੱਖਰੀ-ਵੱਖਰੀ ਟਿੱਕੀ ਦੇ ਦੇਵੇਗਾ ਤੇ ਇਕ ਟਿੱਕੀ ਦੋਵੇਂ ਜੀਅ ਸਾਂਝੀ ਰੱਖ ਲੈਣਗੇ। ਘਸੀਟੇ ਦੀ ਘਰਵਾਲੀ ਨੇ ਗੁਆਂਢੀਆਂ ਦੇ ਟੀ.ਵੀ. 'ਤੇ ਇਕ ਔਰਤ ਨੂੰ ਵਲੈਤੀ ਸਾਬਣ ਨਾਲ ਨਹਾਉਂਦੇ ਵੇਖਿਆ ਸੀ ਤੇ ਉਸ ਦੇ ਮਨ ਵਿਚ ਰੀਝ ਸੀ ਕਿ ਉਹ ਵੀ ਕਦੇ ਸਬੂਤੀ ਟਿੱਕੀ ਨਾਲ ਨਹਾ ਕੇ ਵੇਖੇ। ਉਸ ਨੇ ਘਸੀਟੇ ਨੂੰ ਕਈ ਵਾਰੀ ਸਾਬਣ ਲਿਆਉਣ ਲਈ ਕਿਹਾ ਸੀ ਪਰ ਘਸੀਟਾ ਟਾਲੀ ਜਾ ਰਿਹਾ ਸੀ ਪਰ ਹੁਣ ਅੱਜ ਮੌਕਾ ਲੱਗਾ ਸੀ।

ਜਿਸ ਸਪੀਡ ਨਾਲ ਠੇਕੇਦਾਰਾਂ ਵਲੋਂ ਮਕਾਨਾਂ ਦੀ ਉਸਾਰੀ ਦਾ ਕੰਮ ਕੀਤਾ ਜਾ ਰਿਹਾ ਸੀ, ਮਾਲਕਾਂ ਵਲੋਂ ਠੇਕਦਾਰਾਂ ਨੂੰ ਅਦਾਇਗੀ ਵੀ ਤੁਰੰਤ ਕੀਤੀ ਜਾ ਰਹੀ ਸੀ। ਮਾਲਕ ਮਕਾਨ ਨਹੀਂ ਸਨ ਚਾਹੁੰਦੇ ਕਿ ਚਲਦੇ ਕੰਮ ਵਿਚ ਕਿਸੇ ਕਿਸਮ ਦਾ ਅੜਿੱਕਾ ਪਵੇ। ਏਧਰੋਂ ਠੇਕੇਦਾਰ ਵੀ ਆਪਣੀ ਲੇਬਰ ਨੂੰ ਪੰਦਰਾਂ ਦਿਨਾਂ ਦੀ ਬਜਾਏ ਦਸ ਦਿਨਾਂ ਬਾਅਦ ਹੀ ਅਦਾਇਗੀ ਕਰੀ ਜਾ ਰਹੇ ਸਨ।

ਘਸੀਟਾ ਹੁਣ ਲੇਬਰ ਚੌਂਕ ਜਾਣ ਦੀ ਥਾਂ 'ਤੇ ਆਪਣੇ ਪਿੰਡ ਲੰਬਿਆਂ ਤੋਂ ਸਿੱਧਾ ਹੀ ਲਾਂਡਰਾ ਰੋਡ 'ਤੇ ਕੰਮ ਵਾਲੀ ਥਾਂ ਪਹੁੰਚ ਜਾਂਦਾ। ਰਸਤੇ ਵਿਚ ਪੁੱਡਾ ਦਾ ਦਫਤਰ ਪੈਂਦਾ ਸੀ। ਜਦੋਂ ਉਹ ਪੁੱਡਾ ਦੇ ਦਫਤਰ ਅੱਗੋਂ ਲੰਘਦਾ ਤਾਂ ਉਸ ਦਾ ਸਿਰ ਸਤਿਕਾਰ ਵਜੋਂ ਝੁੱਕ ਜਾਂਦਾ ਕਿ ਗੈਰ ਕਾਨੂੰਨੀ ਕਾਲੋਨੀਆਂ ਪ੍ਰਤੀ ਅਪਣਾਈ ਨਰਮੀ ਕਰਕੇ ਉਸ ਦਾ ਤੋਰੀ ਫੁਲਕਾ ਚਲਣ ਲੱਗ ਪਿਆ ਸੀ। ਨਹੀਂ ਤਾਂ ਉਸ ਨੂੰ ਦਿਹਾੜੀ ਕਿੱਥੇ ਮਿਲਦੀ ਸੀ ਤੇ ਉਸ ਦੇ ਮੂੰਹੋ ਅਸੀਸ ਨਿਕਲਦੀ ਸੀ" "ਵਾਹਿਗੁਰੂ ਤੁਹਾਡਾ ਭਲਾ ਕਰੇ ਮਾਲਕੋ।"

ਅੱਜ ਕੰਮ ਤੋਂ ਵਾਪਸ ਜਾਣ ਲੱਗਿਆ ਘਸੀਟਾ ਬਹੁਤ ਖੁਸ਼ ਸੀ ਕਿਉਂਕਿ ਅੱਜ ਉਸ ਨੂੰ ਅਦਾਇਗੀ ਕੀਤੀ ਗਈ ਸੀ। ਉਸ ਨੇ ਰਸਤੇ ਵਿਚ ਘਰ ਲਈ ਸਾਮਾਨ ਖਰੀਦਿਆ। ਆਉਂਦੇ ਸਾਰ ਉਸ ਨੇ ਝੋਲੇ ਵਿਚੋਂ ਇਕ ਚਿੱਟਾ ਕੱਪੜਾ ਕੱਢਿਆ। ਪਤਨੀ ਨੇ ਪੁੱਛਿਆ, "ਆਹ ਕੀ ਹੈ ?"

ਇਹ ਬੇਬੇ ਲਈ ਏ, ਕੀ ਪਤਾ ਕਦੋਂ ਲੋੜ ਪੈ ਜਾਵੇ। ਮੈਂ ਤਾਂ ਗੰਗਾ ਜਲ ਵੀ ਲਿਆ ਕੇ ਰੱਖਿਆ ਹੋਇਆ। ਬੇਬੇ ਦਾ ਹੁਣ ਕੋਈ ਭਰੋਸਾ ਨਹੀਂ। ਉਸ ਦੀ ਬਿਮਾਰੀ ਲਮਕ ਗਈ ਏ 'ਤੇ ਝੋਲੇ ਵਿਚ ਹੋਰ ਕੀ ਏ ?", ਉਸ ਦੀ ਪਤਨੀ ਨੇ ਪੁੱਛਿਆ।" ਇਹ ਵੀ ਚਿੱਟਾ ਕੱਪੜਾ ਏ, ਇਕ ਦੇ ਨਾਲ ਇਕ ਫਰੀ ਦਾ ਪੈਕੇਜ ਸੀ। ਮੈਂ ਸੋਚਿਆ ਇਹ ਵੀ ਲੈ ਚਲਾਂ।" ਫਿੱਟੇ ਮੂੰਹ ਤੇਰੇ ਕਦੇ ਕਫ਼ਨ ਵੀ ਪਹਿਲਾਂ ਖਰੀਦੀ ਦਾ ਹੈ।" ਘਸੀਟੇ ਦਾ ਮੂੰਹ ਅੱਡਿਆ ਰਹਿ ਗਿਆ। ਉਹ ਆਪਣੇ ਵਲੋਂ ਤਾਂ ਪੈਕੇਜ ਲੈ ਕੇ ਆਇਆ ਸੀ।

# ★ ਮਿੰਨੀ ਕਹਾਣੀਆਂ ★

## ਸਹੀ ਮਾਰਗ ਦਰਸ਼ਨ

ਛੇਵੀਂ ਕਲਾਸ ਦੇ ਇੱਕ ਬੱਚੇ ਨੇ ਬਲੈਕ ਬੋਰਡ 'ਤੇ ਇੱਕ ਚੂਹੀ ਦਾ ਚਿੱਤਰ ਬਣਾਇਆ ਜੋ ਕਿ ਉਨ੍ਹਾਂ ਦੀ ਇੱਕ ਅਧਿਆਪਕਾ ਦੀ ਚਿੜ੍ਹ ਸੀ। ਜਦੋਂ ਅਧਿਆਪਕਾ ਕਲਾਸ ਵਿੱਚ ਆਈ ਤਾਂ ਸੜ-ਬਲ ਕੇ ਕੋਲਾ ਹੋ ਗਈ। ਉਹ ਕੜਕੀ, "ਇਹ ਕਿਸ ਦੀ ਕਰਤੂਤ ਹੈ, ਇਹ ਚਿੱਤਰ ਕਿਸੇ ਨੇ ਬਣਾਇਆ ਹੈ ?" ਸਾਰੀ ਕਲਾਸ ਚੁੱਪ, ਕੋਈ ਨਾ ਬੋਲਿਆ। ਮੈਡਮ ਨੇ ਕਿਹਾ, "ਜਿਹੜਾ ਬੱਚਾ ਸੱਚ ਬੋਲੇਗਾ ਮੈਂ ਉਸ ਨੂੰ ਕੋਈ ਸਜ਼ਾ ਨਹੀਂ ਸਗੋਂ ਇਨਾਮ ਦੇਵਾਂਗੀ ਅਤੇ ਅੱਗੇ ਤੋਂ ਉਹ ਮੇਰਾ ਲਾਡਲਾ ਬੱਚਾ ਬਣ ਜਾਵੇਗਾ।

ਬੱਚੇ ਬੜੇ ਸਾਫ਼ ਦਿਲ ਹੁੰਦੇ ਹਨ। ਇੱਕ ਬੱਚਾ ਖੜ੍ਹਾ ਹੋ ਗਿਆ ਅਤੇ ਕਿਹਾ, "ਮੈਡਮ ਜੀ, ਇਹ ਚਿੱਤਰ ਮੈਂ ਬਣਾਇਆ ਹੈ। ਮੁਆਫ਼ ਕਰਨਾ ਜੀ, ਅੱਗੇ ਤੋਂ ਅਜਿਹਾ ਨਹੀਂ ਹੋਵੇਗਾ।" ਅਧਿਆਪਕਾ ਆਪਣੇ ਵਾਅਦੇ ਤੋਂ ਮੁੱਕਰ ਗਈ ਅਤੇ ਬੱਚੇ ਨੂੰ ਫੜ ਕੇ ਪ੍ਰਿੰਸੀਪਲ ਕੋਲ ਲੈ ਗਈ। ਬੱਚਾ ਡਰ ਦੇ ਮਾਰੇ ਸੁੱਕੇ ਪੱਤੇ ਵਾਂਗ ਕੰਬ ਰਿਹਾ ਸੀ। ਅਧਿਆਪਕਾ ਨੇ ਸਾਰੀ ਗੱਲ ਪ੍ਰਿੰਸੀਪਲ ਸਾਹਿਬ ਨੂੰ ਵਿਸਥਾਰ ਵਿਚ ਦੱਸੀ। ਪ੍ਰਿੰਸੀਪਲ ਸਾਹਿਬ ਬੜੇ ਸੁਲਝੇ ਇਨਸਾਨ ਸਨ। ਉਨ੍ਹਾਂ ਨੇ ਬੱਚੇ ਦੀ ਹਾਲਤ ਦੇਖੀ, ਬਜਾਏ ਬੱਚੇ ਨੂੰ ਝਿੜਕਣ ਦੇ ਉਨ੍ਹਾਂ ਨੇ ਅਧਿਆਪਕਾ ਨੂੰ ਕਿਹਾ, "ਇੱਕ ਅਧਿਆਪਕ ਨੂੰ ਬੱਚਿਆਂ ਦਾ ਭਵਿੱਖ ਨਿਰਮਾਤਾ ਕਿਹਾ ਜਾਂਦਾ ਹੈ।

ਮਾਂ-ਬਾਪ ਤੋਂ ਬਾਅਦ ਅਧਿਆਪਕ ਹੀ ਬੱਚਿਆਂ ਲਈ ਦਿਸ਼ਾ ਸੂਚਕ ਹੁੰਦਾ ਹੈ। ਤੁਸੀਂ ਸਾਰੀ ਕਲਾਸ ਸਾਹਮਣੇ ਸੱਚ ਬੋਲਣ ਵਾਲੇ ਬੱਚੇ ਨੂੰ ਸਜ਼ਾ ਨਾ ਦੇਣ ਦਾ ਵਾਅਦਾ ਕੀਤਾ ਸੀ। ਤੁਸੀਂ ਆਪ ਵਾਅਦਾ-ਖ਼ਿਲਾਫ਼ੀ ਕਰ ਰਹੇ ਹੋ। ਬੱਚਿਆਂ ਦੇ ਮਨ ਬੜੇ ਸ਼ੁੱਧ, ਚੰਚਲ, ਕੋਮਲ ਅਤੇ ਕੋਰੇ ਕਾਗਜ਼ ਵਾਂਗ ਸਾਫ਼ ਹੁੰਦੇ ਹਨ, ਜਿਸ 'ਤੇ ਕੁਝ ਵੀ ਉਕਰਿਆ ਜਾ ਸਕਦਾ ਹੈ। ਆਪਣਾ ਕੰਮ ਬੱਚੇ ਨੂੰ ਕੁੱਟਣਾ, ਮਾਰਨਾ ਨਹੀਂ ਸਗੋਂ ਉਸ ਨੂੰ ਸਹੀ ਦਿਸ਼ਾ ਪ੍ਰਦਾਨ ਕਰਨਾ ਹੈ। ਕੁੱਟਮਾਰ ਨਾਲ ਅਸੀਂ ਬੱਚੇ ਨੂੰ ਹੋਰ ਵਿਗਾੜ ਲੈਂਦੇ ਹਾਂ। ਇਸ ਤਰ੍ਹਾਂ ਕਰਨ ਨਾਲ ਬੱਚਾ ਦਿਸ਼ਾਹੀਣ ਹੋ ਜਾਂਦਾ ਹੈ, ਦੁਬਾਰਾ ਫਿਰ ਗ਼ਲਤੀ ਕਰਦਾ ਹੈ। ਇਸ ਕਰਕੇ ਮੇਰਾ ਖ਼ਿਆਲ ਹੈ ਮੁਆਫ਼ ਕਰਨ ਵਿਚ ਹੀ ਇੱਕ ਚੰਗੇ ਅਧਿਆਪਕ ਦੀ ਸਿਆਣਪ ਅਤੇ ਵਡੱਪਣ ਹੈ। ਇਸ ਤਰ੍ਹਾਂ ਕਰਨ ਨਾਲ ਇਹ ਲੜਕਾ ਤੁਹਾਨੂੰ ਹਮੇਸ਼ਾਂ ਯਾਦ ਰੱਖੇਗਾ।"

"ਸਰ ! ਮੁਆਫ਼ ਕਰਨਾ ਲੱਗਦਾ ਹੈ ਮੈਂ ਹੀ ਆਪਣੇ ਰਸਤੇ ਤੋਂ ਭਟਕ ਗਈ ਸੀ। ਤੁਸੀਂ ਮੇਰਾ ਸਹੀ ਅਤੇ ਯੋਗ ਮਾਰਗ ਦਰਸ਼ਨ ਕਰ ਕੇ ਮੈਨੂੰ ਇੱਕ ਗੁਨਾਹ ਤੋਂ ਬਚਾ ਲਿਆ।" ਅਧਿਆਪਕਾ ਬੱਚੇ ਨੂੰ ਗਲਵੱਕੜੀ ਵਿਚ ਲੈ ਕੇ ਦਫ਼ਤਰ ਤੋਂ ਬਾਹਰ ਆ ਗਈ।

ਪੱਕੇ ਪੇਪਰਾਂ ਵਿਚ ਉਹੀ ਬੱਚਾ ਜਮਾਤ ਵਿੱਚੋਂ ਪਹਿਲੇ ਨੰਬਰ 'ਤੇ ਆਇਆ।

**-ਰਮੇਸ਼ ਕੁਮਾਰ ਸ਼ਰਮਾ**

## ਮਜਬੂਰੀ

ਇੱਕ ਬਾਬਾ ਮੰਡੀ ਦੇ ਬਾਹਰ ਸੜਕ ਕਿਨਾਰੇ, ਤਾਜੀਆਂ ਭਿੰਡੀਆਂ ਦੀਆਂ ਪੰਡਾਂ ਰੱਖੀ ਬੈਠਾ ਸੀ। ਇੱਕ ਪੰਡ ਉਸਨੇ ਸਾਹਮਣੇ ਖੋਲ੍ਹ ਰੱਖੀ ਸੀ। ਤਾਂ ਜੋ ਆਉਂਦੇ-ਜਾਂਦੇ ਲੋਕ ਭਿੰਡੀਆ ਦੇਖਕੇ, ਖਰੀਦ ਸਕਣ। ਬਾਬੇ ਦਾ ਕੁੜਤਾ ਪਸੀਨੇ ਨਾਲ ਭਿੱਜ ਕੇ ਸਰੀਰ ਦੇ ਨਾਲ ਚਿੰਬੜਿਆ ਪਿਆ ਸੀ ਅਤੇ ਉਹ ਸਿਰ ਹੇਠਾ ਕਰਕੇ ਬੈਠਾ ਸੀ। ਰਾਮ ਦੂਰ ਖੜ੍ਹਾ ਬਾਬੇ ਨੂੰ ਦੇਖ ਰਿਹਾ ਸੀ ਅਤੇ ਬਾਬੇ ਦੇ ਕੋਲ ਚਲਾ ਗਿਆ।

ਰਾਮ ਨੇ ਪੁੱਛਿਆ, "ਬਾਬਾ ਜੀ ਤੁਸੀ ਐਨੀ ਗਰਮੀ ਵਿੱਚ ਇੱਥੇ ਸੜਕ ਤੇ ਕਿਉਂ ਬੈਠੇ ਹੋ ਇਸ ਉਮਰ ਵਿੱਚ।"

ਬਾਬਾ ਬੋਲਿਆ, "ਪੁੱਤ ਮੈਂ ਸ਼ੌਕ ਨਾਲ ਨਹੀਂ ਬੈਠਾ ਇੱਥੇ,ਬੱਸ ਮਜਬੂਰੀ ਕਾਰਨ ਬੈਠਾ। ਇੱਕ ਹੀ ਪੁੱਤਰ ਸੀ ਮੇਰਾ, ਉਹ ਵਿਦੇਸ਼ ਜਾ ਕੇ ਵਿਦੇਸ਼ੀ ਹੋ ਗਿਆ। ਮੁੜ ਵਾਪਿਸ ਨਹੀਂ ਆਇਆ। ਹੁਣ ਢਿੱਡ ਭਰਨ ਲਈ ਆਪ ਹੀ ਮਰਨਾ ਪੈਂਦਾ।"

ਬਾਬੇ ਦੀ ਗੱਲ ਸੁਣ ਰਾਮ ਦੀਆ ਅੱਖਾਂ ਭਰ ਆਈਆ,ਉਸ ਨੂੰ ਦੇਸ਼ ਅੱਜ ਵੀ ਵਿਦੇਸ਼ਾ ਦੇ ਗੁਲਾਮ ਲੱਗ ਰਿਹਾ ਸੀ।

**-ਕੁਲਵਿੰਦਰ**

# ਕਾਵਿ-ਕਿਆਰੀ

## ਮਜ਼ਦੂਰ ਬੜਾ ਮਜਬੂਰ

ਕਿਧਰੇ ਜਦ ਵੀ ਨਜ਼ਰੀਂ ਪੈਂਦਾ, ਮੈਨੂੰ ਕੋਈ ਮਜ਼ਦੂਰ।
ਹਾਲਤ ਉਹਦੀ ਵੇਖ ਕੇ ਮੈਨੂੰ, ਜਾਪੇ ਉਹ ਮਜਬੂਰ।

ਦੇਸ਼ ਮੇਰੇ ਦੀ ਹਾਲਤ ਲੱਗਦੀ, ਕਿੰਨੀ ਹੋਈ ਕਰੂਰ।
ਕਿਰਤੀ ਬੰਦੇ ਦੀਆਂ ਅੱਖਾਂ 'ਚੋਂ, ਗੁੰਮ ਹੋ ਗਿਆ ਨੂਰ।

ਵੇਖ ਕੇ ਕਿਰਤੀ ਦੀ ਮਜਬੂਰੀ, ਸਕਦਾਂ ਕੇਵਲ ਝੂਰ।
ਦੂਜੇ ਪਾਸੇ ਦੇਸ਼ ਦਾ ਨੇਤਾ, ਡੁੱਬਿਆ ਵਿੱਚ ਸਰੂਰ।

ਕਿਹੜਾ ਏਥੇ ਲੋਕਰਾਜ ਹੈ, ਕਾਹਦਾ ਹੈ ਦਸਤੂਰ।
ਕਿਰਤੀ ਦੀ ਕੋਈ ਬਾਤ ਨਾ ਪੁੱਛੇ, ਲੋਟੂ ਹੈ ਮਸ਼ਹੂਰ।

ਭਾਈ ਲਾਲੋ ਦਾ ਯੁੱਗ ਰਿਹਾ ਨਾ, ਭਾਗੋ ਹੈ ਮਗ਼ਰੂਰ।
ਮਈ ਦਿਵਸ ਤੇ ਸਭ, ਕਾਮੇ ਦੀ ਕਰਦੇ ਗੱਲ ਜ਼ਰੂਰ।



ਪ੍ਰੋ. ਨਵ ਸੰਗੀਤ ਸਿੰਘ

## ਦੇਸ਼ ਮੇਰੇ ਦਾ ਠੇਕਾ

ਕੁਝ ਪਰਿਵਾਰਾਂ ਲਿਆ ਜਾਪਦਾ, ਦੇਸ਼ ਮੇਰੇ ਦਾ ਠੇਕਾ।
ਵੋਟਰ ਦੇ ਘਰ ਵੋਟਰ ਜੰਮਦਾ, ਨੇਤਾ ਦੇ ਘਰ ਨੇਤਾ!!

ਆਮ ਲੋਕਾਂ ਦੇ ਬਾਲ ਹਮੇਸ਼ਾਂ ਹੁੰਦੇ, ਨਾਅਰੇ ਲਾਉਣ ਲਈ!
ਮੰਤਰੀਆਂ ਦੇ ਬੱਚੇ ਜੰਮਦੇ, ਜੰਮਦੇ ਰਾਜ ਹੰਢਾਉਣ ਲਈ।
ਸੁਣਕੇ ਕੌੜਾ ਸੱਚ ਲੀਡਰੋ...ਲੱਗਣਾ ਏ ਬੜਾ ਸੇਕਾ॥
ਵੋਟਰ ਦੇ ਘਰ ਵੋਟਰ ਜੰਮਦਾ ਨੇਤਾ ਦੇ ਘਰ ਨੇਤਾ॥

ਸਾਡੇ ਬੱਚੇ ਪੜ੍ਹੇ ਲਿਖੇ ਵੀ, ਨੌਕਰੀਆਂ ਲਈ ਮਰਦੇ।
ਤੁਹਾਡੇ ਬੱਚੇ ਸਿੱਧੇ ਹੀ ਜਾ "ਕੁਰਸੀ ਕਬਜ਼ਾ" ਕਰਦੇ!!
ਰਲ਼ ਮਿਲ਼ ਲੀਡਰ ਪਾਈ ਜਾਂਦੇ...ਸਾਡੇ ਨੈਣੀਂ ਰੇਤਾ,
ਵੋਟਰ ਦੇ ਘਰ ਵੋਟਰ ਜੰਮਦਾ ਨੇਤਾ ਦੇ ਘਰ ਨੇਤਾ॥

ਅੱਖੀਂ ਵੇਖ ਚੁਪ ਰਹਿ ਨੀ ਹੁੰਦਾ, ਨਿੱਤ ਹੀ ਰੌਲ਼ਾ ਪਾਈਏ।
ਕਲਮਾਂ ਰਾਹੀਂ ਲਿਖ ਲਿਖ ਬੇਦੀ ਸੁੱਤੇ ਲੋਕ ਜਗਾਈਏ।
ਪੰਜ ਸਾਲ ਦੇ ਮਗਰੋਂ ਆਉਂਦਾ...ਆਮ ਲੋਕਾਂ ਦਾ ਚੇਤਾ!!
ਓ ਵੋਟਰ ਦੇ ਘਰ ਵੋਟਰ ਜੰਮਦਾ, ਨੇਤਾ ਦੇ ਘਰ ਨੇਤਾ...

ਬੇਦੀ ਮੀਰ ਪੁਰੀ

## ਧੀਆਂ ਪੁੱਤਰ

ਧੀਆਂ ਪੁੱਤਰ ਇੱਕ ਜੈਸੇ ਨੇ, ਇਹ ਦਾਤੇ ਦੀ ਮਾਇਆ।
ਇਹ ਓਹਦੀ ਕਿਰਪਾ ਕਰਕੇ ਨੇ, ਜਿਸ ਸੰਸਾਰ ਵਿਖਾਇਆ।

ਫਰਕ ਕਰੋ ਨਾ ਧੀ-ਪੁੱਤਰ ਵਿੱਚ, ਦੋਵੇਂ ਓਸ ਬਣਾਏ।
ਜੇ ਮਾਲਕ ਮਿਹਰਾਮਤ ਕੀਤੀ, ਤਾਂ ਧਰਤੀ ਤੇ ਆਏ।

ਧੀ-ਪੁੱਤਰ ਨੂੰ ਸਾਰੇ ਮਾਪੇ, ਇੱਕੋ ਲਾਡ ਲਡਾਈਏ।
ਖਾਣ-ਪੀਣ ਹੋਵੇ ਇੱਕ ਜੈਸਾ, ਗੋਦੀ ਵਿੱਚ ਖਿਡਾਈਏ।

ਪੁੱਤਰ ਨੇ ਨਾ ਵੰਸ ਵਧਾਉਣਾ, ਧੀ ਨਾ ਕੋਈ ਪਰਾਈ।
ਜੇ ਪੁੱਤਰ ਤੇ ਜਾਨ ਛਿੜਕੀਏ, ਧੀ ਵੀ ਹੈ ਮਾਂ ਜਾਈ।

ਮਾਂ ਤੇ ਪਿਓ ਦਾ ਫ਼ਰਜ਼, ਦੁਹਾਂ ਨੂੰ ਇੱਕੋ ਜੇਹਾ ਜਾਣਨ।
ਇੱਕੋ ਜੇਹਾ ਪਿਆਰ ਮਿਲੇ, ਤੇ ਸੁਖ ਖੁਸ਼ੀਆਂ ਨੂੰ ਮਾਣਨ।

ਸਾਡਾ ਸਭ ਦਾ ਫ਼ਰਜ਼ ਇਹੋ, ਧੀ-ਪੁੱਤ ਦਾ ਫ਼ਰਕ ਮਿਟਾਈਏ।
ਭੇਦ ਤੇ ਭਾਵ ਮਿਟਾ ਕੇ, ਚੰਗੇ ਸੰਸਕਾਰ ਅਪਣਾਈਏ।

ਪ੍ਰੋ. ਨਵ ਸੰਗੀਤ ਸਿੰਘ

## ਕਰੋ ਕ੍ਰਿਪਾ



ਤੇਰੇ ਦਰ ਉਤੇ ਮੀਰਾਂ ਆਈ, ਗੁਰੂ ਜੀ ਕਰੋ ਕ੍ਰਿਪਾ
ਗੁਰੂ ਜੀ ਕਰੋ ਕ੍ਰਿਪਾ
ਸਾਰੇ ਜੱਗ ਵਿੱਚ ਤੇਰੀ ਵਡਿਆਈ, ਗੁਰੂ ਜੀ ਕਰੋ ਕ੍ਰਿਪਾ
ਗੁਰੂ ਜੀ ਕਰੋ ਕ੍ਰਿਪਾ !!
ਮੈਂ ਵਣ ਜਾਰਣ ਨਾਮ ਤੇਰੇ ਦੀ।
ਕਰਾਂ ਉਡੀਕ ਪੈਗਾਮ ਤੇਰੇ ਦੀ
ਤੇਰੇ ਦਰ ਤੋਂ ਮਿਲੇ ਰੁਸ਼ਨਾਈ-ਗੁਰੂ ਜੀ ਕਰੋ ਕ੍ਰਿਪਾ, ਗੁਰੂ ਜੀ ਕਰੋ ਕ੍ਰਿਪਾ!
ਸਾਰੇ ਜੱਗ ਵਿੱਚ ਤੇਰੀ ਵਡਿਆਈ-ਗੁਰੂ ਜੀ ਕਰੋ ਕ੍ਰਿਪਾ, ਗੁਰੂ ਜੀ ਕਰੋ ਕ੍ਰਿਪਾ!

ਇਹ ਜੱਗ ਲੋਭੀ ਭਰਮਾਂ ਮਾਰਾ।
ਸਾਨੂੰ ਗੁਰੂ ਜੀ ਤੇਰਾ ਸਹਾਰਾ।
ਤੂੰਹੀਓਂ ਕਰਨੀ ਦੂਰ ਬੁਰਾਈ-ਗੁਰੂ ਜੀ ਕਰੋ ਕ੍ਰਿਪਾ ਗੁਰੂ ਜੀ ਕਰੋ ਕ੍ਰਿਪਾ!
ਸਾਰੇ ਜੱਗ ਵਿੱਚ ਤੇਰੀ ਵਡਿਆਈ-ਗੁਰੂ ਜੀ ਕਰੋ ਕ੍ਰਿਪਾ

ਮਾਂ ਕਲਮਾਂ ਦੇ ਰਾਜ ਦੁਲਾਰੇ।
ਤੁਸਾਂ ਤਾਂ ਡੁੱਬਦੇ ਪੱਥਰ ਤਾਰੇ।
ਹੁਣ ਤਾਰ ਦਿਓ ਡੁੱਬਦੀ ਲੁਕਾਈ-ਗੁਰੂ ਜੀ ਕਰੋ ਕ੍ਰਿਪਾ, ਗੁਰੂ ਜੀ ਕਰੋ ਕ੍ਰਿਪਾ!!
ਸਾਰੇ ਜੱਗ ਵਿੱਚ ਤੇਰੀ ਵਡਿਆਈ-ਗੁਰੂ ਜੀ ਕਰੋ ਕ੍ਰਿਪਾ

"ਚੰਨ ਜੰਡਿਆਲਵੀ" ਦਾਸਰਾ ਤੇਰਾ।
ਰੱਖਦਾ ਏ ਧਰਵਾਸ ਬਥੇਰਾ।
ਸਦਾ ਰਹੇ ਖੁਦ ਤੇਰੀ ਸ਼ਰਨਾਈ-ਗੁਰੂਜੀ ਕਰੋ ਕ੍ਰਿਪਾ ਗੁਰੂ ਜੀ ਕਰੋ ਕ੍ਰਿਪਾ!
ਸਾਰੇ ਜੱਗ ਵਿੱਚ ਤੇਰੀ ਵਡਿਆਈ-ਗੁਰੂ ਜੀ ਕਰੋ ਕ੍ਰਿਪਾ ਗੁਰੂ ਜੀ ਕਰੋ ਕ੍ਰਿਪਾ!!

ਤਰਲੋਚਨ ਸਿੰਘ ਚੰਨ ਜੰਡਿਆਲਵੀ

## ਮਜ਼ਦੂਰ ਦਿਵਸ ਢੰਡੋਰਾ

ਮਜ਼ਦੂਰ ਦਿਵਸ ਢੰਡੋਰਾ, ਸਾਰੀ ਦੁਨੀਆ ਪਿੱਟ ਰਹੀ,
ਸਮਝ ਨਾ ਲੱਗੇ ਗਰੀਬੀ ਕਿਉਂ, ਫੇਰ ਵੀ ਹੈ ਪਿਸ ਰਹੀ।

ਮੇ ਡੇਅ ਮਨਾਉਣ ਦੀ ਖਾਤਰ, ਅਮੀਰ ਹੈ ਛੁੱਟੀ ਮਾਣ ਰਿਹਾ,
ਮਜ਼ਦੂਰ ਨੂੰ ਕੰਮ ਕਰਕੇ ਪੂਰੀ, ਤਨਖਾਹ ਨਹੀਂ ਮਿਲ ਰਹੀ।

ਮਜ਼ਦੂਰ ਦਿਵਸ ਦੇ ਉੱਤੇ ਵੀ, ਮਜਦੂਰ ਨੂੰ ਛੁੱਟੀ ਨਹੀਂ,
ਭੁੱਖਮਰੀ ਦੀ ਸਮੱਸਿਆ, ਸਾਹਮਣੇ ਮੂੰਹ ਹੈ ਅੱਡ ਰਹੀ।

ਅਧਨੰਗੇ ਮਜ਼ਦੂਰ ਦੀਆਂ, ਨੇ ਬਿਆਈਆਂ ਪਾਟ ਰਹੀਆਂ,
ਅਮੀਰ ਦੇ ਤਨ ਤੋਂ ਦੇਖੋ, ਕਿਵੇਂ ਹੈ ਮੱਖੀ ਤਿਲ੍ਹਕ ਰਹੀ।

ਅੱਠ ਘੰਟੇ ਦਾ ਕੰਮ ਮੰਗਿਆ ਸੀ, ਦਿਨ ਵੇਲੇ ਕਰਨੇ ਲਈ,
ਪਰ ਬੇਚਾਰਿਆਂ ਦੀ ਹਾਲੇ ਵੀ, ਦਿਨ ਨੂੰ ਵੀ ਰਾਤ ਰਹੀ।

ਸ਼ਿਕਾਗੋ ਤੋਂ ਸ਼ੰਘਾਈ ਤੱਕ, ਸੰਘਰਸ਼ ਹੀ ਜ਼ਿੰਦਗੀ ਹੈ,
ਸਾਮਰਾਜ 'ਤੇ ਸਮਾਜਵਾਦ ਦੀ, ਸਦਾ ਪੀਡੀ ਸਾਂਝ ਰਹੀ।


ਭਾਸ਼ਣ 'ਤੇ ਮੁਫਤ ਰਾਸ਼ਣ ਨੇ, ਮਜ਼ਦੂਰ ਮੰਗਤਾ ਕਰ ਦਿੱਤਾ,
ਖਚਰੀ ਅੱਖ ਧਨਾਡ ਦੀ, ਲੀਡਰ ਨਾਲ਼ ਹੀ ਲੜੀ ਰਹੀ।

ਮਾਇਆ ਨੂੰ ਤਰਸਦੀ ਮਜ਼ਦੂਰ ਦੀ, ਕਾਇਆਂ ਮਿੱਟੀ ਹੋ ਜਾਂਦੀ,
ਦੇਖੋ ਗੁਲਾਮੀ ਦੀ ਪਰਿਭਾਸ਼ਾ, ਕਿਵੇਂ ਰੰਗ ਹੈ ਬਦਲ ਰਹੀ।



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ ਕੇ

## ਰੁੱਤ ਅਨੋਖੀ ਆਈ!



ਤਰਲੋਚਨ ਸਿੰਘ 'ਦੁਪਾਲ ਪੁਰ'
78146-92724

ਮਿਲੇ ਟਿਕਟ ਤਾਂ ਕਹਿਣ ਮਾਂ ਪਾਰਟੀ ਏ
ਨਹੀਂ 'ਕੁੱਛੜ' ਵਿੱਚ ਕਿਸੇ ਦੇ ਹੋਰ ਹੁੰਦੇ।
ਸਿਰਫ ਗੱਦੀ ਦੇ ਨਾਲ਼ ਹੀ ਪ੍ਰੀਤ ਸਮਝੋ
ਕੁਰਸੀ 'ਚੰਦ' ਤੇ ਲੀਡਰ 'ਚਕੋਰ' ਹੁੰਦੇ
ਹਾਈਕਮਾਂਡਾਂ ਵੀ ਦੇਖ ਕੇ ਦੰਗ ਹੋਈਆਂ
ਧੋਖਾ ਦੇਣ ਜਿਉਂ 'ਚੋਰਾਂ 'ਤੇ ਮੋਰ' ਹੁੰਦੇ।
ਇਧਰੋਂ ਓਧਰ ਨੂੰ ਜਾਣ ਬੇਸ਼ਰਮ ਹੋ ਕੇ
ਖੁਲ੍ਹੇ ਇਨ੍ਹਾਂ ਲਈ ਦਲਾਂ ਦੇ 'ਡੋਰ' ਹੁੰਦੇ।
ਲੋਕੀ ਸੋਚਦੇ ਕਰੀਏ ਯਕੀਨ ਕਿਸ 'ਤੇ
ਕੀ ਬੁੱਝੀਏ ਸਿਆਸਤਾਂ ਗੰਧਲ਼ੀਆਂ ਦੀ।
ਗਰਮੀਂ ਸਿਆਲ਼ ਬਰਸਾਤ ਤਾਂ ਦੇਖਦੇ ਹਾਂ
ਰੁੱਤ ਆਈ ਏ ਯਾਰੋ ਦਲਬਦਲੀਆਂ ਦੀ!

## ਰਾਮਗੜ੍ਹੀਏ ਜੱਸਾ ਸਿੰਘ ਵਰਗੇ

ਤਨ, ਮਨ, ਧੰਨ ਸਭ ਅਰਪ ਦਿੰਦੇ ਨੇ ਕੁੱਝ ਨਾ ਕਦੇ ਲੁਕੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।
ਬਣਕੇ ਪਹਿਰੇਦਾਰ ਕੌਮ ਦੀ,ਜੋ ਕਰਦੇ ਪਹਿਰੇਦਾਰੀ,
ਜਾਨੋਂ ਵੱਧ ਕੇ ਸਿੱਖੀ ਸੇਵਕੀ ਰੱਖਦੇ ਹਨ ਪਿਆਰੀ,
ਲੱਗ ਜਾਵੇ ਜੇ ਕਿਤੇ ਦਾਗ ਅਣਖ ਨੂੰ ਨਾਲ ਖ਼ੂਨ ਦੇ ਧੋਵਣ।
ਰਾਮਗੜ੍ਹੀਏ.........................................।

ਪ੍ਰਿਥਮ ਭਗੌਤੀ ਸਿਮਰ ਸੂਰਮੇ ਸੋਧ ਲੈਣ ਅਰਦਾਸਾ,
ਵੱਧਦੇ ਜਾਣ ਅੱਗੇ ਨੂੰ ਰੱਖ ਕੇ ਮਾਲਕ 'ਤੇ ਭਰਵਾਸਾ,
ਮੰਗਿਆਂ ਰਾਜ ਨਾ ਦੇਵੇ ਕੋਈ ਨਿੱਜ ਬਲ ਦੇ ਨਾਲ ਖੋਹਵਣ।
ਰਾਮਗੜ੍ਹੀਏ.........................................।

ਮੁਗਲਾਂ ਤੇ ਅਫ਼ਗਾਨੀਆਂ ਨੇ ਜਦ ਕੌਮ ਦੀ ਅਣਖ ਵੰਗਾਰੀ,
ਤਲਵਾਰ ਉਠਾ ਕੇ ਜੱਸਾ ਸਿੰਘ ਨੇ ਦਿੱਤੀ ਮਾਤ ਕਰਾਰੀ,
ਭੱਜੇ ਜਾਣ ਪਿਛਾਂਹ ਨੂੰ ਮੁੜ ਨਾ ਅੱਗੇ ਆਣ ਖਲੋਵਣ।
ਰਾਮਗੜ੍ਹੀਏ.........................................।

ਪਿਓ ਦਾਦੇ ਤੋਂ ਵਿਰਸਾ ਮਿਲਿਆ ਸੀ ਕੁਰਬਾਨੀ ਵਾਲਾ,
ਇਹੀ ਵਿਰਸਾ ਉਸ ਦੇ ਖੂਨ ਨੂੰ ਦਿੰਦਾ ਰਿਹਾ ਉਬਾਲਾ,
ਉਬਲਿਆ ਖੂਨ ਕਦੇ ਨਾ ਦਿੰਦਾ ਨੀਂਦ ਚੈਨ ਦੀ ਸੋਵਣ।
ਰਾਮਗੜ੍ਹੀਏ.........................................।

ਸੂਬੇਦਾਰ ਅਦੀਨਾ ਬੇਗ ਨੇ ਕੀਤੀ ਸੀ ਜਦੋਂ ਚਲਾਕੀ,
ਜੱਸਾ ਸਿੰਘ ਨੇ ਸਾਥ ਛੱਡਤਾ ਹੋ ਕੇ ਉਸ ਤੋਂ ਆਕੀ,
ਕਰ ਲਿਆ ਝੱਟ ਕਿਨਾਰਾ ਲੱਗੇ ਹੱਥਕੰਡੇ ਜਦ ਕੋਹਵਣ।
ਰਾਮਗੜ੍ਹੀਏ.........................................।

'ਚੋਹਲੇ' ਵਾਲਿਆ ਜਿਸ ਨੇ ਜ਼ਿੰਦਗੀ ਲੇਖੇ ਪੰਥ ਦੇ ਲਾਈ,
ਉਸ ਜੱਸਾ ਸਿੰਘ ਰਾਮਗੜ੍ਹੀਏ ਦੀ 'ਬੱਗਾ' ਕਰੇ ਵਡਿਆਈ।
ਉਸਦੇ ਕੀਤੇ ਨੂੰ 'ਰਮੇਸ਼' ਲੱਗਾ ਹੈ ਕਵਿਤਾ ਵਿਚ ਪ੍ਰੋਵਣ।
ਰਾਮਗੜ੍ਹੀਏ ਜੱਸਾ ਸਿੰਘ ਵਰਗੇ ਵਿਰਲੇ ਹੀ ਪੈਦਾ ਹੋਵਣ।



ਰਮੇਸ਼ ਬੱਗਾ ਚੋਹਲਾ,
ਹੈਬੋਵਾਲ ਖੁਰਦ (ਲੁਧਿਆਣਾ)
ਮੋਬ: 9463132719

# ਇਟਲੀ ਪੁਲਿਸ ਨੇ ਨਕਲੀ ਯੂਰੋ ਬਣਾਉਣ ਵਾਲੇ ਗਿਰੋਹ ਦੇ 7 ਮੈਂਬਰਾਂ ਨੂੰ ਕਾਬੂ ਕਰ 48 ਮਿਲੀਅਨ ਯੂਰੋ ਦੀ ਨਕਲੀ ਕਰੰਸੀ ਕੀਤੀ ਬਰਾਮਦ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਦਾ ਸੂਬਾ ਕੰਪਾਨੀਆਂ ਜਿਹੜਾ ਦੇਸ਼ ਦੇ ਦੱਖਣ ਵਿੱਚ ਸਥਿਤ ਹੈ ਸਦਾ ਹੀ ਗੈਰ-ਕਾਨੂੰਨੀ ਕੰਮਾਂ ਲਈ ਮਸ਼ਹੂਰ ਰਿਹਾ ਹੈ ਇੱਥੇ ਕਦੀਂ ਨਕਲੀ ਪੇਪਰ ਬਣਾਉਣ ਵਾਲੇ ਗਿਰੋਹ ਦਾ ਪ੍ਰਦਾਫਾਸ਼ ਹੁੰਦਾ ਹੈ ਤੇ ਕਦੀਂ ਲੁੱਟਾਂ-ਖੋਹਾਂ ਕਰਨ ਵਾਲੇ ਟੋਲੇ ਨੂੰ ਪੁਲਿਸ ਕਾਬੂ ਕਰਦੀ ਹੈ ਇੱਥੋਂ ਦਾ ਮਾਫੀਆ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ ਪਰ ਇਸ ਵਾਰ ਇਸ ਸੂਬੇ ਦੀ ਰਾਜਧਾਨੀ ਨਾਪੋਲੀ ਇਲਾਕੇ ਵਿੱਚ ਨਕਲੀ ਕਾਰੰਸੀ ਬਣਾਉਣ ਵਾਲੇ ਗਿਰੋਹ ਦੇ 7 ਮੈਂਬਰਾਂ ਨੂੰ ਕਾਬੂ ਕਰ ਇਟਲੀ ਪੁਲਸ ਨੇ ਪੂਰੇ ਯੂਰਪ ਵਿੱਚ ਇਸ ਗੋਰਖ ਧੰਦੇ ਵਿੱਚ ਹਿੱਸੇਦਾਰੀ ਨਿਭਾਉਣ ਵਾਲੇ ਲੋਕਾਂ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਟਲੀ ਦੀ ਵਿਸ਼ੇਸ ਪੁਲਿਸ ਗੁਆਰਦਾ ਦਾ ਫੀਨਾਂਸਾਰੋਮ ਅਤੇ ਨਾਪੋਲੀ ਨੇ ਇੱਕ ਕਥਿਤ "ਨਾਪੋਲੀ ਗਰੁੱਪ "( ਜਿਹੜਾ ਕਿ ਪਹਿਲਾਂ ਤੋਂ ਹੀ ਪੁਲਸ ਦੀ ਮੁੱਖ ਸੂਚੀ ਵਿੱਚ ਸੀ )ਤੋਂ ਕੰਪਾਨੀਆਂ ਸੂਬੇ ਦੇ ਜ਼ਿਲ੍ਹਾ ਪੋਂਟੀਚੇਲੀ ਦੇ ਇੱਕ ਉਦਯੋਗਿਕ ਗੋਦਾਮ ਵਿੱਚੋਂ 48 ਮਿਲੀਅਨ ਯੂਰੋ ਦੇ ਨਕਲੀ 50 ਯੂਰੋ ਦੇ ਨੋਟ ਜਬਤ ਕੀਤੇ ਹਨ।ਇਸ



ਚੱਕਰਵਿਊ ਦੇ ਰਚੇਤਾ ਕਾਰੀਗਰ ਇੰਨੇ ਆਪਣੇ ਕੰਮ ਦੇ ਮਾਹਿਰ ਸਨ ਕਿ ਉਹਨਾਂ ਦੀ ਕਾਰਾਗਿਰੀ ਦੇਖ ਪੁਲਸ ਵੀ ਦੰਗ ਰਹਿ ਗਈ ਕਿ ਇਹਨਾਂ ਸ਼ਾਤਰਾਂ ਨੇ ਬੈਂਕ ਨੋਟ ਆਫਸੈੱਟ ਨਾਮਕ ਇੱਕ ਪ੍ਰਕਿਰਿਆ ਨਾਲ ਬਣਾਏ ਸਨ ਜੋ ਕਿ ਅਸਲ ਨੋਟਾਂ ਦੇ ਬਹੁਤ ਨੇੜੇ ਹੋਣ ਕਾਰਨ ਚੰਗੇ ਭਲੇ ਬੰਦੇ ਨੂੰ ਰਤਾ ਵੀ ਨਕਲ ਹੋਣ ਦਾ ਸ਼ੱਕ ਨਹੀਂ ਹੋਣ ਦਿੰਦੀ ਸੀ।ਨਾਪੋਲੀ ਗਰੁੱਪ ਨੇ ਹਾਲ ਹੀ ਵਿੱਚ ਇਸ ਤਾਣੇਬਾਣੇ ਨੂੰ ਪੋਂਟੀਚੇਲੀ ਦੇ ਗੋਦਾਮਾਂ ਵਿੱਚ ਤਬਦੀਲ ਕੀਤਾ ਹੈ ਪਹਿਲਾਂ ਇਹ ਧੰਦਾ ਨਾਪੋਲੀ ਦੇ ਸ਼ਹਿਰ ਕਾਜਾਵਿਤੋਰੇ ਵਿਖੇ ਧੜੱਲੇ ਨਾਲ ਚੱਲਦਾ ਸੀ ਪਰ ਜਦੋਂ ਨਾਪੋਲੀ ਗਰੁੱਪ ਦੇ ਨੁਮਾਇੰਦਿਆਂ ਨੂੰ ਖਤਰਾ ਲੱਗਾ ਤਾਂ ਉਹਨਾਂ ਪੋਂਟੀਚੇਲੀ ਕਿਰਾਏ ਦੇ ਗੋਦਾਮਾਂ ਵਿੱਚ ਸਾਰਾ ਕੰਮ ਲੈ ਆਉਂਦਾ ਜਿੱਥੇ ਪੁਲਸ ਨੇ 50 ਯੂਰੋ ਦੇ ਨਕਲੀ ਨੋਟਾਂ ਦੇ ਢੇਰ ਲੱਗੇ ਦੇਖੇ ਇਹਨਾਂ ਨੋਟਾਂ ਨੂੰ ਛਾਪਣ ਦਾ ਕੰਮ ਮੁਕੰਮਲ ਹੋ ਚੁੱਕਾ ਸੀ ਪਰ ਕੱਟਣ ਨੂੰ ਰਹਿੰਦੇ ਸਨ।ਪੁਲਸ ਪਾਰਟੀ ਅਪ੍ਰੈਲ ਮਹੀਨੇ ਤੋਂ ਇਹਨਾਂ ਗੋਦਾਮਾਂ ਦੀ ਨਿਗਰਾਨੀ ਰੱਖ ਰਹੀ ਸੀ ਕਿ ਬੀਤੇ ਦਿਨ ਤੜਕਸਾਰ ਹੀ ਟੀਮ ਨੇ ਮੁਲਜ਼ਮਾਂ ਨੂੰ ਸੁਤਿਆਂ ਦੱਬ ਲਿਆ ਜਿਹੜੇ ਕਿ ਗੋਦਾਮ ਵਿੱਚ ਰਹਿੰਦੇ ਸਨ।ਨਾਪੋਲੀ ਗਰੁੱਪ ਦੇ ਇਹਨਾਂ ਲੋਕਾਂ ਤੋਂ ਪੁਲਸ ਨੇ 80,000 ਅਜਿਹੀਆਂ ਸ਼ੀਟਾਂ ਬਰਾਮਦ ਕੀਤੀਆਂ ਹਨ ਜਿਹਨਾਂ ਉਪੱਰ 50 ਯੂਰੋ ਦੇ ਨਕਲੀ ਨੋਟਾਂ ਦੀ ਛਪਾਈ ਕੀਤੀ ਗਈ ਸੀ।7 ਲੋਕਾਂ ਨੂੰ ਪੁਲਸ ਨੇ ਹਿਰਾਸਤ ਵਿੱਚ ਲੈਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਇਹ ਲੋਕ ਗੋਦਾਮਾਂ ਵਿੱਚ ਹੀ ਰਹਿੰਦੇ ਸਨ।ਪਿਛਲੇ 5 ਸਾਲਾਂ ਵਿੱਚ ਪੁਲਸ ਨੇ ਇਟਲੀ ਵਿੱਚ ਨਕਲੀ ਨੋਟ ਬਣਾਉਣ ਵਾਲੀ ਟੀਮ ਦੇ 16 ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋ 5 ਪ੍ਰਿੰਟਿੰਗ ਪ੍ਰੈੱਸਾ ਨੂੰ ਜਬਤ ਕਰਕੇ 100 ਮਿਲੀਅਨ ਯੂਰੋ ਦੀ ਨਕਲੀ ਕਰੰਸੀ ਕਾਬੂ ਕੀਤੀ ਹੈ।

# ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋ ਕਰਵਾਏ ਵਿਸਾਖੀ ਮੇਲੇ ਵਿੱਚ ਖੂਬ ਲੱਗੀਆਂ ਰੌਣਕਾਂ



ਉੱਪਰ ਖੱਬਿਓ ਪਰਮ ਨਿਮਾਣਾ, ਦਲਜੀਤ ਦਿਲਬਰ, ਸਿਮਰਨ ਸਰਲੀ, ਕਰਮਜੀਤ ਭੱਲਾ,ਸੁੱਖੀ ਦੁਸਾਂਝ, ਰੂਪਾ ਦਿਲਬਰ ਅਤੇ ਦਿਲਬਾਗ ਸੰਧੂ ਹੇਠਾਂ – ਦਰਸ਼ਕ ਪ੍ਰੋਗਰਾਮ ਦਾ ਆਨੰਦ ਮਾਣਦੇ ਹੋਏ

ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) – ਪੰਜਾਬੀ ਸਾਹਿਤ ਸਭਾ ਗਲਾਸਗੋ ਵੱਲੋ ਹਰ ਸਾਲ ਦੀ ਤਰਾਂ ਇਸ ਸਾਲ ਵੀ ਵਿਸਾਖੀ ਦੇ ਸੰਦਰਭ ਵਿੱਚ ਗਲਾਸਗੋ ਦੇ ਵੁੱਡਸਾਇਡ ਹਾਲ ਵਿੱਚ 'ਵਿਸਾਖੀ ਸ਼ੋਅ' ਦੇ ਨਾਂ ਹੇਠ ਰੰਗਾਰੰਗ ਪ੍ਰੋਗਰਾਮ ਕਰਵਾਇਆ ਗਿਆ। ਜਿਸ ਵਿੱਚ ਬਹੁਗਿਣਤੀ ਦੀ ਤਦਾਦ ਵਿੱਚ ਪੰਜਾਬੀ ਭਾਈਚਾਰੇ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬੀ ਸਕੂਲ ਦੇ ਬੱਚਿਆਂ ਨੇ 'ਦੇਹਿ ਸ਼ਿਵਾ ਵਰ ਮੋਹਿ ਏਹਿ' ਸ਼ਬਦ ਗਾਇਨ ਨਾਲ ਕੀਤੀ। ਪੰਜਾਬੀ ਸਾਹਿਤ ਸਭਾ ਦੇ ਜਨਰਲ ਸਕੱਤਰ ਦਲਜੀਤ ਸਿੰਘ ਦਿਲਬਰ ਨੇ ਦਰਸ਼ਕਾਂ ਦਾ ਸਵਾਗਤ ਕਰਦੇ ਹੋਏ ਵਿਸਾਖੀ ਦੇ ਇਤਿਹ–ਾਸ ਬਾਰੇ ਜਾਣੂ ਕਰਵਾਇਆ ਅਤੇ ਕਿਹਾ ਕਿ ਅਸੀਂ ਤੁਹਾਡੇ ਦਰਸ਼ਕਾਂ ਦੀ ਹੱਲਾਸ਼ੇਰੀ ਨਾਲ ਹੀ ਨਵੀ ਪੀੜੀ ਨੂੰ ਸਾਡੇ ਅਮੀਰ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਨਾਲ ਜੋੜਨ ਲਈ ਤੱਤਪਰ ਤੇ ਯਤਨਸ਼ੀਲ ਹਾਂ। ਸਮਾਗਮ ਦੌਰਾਨ ਛੋਟੇ ਬੱਚਿਆਂ ਵੱਲੋ ਕੋਰਿਓਗ੍ਰਾਫੀ 'ਪੰਜਾਬੀ ਬੋਲੀ ਦੇ ਵਾਰਿਸ' ਰਾਹੀਂ ਨਵੀਂ ਪੀੜੀ ਦੀ ਕਹਾਣੀ ਪੇਸ਼ ਕਰਕੇ ਦਰਸ਼ਕਾਂ ਦੀ ਵਾਹ ਵਾਹ ਖੱਟੀ। ਨਿੱਕੀ ਬੱਚੀ ਹਰਗੁਣ ਕੌਰ ਨੇ ਪੰਜਾਬੀ ਕਵਿਤਾ 'ਤੇਰੀ ਮਾਂ ਬੋਲੀ ਪੰਜਾਬੀ, ਬੋਲ ਪੰਜਾਬੀ ਨੂੰ' ਬੋਲੀ ਤਾਂ ਸਾਰਾ ਹਾਲ ਦਰਸ਼ਕਾਂ ਦੀਆਂ ਤਾੜੀਆਂ ਨਾਲ ਗੂੰਜ ਉੱਠਿਆ ਅਤੇ ਸਾਰੇ ਦਰਸ਼ਕਾਂ ਨੇ ਖੜੇ ਹੋ ਕੇ ਬੱਚੀ ਨੂੰ ਦਾਦ ਦਿੱਤੀ। ਸਕਾਟਲੈਂਡ ਦੇ ਨਾਮੀ ਗਰੁੱਪਾਂ ਝਣਕਾਰ ਬੀਟ, ਬੌਲੀਫੀਟ ਅਤੇ ਬ੍ਰੇਵਹਾਰਟ ਨੇ ਨ੍ਰਿੱਤ, ਭੰਗੜੇ ਨਾਲ ਸਟੇਜ 'ਤੇ ਧਮਾਲਾਂ ਪਾਈਆਂ। ਸਕਾਟਲੈਂਡ ਦੇ ਜੰਮਪਲ ਛੋਟੇ ਬੱਚਿਆਂ ਦੀ ਹਾਸਰਸ ਸਕਿੱਟ 'ਡਾਕਟਰ ਦੀ ਸਰਜਰੀ' ਨੇ ਦਰਸ਼ਕਾਂ ਦੇ ਢਿੱਡੀਂ ਪੀੜਾਂ ਪਾਈਆ। ਸਥਾਨਕ ਗਾਇਕਾਂ ਕਰਮਜੀਤ ਭੱਲਾ ਮੀਨੀਆ, ਸਿਮਰਨ ਸਰਲੀ ਅਤੇ ਉੱਘੇ ਗਾਇਕ ਗੀਤਕਾਰ ਸੁੱਖੀ ਦੁਸਾਂਝ ਨੇ ਆਪਣੇ ਨਵੇਂ ਗੀਤਾਂ ਨਾਲ ਦਰਸ਼ਕਾਂ ਦਾ ਮਨੋਰੰਜਨ ਕੀਤਾ। ਅੰਤ ਵਿੱਚ ਦਰਸ਼ਕਾਂ ਦੇ ਇੰਤਜ਼ਾਰ ਦੀਆਂ ਘੜੀਆਂ ਖਤਮ ਕਰਦੇ ਹੋਏ ਪੰਜਾਬ ਤੋ ਪਹੁੰਚੇ ਉੱਭਰਦੇ ਗਾਇਕ/ਗੀਤਕਾਰ ਪਰਮ ਨਿਮਾਣਾ ਨੇ ਆਪਣੇ ਸ਼ੇਅਰਾਂ, ਸਾਹਿਤਕ, ਸੱਭਿਆਚਾਰਕ ਗੀਤਾਂ ਨਾਲ ਦਰਸ਼ਕਾਂ ਨੂੰ ਕੀਲ ਕੇ ਰੱਖਿਆ ਅਤੇ ਤਾੜੀਆਂ ਮਾਰਨ ਲਈ ਮਜਬੂਰ ਕੀਤਾ। ਉਸ ਦੁਆਰਾ ਗਾਏ ਉਦਾਸ ਗੀਤ ਮਾਂ ਦੀ ਭਾਵੁਕਤਾ ਨਾਲ ਬਹੁਤ ਸਾਰੇ ਸਰੋਤਿਆਂ ਦੀਆਂ ਅੱਖਾਂ ਸਿੱਲੀਆਂ ਹੋਈਆਂ। ਇਸ ਸਮੇਂ ਸਭਾ ਦੇ ਪ੍ਰਧਾਨ ਦਿਲਾਵਰ ਸਿੰਘ, ਉੱਪ-ਪ੍ਰਧਾਨ ਕਮਲਜੀਤ ਕੌਰ ਮਿਨਹਾਸ, ਤਰਲੋਚਨ ਮੁਠੱਡਾ, ਡਾ: ਇੰਦਰਜੀਤ ਸਿੰਘ, ਜਗਦੀਸ਼ ਸਿੰਘ, ਸੁਖਦੇਵ ਰਾਹੀ, ਜਗਰੂਪ ਕੌਰ ਢਿੱਲੋ ਮੌਜੂਦ ਸਨ। ਮੰਚ ਸੰਚਾਲਕ ਦੀ ਭੂਮਿਕਾ ਰੂਪਾ ਦਿਲਬਰ ਅਤੇ ਦਿਲਬਾਗ ਸਿੰਘ ਸੰਧੂ ਨੇ ਵਾਖੂਬੀ ਨਿਭਾਈ।

# FIRST SIKH FROM STATE OF CONNECTED ELECTED AS NATIONAL DELEGATE FOR PRESIDENTIAL CONVENTION.




Washington D.C-World Sikh Parliament which was formed under guidance of Jathedar Jagtar Singh Hawara shared the news thru their coordinator Himmat Singh that Swaranjit Singh Khalsa elected official from State of Connecticut who is City Council Member in Norwich has been also elected as National Delegate that will go to Chicago to endorse U.S President and Democratic presidential candidate Joe Biden.Swaranjit Singh Khalsa is First Sikh in State of Connecticut to be elected for National Convention as national delegate and has been serving as coordinator for World Sikh Parliament UN and NGO Council as well.Election took place in Kelly Middle School on May 1st where democrats from 2nd congressional district participated and elected 8 candidates as National Delegate.In total 40 people from five congressional districts will represent State of Connecticut.Governor of State of Connecticut Ned Lamont, Lt. Governor of State of Connecticut Susan Bysiewicz and U.S Senator Richard blumenthal congratulated Swaranjit Singh Khalsa and wished him good luck.World Sikh Parliament look forward to support more young Sikhs so they can shine in politics and raise Sikh issues at national level.In past Swaranjit Singh Khalsa advocated for State of Connecticut to pass law to recognize Sikh Genocide and has been also active with federal leaders on issue of hate crime and transnational repression that sikhs are facing in America.

### 3 ਸਫ਼ੇ ਦੀ ਬਾਕੀ

ਯਾਦ ਰਹੇ ਕਿ ਖਾਲਿਸਤਾਨੀ ਲੀਡਰ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਜੂਨ ਵਿੱਚ ਸਰੀ ਦੇ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਸ ਮਗਰੋਂ ਕੈਨੇਡਾ ਨੇ ਇਸ ਹੱਤਿਆ ਪਿੱਛੇ ਭਾਰਤੀ ਏਜੰਸੀਆਂ ਦਾ ਹੱਥ ਦੱਸਿਆ ਸੀ।

### ਭਾਰਤ ਸਰਕਾਰ ਦਾ ਪ੍ਰਤੀਕਰਮ

ਦੂਜੇ ਪਾਸੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਟਕ ਵਿੱਚ ਕਿਹਾ ਸੀ ਕਿ ਭਾਰਤ ਕੈਨੇਡੀਅਨ ਪੁਲਿਸ ਵੱਲੋਂ ਫੜੇ ਗਏ ਤਿੰਨ ਭਾਰਤੀ ਨਾਗਰਿਕਾਂ ਬਾਰੇ ਜਾਣਕਾਰੀ ਸਾਂਝੀ ਕੀਤੇ ਜਾਣ ਦੀ ਉਡੀਕ ਕਰੇਗਾ।ਵਿਦੇਸ਼ਾਂ ਵਿੱਚ ਸਾਡੇ ਦੂਤਾਵਾਸਾਂ ਨੂੰ ਧਮਕੀਆਂ ਮਿਲਦੀਆਂ ਹਨ। ਇਸ ਸਮੇਂ ਕੈਨੇਡਾ ਸਰਕਾਰ ਨੇ ਆਪਣੇ ਦੇਸ਼ ਵਿੱਚ ਵੱਖਵਾਦ ਅਤੇ ਹਿੰਸਾ ਦਾ ਸਮਰਥਨ ਕਰਨ ਵਾਲਿਆਂ ਨੂੰ ਪ੍ਰਗਟਾਵੇ ਦੀ ਆਜ਼ਾਦੀ ਦਿੱਤੀ ਹੈ।

ਵਿਦੇਸ਼ ਮੰਤਰੀ ਅਨੁਸਾਰ ਭਾਈ ਨਿੱਝਰ ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਸੀ ਅਤੇ ਖਾਲਿਸਤਾਨ ਟਾਈਗਰ ਫੋਰਸ ਦੇ ਮਾਡਿਊਲ ਮੈਂਬਰਾਂ ਨੂੰ ਸੰਚਾਲਨ, ਨੈੱਟਵਰਕਿੰਗ, ਸਿਖਲਾਈ ਅਤੇ ਵਿੱਤੀ ਮਦਦ ਪ੍ਰਦਾਨ ਕਰਨ ਵਿੱਚ ਸਰਗਰਮੀ ਨਾਲ ਸ਼ਾਮਲ ਸੀ। ਕੌਮੀ ਜਾਂਚ ਏਜੰਸੀ ਵਲੋਂ ਭਾਈ ਨਿੱਝਰ ਦੀ ਕੁੱਲ 11 ਕਨਾਲ 13.5 ਮਰਲੇ ਜ਼ਮੀਨ ਜਲੰਧਰ ਦੇ ਫਿਲੌਰ ਸਬ-ਡਿਵੀਜ਼ਨ ਵਿੱਚ ਉਨ੍ਹਾਂ ਦੇ ਜੱਦੀ ਪਿੰਡ ਭਾਰਾ ਸਿੰਘਪੁਰਾ ਵਿੱਚ ਜ਼ਬਤ ਕੀਤੀ ਗਈ ਸੀ।

ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਕਿ ਦੁਨੀਆ ਇਕਪਾਸੜ ਨਹੀਂ, ਕੁਝ ਹੋਇਆ ਤਾਂ ਵਿਰੋਧ ਹੋਵੇਗਾ। ਕੈਨੇਡਾ ਦੇ ਦਾਅਵੇ 'ਤੇ ਜੈਸ਼ੰਕਰ ਨੇ ਕਿਹਾ ਕਿ ਭਾਰਤ 'ਤੇ ਦੋਸ਼ ਲਗਾਉਣਾ ਕੈਨੇਡਾ ਦੀ ਸਿਆਸੀ ਮਜਬੂਰੀ ਹੈ। ਉੱਥੇ ਅਗਲੇ ਸਾਲ ਚੋਣਾਂ ਹੋਣੀਆਂ ਹਨ, ਇਸ ਲਈ ਦੇਸ਼ ਵਿੱਚ ਵੋਟ ਬੈਂਕ ਦੀ ਖਾਲਿਸਤਾਨੀ ਰਾਜਨੀਤੀ ਚੱਲ ਰਹੀ ਹੈ। ਇਸ ਕਾਂਡ ਦਾ ਭਾਰਤ ਨਾਲ ਕੋਈ ਸਬੰਧ ਨਹੀਂ ਹੈ।

ਯਾਦ ਰਹੇ ਕਿ ਭਾਈ ਨਿਝਰ ਦੇ ਕਤਲ ਨੂੰ ਲੈਕੇ ਕੈਨੇਡਾ ਤੇ ਭਾਰਤ ਸਰਕਾਰ ਵਿਚਾਲੇ ਸੰਬੰਧ ਹੁਣ ਤਕ ਵਿਗੜੇ ਹੋਏ ਹਨ। ਅਕਤੂਬਰ 2023 ਵਿੱਚ ਭਾਰਤ ਨੇ 40 ਕੈਨੇਡੀਅਨ ਕੂਟਨੀਤਿਕਾਂ ਦੀ ਡਿਪਲੋਮੈਟਿਕ ਇਮਿਊਨਿਟੀ ਰੱਦ ਕਰ ਦਿੱਤੀ ਸੀ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਮਿਲੀ ਸੁਰੱਖਿਆ ਖ਼ਤਮ ਕਰਕੇ ਵਾਪਸ ਬੁਲਾਉਣ ਲਈ ਕਿਹਾ ਸੀ। ਇਸ ਕਾਰਨ ਕੈਨੇਡੀਅਨ ਸਫਾਰਤਖਾਨੇ ਦੇ ਕਰੀਬ ਦੋ ਤਿਹਾਈ ਅਮਲੇ ਨੂੰ ਭਾਰਤ ਛੱਡ ਕੇ ਵਾਪਸ ਜਾਣਾ ਪਿਆ ਸੀ।

### ਕੈਨੇਡਾ ਦੇ ਹੱਕ ਵਿਚ ਅਮਰੀਕਾ

ਭਾਈ ਨਿਝਰ ਦੇ ਮਸਲੇ ਬਾਰੇ ਕੈਨੇਡਾ ਦਾ ਹਮਾਇਤੀ ਅਮਰੀਕਾ ਵੀ ਹੈ। ਦਰਅਸਲ ਇਨ੍ਹਾਂ ਦੋਹਾਂ ਦੇਸ਼ਾਂ ਤੋਂ ਇਲਾਵਾ ਬ੍ਰਿਟੇਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਖੁਫੀਆ ਜਾਣਕਾਰੀ ਸਾਂਝੀ ਕਰਨ ਲਈ ਫਾਈਵ ਆਈਜ਼ ਨਾਂ ਦਾ ਸਮਝੌਤਾ ਹੋਇਆ ਹੈ। ਸਮਝਿਆ ਜਾਂਦਾ ਹੈ ਕਿ ਸਾਰੇ ਪੰਜ ਦੇਸ਼ ਅਜਿਹੇ ਸੰਵੇਦਨਸ਼ੀਲ ਮਾਮਲਿਆਂ 'ਤੇ ਸਹਿਮਤ ਹਨ। ਅਮਰੀਕਾ ਵਿਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਦੇ ਮਾਮਲੇ ਸੰਬੰਧੀ ਖੁਲਾਸੇ ਤੋਂ ਬਾਅਦ ਅਮਰੀਕਾ ਨੇ ਵੀ ਭਾਰਤ ਸਰਕਾਰ 'ਤੇ ਕਾਫੀ ਦਬਾਅ ਪਾਇਆ ਹੈ। ਜ਼ਾਹਿਰ ਹੈ ਕਿ ਇਨ੍ਹਾਂ ਘਟਨਾਵਾਂ ਨੇ ਭਾਰਤੀ ਵਿਦੇਸ਼ ਨੀਤੀ ਲਈ ਗੰਭੀਰ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਮੌਜੂਦਾ ਭਾਰਤ ਸਰਕਾਰ ਨੇ ਅਮਰੀਕੀ ਧੁਰੇ ਨਾਲ ਸਬੰਧਾਂ ਨੂੰ ਚੰਗੇਰਾ ਕਰਨ ਲਈ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਪਰ ਇਨ੍ਹਾਂ ਮਾਮਲਿਆਂ ਕਾਰਣ ਅਮਰੀਕਾ ਅਤੇ ਉਸ ਦੇ ਭਾਈਵਾਲ ਦੇਸ਼ ਭਾਰਤ ਵਿਚ ਲਗਾਤਾਰ ਅਵਿਸ਼ਵਾਸ ਪ੍ਰਗਟ ਕਰ ਰਹੇ ਹਨ। ਇਹ ਸੋਚਣ ਦਾ ਵਿਸ਼ਾ ਹੈ ਕਿ ਅਜਿਹਾ ਕਿਉਂ ਹੋਇਆ - ਖਾਸ ਤੌਰ 'ਤੇ ਅਜਿਹੇ ਸਮੇਂ ਜਦੋਂ ਉਹ ਇਹ ਪੱਛਮੀ ਦੇਸ਼ ਚੀਨ ਨੂੰ ਘੇਰਨ ਲਈ ਭਾਰਤ ਦਾ ਸਹਿਯੋਗ ਲੈਣ ਲਈ ਉਤਾਵਲੇ ਸਨ ? ਇਸ ਤੋਂ ਸਪਸ਼ਟ ਹੈ ਕਿ ਕੈਨੇਡਾ, ਅਮਰੀਕਾ ਸਮੇਤ ਫਾਈਵ ਆਈਜ਼ ਦੇਸ ਭਾਰਤ ਦੇ ਇਸ ਵਰਤਾਰੇ ਤੇ ਪ੍ਰਭਸਤਾ ਦੀ ਉਲੰਘਣਾ ਸਹਿਣ ਨੂੰ ਤਿਆਰ ਨਹੀਂ।

# ਚੈੱਕ ਗਣਰਾਜ ਨੇ ਅਮਰੀਕਾ ਨੂੰ ਦਿੱਤਾ ਝਟਕਾ

## ✪ ਪੰਨੂ ਕੇਸ ਦੇ ਦੋਸ਼ੀ ਨਿਖਿਲ ਗੁਪਤਾ ਦੀ ਹਵਾਲਗੀ ਰੋਕੀ



ਪ੍ਰਾਗ-ਚੈੱਕ ਗਣਰਾਜ ਦੀ ਸੁਪਰੀਮ ਕੋਰਟ ਨੇ ਖਾਲਿਸਤਾਨੀ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਕਥਿਤ ਸਾਜ਼ਿਸ਼ ਵਿੱਚ ਲੋੜੀਂਦੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਦੀ ਅਮਰੀਕਾ ਹਵਾਲਗੀ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਚੈੱਕ ਗਣਰਾਜ ਦੀਆਂ ਹੇਠਲੀਆਂ ਅਦਾਲਤਾਂ ਨੇ ਨਿਖਿਲ ਗੁਪਤਾ ਦੀ ਹਵਾਲਗੀ ਨੂੰ ਮਨਜ਼ੂਰੀ ਦਿੱਤੀ ਸੀ। ਅਮਰੀਕੀ ਜਸਟਿਸ ਡੀਪਾਰਮੈਂਟ ਨੇ ਦੋਸ਼ ਲਾਇਆ ਹੈ ਕਿ ਨਿਖਿਲ ਗੁਪਤਾ ਨੇ ਪੰਨੂ ਦੀ ਹੱਤਿਆ ਲਈ ਇਕ ਕੰਟਰੈਕਟ ਕਿਲਰ ਨੂੰ ਪੈਸੇ ਦਿੱਤੇ ਸਨ। ਭਾਰਤ ਨੇ ਇਸ ਮਾਮਲੇ ਦੀ ਜਾਂਚ ਲਈ ਉੱਚ ਪੱਧਰੀ ਜਾਂਚ ਟੀਮ ਵੀ ਬਣਾਈ ਹੈ।

30 ਜਨਵਰੀ, 2024 ਦੇ ਆਪਣੇ ਅੰਤਰਿਮ ਫੈਸਲੇ ਵਿੱਚ, ਪ੍ਰਾਗ ਵਿੱਚ ਸੰਵਿਧਾਨਕ ਅਦਾਲਤ ਨੇ ਕਿਹਾ ਸੀ ਕਿ ਅਪਰਾਧਿਕ ਮੁਕੱਦਮਾ ਚਲਾਉਣ ਲਈ ਨਿਖਿਲ ਗੁਪਤਾ ਨੂੰ ਅਮਰੀਕਾ ਦੇ ਹਵਾਲੇ ਕਰਨ ਨਾਲ ਉਸ ਨੂੰ ਬਹੁਤ ਜ਼ਿਆਦਾ ਨੁਕਸਾਨ ਪਹੁੰਚੇਗਾ। ਇਸ ਤੋਂ ਇਲਾਵਾ, ਇਸ ਨੇ ਜ਼ੋਰ ਦਿੱਤਾ ਕਿ ਇਹ ਕਾਰਵਾਈ ਨਾ ਬਦਲੀ ਜਾ ਸਕਦੀ ਹੈ, ਭਾਵੇਂ ਇਹ ਗੁਪਤਾ ਦੀ ਚੁਣੌਤੀ ਨੂੰ ਕਾਇਮ ਰੱਖਦੀ ਹੈ। ਚੈੱਕ ਨਿਆਂ ਮੰਤਰਾਲੇ ਦੀ ਬੁਲਾਰਾ ਮਾਰਕਾ ਐਂਡਰੋਵਾ ਨੇ ਦਸਿਆ ਕਿ ਇਸ ਅੰਤਰਿਮ ਫੈਸਲੇ ਦਾ ਮਤਲਬ ਹੈ ਕਿ "ਜਦੋਂ ਤੱਕ ਸੰਵਿਧਾਨਕ ਅਦਾਲਤ ਨਿਖਿਲ ਗੁਪਤਾ ਦੁਆਰਾ ਦਾਇਰ ਸ਼ਿਕਾਇਤ ਦੇ ਗੁਣਾਂ 'ਤੇ ਫੈਸਲਾ ਨਹੀਂ ਲੈਂਦੀ ਉਦੋਂ ਤੱਕ ਨਿਆਂ ਮੰਤਰੀ ਹਵਾਲਗੀ ਜਾਂ ਇਨਕਾਰ ਕਰਨ ਦਾ ਫੈਸਲਾ ਨਹੀਂ ਕਰ ਸਕਦਾ ਹੈ।"

### ਚੈੱਕ ਅਦਾਲਤ ਵਿਸਤ੍ਰਿਤ ਸੁਣਵਾਈ ਕਰੇਗੀ

19 ਜਨਵਰੀ, 2024 ਨੂੰ, ਨਿਖਿਲ ਗੁਪਤਾ ਨੇ ਪ੍ਰਾਗ ਵਿੱਚ ਮਿਊਂਸਪਲ ਕੋਰਟ ਦੇ 23 ਨਵੰਬਰ, 2023 ਦੇ ਫੈਸਲੇ ਅਤੇ ਪ੍ਰਾਗ ਵਿੱਚ ਹਾਈ ਕੋਰਟ ਦੇ 8 ਜਨਵਰੀ, 2024 ਦੇ ਫੈਸਲੇ ਨੂੰ ਚੁਣੌਤੀ ਦਿੱਤੀ, ਜਿਸ ਵਿੱਚ ਦੋਵਾਂ ਨੇ ਉਸ ਨੂੰ ਅਮਰੀਕਾ ਦੀ ਹਵਾਲੇ ਕਰਨ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ।

# ਸੁਖਬੀਰ ਬਾਦਲ ਨੇ ਭਾਜਪਾ ਨੂੰ ਸਿੱਖ ਵਿਰੋਧੀ ਜਮਾਤ ਦੱਸਿਆ

## ✪ ਕਿਹਾ ਕਿ ਗੁਰੂ ਘਰਾਂ ਵਿਚ ਆਰਐੱਸਐੱਸ ਦੀ ਸੋਚ ਲਾਗੂ ਕਰਨਾ ਚਾਹੁੰਦੀ ਹੈ ਭਾਜਪਾ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਅੰਮ੍ਰਿਤਸਰ ਤੋਂ ਲੋਕ ਸਭਾ ਉਮੀਦਵਾਰ ਅਨਿਲ ਜੋਸ਼ੀ ਦੇ ਹੱਕ ਵਿੱਚ ਹਲਕਾ ਅਜਨਾਲਾ ਦੇ ਇੰਚਾਰਜ ਜੋਧ ਸਿੰਘ ਸਮਰਾ ਦੀ ਅਗਵਾਈ ਹੇਠ ਪਿੰਡ ਦਾਲਮ ਦੇ ਪੈਲੇਸ ਵਿੱਚ ਚੋਣ ਰੈਲੀ ਕੀਤੀ ਗਈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਸਿਰਫ਼ ਪੰਜਾਬ ਨੂੰ ਲੁੱਟਣ ਲਈ ਇਥੇ ਆਈਆਂ ਹਨ ਤੇ ਇਸ ਦੀ ਉਦਾਹਰਨ ਸਭ ਦੇ ਸਾਹਮਣੇ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਨੇ ਅੱਜ ਤੋਂ 40 ਸਾਲ ਪਹਿਲਾਂ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾਇਆ ਤੇ ਦਿੱਲੀ ਵਿੱਚ ਸਿੱਖ ਕਤਲੇਆਮ ਕਰਵਾਇਆ। ਉਨ੍ਹਾਂ ਕਿਹਾ ਕਿ ਭਾਜਪਾ ਜਦੋਂ ਅਕਾਲੀ ਦਲ ਨਾਲ ਸੀ ਤਾਂ ਉਨ੍ਹਾਂ ਦੀ ਹਿੰਮਤ ਨਹੀਂ ਸੀ ਪਈ ਕਿ ਸਿੱਖ ਪੰਥ 'ਤੇ ਹਮਲਾ ਕਰ ਸਕੀਏ ਪਰ ਜਦੋਂ ਅਕਾਲੀ ਦਲ ਨੇ ਕਿਸਾਨੀ ਅੰਦੋਲਨ ਕਰਕੇ ਉਨ੍ਹਾਂ ਦਾ ਸਾਥ ਛੱਡਿਆ ਤਾਂ ਉਨ੍ਹਾਂ ਦਿੱਲੀ, ਮਹਾਰਾਸ਼ਟਰ ਤੇ ਹੋਰ ਚੁਣੀਆਂ ਹੋਈਆਂ ਗੁਰੂ ਘਰਾਂ ਦੀਆਂ ਕਮੇਟੀਆਂ ਤੇ ਮੈਂਬਰ ਤੋੜ ਕੇ ਉਥੇ ਆਰਐੱਸਐੱਸ ਦੀ ਸੋਚ ਨੂੰ ਲਾਗੂ ਕਰ ਦਿੱਤਾ। ਉਨ੍ਹਾਂ 'ਆਪ' ਦੀ ਆਲੋਚਨਾ ਕਰਦਿਆਂ ਕਿਹਾ ਕਿ ਉਨ੍ਹਾਂ ਇਨ੍ਹਾਂ ਬਾਰੇ ਬਹੁਤ ਰੌਲਾ ਪਾਇਆ ਪਰ ਲੋਕਾਂ ਨੇ ਪੰਜਾਬ ਦੀ ਵਾਗਡੋਰ ਇਨ੍ਹਾਂ ਨੂੰ ਸੌਂਪ ਦਿੱਤੀ ਜਿਸ ਦੇ ਨਤੀਜੇ ਅੱਜ ਸਭ ਨੂੰ ਭੁਗਤਣੇ ਪੈ ਰਹੇ ਹਨ। ਉਨ੍ਹਾਂ ਕਿਹਾ ਕਿ ਅੱਜ ਵੀ ਪੰਜਾਬ ਵਿੱਚ ਬੇਅਦਬੀਆਂ ਹੋ ਰਹੀਆਂ ਹਨ, ਘਰ-ਘਰ ਨਸ਼ਾ ਆਮ ਹੋ ਗਿਆ ਹੈ ਪਰ ਹੁਣ ਮੰਡ, ਦਾਦੂਵਾਲ ਵਰਗਾ ਕੋਈ ਨਹੀਂ ਬੋਲ ਰਿਹਾ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ 'ਆਪ', ਕਾਂਗਰਸ ਤੇ ਭਾਜਪਾ ਦਾ ਪੰਜਾਬ ਵਿੱਚ ਗੁਪਤ ਸਮਝੌਤਾ ਹੋਇਆ ਹੈ ਜੋ ਆਉਣ ਵਾਲੇ ਸਮੇਂ ਵਿੱਚ ਪੰਜਾਬੀਆਂ ਤੇ ਖਾਸ ਕਰ ਸਿੱਖਾਂ ਲਈ ਬੜਾ ਘਾਤਕ ਸਿੱਧ ਹੋ ਸਕਦਾ ਹੈ।

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਸਾਡੇ ਕਿਸਾਨਾਂ ਨੂੰ ਦਿੱਲੀ ਜਾਣ ਲਈ ਬਾਰਡਰ ਨਹੀਂ ਟੱਪਣ ਦਿੱਤੇ ਤੇ ਤੁਸੀਂ ਵੀ ਇਨ੍ਹਾਂ ਪਾਰਟੀਆਂ ਨੂੰ ਪੰਜਾਬ ਵਿੱਚ ਵੜਨ ਨਾ ਦਿਓ।


### ਅਮਿਤ ਸ਼ਾਹ ਅਤੇ ਭਗਵੰਤ ਮਾਨ ਦੋਵੇਂ ਇੱਕਜੁਟ: ਸੁਖਬੀਰ

ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਨਿਲ ਜੋਸ਼ੀ ਦੇ ਚੋਣ ਪ੍ਰਚਾਰ ਨੂੰ ਹੁਲਾਰਾ ਦੇਣ ਆਏ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅਜਨਾਲਾ, ਰਾਜਾਸਾਂਸੀ ਅਤੇ ਅੰਮ੍ਰਿਤਸਰ ਦੇ ਵਿਧਾਨ ਸਭਾ ਹਲਕਿਆ ਵਿੱਚ ਕਈ ਥਾਵਾਂ 'ਤੇ ਰੈਲੀਆਂ ਕੀਤੀਆਂ। ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਵਿੱਚ ਸ੍ਰੀ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਗੱਲਬਾਤ ਚਲ ਰਹੀ ਹੈ ਤੇ ਇਹ ਹੁਣ ਕੁਝ ਹੀ ਦਿਨਾਂ ਦੀ ਗੱਲ ਹੈ ਕਿ ਉਹ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਛੱਡ ਕੇ ਪੰਜਾਬ ਵਿਚ ਆਪਣੀ ਵੱਖਰੀ ਸਰਕਾਰ ਭਾਜਪਾ ਦੀ ਹਮਾਇਤ ਨਾਲ ਬਣਾਉਣਗੇ। ਉਨ੍ਹਾਂ ਕਿਹਾ ਕਿ ਅਮਿਤ ਸ਼ਾਹ ਅਤੇ ਭਗਵੰਤ ਮਾਨ ਇੱਕਮੁਕ ਹਨ। ਇਸ ਮੌਕੇ ਬਿਕਰਮ ਸਿੰਘ ਮਜੀਠੀਆ ਨੇ ਭਾਜਪਾ ਅਤੇ ਇਸ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਮੰਗ ਪੱਤਰ ਵਿੱਚ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ ਅਤੇ ਭਾਜਪਾ ਉਮੀਦਵਾਰ ਤਰਨਜੀਤ ਸਿੰਘ ਸੰਧੂ ਵੱਲੋਂ ਕਿਸਾਨਾਂ ਨੂੰ ਦੇਸ਼ ਵਿਰੋਧੀ ਕਹਿਣ ਦੀ ਨਿਖੇਧੀ ਕੀਤੀ।

# ਕੇਜਰੀਵਾਲ ਨੂੰ ਸੁਪਰੀਮ ਕੋਰਟ ਤੋਂ ਹਾਲੇ ਜਮਾਨਤ ਨਹੀਂ ਮਿਲੀ



ਨਵੀਂ ਦਿੱਲੀ-ਸੁਪਰੀਮ ਕੋਰਟ ਵਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤੁਰੰਤ ਕੋਈ ਰਾਹਤ ਨਹੀਂ ਮਿਲੀ ਹੈ। 2 ਜੱਜਾਂ ਦਾ ਬੈਂਚ ਉਸ ਨੂੰ ਲੋਕ ਸਭਾ ਚੋਣਾਂ 'ਚ ਪ੍ਰਚਾਰ ਕਰਨ ਲਈ ਅੰਤਰਿਮ ਜ਼ਮਾਨਤ ਦੇਣ ਦਾ ਹੁਕਮ ਸੁਣਾਏ ਬਿਨਾਂ ਹੀ ਉੱਠ ਗਿਆ। ਕੇਜਰੀਵਾਲ 'ਤੇ ਕਥਿਤ ਦਿੱਲੀ ਆਬਕਾਰੀ ਘੁਟਾਲੇ ਨਾਲ ਜੁੜੇ ਇਕ ਮਾਮਲੇ ਵਿਚ ਮਨੀ ਲਾਂਡਰਿੰਗ ਦਾ ਦੋਸ਼ ਹੈ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

*NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW*

Respectable Jatt Sikh family seek a suitable match for their canadian Born and British citizen son. He is 31 years old, 5’11" tall, education Bsc Mathematics and runs his own Business, Girl should be from UK Jatt Sikh family. Work Permit Holder considerable. Please contact UK Times between 8am to 8pm on Mobile: 07723 369240 or reply to ref. 881 (3025)

UK born Jatt Sikh boy aged 28 years old, height 5ft 8’ working professional in IT. He is well versed in both cultures, sincere, caring with a good sense of humour. He does not drink and is a non smoker. He has short hair and is clean shaven. Ideal match should be UK born educated Jatt Sikh girl of similar age from the Midlands. Please reply with a recent photo and details to email: kiran_kaur32@outlook.com or Tel: 07896 927339. (3024)


## CHANGE OF NAME

I, KANWALJIT SINGH S/O MR KULWINDER SINGH WHOSE PERMANENT ADDRESS IN INDIA IS VILLAGE MURAR, PO HAMIRA, TEH DHILWAN, DISTT KAPURTHALA, PUNJAB 144802 AND NOW LIVING AT 64 LICHFIELD ROAD, WILLENHALL, WEST MIDLANDS WV12 5UL HEREBY GIVE NOTICE OF MY INTENTION TO CHANGE MY NAME TO KANWALJIT SINGH (GIVEN NAME) SARAI (SURNAME). (U/I)

I, BHANUPRIYA D/O MR BARJESH KUMAR WHOSE PERMANENT ADDRESS IN INDIA IS 380/7, MOHALA. SATYA NAGAR, SHAHABAD (M.) DISTT: KURUKSHETRA, HARYANA AND NOW LIVING AT 21-29 NORWOOD ROAD, FLAT NO. 4, SOUTHALL, UB2 4EA, LONDON, HEREBY GIVE NOTICE OF MY INTENTION TO CHANGE MY NAME TO HARSIMRAN KAUR GILL. (U)

## ਹਾਸਾ ਕਲੀਨਿਕ

**ਸੋਨੂੰ,** ਨਵਾਂ ਫੋਨ ਕਦੋਂ ਖਰੀਦਿਆ ?

ਮੋਨੂੰ, ਨਵਾਂ ਨਹੀਂ, ਗਾਰਲਫਰੈਂਡ ਦਾ ਹੈ।

ਸੋਨੂੰ, ਗਾਰਲਫਰੈਂਡ ਦਾ ਫੋਨ ਕਿਉਂ ਲੈ ਆਇਆ ?

ਮੋਨੂੰ, ਉਹ ਰੋਜ਼ ਕਹਿੰਦੀ ਸੀ ਕਿ ਮੇਰਾ ਫੋਨ ਨਹੀਂ ਚੁੱਕਦੇ, ਅੱਜ ਮੌਕਾ ਮਿਲਿਆ ਤਾਂ ਚੁੱਕ ਲਿਆ।

* * * * * * * *


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________


**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਕੇਜਰੀਵਾਲ ਨੂੰ ਜੇਲ ਤੋਂ ਸਰਕਾਰ ਚਲਾਉਣ ਦੀ ਇਜਾਜ਼ਤ ਦੇਣ ਸਬੰਧੀ ਪਟੀਸ਼ਨ ਖਾਰਜ



ਦਿੱਲੀ ਹਾਈ ਕੋਰਟ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜੇਲ ਤੋਂ ਸਰਕਾਰ ਚਲਾਉਣ ਦੀ ਇਜਾਜ਼ਤ ਦੇਣ ਲਈ ਵਿਸ਼ੇਸ਼ ਪ੍ਰਬੰਧ ਕਰਨ ਦੀ ਮੰਗ ਕਰਨ ਵਾਲੀ ਜਨਹਿੱਤ ਪਟੀਸ਼ਨ ਖਾਰਜ ਕਰ ਦਿਤੀ ਹੈ। ਪਟੀਸ਼ਨ 'ਚ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਨਾਲ ਜੁੜੀਆਂ ਖਬਰਾਂ 'ਤੇ ਪਾਬੰਦੀ ਲਗਾਉਣ ਦੀ ਵੀ ਮੰਗ ਕੀਤੀ ਗਈ ਹੈ। ਅਦਾਲਤ ਨੇ ਨਾ ਸਿਰਫ ਜਨਹਿਤ ਪਟੀਸ਼ਨ ਖਾਰਜ ਕਰ ਦਿਤੀ ਬਲਕਿ ਇਸ ਦੇ ਪਟੀਸ਼ਨਕਰਤਾ 'ਤੇ 1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ। ਸ਼੍ਰੀਕਾਂਤ ਪ੍ਰਸਾਦ ਨਾਮ ਦੇ ਇਕ ਵਕੀਲ ਨੇ ਹਾਈ ਕੋਰਟ ਵਿਚ ਇਕ ਜਨਹਿਤ ਪਟੀਸ਼ਨ ਦਾਇਰ ਕੀਤੀ ਸੀ। ਇਸ ਵਿਚ ਮੰਗ ਕੀਤੀ ਗਈ ਕਿ ਤਿਹਾੜ ਜੇਲ 'ਚ ਬੰਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਜੇਲ ਤੋਂ ਸਰਕਾਰ ਚਲਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ। ਡੀਜੀ ਜੇਲਾਂ ਨੂੰ ਕੇਜਰੀਵਾਲ ਲਈ ਵਿਧਾਇਕਾਂ ਅਤੇ ਕੈਬਨਿਟ ਮੈਂਬਰਾਂ ਨਾਲ ਗੱਲਬਾਤ ਕਰਨ ਲਈ ਵੀਡੀਉ ਕਾਨਫਰੰਸਿੰਗ ਦਾ ਪ੍ਰਬੰਧ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ। ਕਾਰਜਕਾਰੀ ਚੀਫ ਜਸਟਿਸ ਮਨਮੋਹਨ ਅਤੇ ਜਸਟਿਸ ਮਨਮੀਤ ਪੀਐਸ ਅਰੋੜਾ ਦੇ ਬੈਂਚ ਨੇ ਪਟੀਸ਼ਨ ਖਾਰਜ ਕਰ ਦਿਤੀ ਅਤੇ ਪ੍ਰਸਾਦ 'ਤੇ ਇਕ ਲੱਖ ਰੁਪਏ ਦਾ ਜੁਰਮਾਨਾ ਲਗਾਇਆ। ਪਟੀਸ਼ਨਕਰਤਾ ਨੂੰ ਇਸ ਨੂੰ ਏਮਜ਼ ਦੇ ਖਾਤੇ ਵਿਚ ਜਮ੍ਹਾਂ ਕਰਨ ਲਈ ਕਿਹਾ ਗਿਆ ਹੈ। ਅਦਾਲਤ ਨੇ ਪਟੀਸ਼ਨਕਰਤਾ ਨੂੰ ਫਟਕਾਰ ਲਗਾਈ ਅਤੇ ਕਈ ਤਿੱਖੀ ਟਿੱਪਣੀਆਂ ਵੀ ਕੀਤੀਆਂ। ਪਟੀਸ਼ਨ 'ਚ ਇਹ ਵੀ ਮੰਗ ਕੀਤੀ ਗਈ ਕਿ ਮੀਡੀਆ ਨੂੰ ਕੇਜਰੀਵਾਲ ਦੇ ਅਸਤੀਫੇ ਅਤੇ ਦਿੱਲੀ 'ਚ ਰਾਸ਼ਟਰਪਤੀ ਸ਼ਾਸਨ ਨਾਲ ਜੁੜੀਆਂ ਖ਼ਬਰਾਂ ਚਲਾਉਣ ਤੋਂ ਰੋਕਿਆ ਜਾਵੇ। ਅਦਾਲਤ ਨੇ ਇਸ 'ਤੇ ਬਹੁਤ ਨਾਰਾਜ਼ਗੀ ਜ਼ਾਹਰ ਕੀਤੀ ਅਤੇ ਪੁੱਛਿਆ ਕਿ ਕੀ ਐਮਰਜੈਂਸੀ ਜਾਂ ਫੌਜੀ ਸ਼ਾਸਨ ਲਗਾਇਆ ਜਾਣਾ ਚਾਹੀਦਾ ਹੈ।

# ਕੈਨੇਡਾ ਕੱਟੜਪੰਥੀਆਂ ਨੂੰ ਪਨਾਹ ਦੇਣੀ ਬੰਦ ਕਰੇ : ਭਾਰਤ

ਨਵੀਂ ਦਿੱਲੀ : ਕੈਨੇਡਾ ਵਿੱਚ ਚੱਲ ਰਹੇ ਭਾਰਤ ਵਿਰੋਧੀ ਪ੍ਰਦਰਸ਼ਨਾਂ ਨੂੰ ਲੈ ਕੇ ਭਾਰਤ ਨੇ ਇੱਕ ਵਾਰ ਫਿਰ ਟਰੂਡੋ ਸਰਕਾਰ ਦੀ ਆਲੋਚਨਾ ਕੀਤੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਕੈਨੇਡਾ ਨੂੰ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਂ ਤੇ ਕੱਟੜਪੰਥੀ ਲੋਕਾਂ ਨੂੰ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ। ਕੈਨੇਡਾ ਇੱਕ ਲੋਕਤੰਤਰੀ ਦੇਸ਼ ਹੈ ਅਤੇ ਉਹ ਹਿੰਸਾ ਦਾ ਜਸ਼ਨ ਮਨਾਉਣ ਦੀ ਇਜਾਜ਼ਤ ਕਿਵੇਂ ਦੇ ਸਕਦਾ ਹੈ। ਜੈਸਵਾਲ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਅਸੀਂ ਕਈ ਵਾਰ ਕੈਨੇਡਾ ਕੋਲ ਭਾਰਤੀ ਨੇਤਾਵਾਂ ਖਿਲਾਫ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਪਿੱਛੇ ਹਿੰਸਕ ਸੋਚ ਦਾ ਮੁੱਦਾ ਉਠਾਇਆ ਹੈ। ਪਿਛਲੇ ਸਾਲ ਹੀ ਬਰੈਂਪਟਨ ਸ਼ਹਿਰ ਵਿੱਚ ਇੰਦਰਾ ਗਾਂਧੀ ਦੇ ਕਤਲ ਦੀ ਝਾਕੀ ਕੱਢੀ ਗਈ ਸੀ। ਇਸ ਵਿੱਚ ਦੋ ਸਿੱਖ ਬੰਦੂਕਧਾਰੀਆਂ ਨੂੰ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਨੂੰ ਗੋਲੀ ਮਾਰਦੇ ਦਿਖਾਇਆ ਗਿਆ ਸੀ।

# ਸੰਦੀਪ ਨੰਗਲ ਅੰਬੀਆ ਕਤਲ ਕੇਸ ਵਿਚ ਗੈਂਗਸਟਰ ਗ੍ਰਿਫਤਾਰ



ਜਲੰਧਰ-ਪੰਜਾਬ ਦੇ ਅੰਤਰਰਾਸ਼ਟਰੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੇ ਕਤਲ ਮਾਮਲੇ ਵਿੱਚ ਪੁਲਿਸ ਨੇ ਅੰਮ੍ਰਿਤਸਰ ਦੇ ਰਹਿਣ ਵਾਲੇ ਇੱਕ ਮੁਲਜ਼ਮ ਨੂੰ ਗ੍ਰਿ.ਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਸਵਰਨਦੀਪ ਸਿੰਘ ਵਾਸੀ ਪ੍ਰੀਤਮ ਐਨਕਲੇਵ, ਗੋਲਡਨ ਗੇਟ, ਅੰਮ੍ਰਿਤਸਰ ਵਜੋਂ ਹੋਈ ਹੈ। ਸੰਦੀਪ ਦੇ ਕਤਲ ਤੋਂ ਬਾਅਦ ਮੁਲਜ਼ਮ ਫਰਾਰ ਸੀ। ਕਤਲ ਦੇ ਛੇ ਮਹੀਨੇ ਬਾਅਦ ਅਦਾਲਤ ਨੇ ਉਸ ਨੂੰ ਭਗੌੜਾ ਐਲਾਨ ਦਿੱਤਾ। ਜਿਸ ਤੋਂ ਬਾਅਦ ਹੁਣ ਪੁਲਿਸ ਨੇ ਉਸ ਨੂੰ ਅੰਮ੍ਰਿਤਸਰ ਨੇੜਿਓਂ ਗ੍ਰਿਫਤਾਰ ਕਰ ਲਿਆ ਹੈ।

ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆ ਦੀ 14 ਮਾਰਚ 2022 ਨੂੰ ਨਕੋਦਰ ਦੇ ਪਿੰਡ ਮੱਲੀਆਂ ਵਿਖੇ 5 ਹਮਲਾਵਰਾਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ। ਇਹ ਘਟਨਾ ਸ਼ਾਮ 6 ਵਜੇ ਦੇ ਕਰੀਬ ਉਸ ਸਮੇਂ ਵਾਪਰੀ ਜਦੋਂ ਸੰਦੀਪ ਪਿੰਡ ‘ਚ ਚੱਲ ਰਹੇ ਟੂਰਨਾਮੈਂਟ ਵਿਚ ਪੁੱਜਾ ਸੀ। ਮੈਚ ਦੌਰਾਨ ਅੰਨ੍ਹੇਵਾਹ ਗੋਲੀਬਾਰੀ ਕਾਰਨ ਸਟੇਡੀਅਮ ਵਿੱਚ ਹਫੜਾ-ਦਫੜੀ ਮੱਚ ਗਈ। ਹਮਲਾਵਰ ਚਿੱਟੇ ਰੰਗ ਦੀ ਕਾਰ ਵਿੱਚ ਆਏ ਸਨ। ਉਨ੍ਹਾਂ ਨੇ ਸੰਦੀਪ ’ਤੇ ਕਰੀਬ 20 ਰਾਉਂਡ ਫਾਇਰ ਕੀਤੇ। ਉਸ ਨੂੰ ਮੂੰਹ ਤੋਂ ਛਾਤੀ ਤੱਕ ਗੋਲੀ ਮਾਰੀ ਗਈ ਸੀ। ਲਾਰੈਂਸ ਗੈਂਗ ਨਾਲ ਜੁੜੇ ਗੈਂਗਸਟਰ ਫਤਿਹ ਨੇ ਕਬੂਲ ਕੀਤਾ ਸੀ ਕਿ ਉਸ ਨੇ ਕੈਨੇਡਾ ਬੈਠੇ ਸਨੋਵਰ ਢਿੱਲੋਂ ਦੇ ਕਹਿਣ ’ਤੇ ਅਮਿਤ ਡਾਗਰ, ਕੌਸ਼ਲ ਚੌਧਰੀ, ਜਗਜੀਤ ਸਿੰਘ, ਲੱਕੀ ਪਟਿਆਲ ਅਤੇ ਸੁੱਖਾ ਦੂੱਨੇਕੇ ਨਾਲ ਮਿਲ ਕੇ ਸ਼ੂਟਰਾਂ ਦਾ ਇੰਤਜ਼ਾਮ ਕੀਤਾ ਸੀ।

ਸੰਦੀਪ ਕਤਲ ਕੇਸ ਵਿੱਚ ਫਰਾਰ ਹੋਏ ਦੋਵੇਂ ਮੁਲਜ਼ਮਾਂ ਪੁਨੀਤ ਅਤੇ ਲਾਲੀ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਜਲੰਧਰ ਦੇ ਰਹਿਣ ਵਾਲੇ ਪੁਨੀਤ ਅਤੇ ਲਾਲੀ ਅਜੇ ਵੀ ਪੁਲਿਸ ਦੀ ਗ੍ਰਿਫ਼ਤ ਤੋਂ ਬਾਹਰ ਹਨ। ਜਲੰਧਰ ਸਿਟੀ ਪੁਲਸ, ਜਲੰਧਰ ਦੇਹਟ ਪੁਲਸ, ਮੋਗਾ ਪੁਲਸ, ਦਿੱਲੀ ਸਪੈਸ਼ਲ ਸੈੱਲ ਅਤੇ ਏਜੰਸੀਆਂ ਵੀ ਉਨ੍ਹਾਂ ਦੀ ਭਾਲ ‘ਚ ਜੁਟੀਆਂ ਹੋਈਆਂ ਹਨ। ਪਰ ਅਜੇ ਤੱਕ ਦੋਵਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ।

# MANAK SOLICITORS



## Aneeta Kaur Kang
Family Director

Aneeta heads up our Family department and is accredited by the Law Society's Advanced Family Law panel, evidencing her excellent knowledge. She prides herself on being approachable and will always ensure her clients receive the utmost level of care.

Gravesend | Orpington | Sevenoaks | London



manaksolicitors.co.uk

**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**

# ਫੇਮਸ ਪੰਜਾਬੀ ਮੇਲਾ 2024 ਮੌਕੇ ਕਲਾਕਾਰਾਂ ਨੇ ਲਾਈਆਂ ਰੌਣਕਾਂ

## ਹਜ਼ਾਰਾਂ ਦਰਸ਼ਕਾਂ ਨੇ ਮਾਣਿਆਂ ਪੰਜਾਬੀ ਮੇਲੇ ਦਾ ਅਨੰਦ

## ਪ੍ਰਬੰਧਕਾਂ ਵੱਲੋਂ ਸਮੂਹ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ





**ਜਾਰੀ ਕਰਤਾ: ਫੇਮਸ ਪੰਜਾਬੀ ਮੇਲਾ ਦੇ ਸਮੂਹ ਪ੍ਰਬੰਧਕ ਅਤੇ ਸਹਿਯੋਗੀ**

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹੇ ਅੰਦਰ ਵਿਕ ਰਹੇ ਚਿੱਟੇ ਦਾ ਮੁੱਦਾ ਗਰਮਾਇਆ

## ○ ਭਗਵੰਤ ਮਾਨ ਦੇ ਬਠਿੰਡਾ ਦੌਰੇ ਤੋਂ ਇਕ ਦਿਨ ਪਹਿਲਾਂ ਲੋਕਾਂ ਨੇ ਧਰਨਾ ਲਗਾ ਕੇ ਚਿੱਟੇ ਖ਼ਿਲਾਫ਼ ਕੀਤਾ ਰੋਸ ਪ੍ਰਦਰਸ਼ਨ





ਬਠਿੰਡਾ-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹੇ ਅੰਦਰ ਵਿਕ ਰਹੇ ਚਿੱਟੇ ਦਾ ਮੁੱਦਾ ਇਕ ਵਾਰ ਫਿਰ ਗਰਮਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਬਠਿੰਡਾ ਦੌਰੇ ਤੋਂ ਇਕ ਦਿਨ ਪਹਿਲਾਂ ਲੋਕਾਂ ਨੇ ਧਰਨਾ ਲਗਾ ਕੇ ਚਿੱਟੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ। ਇਸ ਦੌਰਾਨ ਮੁਹੱਲਾ ਵਾਸੀਆਂ ਨੇ ਪ੍ਰਬੰਧਕੀ ਕੰਪਲੈਕਸ ਤੋਂ ਲੈ ਕੇ ਨਸ਼ਾ ਸਮੱਗਲਰ ਦੇ ਘਰ ਤਕ ਚਿੱਟਾ ਇਧਰ ਵਿਕਦਾ ਹੈ ਦੇ ਪੋਸਟਰ ਲਗਾ ਦਿੱਤੇ। ਸ਼ਹਿਰ ਦੇ ਮਿੰਨੀ ਸਕੱਤਰੇਤ ਰੋਡ ਦੇ ਵਾਸੀਆਂ ਨੇ ਦੱਸਿਆ ਕਿ ਇੱਥੇ ਸ਼ਰੇਆਮ ਚਿੱਟਾ ਵਿਕ ਰਿਹਾ ਹੈ ਪਰ ਪੁਲਿਸ ਨਸ਼ਾ ਸਮੱਗਲਰਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕਰ ਰਹੀ। ਉਨ੍ਹਾਂ ਦੱਸਿਆ ਕਿ ਜੇਕਰ ਉਹ ਸਮੱਗਲਰਾਂ ਨੂੰ ਚਿੱਟਾ ਵੇਚਣ ਤੋਂ ਰੋਕਦੇ ਹਨ ਤਾਂ ਉਹ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹਨ। ਮੁਹੱਲਾ ਵਾਸੀ ਕਰਮਜੀਤ ਸਿੰਘ ਨੇ ਦੱਸਿਆ ਕਿ ਨਸ਼ਾ ਸਮੱਗਲਰ ਸ਼ਰੇਆਮ ਕਿਰਪਾਨਾਂ ਲੈ ਕੇ ਘੁੰਮਦੇ ਹਨ, ਪਰ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋ ਰਹੀ। ਉਨ੍ਹਾਂ ਦੱਸਿਆ ਕਿ ਮਿਨੀ ਸਕੱਤਰੇਤ ਰੋਡ 'ਤੇ ਜਿੱਥੇ ਨਸ਼ਾ ਵਿਕ ਰਿਹਾ ਹੈ ਉੱਥੋਂ ਐੱਸਐੱਸਪੀ ਦਫ਼ਤਰ ਦਾ ਸਿਰਫ 10 ਮਿੰਟ ਦਾ ਫਾਸਲਾ ਹੈ, ਜਦੋਂਕਿ ਇਕ ਪਾਸੇ ਬੱਸ ਸਟੈਂਡ ਪੁਲਿਸ ਚੌਕੀ ਵੀ ਹੈ। ਮੁਹੱਲੇ ਦੇ ਲੋਕਾਂ ਨੇ ਦੱਸਿਆ ਕਿ ਉਹ ਕਈ ਵਾਰ ਪੁਲਿਸ ਨੂੰ ਨਸ਼ਾ ਵਿਕਣ ਦੀ ਸ਼ਿਕਾਇਤ ਕਰ ਚੁੱਕੇ ਹਨ। ਪੁਲਿਸ ਕਈ ਵਾਰ ਨਸ਼ਾ ਸਮੱਗਲਰਾਂ ਨੂੰ ਹਿਰਾਸਤ ਵਿਚ ਲੈ ਲੈਂਦੀ ਹੈ ਪਰ ਮੁੜ ਕੁਝ ਸਮੇਂ ਬਾਅਦ ਛੱਡ ਦਿੱਤਾ ਜਾਂਦਾ ਹੈ ਅਤੇ ਉਹ ਫਿਰ ਚਿੱਟਾ ਵੇਚਣ ਦਾ ਆਪਣਾ ਧੰਦਾ ਸ਼ੁਰੂ ਕਰ ਦਿੰਦੇ ਹਨ। ਲੋਕਾਂ ਨੇ ਦੱਸਿਆ ਕਿ ਨਾਬਾਲਿਗ ਬੱਚੇ ਵੀ ਚਿੱਟੇ ਦਾ ਸੇਵਨ ਕਰਨ ਲੱਗੇ ਹਨ। ਧਰਨੇ ਵਿਚ ਸ਼ਾਮਲ ਹੋਏ ਇਕ ਹੋਰ ਵਿਅਕਤੀ ਨੇ ਦੱਸਿਆ ਕਿ ਉਸ ਦਾ 23 ਸਾਲਾਂ ਨੌਜਵਾਨ ਚਿੱਟੇ ਦੀ ਭੇਟ ਚੜ੍ਹ ਗਿਆ, ਜਿਸ ਦਾ ਅੱਜ ਹੀ ਉਹ ਭੋਗ ਪਾ ਕੇ ਆਇਆ ਹੈ। ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਲੋਕਾਂ ਨੇ ਧਰਨਾ ਲਗਾਇਆ ਹੈ ਤਾਂ ਉਹ ਧਰਨੇ ਵਿਚ ਸ਼ਾਮਲ ਹੋਇਆ ਹੈ। ਲੋਕਾਂ ਦਾ ਕਹਿਣਾ ਸੀ ਕਿ ਉਹ ਹੁਣ ਮੁਹੱਲੇ ਵਿੱਚੋਂ ਚਿੱਟੇ ਦੀ ਵਿਕਰੀ ਨੂੰ ਬੰਦ ਕਰਵਾ ਕੇ ਹੀ ਸਾਹ ਲੈਣਗੇ।

# 18 ਸਾਲਾ ਪ੍ਰਵਾਸੀ ਕੁੜੀ ਹੋਈ ਵਹਿਸ਼ਤ ਦਾ ਸ਼ਿਕਾਰ

## ○ ਬਲਾਤਕਾਰ ਤੋਂ ਬਾਅਦ ਕੀਤਾ ਕਤਲ

## ○ ਪੁਲਿਸ ਨੂੰ ਨਗਨ ਹਾਲਤ ਵਿਚ ਮਿਲੀ ਲਾਸ਼

ਮੁਕੇਰੀਆਂ-ਮੁਕੇਰੀਆਂ ਇਲਾਕੇ ਤੋਂ ਇਕ ਦਿਲ ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਨਜ਼ਦੀਕੀ ਪਿੰਡ ਵਿਖੇ 18 ਸਾਲਾ ਪ੍ਰਵਾਸੀ ਕੁੜੀ ਨਾਲ ਦਰਿੰਦਿਆਂ ਨੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਜਾਣਕਾਰੀ ਮੁਤਾਬਕ ਅਣਪਛਾਤੇ ਵਿਅਕਤੀਆਂ ਨੇ ਇਕ 18 ਸਾਲਾ ਪ੍ਰਵਾਸੀ ਕੁੜੀ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੈ।

ਇਹੀ ਨਹੀਂ, ਜਬਰ-ਜ਼ਨਾਹ ਕਰਨ ਤੋਂ ਬਾਅਦ ਉਨ੍ਹਾਂ ਨੇ ਕੁੜੀ ਦਾ ਕਤਲ ਵੀ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਪ੍ਰਮੋਦ ਕੁਮਾਰ ਨੇ ਦੱਸਿਆ ਕਿ ਨਜ਼ਦੀਕੀ ਸ਼ੈਲਰ ਵਿਚ ਕੰਮ ਕਰਦੀ ਕੁੜੀ ਦੀ ਲਾਸ਼ ਨਗਨ ਹਾਲਤ ਵਿਚ ਮਿਲੀ ਹੈ। ਉਨ੍ਹਾਂ ਕਿਹਾ ਕਿ ਲੜਕੀ ਨਾਲ ਬਲਾਤਕਾਰ ਹੋਇਆ ਜਾਂ ਨਹੀਂ ਇਸ ਬਾਰੇ ਪੋਸਟਮਾਰਟਮ ਤੋਂ ਬਾਅਦ ਹੀ ਪਤਾ ਲੱਗੇਗਾ। ਉਨ੍ਹਾਂ ਦੱਸਿਆ ਕਿ ਲੜਕੀ ਦਾ ਅਜੇ ਤੱਕ ਕੋਈ ਵਾਰਿਸ ਨਹੀਂ ਮਿਲਿਆ। ਪਰ ਪੁਲਸ ਨੇ 2 ਅਣਪਛਾਤੇ ਵਿਅਕਤੀਆਂ ਕਤਲ ਦਾ ਮਾਮਲਾ ਦਰਜ ਕਰ ਲਿਆ ਹੈ।

# ਬੈਲਜੀਅਮ ਦੇ ਸ਼ਹਿਰ ਈਪਰ ਵਿਖੇ 325ਵੇਂ ਖਾਲਸਾ ਸਾਜਨਾ ਦਿਵਸ ਮੌਕੇ ਪਹਿਲੀ ਸੰਸਾਰ ਜੰਗ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਦਾ ਆਯੋਜਨ

## * ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਅਤੇ ਰਵੀ ਸਿੰਘ ਖਾਲਸਾ ਏਡ ਨੇ ਕੀਤੀ ਵਿਸ਼ੇਸ਼ਤੌਰ 'ਤੇ ਸ਼ਿਰਕਤ *





ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਖਾਲਸਾ ਸਾਜਨਾ ਦਿਵਸ ਦੀ 325ਵੀਂ ਵਰ੍ਹੇਗੰਢ ਮਨਾਉਂਦਿਆਂ ਬੈਲਜੀਅਮ ਦੇ ਸਿੱਖ ਭਾਈਚਾਰੇ ਵੱਲੋਂ ਸੰਸਾਰ ਜੰਗਾਂ ਵਿੱਚ ਸ਼ਹੀਦ ਹੋਏ ਸਿੱਖ ਫੌਜੀਆਂ ਨੂੰ ਸ਼ਰਧਾਂਜਲੀ ਸਮਾਰੋਹ ਦਾ ਵਿਸ਼ੇਸ਼ ਆਯੋਜਨ ਕੀਤਾ। ਜਿਸ ਦੌਰਾਨ ਇੱਥੋਂ ਦੇ ਈਪਰ ਸ਼ਹਿਰ ਵਿਖੇ ਸਿੱਖਜ਼ ਔਨ ਵੈਸਟਰਨ ਫਰੰਟ ਵੱਲੋਂ ਫਲੈਂਡਰ ਮਿਊਜ਼ੀਅਮ ਦੀ ਇਮਾਰਤ ਵਿੱਚ ਸਮੂਹ ਸਿੱਖ ਸੰਗਤ ਦੇ ਸਹਿਯੋਗ ਨਾਲ ਕਰਵਾਏ ਗਏ ਆਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕਥਾ ਕੀਰਤਨ ਦੇ ਪ੍ਰਵਾਹ ਵੀ ਚੱਲੇ। ਜਿਸ ਵਿੱਚ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਦੇ ਹਜੂਰੀ ਰਾਗੀ ਜਥੇ ਵੱਲੋਂ ਤੰਤੀ ਸਾਜਾਂ ਨਾਲ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਬਾਅਦ ਬਾਬਾ ਭੁਪਿੰਦਰ ਸਿੰਘ ਜੀ ਨੇ ਨਾਮ ਸਿਮਰਨ ਕਰਵਾਇਆ। ਭਾਈ ਹਰਪਾਲ ਸਿੰਘ ਜੀ ਫਤਿਹਗੜ੍ਹ ਸਾਹਿਬ ਵਾਲਿਆਂ ਨੇ ਕਥਾ ਕੀਤੀ। ਈਪਰ ਸ਼ਹਿਰ ਦੇ ਪ੍ਰਸ਼ਾਸ਼ਨ ਵੱਲੋਂ ਡਿਪਟੀ ਮੇਅਰ ਦਮਿੱਤਰੀ, ਸਾਬਕਾ ਗਵਰਨਰ ਪਾਉਲੋ ਬਰਾਇਨੇ, ਇਤਿਹਾਸਕਾਰ ਦੋਮੀਨੀਕਨ ਦਿਨਦੋਵਨ, ਕਾਮਨਵੈਲਥ ਵਾਰ ਗਰੇਵ ਕਮਿਸ਼ਨ ਵੱਲੋਂ ਗੈਰਤ ਬੀਕਾਰਤ, ਸਿੱਖ ਇਤਿਹਾਸਕਾਰ ਭੁਪਿੰਦਰ ਸਿੰਘ ਹਾਲੈਂਡ, ਬਲਵਿੰਦਰ ਸਿੰਘ ਚਾਹਲ ਯੂਕੇ ਨੇ ਸਿੱਖ ਫੌਜੀਆਂ ਅਤੇ ਸੰਸਾਰ ਜੰਗ ਦੇ ਇਤਿਹਾਸ ਨੂੰ ਸੰਗਤਾਂ ਨਾਲ ਸਾਂਝਾ ਕੀਤਾ।

ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਸੰਗਤਾਂ ਨੂੰ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ। ਰਵੀ ਸਿੰਘ ਖਾਲਸਾ ਏਡ ਵੀ ਇਸ ਸਮੇਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਸਮਾਗਮ ਦੀ ਵੱਡੀ ਪ੍ਰਾਪਤੀ ਇਹ ਵੀ ਰਹੀ ਕਿ ਇਸ ਸਮੇਂ ਸਥਾਨਕ ਬੈਲਜੀਅਮ ਵਾਸੀਆਂ ਨੇ ਵੀ ਵੱਡੀ ਗਿਣਤੀ ਵਿੱਚ ਇਸ ਸਮਾਗਮ ਵਿੱਚ ਸ਼ਮੂਲੀਅਤ

ਕੀਤੀ ਅਤੇ ਉਹਨਾਂ ਸਿੱਖ ਫੌਜੀਆਂ ਦੇ ਸੰਸਾਰ ਜੰਗ ਵਿੱਚ ਪਾਏ ਯੋਗਦਾਨ ਦੀ ਜਾਣਕਾਰੀ ਵੀ ਲਈ ਤੇ ਆਖੰਡ ਪਾਠ ਸਾਹਿਬ ਤੇ ਲੰਗਰ ਦੀ ਮਹਾਨਤਾ ਜਾਣਨ ਵਿੱਚ ਉਤਸੁਕਤਾ ਜਾਹਿਰ ਕੀਤੀ। ਉਪਰੋਕਤ ਬੁਲਾਰਿਆਂ ਦੇ ਇਲਾਵਾ ਇੰਗਲੈਂਡ ਤੋਂ ਦਲ ਸਿੰਘ ਢੇਸੀ, ਰਣਵੀਰ ਸਿੰਘ ਵਿਰਦੀ, ਦਬਿੰਦਰਜੀਤ ਸਿੰਘ, ਭਾਈ ਅਮਰੀਕ ਸਿੰਘ ਗਿੱਲ ਸਿੱਖ ਫੈਡਰੇਸ਼ਨ ਯੂਕੇ, ਭਾਈ ਰਣਜੀਤ ਸਿੰਘ ਭੂੰਗਰਨੀ ਸਵਿਸ, ਭਾਈ ਹਰਮਿੰਦਰ ਸਿੰਘ ਖਾਲਸਾ, ਭਾਈ ਮਨਪ੍ਰੀਤ ਸਿੰਘ ਖਾਲਸਾ, ਬੀਬੀ ਜਸਵਿੰਦਰ ਕੌਰ ਕੈਨੇਡਾ, ਭਾਈ ਗੁਰਮੀਤ ਸਿੰਘ ਖਨਿਆਣ ਜਰਮਨੀ, ਭਾਈ ਗੁਰਦੇਵ ਸਿੰਘ ਲਾਲੀ, ਭਾਈ ਗੁਰਦੀਪ ਸਿੰਘ ਪ੍ਰਦੇਸੀ, ਸੁਖਦੇਵ ਸਿੰਘ ਹੇਅਰ, ਰਘਵੀਰ ਸਿੰਘ ਕੁਹਾੜ ਫਰਾਂਸ, ਬਾਬਾ ਕਸ਼ਮੀਰ ਸਿੰਘ, ਹਰਜੀਤ ਸਿੰਘ ਗਿੱਲ ਹਾਲੈਂਡ, ਹਰਜੋਤ ਸਿੰਘ ਸੰਧੂ ਆਦਿ ਹਾਜ਼ਰ ਹੋਏ। ਇਸ ਤੋਂ ਇਲਾਵਾ ਬੈਲਜੀਅਮ ਤੋਂ ਇਲਾਵਾ ਯੂਰਪ ਦੇ ਹੋਰ ਮੁਲਕਾਂ ਤੋਂ ਸੰਗਤਾਂ ਦਾ ਭਾਰੀ ਇਕੱਠ ਦੇਖਣ ਨੂੰ ਮਿਲਿਆ। ਬੈਲਜੀਅਮ ਦੀ ਸਿੱਖ ਸੰਗਤ ਵੱਲੋਂ ਪਰਗਟ ਸਿੰਘ ਜੋਧਪੁਰੀ, ਗੁਰਪ੍ਰੀਤ ਸਿੰਘਰਟੌਲ, ਧਰਮਿੰਦਰ ਸਿੰਘ ਚੱਕ ਬਖਤੂ, ਮਨਜੋਤ ਸਿੰਘ ਆਦਿ ਨੌਜਵਾਨਾਂ ਵੱਲੋਂ ਸਮੁੱਚਾ ਪ੍ਰਬੰਧ ਕਾਬਿਲੇ ਤਾਰੀਫ਼ ਸੀ।

# ਲੋਕ ਸਭਾ ਚੋਣਾਂ ਦੌਰਾਨ ਬਸਪਾ, ਕਿਸਾਨ ਤੇ ਪੰਥਕ ਧਿਰਾਂ ਦੀ ਸਰਗਰਮੀ ਕਿਸ ਨੂੰ ਲਗਾਏਗੀ ਖੋਰਾ ?

## ○ ਬੇਅਦਬੀਆਂ ਦਾ ਇਨਸਾਫ ਨਾ ਹੋਣ ਕਾਰਣ ਆਪ ਨੂੰ ਸਿਆਸੀ ਨੁਕਸਾਨ ਹੋਣ ਦੀ ਸੰਭਾਵਨਾ ○ ਇਨ੍ਹਾਂ ਚੋਣਾਂ ਵਿਚ ਪ੍ਰਵਾਸੀ ਨਿਭਾਉਣਗੇ ਅਹਿਮ ਭੂਮਿਕਾ

ਜਲੰਧਰ-ਸੰਸਦੀ ਚੋਣ ਵਿਚ ਇਸ ਵਾਰ ਭਾਜਪਾ, ਬਸਪਾ ਤੇ ਅਕਾਲੀ ਦਲ ਅੰਮ੍ਰਿਤਸਰ ਤੇ ਹੋਰ ਪੰਥਕ ਉਮੀਦਵਾਰਾਂ ਵਲੋਂ ਹਲਕਿਆਂ ਵਿਚ ਆਪਣੇ ਉਮੀਦਵਾਰ ਉਤਾਰਨ ਤੋਂ ਬਾਅਦ ਬਠਿੰਡਾ ਸੰਗਰੂਰ, ਫਰੀਦਕੋਟ ਤੇ ਖਡੂਰ ਸਾਹਿਬ ਹਾਟ ਸੀਟਾਂ ਬਣ ਗਈਆਂ ਹਨ। ਹੁਣ ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਸ ਘਟਨਾਕ੍ਰਮ ਕਾਰਨ ਕਿਸ ਪਾਰਟੀ ਨੂੰ ਖੋਰਾ ਲੱਗੇਗਾ ਤੇ ਕਿਸ ਨੂੰ ਲਾਭ ਮਿਲੇਗਾ। ਸੂਬੇ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਕਾਂਗਰਸ ਅਤੇ ਅਕਾਲੀ ਦਲ ਦੇ ਭਾਜਪਾ ਦੀਆਂ ਸਰਕਾਰਾਂ ਦੀ ਨਾਖੁਸ਼ੀ ਵਿਚੋਂ ਉੱਤਰੀ ਆਮ ਆਦਮੀ ਪਾਰਟੀ ਜਿਸ ਨੂੰ ਦੋ ਸਾਲ ਪਹਿਲਾਂ ਮਾਰਕਸੀ ਕੇਡਰ, ਪੰਥਕ ਧਿਰਾਂ, ਗਰੀਬਾਂ ਤੇ ਦਲਿਤਾਂ ਵਿਚੋਂ ਵੱਡਾ ਹੁੰਗਾਰਾ ਮਿਲਿਆ ਸੀ, ਦੇ ਵੋਟ ਬੈਂਕ ਨੂੰ ਇਸ ਵਾਰ ਸਭ ਤੋਂ ਵੱਡਾ ਖੋਰਾ ਵੀ ਲੱਗਦਾ ਦਿਸ ਰਿਹਾ ਹੈ। ਚੋਣ ਮਾਹਿਰਾਂ ਦਾ ਮੰਨਣਾ ਹੈ ਕਿ ਬਸਪਾ ਜਿਸ ਵਲੋਂ ਸਾਰੀਆਂ 13 ਸੀਟਾਂ 'ਤੇ ਹੀ ਆਪਣੇ ਉਮੀਦਵਾਰ ਉਤਾਰੇ ਹਨ, ਨੂੰ ਮੁੱਖ ਤੌਰ 'ਤੇ ਗਰੀਬਾਂ, ਦਲਿਤਾਂ, ਬੇਜ਼ਮੀਨੇ ਕਿਸਾਨਾਂ, ਮਜ਼ਦੂਰਾਂ, ਛੋਟੇ ਮੁਲਾਜ਼ਮਾਂ ਤੇ ਸਨਅਤੀ ਕਾਮਿਆਂ ਦਾ ਵੋਟ ਮਿਲਣਾ ਹੈ ਜੋ ਮਗਰਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਪ ਪਾਰਟੀ ਦੀ ਵੱਡੀ ਜਿੱਤ ਦਾ ਕਾਰਨ ਬਣਿਆ ਸੀ। ਇਸੇ ਤਰ੍ਹਾਂ ਸਿਮਰਨਜੀਤ ਸਿੰਘ ਮਾਨ ਵਲੋਂ ਵੀ ਸਾਰੀਆਂ 13 ਸੀਟਾਂ 'ਤੇ ਉਮੀਦਵਾਰ ਐਲਾਨਣ ਤੇ ਅੰਮ੍ਰਿਤ ਪਾਲ ਸਿੰਘ ਦੇ ਚੋਣ ਮੈਦਾਨ ਵਿਚ ਉਤਰਨ ਕਾਰਨ ਗਰਮਖਿਆਲੀ ਤੇ ਪੰਥਕ ਵੋਟਰ ਨੂੰ ਵੀ ਬਦਲ ਮਿਲ ਗਿਆ ਹੈ। ਜਦੋਂ ਕਿ ਵਿਧਾਨ ਸਭਾ ਚੋਣਾਂ ਮੌਕੇ ਬੇਅਦਬੀਆਂ ਦੇ ਕੇਸਾਂ ਵਿਚ ਅਕਾਲੀ ਤੇ ਕਾਂਗਰਸ ਸਰਕਾਰਾਂ ਵਲੋਂ ਕੋਈ ਕਾਰਵਾਈ ਨਾ ਹੋਣ ਕਾਰਨ ਨਾਖੁਸ਼ ਪੰਥਕ ਵੋਟ ਤੇ ਪੰਥਕ ਧਿਰਾਂ ਵੀ ਆਪ ਪਾਰਟੀ ਨਾਲ ਤੁਰ ਪਏ ਸਨ, ਕਿਉਂਕਿ 'ਆਪ' ਸੁਪਰੀਮੋ ਇਨ੍ਹਾਂ ਮਾਮਲਿਆਂ ਵਿਚ 24 ਘੰਟਿਆਂ ਦੌਰਾਨ ਇਨਸਾਫ਼ ਦੇਣ ਦੇ ਦਾਅਵੇ ਕਰ ਰਹੇ ਸਨ ਪ੍ਰੰਤੂ ਭਗਵੰਤ ਮਾਨ ਸਰਕਾਰ ਵਲੋਂ ਬੇਅਦਬੀਆਂ ਦੇ ਦੋਸ਼ੀਆਂ ਵਿਰੁੱਧ ਦੋ ਸਾਲਾਂ ਤਕ ਕੇਸ ਚਲਾਉਣ ਦੀ ਇਜਾਜ਼ਤ ਦੇਣ ਅਤੇ ਕੇਸਾਂ 'ਤੇ ਜਾਂਚ ਇਕ ਤਰ੍ਹਾਂ ਨਾਲ ਠੱਪ ਕਰਨ ਕਾਰਨ ਹੁਣ ਇਸ ਮੌਕੇ ਇਹ ਸਮੁੱਚਾ ਵੋਟ ਬੈਂਕ ਭਗਵੰਤ ਮਾਨ ਸਰਕਾਰ ਵਿਰੁੱਧ ਖੜ੍ਹਾ ਹੋ ਗਿਆ ਹੈ। ਇਸ ਵਾਰ ਭਾਜਪਾ ਦੇ ਵੀ ਇਕੱਲੇ ਸਾਰੀਆਂ 13 ਸੀਟਾਂ 'ਤੇ ਚੋਣ ਲੜਨ ਦੇ ਫੈਸਲੇ ਅਤੇ ਰਾਮ ਮੰਦਰ ਦੀ ਉਸਾਰੀ ਦੇ ਪ੍ਰਵਾਸੀ ਤੇ ਹਿੰਦੂ ਭਾਈਚਾਰੇ ਦੇ ਵੋਟਰ 'ਤੇ ਪ੍ਰਭਾਵ ਕਾਰਨ ਵੀ ਕਾਂਗਰਸ ਤੇ 'ਆਪ' ਨੂੰ ਨੁਕਸਾਨ ਹੋਣ ਦੀ ਸੰਭਾਵਨਾ ਹੋ ਸਕਦੀ ਹੈ। ਜਾਣਕਾਰੀ ਅਨੁਸਾਰ ਪੰਜਾਬ ਵਿਚ ਵੱਖ-ਵੱਖ ਜ਼ਿਲ੍ਹਿਆਂ ਵਿਚ 45 ਲੱਖ ਦੇ ਕਰੀਬ ਪ੍ਰਵਾਸੀ ਹੋਰ ਸੂਬਿਆਂ ਤੋਂ ਆ ਕੇ ਇਥੇ ਵਸੇ ਹੋਏ ਹਨ। ਜਿਨ੍ਹਾਂ ਵਿੱਚੋਂ 32 ਲੱਖ ਤੋਂ ਵੀ ਜ਼ਿਆਦਾ ਵੋਟਰ ਹਨ, ਜੋ ਕਿਸੇ ਵੀ ਚੋਣ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ।




ਇਨ੍ਹਾਂ ਚੋਣਾਂ ਵਿਚ ਪੰਜਾਬ ਵਿਚ ਸਾਰੀ ਸਿਆਸੀ ਪਾਰਟੀਆਂ ਦੀ ਨਜ਼ਰ ਇਸ ਵੋਟ ਬੈਂਕ ਉੱਤੇ ਦੱਸੀ ਜਾ ਰਹੀ ਹੈ, ਕਿਉਂਕਿ ਪੰਜਾਬ 'ਚ ਅਕਾਲੀ-ਭਾਜਪਾ ਵੱਖਰੇ ਤੌਰ 'ਤੇ ਚੋਣ ਲੜ ਰਹੇ ਹਨ ਅਤੇ ਇਸ ਦੇ ਇਲਾਵਾ ਕਾਂਗਰਸ ਅਤੇ ਆਪ ਪਾਰਟੀ ਵੀ ਚੋਣ ਮੈਦਾਨ ਵਿਚ ਹੈ। ਜਾਣਕਾਰੀ ਅਨੁਸਾਰ ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਬਠਿੰਡਾ ਤੇ ਪਟਿਆਲਾ ਵਿਚ ਪ੍ਰਵਾਸੀ ਭਾਈਚਾਰੇ ਦੀ ਸਭ ਤੋਂ ਵੱਧ ਆਬਾਦੀ ਹੈ ਅਤੇ ਇਨ੍ਹਾਂ ਲੋਕ ਸਭਾ ਹਲਕਿਆਂ ਦੇ 32 ਲੱਖ ਪ੍ਰਵਾਸੀ ਵੋਟਰ ਇਨ੍ਹਾਂ ਸੀਟਾਂ ਦੇ ਸਮੀਕਰਨ ਬਦਲਣ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਹਾਲਾਂਕਿ ਅਜੇ ਤੱਕ ਕਿਸੇ ਵੀ ਸਿਆਸੀ ਪਾਰਟੀ ਵਲੋਂ ਪ੍ਰਵਾਸੀਆਂ ਨੂੰ ਲੈ ਕੇ ਕਿਸੇ ਕਿਸਮ ਦਾ ਐਲਾਨ ਅਤੇ ਵਾਅਦਾ ਨਹੀਂ ਕੀਤਾ ਗਿਆ, ਪਰ ਅੰਦਰਖਾਤੇ ਸਿਆਸੀ ਪਾਰਟੀਆਂ ਇਸ ਵੋਟ ਬੈਂਕ ਨੂੰ ਆਪਣੇ ਹੱਕ ਵਿਚ ਭਗਤਾਉਣ ਲਈ ਤਿਆਰੀਆਂ ਵਿਚ ਜੁੜ ਗਏ ਦੱਸੇ ਜਾ ਰਹੇ ਹਨ। ਜੇ ਸਾਲ 2017 ਦੇ ਵਿਧਾਨ ਸਭਾ ਅੰਕੜਿਆਂ ਦੀ ਗੱਲ ਕੀਤੀ ਜਾਵੇ ਤਾਂ ਉਸ ਮੁਤਾਬਕ ਪੰਜਾਬ ਵਿਚ ਤਕਰਬੀਨ 27 ਲੱਖ ਪ੍ਰਵਾਸੀ ਵੋਟਰ ਸਨ। ਸਿਆਸੀ ਮਾਹਿਰਾਂ ਅਨੁਸਾਰ ਲੁਧਿਆਣਾ ਸੀਟ ਉੱਤੇ ਪ੍ਰਵਾਸੀ ਵੋਟ ਬੈਂਕ ਸਿਆਸੀ ਸਮੀਕਰਨ ਬਦਲਣ ਵਿਚ ਵੱਡਾ ਯੋਗਦਾਨ ਪਾ ਸਕਦਾ ਹੈ। ਇਸ ਤੋਂ ਇਲਾਵਾ ਫਗਵਾੜਾ, ਹੁਸ਼ਿਆਰਪੁਰ, ਬਠਿੰਡਾ, ਜਲੰਧਰ, ਅੰਮਿਬਸਰ, ਲੁਧਿਆਣਾ ਤੇ ਫ਼ਤਹਿਗੜ੍ਹ ਸਾਹਿਬ ਦੇ ਇਲਾਕਿਆਂ ਵਿਚ ਵੀ ਪ੍ਰਵਾਸੀ ਆਬਾਦੀ ਵੋਟਾਂ ਦੌਰਾਨ ਅਹਿਮ ਭੂਮਿਕਾ ਨਿਭਾ ਸਕਦੀ ਹੈ।

ਭਗਵੰਤ ਮਾਨ ਸਰਕਾਰ ਵਲੋਂ ਜਿਵੇਂ ਸ਼ੰਭੂ ਤੇ ਖਨੌਰੀ ਬਾਡਰਾਂ 'ਤੇ ਗੁਆਂਢੀ ਰਾਜ ਹਰਿਆਣਾ ਨਾਲ ਖੜ੍ਹੀ ਨਜ਼ਰ ਆਈ, ਉਸ ਨੇ ਜਿੱਥੇ ਕਿਸਾਨੀ ਨੂੰ ਮੌਜੂਦਾ ਸਰਕਾਰ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ, ਲੇਕਿਨ ਉਸ ਕਾਰਨ ਸਰਕਾਰ ਦੇ ਵੱਕਾਰ ਨੂੰ ਵੀ ਵੱਡੀ ਸੱਟ ਲੱਗੀ, ਜਿਸ ਦਾ ਖ਼ਮਿਆਜ਼ਾ ਸਰਕਾਰ ਨੂੰ ਚੋਣਾਂ ਵਿਚ ਵੀ ਭੁਗਤਣਾ ਪੈ ਸਕਦਾ ਹੈ। ਪੰਜਾਬ ਦਾ ਵੋਟਰ ਜੋ ਦੇਸ਼ ਦੀ ਮੁੱਖ ਧਾਰਾ ਤੋਂ ਵੱਖਰੇ ਤੇ ਹੈਰਾਨੀ ਭਰੇ ਨਤੀਜੇ ਦੇਣ ਲਈ ਜਾਣਿਆ ਜਾਂਦਾ ਹੈ ਇਨ੍ਹਾਂ ਚੋਣਾਂ ਵਿਚ ਸੂਬੇ ਨੂੰ ਕੀ ਦਿਸ਼ਾ ਦਿੰਦਾ ਹੈ ਇਹ ਦਿਲਚਸਪੀ ਵਾਲਾ ਮੁੱਦਾ ਹੋਵੇਗਾ।

# ਸਿੰਘ ਸਾਹਿਬ ਰੋਡੇ ਵਲੋਂ ਪੰਜਾਬ ਵਿਚ 4 ਉਮੀਦਵਾਰਾਂ ਦੀ ਹਮਾਇਤ

## ○ ਮਾਨ ਫ਼ਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਦੇ ਮੁਕਾਬਲੇ ਖੜ੍ਹਾ ਕੀਤਾ ਆਪਣਾ ਉਮੀਦਵਾਰ ਵਾਪਸ ਲੈਣ

ਮੋਗਾ-ਇੰਟਰਨੈਸ਼ਨਲ ਪੰਥਕ ਦਲ ਦੀ ਅਹਿਮ ਮੀਟਿੰਗ ਗੁਰਦੁਆਰਾ ਸੰਤ ਖ਼ਾਲਸਾ ਜਨਮ ਸਥਾਨ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂ ਵਾਲਿਆਂ ਦੇ ਪਿੰਡ ਰੋਡੇ (ਮੋਗਾ) ਵਿਖੇ ਹੋਈ। ਇਸ ਵਿਚ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਹੋਰ ਅਹੁਦੇਦਾਰ ਸ਼ਾਮਿਲ ਹੋਏ। ਇਸ ਮੌਕੇ ਭਾਈ ਜਸਵੀਰ ਸਿੰਘ ਰੋਡੇ ਨੇ ਐਲਾਨ ਕੀਤਾ ਕਿ ਇੰਟਰਨੈਸ਼ਨਲ ਪੰਥਕ ਦਲ ਵਲੋਂ ਪਿਛਲੇ ਦਿਨੀਂ ਇਕ ਵਿਸ਼ੇਸ਼ ਰੀਵਿਊ ਕਮੇਟੀ ਬਣਾਈ ਸੀ ਜਿਸ ਵਿਚ ਪੰਜਾਬ ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਵਿਚ ਪੰਜਾਬ ਦੀਆਂ ਸੀਟਾਂ 'ਤੇ ਚੋਣ ਲੜ ਰਹੇ ਉਮੀਦਵਾਰਾਂ ਦੀ ਹਮਾਇਤ ਕਰਨ ਫ਼ੈਸਲਾ ਲਿਆ ਜਾਣਾ ਸੀ।



ਉਨ੍ਹਾਂ ਕਿਹਾ ਕਿ ਕਮੇਟੀ ਵਲੋਂ ਆਪਣੀ ਰਿਪੋਰਟ ਦਿੱਤੀ ਹੈ ਜਿਸ ਵਿਚ ਇੰਟਰਨੈਸ਼ਨਲ ਪੰਥਕ ਦਲ ਪੰਥ ਵਲੋਂ ਜ਼ਿਲ੍ਹਾ ਫ਼ਰੀਦਕੋਟ ਤੋਂ ਸਰਬਜੀਤ ਸਿੰਘ ਮਲੋਆ, ਗੁਰਦਾਸਪੁਰ ਤੋਂ ਗੁਰਿੰਦਰ ਸਿੰਘ ਬੇਗਮਪੁਰਾ ਰਾਜ ਖ਼ਾਲਸਾ, ਖਡੂਰ ਸਾਹਿਬ ਤੋਂ ਭਾਈ ਅੰਮਿਬਪਾਲ ਸਿੰਘ ਖ਼ਾਲਸਾ ਅਤੇ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਆਦਿ ਉਮੀਦਵਾਰਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਗਿਆ ਹੈ। ਨਾਲ ਹੀ ਭਾਈ ਰੋਡੇ ਨੇ ਸਿਮਰਨਜੀਤ ਸਿੰਘ ਮਾਨ ਨੂੰ ਅਪੀਲ ਕੀਤੀ ਕਿ ਪੰਥਕ ਹਿਤਾਂ ਨੂੰ ਮੁੱਖ ਰੱਖ ਦੇ ਹੋਏ ਉਹ ਫ਼ਰੀਦਕੋਟ ਤੋਂ ਭਾਈ ਸਰਬਜੀਤ ਸਿੰਘ ਮਲੋਆ ਦੇ ਮੁਕਾਬਲੇ ਖੜ੍ਹਾ ਕੀਤਾ ਆਪਣਾ ਉਮੀਦਵਾਰ ਵਾਪਸ ਲੈ ਲੈਣ ਭਾਈ ਜਸਵੀਰ ਸਿੰਘ ਰੋਡੇ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਇੰਟਰਨੈਸ਼ਨਲ ਪੰਥਕ ਦਲ ਵਲੋਂ ਹੋਰ ਸੀਟਾਂ 'ਤੇ ਵੀ ਰੀਵਿਊ ਕਮੇਟੀ ਦੇ ਫ਼ੈਸਲੇ ਅਨੁਸਾਰ ਹੋਰ ਉਮੀਦਵਾਰਾਂ ਦੀ ਮਦਦ ਕੀਤੀ ਜਾਵੇਗੀ। ਭਾਈ ਰੋਡੇ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਪੰਥਕ ਮੁੱਦਿਆਂ ਦੀ ਗੱਲ ਕਰਨ ਵਾਲੇ ਉਮੀਦਵਾਰਾਂ ਨੂੰ ਲੋਕ ਸਭਾ ਵਿਚ ਭੇਜਿਆ ਜਾਵੇ, ਕਿਉਂਕਿ ਸਮੇਂ ਸਮੇਂ ਸਰਕਾਰਾਂ ਨੇ ਸਾਡੇ ਪੰਥ ਆਗੂਆਂ ਨਾਲ ਇਹ ਵਾਅਦੇ ਕੀਤੇ ਕਿ ਬੇਅਦਬੀ ਦਾ ਇਨਸਾਫ਼ ਦਿਵਾਇਆ ਜਾਵੇਗਾ, ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਵੇਗੀ, ਨਸ਼ਿਆਂ ਨੂੰ ਠੱਲ੍ਹ ਪਾਈ ਜਾਵੇਗੀ, ਕਿਸਾਨਾਂ ਦੀਆਂ ਫ਼ਸਲਾਂ 'ਤੇ ਐਮ.ਐਸ.ਪੀ. ਦਿੱਤੀ ਜਾਵੇਗੀ, ਪਰ ਕਿਸੇ ਨੇ ਵੀ ਵਾਅਦਾ ਨਹੀਂ ਨਿਭਾਇਆ।

# ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਅੰਮ੍ਰਿਤਸਰ ਲਈ ਉਦਮਸ਼ੀਲ

## ○ ਵਿਸ਼ਵ ਵਿੱਚ ਸੈਰ-ਸਪਾਟਾ ਸਥਾਨ ਵਜੋਂ ਹੋਵੇਗਾ ਵਿਕਸਤ ○ ਭਾਰਤੀ-ਅਮਰੀਕੀ ਅੰਮ੍ਰਿਤਸਰ ਦੀ ਬਦਲਣਗੇ ਤਸਵੀਰ, ਕਰੋੜਾਂ ਰੁਪਏ ਦੇਣ ਦਾ ਕੀਤਾ ਵਾਅਦਾ

ਅੰਮ੍ਰਿਤਸਰ-ਯੂਐਸ-ਇੰਡੀਆ ਰਣਨੀਤਕ ਭਾਈਵਾਲੀ ਫੋਰਮ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਦੇ ਇੱਕ ਸਮੂਹ ਨੇ 'ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ' ਦੇ ਨਾਲ, ਮੈਰੀਲੈਂਡ ਵਾਸ਼ਿੰਗਟਨ ਵਿੱਚ ਮੀਟਿੰਗ ਕਰ ਅੰਮ੍ਰਿਤਸਰ ਦੇ ਵਿਕਾਸ ਲਈ 100 ਕਰੋੜ ਡਾਲਰ ਦਾਨ ਦੇਣ ਦਾ ਐਲਾਨ ਕੀਤਾ। ਇਸ ਪਹਿਲਕਦਮੀ ਦੇ ਮੋਢੀ ਮੈਂਬਰਾਂ ਨੇ ਦੱਸਿਆ ਕਿ ਇਸ ਸ਼ਾਨਦਾਰ ਯੋਜਨਾ ਦੇ ਸਿਹਰਾ ਅਮਰੀਕਾ ਵਿੱਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਨੂੰ ਜਾਂਦਾ ਹੈ, ਜੋ ਵਾਸ਼ਿੰਗਟਨ ਵਿੱਚ ਚਾਰ ਸਾਲ ਕੰਮ ਤੋਂ ਬਾਅਦ ਮਿਸ਼ਨ ਵੱਲੋਂ ਮਦਦ ਦੇ ਵਾਅਦੇ ਨਾਲ ਆਪਣੇ ਵਤਨ ਪਰਤੇ ਹਨ ਇਸ ਦਾ ਉਦੇਸ਼ ਨਾ ਸਿਰਫ ਅੰਮ੍ਰਿਤਸਰ ਦਾ ਵਿਕਾਸ ਕਰਨਾ ਹੈ ਸਗੋਂ ਅੰਮ੍ਰਿਤਸਰ ਨੂੰ ਦੁਨੀਆ ਦੇ ਸਭ ਤੋਂ ਵਧੀਆ ਸ਼ਹਿਰਾਂ ਵਿੱਚ ਲੈ ਕੇ ਆਉਣਾ ਹੈ। ਇਸ ਦੇ ਨਾਲ ਹੀ ਸ਼ਹਿਰ ਨੂੰ ਵਿਸ਼ਵ ਵਿੱਚ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨਾ ਹੈ।



ਰਾਜਦੂਤ ਦੇ ਅਹੁਦੇ ਤੋਂ ਸੇਵਾਮੁਕਤੀ ਤੋਂ ਬਾਅਦ ਭਾਰਤ ਪਰਤਣ ਤੇ ਤਰਨਜੀਤ ਸਿੰਘ ਸੰਧੂ ਭਾਜਪਾ ਵਿੱਚ ਸ਼ਾਮਲ ਹੋ ਕੇ ਅੰਮ੍ਰਿਤਸਰ ਤੋਂ ਲੋਕ ਸਭਾ ਦੀ ਚੋਣ ਲੜ ਰਹੇ ਹਨ। ਸੰਧੂ ਨੇ ਸ਼ਹਿਰ ਵਿੱਚ ਭਾਰਤੀ ਡਾਇਸਪੋਰਾ ਦੇ ਉੱਘੇ ਮੈਂਬਰਾਂ ਦੀ ਇੱਕ ਕਾਨਫਰੰਸ ਦਾ ਆਯੋਜਨ ਕੀਤਾ ਸੀ, ਜਿਸ ਵਿੱਚ ਅਮਰੀਕਾ ਵਿੱਚ ਪ੍ਰਮੁੱਖ ਭਾਰਤੀ ਅਮਰੀਕੀਆਂ ਨੇ ਸ਼ਿਰਕਤ ਕੀਤੀ ਸੀ। ਇਸ ਕਾਨਫਰੰਸ ਲਈ ਯੂਐਸਆਈਐਸਪੀਐਫ ਦੇ ਪ੍ਰਧਾਨ ਮੁਕੇਸ਼ ਆਘੀ ਵਿਸ਼ੇਸ਼ ਤੌਰ 'ਤੇ ਅਮਰੀਕਾ ਤੋਂ ਅੰਮ੍ਰਿਤਸਰ ਪਹੁੰਚੇ। ਕੁਝ ਹਫ਼ਤਿਆਂ ਬਾਅਦ ਗਰੁੱਪ ਨੇ ਵਾਸ਼ਿੰਗਟਨ ਡੀ.ਸੀ. ਵਿੱਚ ਰਸਮੀ ਤੌਰ 'ਤੇ ਵਿਕਸਤ ਅੰਮ੍ਰਿਤਸਰ ਪਹਿਲਕਦਮੀ ਦੀ ਘੋਸ਼ਣਾ ਕੀਤੀ।

ਇਸ ਦਾ ਮੁੱਖ ਮਕਸਦ ਅੰਮ੍ਰਿਤਸਰ ਵਿੱਚ ਉੱਦਮੀਆਂ ਨੂੰ ਸਲਾਹ ਦੇਣ ਅਤੇ ਉਨ੍ਹਾਂ ਦੇ ਸਟਾਰਟਅੱਪ ਨੂੰ ਸਫਲ ਬਣਾਉਣ ਲਈ 100 ਮਿਲੀਅਨ ਡਾਲਰ ਪ੍ਰਦਾਨ ਕਰਨਾ ਹੈ। ਮੁਕੇਸ਼ ਨੇ ਕਿਹਾ ਕਿ ਅਸੀਂ ਅੰਮ੍ਰਿਤਸਰ ਦੇ ਸਟਾਰਟਅੱਪਸ ਵਿੱਚ ਨਿਵੇਸ਼ ਲਈ ਲਗਭਗ 100 ਮਿਲੀਅਨ ਡਾਲਰ ਦੀ ਰਕਮ ਦਾ ਪ੍ਰਬੰਧ ਕੀਤਾ ਹੈ। ਸਾਨੂੰ 250 ਤੋਂ ਵੱਧ ਅਰਜ਼ੀਆਂ ਮਿਲੀਆਂ ਸਨ। ਅਸੀਂ ਉਨ੍ਹਾਂ ਸਾਰਿਆਂ ਦੀ ਸਮੀਖਿਆ ਕਰ ਰਹੇ ਹਾਂ। ਅਸੀਂ ਚਾਹੁੰਦੇ ਹਾਂ ਕਿ ਰੋਜ਼ਗਾਰ ਪੈਦਾ ਕਰਨ, ਨਵੀਂ ਤਕਨੀਕ ਵਿਕਸਿਤ ਕਰਨ ਅਤੇ ਪੂਰੀ ਤਰ੍ਹਾਂ ਨਵਾਂ ਈਕੋਸਿਸਟਮ ਬਣਾਉਣ ਲਈ ਹੋਰ ਸਟਾਰਟਅੱਪ ਅੰਮ੍ਰਿਤਸਰ ਆਉਣ।

# ਬਠਿੰਡਾ ਲੋਕ ਸਭਾ ਹਲਕੇ ਵਿਚ ਅਕਾਲੀ ਦਲ, 'ਆਪ' ਤੇ ਕਾਂਗਰਸ ਵਿਚਾਲੇ ਤਿੱਖੀ ਟੱਕਰ

## ✪ ਸੁਖਬੀਰ ਬਾਦਲ ਦੀ ਸਿਆਸੀ ਮੈਨੇਜਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਦਾ ਬੇੜਾ ਪਾਰ ਲੰਘਾ ਸਕਦੀ ਏ

ਬਠਿੰਡਾ-2024 ਦੀ ਬਠਿੰਡਾ ਹਲਕੇ ਦੀ ਲੋਕ ਸਭਾ ਚੋਣ ਕਿਸੇ ਸਿਆਸੀ ਇਤਿਹਾਸਕ ਘਟਨਾ ਤੋਂ ਘੱਟ ਨਹੀਂ ਹੈ। ਪੰਜਾਬ ਦੇ ਸਭ ਤੋਂ ਵੱਡੇ ਸਿਆਸੀ ਖ਼ਾਨਦਾਰ ਬਾਦਲ ਪਰਿਵਾਰ ਦੀ ਸਾਖ ਦਾਅ 'ਤੇ ਹੈ। 2 ਸਾਲ ਪਹਿਲਾਂ ਬਠਿੰਡਾ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਰਿਕਾਰਡ ਫ਼ਰਕ ਨਾਲ ਹੂੰਝਾ ਫੇਰ ਜਿੱਤ ਹਾਸਲ ਕਰਨ ਵਾਲੀ ਆਮ ਆਦਮੀ ਪਾਰਟੀ ਲਈ ਇਹ ਸੀਟ ਵੱਡਾ ਸਿਆਸੀ ਟੈਸਟ ਹੈ। 28 ਸਾਲ ਤੋਂ ਜਿੱਤ ਲਈ ਤਰਸ ਰਹੀ ਕਾਂਗਰਸ ਕਈ ਵਾਰ ਜਿੱਤ ਮੁੱਠੀ ਵਿੱਚ ਆਉਂਦੇ ਆਉਂਦੇ ਖਿਸਕਦੀ ਰਹੀ, ਇਸ ਵਾਰ ਮੁੜ ਤੋਂ ਕਾਂਗਰਸ ਜਿੱਤ ਦੀ ਉਮੀਦ ਨਾਲ ਮੈਦਾਨ ਵਿੱਚ ਉੱਤਰੀ ਹੈ। ਬਠਿੰਡਾ ਲੋਕ ਸਭਾ ਹਲਕੇ ਵਿੱਚ 14 ਲੱਖ ਦੇ ਕਰੀਬ ਵੋਟਰ ਹਨ। 1952 ਲੈਕੇ 2019 ਤੱਕ ਹਣ ਤੱਕ 19 ਵਾਰ ਚੋਣਾਂ ਹੋਈਆਂ ਹਨ। ਕਾਂਗਰਸ ਸਿਰਫ਼ 2 ਵਾਰ ਜਿੱਤੀ ਹੈ, 1996 ਤੋਂ 1919 ਤੱਕ 28 ਸਾਲਾਂ ਵਿੱਚ ਕਾਂਗਰਸ ਇਸ ਸੀਟ 'ਤੇ ਇੱਕ ਵਾਰ ਵੀ ਜਿੱਤ ਹਾਸਲ ਨਹੀਂ ਕਰ ਸਕੀ ਹੈ। ਯਾਨੀ ਇੱਕ ਗੱਲ ਸਾਫ਼ ਹੈ ਪੰਜਾਬ ਦੀ ਬਠਿੰਡਾ ਸੀਟ ਅਜਿਹੀ ਹੈ ਜਿੱਥੇ ਕਾਂਗਰਸ ਸਭ ਤੋਂ ਜ਼ਿਆਦਾ ਕਮਜ਼ੋਰ ਹੈ। ਇਸ ਦੌਰਾਨ 2 ਵਾਰ ਸੀਪੀਆਈ ਨੇ ਵੀ ਬਠਿੰਡਾ ਸੀਟ ਜਿੱਤੀ ਹੈ ਪਹਿਲੀ ਵਾਰ 1971 ਵਿੱਚ ਭਾਨ ਸਿੰਘ ਭੌਰਾ ਜਿੱਤੇ ਸਨ। ਫਿਰ 28 ਸਾਲ ਮੁੜ ਤੋਂ 1999 ਵਿੱਚ ਸੀਪੀਆਈ ਦੀ ਟਿਕਟ 'ਤੇ ਭਾਨ ਸਿੰਘ ਭੌਰਾ ਨੇ ਹੀ ਜਿੱਤ ਹਾਸਲ ਕੀਤੀ ਸੀ। 1977 ਵਿੱਚ ਪਹਿਲੀ ਵਾਰ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਸੀ। ਫਿਰ 1996 ਅਤੇ 1998 ਅਤੇ ਹੁਣ 2004 ਤੋਂ ਲੈਕੇ 2019 ਤੱਕ ਲਗਾਤਾਰ 5 ਵਾਰ ਅਕਾਲੀ ਦਲ ਨੇ ਜਿੱਤ ਹਾਸਲ ਕੀਤੀ ਸੀ। 1952 ਤੋਂ 1989 ਤੱਕ ਚਾਰ ਵਾਰ ਅਜ਼ਾਦ ਉਮੀਦਵਾਰ ਵੀ ਜਿੱਤੇ। ਕੁੱਲ ਮਿਲਾ ਕੇ ਬਠਿੰਡਾ ਸੀਟ ਪਿਛਲੇ 25 ਸਾਲਾਂ ਵਿੱਚ ਅਕਾਲੀ ਦਲ ਦਾ ਮਜ਼ਬੂਤ ਕਿਲ੍ਹਾ ਸਾਬਿਤ ਹੋਇਆ ਹੈ। ਇਸ ਦੇ ਪਿੱਛੇ ਬਾਦਲ ਪਰਿਵਾਰ ਦਾ ਆਪਣਾ ਵੱਡਾ ਸਿਆਸੀ ਕੱਦ ਰਿਹਾ ਹੈ।

### ਬਠਿੰਡਾ ਨਾਲ ਜੁੜੀ ਬਾਦਲ ਪਰਿਵਾਰ ਦੀ ਸਾਖ਼

2004 ਤੱਕ ਬਠਿੰਡਾ ਸੀਟ ਰਿਜ਼ਰਵਰ ਸੀ, ਯਾਨੀ ਐੱਸ ਸੀ ਉਮੀਦਵਾਰ ਹੀ ਮੈਦਾਨ ਵਿੱਚ ਹੁੰਦਾ ਸੀ। ਅਕਾਲੀ ਦਲ ਦੀ ਪਰਮਜੀਤ ਕੌਰ ਗੁਲਸ਼ਨ ਨੇ 2004 ਵਿੱਚ ਜਿੱਤ ਹਾਸਲ ਕੀਤੀ ਸੀ। 2009 ਵਿੱਚ ਬਠਿੰਡਾ ਜਨਰਲ ਸੀਟ ਬਣੀ। ਸੂਬੇ ਵਿੱਚ ਅਕਾਲੀ ਦਲ ਅਤੇ ਬੀਜੇਪੀ ਦੀ ਸਰਕਾਰ ਸੀ। ਇਸੇ ਸਾਲ ਵਿੱਚ ਪੰਜਾਬ ਦੀ ਸਭ ਤੋਂ ਵੱਡੀ ਸਿਆਸੀ ਲੜਾਈ ਬਠਿੰਡਾ ਵਿੱਚ ਹੋਈ, ਅਕਾਲੀ ਦਲ ਨੇ ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਅਤੇ ਸੁਖਬੀਰ ਬਾਦਲ ਦੀ ਪਤਨੀ ਹਰਸਿਮਰਤ ਕੌਰ ਬਾਦਲ ਨੂੰ ਮੈਦਾਨ ਵਿੱਚ ਉਤਾਰਿਆ ਤਾਂ ਕਾਂਗਰਸ ਨੇ ਚੁਣੌਤੀ ਦੇਣ ਲਈ ਕੈਪਟਨ ਅਮਰਿੰਦਰ ਸਿੰਘ ਦੇ ਪੁੱਤਰ ਰਣਇੰਦਰ ਨੂੰ ਖੜਾ ਕੀਤਾ ਸੀ।

ਹਰਸਿਮਰਤ ਕੌਰ ਬਾਦਲ ਨੇ 1 ਲੱਖ 20,948 ਦੇ ਫ਼ਰਕ ਨਾਲ ਰਣਇੰਦਰ ਨੂੰ ਹਰਾਇਆ। ਅਗਲੀਆਂ 2 ਚੋਣਾਂ 2014 ਅਤੇ 2019 ਵਿੱਚ ਹਰਸਿਮਰਤ ਕੌਰ ਬਾਦਲ ਜਿੱਤੀ,



ਪਰ ਜਿੱਤ ਦਾ ਅੰਤਰ ਇੱਕ ਵਾਰ 19 ਅਤੇ ਦੂਜੀ ਵਾਰ 21 ਹਜ਼ਾਰ ਰਿਹਾ। ਵੋਟ ਫੀਸਦ ਦੇ ਰੂਪ ਵਿੱਚ ਸਿਰਫ਼ 1 ਫੀਸਦੀ ਦਾ ਫਰਕ ਸੀ। ਕਾਂਗਰਸ ਨੇ ਦੋਵੇਂ ਵਾਰ ਅਕਾਲੀ ਦਲ ਦਾ ਕਿਲ੍ਹਾ ਢਾਉਣ ਲਈ ਸਭ ਤੋਂ ਪਹਿਲਾਂ 2014 ਵਿੱਚ ਮਨਪ੍ਰੀਤ ਬਾਦਲ ਨੂੰ ਉਮੀਦਵਾਰ ਬਣਾਇਆ ਅਤੇ ਫਿਰ 2019 ਵਿੱਚ ਰਾਜਾ ਵੜਿੰਗ ਨੂੰ ਮੈਦਾਨ ਵਿੱਚ ਉਤਾਰਿਆ ਸੀ। ਉਸ ਸਮੇਂ ਇਹ ਦੋਵੇ ਬਾਦਲ ਪਰਿਵਾਰ ਦੇ ਕੱਟੜ ਵਿਰੋਧੀ ਸਨ ਅਤੇ ਹਰ ਹਾਲ ਵਿੱਚ ਜਿੱਤ ਨੂੰ ਯਕੀਨੀ ਬਣਾਉਣ ਲਈ ਇਨ੍ਹਾਂ ਨੇ ਪੂਰੀ ਸਿਆਸੀ ਵਾਹ ਲਾ ਦਿੱਤੀ ਪਰ ਥੋੜੇ ਅੰਤਰ ਨਾਲ ਹਾਰ ਗਏ। ਪਰ 2024 ਵਿੱਚ ਬਠਿੰਡਾ ਸਿਆਸੀ ਸੀਟ 'ਤੇ ਸਿਆਸੀ ਸਮੀਕਰਣ ਕਈ ਤਰ੍ਹਾਂ ਨਾਲ ਬਦਲੇ ਹਨ। ਸਿਆਸੀ ਕੱਟੜ ਦੁਸ਼ਮਣੀ ਦੀ ਕੁੜੱਤਣ ਖ਼ਤਮ ਹੋ ਚੁੱਕੀ ਹੈ।

1997 ਤੋਂ 2019 ਤੱਕ ਅਕਾਲੀ ਦਲ ਨੇ ਬੀਜੇਪੀ ਦੇ ਨਾਲ ਮਿਲ ਕੇ ਚੋਣ ਲੜੀ। ਪਾਰਟੀ ਨੂੰ ਸ਼ਹਿਰਾਂ ਵਿੱਚ ਬੀਜੇਪੀ ਦੇ ਵੋਟਾਂ ਨਾਲ ਫਾਇਦਾ ਹੋਇਆ। ਪੇਂਡੂ ਵੋਟ ਅਕਾਲੀ ਦਲ ਦਾ ਵੋਟ ਬੈਂਕ ਸੀ। ਬਠਿੰਡਾ ਲੋਕਸਭਾ ਹਲਕੇ ਵਿੱਚ ਬਠਿੰਡਾ ਸ਼ਹਿਰੀ ਅਤੇ ਮਾਨਸਾ ਹਿੰਦੂ ਭਾਈਚਾਰੇ ਦੇ ਵੋਟ ਵੱਡੀ ਗਿਣਤੀ ਵਿੱਚ ਹਨ। ਮੋਦੀ ਲਹਿਰ ਵਿੱਚ ਹਰਸਿਮਰਤ ਨੂੰ ਇੱਥੋਂ ਪਿਛਲੀਆਂ 2 ਚੋਣਾਂ ਵਿੱਚ ਕਾਫੀ ਵੋਟ ਮਿਲੇ।

2019 ਵਿੱਚ ਹਰਸਿਮਰਤ ਕੌਰ ਬਾਦਲ ਨੂੰ ਬਠਿੰਡਾ ਸ਼ਹਿਰੀ ਤੋਂ 63 ਹਜ਼ਾਰ ਵੋਟ ਮਿਲੇ ਜਦਕਿ ਕਾਂਗਰਸ ਨੂੰ 59 ਹਜ਼ਾਰ ਵੋਟਰ ਮਿਲੇ ਸਨ। ਮਾਨਸਾ ਵਿੱਚ ਹਰਸਿਮਰਤ ਕੌਰ ਬਾਦਲ ਨੂੰ 56 ਹਜ਼ਾਰ ਵੋਟ ਮਿਲੇ ਜਦਕਿ ਕਾਂਗਰਸ ਦੇ ਉਮੀਦਵਾਰ ਰਾਜਾ ਵੜਿੰਗ ਨੂੰ 59 ਹਜ਼ਾਰ ਵੋਟ ਮਿਲੇ। ਪਰ ਇਸ ਵਾਰ ਵਾਰ ਅਕਾਲੀ ਦਲ ਅਤੇ ਬੀਜੇਪੀ ਵੱਖ-ਵੱਖ ਚੋਣ ਲੜ ਰਹੇ ਹਨ। ਇਸ ਲਈ ਵੋਟ ਵੰਡੇ ਜਾਣਗੇ, ਪਰ ਕਾਂਗਰਸ ਦੇ ਹਿੰਦੂ ਤੇ ਸਿੱਖ ਵੋਟਰਾਂ 'ਤੇ ਇਸ ਦਾ ਅਸਰ ਘੱਟ ਹੀ ਵੇਖਣ ਨੂੰ ਮਿਲੇਗਾ।

### ਵਿਰੋਧੀਆਂ ਦੇ ਕਮਜ਼ੋਰ ਉਮੀਦਵਾਰ ਹਰਸਿਮਰਤ ਲਈ 'ਜੀਵਨਦਾਨ'

ਬਠਿੰਡਾ ਲੋਕ ਸਭਾ ਸੀਟ 'ਤੇ ਹਰਸਿਮਰਤ ਕੌਰ ਬਾਦਲ ਦੇ ਲਈ ਚੰਗੀ ਗੱਲ ਇਹ ਹੈ ਕਿ ਕਿਸੇ ਵੀ ਪਾਰਟੀ ਨੇ ਉਨ੍ਹਾਂ ਦੇ ਖਿਲਾਫ ਕੋਈ ਵੱਡਾ ਉਮੀਦਵਾਰ ਖੜਾ ਨਹੀਂ ਕੀਤਾ ਹੈ ਜਿਸ ਨੂੰ 2014 ਅਤੇ 2019 ਵਾਂਗ ਗੇਮ ਚੇਂਜਰ ਮੰਨਿਆ ਜਾਵੇ। ਸਿਆਸੀ ਮਾਹਿਰ ਇਸ ਨੂੰ ਸੁਖਬੀਰ ਬਾਦਲ ਦਾ ਇਲੈਕਸ਼ਨ ਮੈਨੇਜਮੈਂਟ ਦੱਸ ਰਹੇ ਹਨ। ਕੁਝ ਵਿਰੋਧੀ ਨਾਲ ਸੈਟਿੰਗ ਦੱਸ ਰਹੇ ਹਨ। ਕਈਆਂ ਦਾ ਕਹਿਣਾ ਹੈ ਕਿ 2022 ਵਿੱਚ ਜਿਸ ਤਰ੍ਹਾਂ ਨਾਲ ਆਮ ਆਦਮੀ ਪਾਰਟੀ ਵੱਡੀ ਸਿਆਸੀ ਧਿਰ ਬਣ ਕੇ ਉਭਰੀ ਹੈ ਉਸ ਤੋਂ ਬਾਅਦ ਅਕਾਲੀ ਦਲ ਅਤੇ ਕਾਂਗਰਸ ਨੇ ਅੰਦਰ ਖਾਤੇ ਹੱਥ ਮਿਲਾ ਲਿਆ ਹੈ।

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਹਿਲਾਂ ਹਰਸਿਮਰਤ ਕੌਰ ਬਾਦਲ ਨੂੰ ਫਿਰੋਜ਼ਪੁਰ ਸ਼ਿਫਟ ਕਰਨ ਜਾ ਰਹੇ ਸਨ ਪਰ ਪਤਨੀ ਦੇ ਅੜ ਜਾਣ ਤੋਂ ਬਾਅਦ ਉਨ੍ਹਾਂ ਨੂੰ ਬਠਿੰਡਾ ਤੋਂ ਉਮੀਦਵਾਰ ਐਲਾਨਿਆ ਗਿਆ। ਕਾਂਗਰਸ ਵੱਲੋਂ ਵੜਿੰਗ ਦਾ ਆਪਣਾ ਨਾਂ ਅਤੇ ਉਨ੍ਹਾਂ ਦੀ ਪਤਨੀ ਅੰਮ੍ਰਿਤਾ ਵੜਿੰਗ ਅਤੇ ਸਿੱਧੂ ਮੂਸੇਵਾਲਾ ਦੇ ਪਿਤਾ ਦਾ ਨਾਂ ਚੱਲ ਰਿਹਾ ਸੀ। ਪਰ ਅਖੀਰਲੇ 48 ਘੰਟੇ ਵਿੱਚ ਤਲਵੰਡੀ ਸਾਬੋਂ ਦੇ 4 ਵਾਰ ਦੇ ਵਿਧਾਇਕ ਅਤੇ ਪਿਛਲੀਆਂ 2 ਚੋਣਾਂ ਲਗਾਤਾਰ ਹਾਰਨ ਵਾਲੇ ਜੀਤ ਮਹਿੰਦਰ ਨੂੰ ਕਾਂਗਰਸ ਨੇ ਆਪਣਾ ਉਮੀਦਵਾਰ ਬਣਾ ਦਿੱਤਾ।

### ਬੀਜੇਪੀ ਨੇ ਹਵਾ ਵਿੱਚ ਤੀਰ ਮਾਰਿਆ

ਬੀਜੇਪੀ ਨੇ ਟਕਸਾਲੀ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਦੀ ਨੂੰਹ ਅਤੇ ਸਾਬਕਾ ਆਈਏਐਸ ਪਰਮਪਾਲ ਕੌਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਇਹ ਵੀ ਕਿਤੇ ਨਾ ਕਿਤੇ ਹਰਸਿਮਰਤ ਦੇ ਹੱਕ ਵਿੱਚ ਹੈ। ਕਿਉਂਕਿ ਭਾਵੇਂ ਮਲੂਕਾ ਦਾ ਸਿਆਸੀ ਕੱਦ ਬਠਿੰਡਾ ਦੇ ਮੋੜ ਅਤੇ ਰਾਮਪੁਰਾ ਫੂੱਲ ਵਿੱਚ ਚੰਗਾ ਹੈ ਪਰ ਨੂੰਹ ਦਾ ਸਿਆਸੀ ਕੱਦ ਏਨਾ ਨਹੀਂ ਹੈ ਕਿ ਉਹ ਹਰਸਿਮਰਤ ਕੌਰ ਬਾਦਲ ਨੂੰ ਟੱਕਰ ਦੇ ਸਕਣ। ਕਿਸਾਨਾਂ ਦੇ ਵਿਰੋਧ ਦੇ ਚੱਲਦਿਆਂ ਪਰਮਪਾਲ ਨੂੰ ਸਿਰਫ਼ ਕੱਟੜ ਬੀਜੇਪੀ ਦੇ ਹੀ ਵੋਟ ਪੈਣਗੇ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਲੱਖਾ ਸਿਧਾਣਾ ਨੂੰ ਉਮੀਦਵਾਰ ਬਣਾਇਆ ਹੈ। ਲੱਖਾ ਸਿਧਾਣਾ ਨੇ ਮੋੜ ਤੋਂ ਸੰਯੁਕਤ ਕਿਸਾਨ ਮੋਰਚੇ ਵੱਲੋਂ 2022 ਦੀਆਂ ਵਿਧਾਨਸਭਾ ਚੋਣਾਂ ਲੜੀ ਸੀ ਅਤੇ ਦੂਜੇ ਨੰਬਰ 'ਤੇ ਰਹੇ ਸਨ। ਲੱਖੇ ਨੂੰ 2024 ਵਿੱਚ ਪੰਥਕ ਵੋਟ ਮਿਲ ਸਕਦੇ ਹਨ ਜਿਹੜੇ 2019 ਵਿੱਚ ਸੁਖਪਾਲ ਸਿੰਘ ਖਹਿਰਾ ਨੂੰ ਮਿਲੇ ਸਨ। ਖਹਿਰਾ ਨੂੰ ਤਕਰੀਬਨ 38 ਹਜ਼ਾਰ ਵੋਟ ਮਿਲੇ ਸਨ, ਰਾਜਾ ਵੜਿੰਗ ਤਕਰੀਬਨ 21 ਹਜ਼ਾਰ ਵੋਟਾਂ ਦੇ ਅੰਤਰ ਤੋਂ ਹਰਸਿਮਰਤ ਤੋਂ ਹਾਰੇ ਸਨ। ਇਥੇ ਵੀ ਹਰਸਿਮਰਤ ਨੂੰ ਫਾਇਦਾ ਹੈ, ਜਿਹੜੇ ਪੰਥਕ ਵੋਟ ਅਕਾਲੀ ਦਲ ਤੋਂ ਨਰਾਜ਼ ਹਨ ਉਹ ਬੀਜੇਪੀ, ਆਪ ਪਾਰਟੀ ਅਤੇ ਕਾਂਗਰਸ ਨੂੰ ਭੁਗਤਨ ਦੀ ਥਾਂ ਲੱਖੇ ਨੂੰ ਜਾਣਗੇ।

### 'ਆਪ' ਨਾਲ ਬਾਦਲ ਦਲ ਨਾਲ ਟੱਕਰ

ਆਮ ਆਦਮੀ ਪਾਰਟੀ ਦੇ ਉਮੀਦਵਾਰ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਹਨ ਜਿਨ੍ਹਾਂ ਨੇ 2022 ਵਿੱਚ ਸਿਆਸਤ ਦੇ ਬਾਬਾ ਬੋਹੜ ਅਖਵਾਉਣ ਵਾਲੇ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਦਗੀ ਦਾ ਅਖੀਰਲੀ ਚੋਣ 11 ਹਜ਼ਾਰ ਵੋਟਾਂ ਦੇ ਨਾਲ ਹਰਾਈ ਸੀ। ਮੁੱਖ ਮੰਤਰੀ ਭਗਵੰਤ ਮਾਨ ਨੂੰ ਉਮੀਦ ਹੈ ਕਿ ਖੁੱਡੀਆਂ ਇਹ ਹੀ ਕਰਿਸ਼ਮਾ ਬਠਿੰਡਾ ਲੋਕ ਸਭਾ ਚੋਣਾਂ ਵਿੱਚ ਵੀ ਕਰਕੇ ਵਿਖਾਉਣਗੇ। ਇਸੇ ਲਈ ਹੀ ਵਜ਼ਾਰਤ ਵਿੱਚ ਹੀ ਉਨ੍ਹਾਂ ਨੂੰ ਥਾਂ ਦਿੱਤੀ ਗਈ ਸੀ।

2022 ਵਿੱਚ ਬਠਿੰਡਾ ਲੋਕਸਭਾ ਹਲਕੇ ਅਧੀਨ ਆਉਣ ਵਾਲੇ 9 ਵਿਧਾਨ ਸਭਾ ਹਲਕਿਆਂ ਦੇ ਨਤੀਜਿਆਂ ਨੂੰ ਵੇਖਿਆ ਜਾਵੇ ਤਾਂ ਇਹ ਲੜਾਈ ਆਮ ਆਦਮੀ ਪਾਰਟੀ ਦੇ ਹੱਕ ਵਿੱਚ ਇੱਕ ਪਾਸੜ ਲੜਾਈ ਨਜ਼ਰ ਆਉਂਦੀ ਹੈ। ਵਿਧਾਨ ਸਭਾ ਚੋਣਾਂ ਦੌਰਾਨ ਬਠਿੰਡਾ ਦੀ 2 ਗੇਮ ਚੇਂਜਰ ਵਿਧਾਨਸਭਾ ਹਲਕੇ ਬਠਿੰਡਾ ਸ਼ਹਿਰੀ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਗਰੂਪ ਸਿੰਘ ਗਿੱਲ ਨੇ 63 ਹਜ਼ਾਰ ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ ਜਦਕਿ ਮਾਨਸਾ ਵਿਧਾਨਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਵਿਜੇ ਸਿੰਗਲਾ ਨੇ 1 ਲੱਖ ਤੋਂ ਵੱਧ ਫਰਨ ਨਾਲ ਜਿੱਤ ਹਾਸਲ ਕੀਤੀ ਸੀ ਇਹ ਪੂਰੇ ਪੰਜਾਬ ਵਿੱਚ ਸਭ ਤੋਂ ਵੱਡਾ ਜਿੱਤ ਦਾ ਅੰਦਰ ਸੀ। ਮੌੜ ਵਿਧਾਨ ਸਭਾ ਹਲਕੇ ਵਿੱਚ ਵੀ ਆਮ ਆਦਮੀ ਪਾਰਟੀ ਦੀ 32 ਹਜ਼ਾਰ ਵੋਟਾਂ ਦੇ ਫਰਕ ਨਾਲ ਵੱਡੀ ਜਿੱਤ ਹੋਈ ਸੀ, ਤਲਵੰਡੀ ਸਾਬੋਂ ਤੋਂ ਆਪ ਦੀ ਵਿਧਾਇਕ ਬਲਜਿੰਦਰ ਕੌਰ ਨੇ 14 ਹਜ਼ਾਰ ਦੇ ਫ਼ਰਕ ਨਾ ਜਿੱਤ ਹਾਸਲ ਕੀਤੀ ਸੀ। ਭੁੱਚੋ ਮੰਡੀ ਤੋਂ ਆਪ ਦੇ ਵਿਧਾਇਕ ਜਗਸੀਰ ਸਿੰਘ ਨੇ 50 ਹਜ਼ਾਰ ਦੇ ਫ਼ਰਕ ਨਾਲ ਜਿੱਤੇ।

### ਸਿੱਧੂ ਮੂਸੇਵਾਲਾ ਦੇ ਕਤਲ ਦਾ ਵੱਡਾ ਅਸਰ

ਬਠਿੰਡਾ ਤੋਂ ਪੇਂਡੂ ਤੋਂ ਵੀ ਆਮ ਆਦਮੀ ਪਾਰਟੀ ਦੇ ਅਮਿਤ ਰਤਨ ਨੇ 66 ਹਜ਼ਾਰ ਵੋਟਾਂ ਨਾਲ ਜਿੱਤ ਹਾਸਲ ਕੀਤੀ ਸੀ। ਪਰ 2 ਸਾਲ ਵਿੱਚ ਬਹੁਤ ਕੁਝ ਬਦਲ ਗਿਆ ਹੈ। ਮਾਨਸਾ ਸੀਟ 'ਤੇ ਸਿੱਧੂ ਮੂਸੇਵਾਲਾ ਦੇ ਕਤਲ ਨੂੰ ਲੈ ਕੇ ਕਾਫੀ ਗੁੱਸਾ ਹੈ। ਸਥਾਨਕ ਉਮੀਦਵਾਰ ਵਿਜੇ ਸਿੰਘਲਾ ਭ੍ਰਿਸ਼ਟਾਚਾਰ ਦੇ ਇਲਜ਼ਾਮ ਤੋਂ ਬਾਅਦ ਸਿਆਸਤ ਤੋਂ ਤਕਰੀਬਨ ਬਾਹਰ ਹਨ। ਸਿੱਧੂ ਮੂਸੇਵਾਲਾ ਦਾ ਅਸਰ ਪੂਰੇ ਬਠਿੰਡਾ ਲੋਕਸਭਾ ਚੋਣਾਂ ਵਿੱਚ ਨਜ਼ਰ ਆਵੇਗਾ। ਅਜਿਹੇ ਵਿੱਚ ਇਹ ਵੀ ਵੇਖਣ ਵਾਲੀ ਗੱਲ ਹੋਵੇਗੀ ਕਿ ਸਿੱਧੂ ਮੂਸੇਵਾਲਾ ਦੇ ਵੋਟਰ ਕਿਸ ਪਾਰਟੀ ਨੂੰ ਭੁਗਤਣਗੇ।

ਹਰਸਿਮਰਤ ਦੇ ਹੱਕ ਵਿੱਚ ਇੱਕ ਗੱਲ ਇਹ ਵੀ ਜਾਂਦੀ ਹੈ 15 ਸਾਲ ਵਿੱਚ ਅਕਾਲੀ ਦਲ ਦੀ ਸਰਕਾਰ ਵੇਲੇ ਬਠਿੰਡੇ ਦਾ ਵਿਕਾਸ ਕਾਫੀ ਹੋਇਆ ਹੈ। ਇੱਥੇ ਏਆਈਆਈਐਮਐਸ ਵਰਗਾ ਵੱਡਾ ਮੈਡੀਕਲ ਅਦਾਰਾ ਆਇਆ ਹੈ। ਕੁੱਲ ਮਿਲਾ ਕੇ ਹਰਸਿਮਰਤ ਕੌਰ ਬਾਦਲ ਦੀ ਲੜਾਈ ਮੁਸ਼ਕਲ ਹੈ, ਪਰ ਵਿਰੋਧੀ ਧਿਰ ਤੋਂ ਤਗੜੇ ਉਮੀਦਵਾਰਾਂ ਦੀ ਗੈਰ ਹਾਜ਼ਰੀ ਅਤੇ ਸੁਖਬੀਰ ਬਾਦਲ ਦੀ ਸਿਆਸੀ ਵੋਟ ਮੈਨੇਜਮੈਂਟ ਉਨ੍ਹਾਂ ਦਾ ਬੇੜਾ ਪਾਰ ਲਗਾ ਸਕਦੀ ਹੈ।

**ਮੌਜੂਦਾ ਤੇ ਸਾਬਕਾ ਵਿਧਾਇਕਾਂ, ਕੇਂਦਰ ਵਿੱਚ ਜਾਣ ਵਾਲੇ ਸੰਸਦ ਮੈਂਬਰਾਂ ਤੇ ਵੱਡੇ ਸਰਕਾਰੀ ਅਫ਼ਸਰਾਂ ਦੀਆਂ ਸਮੇਂ-ਸਮੇਂ ਤੇ ਜਾਇਦਾਦਾਂ ਦੀ ਜਾਂਚ ਹੋਣੀ ਚਾਹੀਦੀ ਹੈ। ਜੇ ਆਮਦਨ ਦੇ ਹਿਸਾਬ ਨਾਲ ਜਾਇਦਾਦ ਵਧੇਰੇ ਹੋਵੇ ਤਾਂ ਉਸ ਜ਼ਬਤ ਕਰਕੇ ਸਰਕਾਰੀ ਖਜ਼ਾਨੇ ਵਿੱਚ ਪਾਈ ਜਾਵੇ ਅਤੇ ਗੈਰ ਸਰਕਾਰੀ ਤੇ ਸਮਾਜ ਸੇਵੀ ਸੰਸਥਾਵਾਂ ਉਨ੍ਹਾਂ ਦੇ ਵਿਰੁੱਧ ਅਦਾਲਤ ਵਿੱਚ ਕਾਨੂੰਨੀ ਕਾਰਵਾਈ ਕਰਨ।**

# ਲੈਸਟਰ ਦੀ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ ਵੈਸਾਖੀ ਮੇਲੇ ਦਾ ਸਫਲ ਆਯੋਜਿਨ





ਲੈਸਟਰ-ਥਾਨਕ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ ਬੀਤੇ ਦਿਨ ਇਥੋਂ ਦੀ ਹੈਂਬਲ ਰੋਡ 'ਤੇ ਸਥਿੱਤ ਸੇਂਟ ਪਾਲ ਚਰਚ ਦੇ ਖੁੱਲ੍ਹੇ ਹਾਲ ਵਿਚ ਵੈਸਾਖੀ ਮੇਲੇ ਦਾ ਆਯੋਜਿਨ ਕੀਤਾ ਗਿਆ ਜਿਸ ਵਿਚ ਲੈਸਟਰ ਦੇ ਕੋਨੇ ਕੋਨੇ ਤੋਂ ਪੰਜਾਬੀ ਭਾਈਚਾਰੇ ਨੇ ਭਾਰੀ ਸੰਖਿਆ ਵਿਚ ਸ਼ਿਰਕਤ ਕੀਤੀ।

ਮੇਲੇ ਦੀ ਸ਼ੁਰੂਆਤ ਵਿਚ ਐਸੋਸੀਏਸ਼ਨ ਦੇ ਚੇਅਰਮੈਨ ਮੱਖਣ ਸਿੰਘ ਢਡਵਾੜ ਨੇ ਜਿਥੇ ਐਸੋਸੀਏਸ਼ਨ ਦੇ ਬਾਕੀ ਪ੍ਰਬੰਧਕਾਂ ਦੀ ਜਾਣ ਪਹਿਚਾਣ ਕਰਵਾਈ ਉਥੇ ਨਾਲ ਹੀ ਐਸੋਸੀਏਸ਼ਨ ਦੇ ਮੁੱਖ ਮਨੋਰਥ ਤੇ ਟੀਚਿਆਂ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ।

ਮੱਖਣ ਸਿੰਘ ਢਡਵਾੜ ਨੇ ਇਸ ਮੌਕੇ ਆਪਣੇ ਸੰਬੋਧਿਨ ਵਿਚ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇਕ ਪਲੇਟ ਫਾਰਮ ਉੱਤੇ ਇਕੱਤਰ ਕਰਨ ਦਾ ਆਪਣਾ ਵਾਅਦਾ ਦੁਹਰਾਉਂਦਿਆ ਕਿਹਾ ਕਿ ਉਹ ਦੋਹਾਂ ਪੰਜਾਬਾਂ ਚ ਵਸਦੇ ਪੰਜਾਬੀਆਂ ਦਾ ਏਕਾ ਕਰਾਉਣ ਵਾਸਤੇ ਆਪਣੇ ਯਤਨ ਜਾਰੀ ਰੱਖਣਗੇ ਤੇ ਇਹ ਉਹਨਾਂ ਯਤਨਾਂ ਦਾ ਹੀ ਨਤੀਜਾ ਹੈ ਕਿ ਇਸ ਮੇਲੇ ਵਿਚ ਦੋਹਾਂ ਪੰਜਾਬਾਂ ਦਾ ਭਾਈਚਾਰਾ ਵਧ ਚੜ੍ਹਕੇ ਸ਼ਾਮਿਲ ਹੋਇਆ ਹੈ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਮੁਹੰਮਦ ਅਨਵਰ ਨੇ ਐਸੋਸੀਏਸ਼ਨ ਦੇ ਮੁੱਖ ਮਨੋਰਥ ਦੀ ਗੱਲ ਕਰਦਿਆਂ ਕਿਹਾ ਕਿ ਇਹ ਐਸੋਸੀਏਸ਼ਨ ਕਿਸੇ ਵੀ ਤਰਾਂ ਦੇ ਭਿੰਨ ਭੇਦ 'ਤੋਂ ਉੱਪਰ ਉਠਕੇ ਬਣਾਈ ਗਈ ਹੈ। ਇਸ ਦੇ ਆਹੁਦੇਦਾਰਾਂ ਵਿਚ ਹਰ ਸ਼ੋਹਬੇ ਦੇ ਮੈਂਬਰ ਸ਼ਾਮਿਲ ਹਨ ਜਿਸ ਕਰਕੇ ਐਸੋਸੀਏਸ਼ਨ ਸਰਬ ਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ। ਉਹਨਾਂ ਇਹ ਵੀ ਕਿਹਾ ਪੰਜਾਬੀ ਚੜ੍ਹਦੇ ਚ ਵਸਦੇ ਹੋਣ ਜਾਂ ਲਹਿੰਦੇ ਵਿਚ, ਉਹ ਸਿਰਫ ਤੇ ਸਿਰਫ ਪੰਜਾਬੀ ਹਨ ਅਤੇ ਆਪਸ ਵਿਚ ਅੰਤਾਂ ਦੀ ਮੁਹੱਬਤ ਕਰਦੇ ਹਨ। ਉਹਨਾਂ ਕਿਹਾ ਕਿ ਇਸ ਐਸੋਸੀਏਸ਼ਨ ਦਾ ਮੁੱਖ ਮੰਤਵ ਵੀ ਦੋਵੇਂ ਪਾਸਿਆਂ ਦੇ ਪੰਜਾਬੀਆਂ ਦਾ ਮਿਲਾਪ ਕਰਾਉਣਾ ਅਤੇ ਸਾਂਝੇ ਤੌਰ 'ਤੇ ਲੋਕ ਭਲੇ ਦੇ ਕਾਰਜ ਕਰਨਾ ਹੀ ਹੈ।

ਬਾਅਦ ਦੁਪਹਿਰ ਢਾਈ ਕੁ ਵਜੇ ਸ਼ੁਰੂ ਹੋਏ ਇਸ ਮੇਲੇ ਵਿਚ ਸਥਾਨਕ ਕੌਂਸਲਰਾਂ ਜਿਹਨਾਂ ਵਿਚ ਕਮਲ ਘਟੋਰੇ, ਕੌਂਸਲਰ ਸੋਨੀਆ ਹੱਕ, ਕੌਂਸਲਰ ਮੁਹੰਮਦ ਹਲਾਮ, ਮੁਹੰਮਦ ਨਵੀਦ, ਮੁਹੰਮਦ ਅਨਵਰ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

ਪੰਜਾਬੀ ਅਤੇ ਅੰਗਰੇਜੀ ਭਾਸ਼ਾ ਦੇ ਨਾਮਵਰ ਬੁੱਧੀ ਜੀਵੀ ਪ੍ਰੋ ਸ਼ਿੰਗਾਰਾ ਸਿੰਘ ਢਿੱਲੋਂ ਇਸ ਮੇਲੇ ਦੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਉਹਨਾਂ ਨੇ ਆਪਣੇ ਸੰਬੋਧਿਨ ਵਿਚ ਜਿਥੇ ਵੈਸਾਖੀ ਦੇ ਸੱਭਿਆਚਾਰਕ ਮਹੱਤਵ ਦੀ ਗੱਲ ਕੀਤੀ ਉਥੇ ਸੱਭਿਆਚਾਰ ਅਤੇ ਪੰਜਾਬੀ ਬੋਲੀ ਦੀ ਅਹਿਮੀਅਤ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਵੈਸਾਖੀ ਬਾਰੇ ਗੱਲ ਕਰਦਿਆ ਉਹਨਾਂ ਕਿਹਾ ਕਿ ਇਹ ਇਕ ਸੱਭਿਆਚਾਰਕ ਤਿਓਹਾਰ ਹੈ ਜਿਸ ਦਾ ਸਬੰਧ ਮੌਸਮ ਦੀ ਤਬਦੀਲੀ, ਕਣਕ ਦੀ ਫਸਲ ਦੇ ਪੱਕਣਾ ਅਤੇ 13 ਅਪਰੈਲ 1699 ਨੂੰ ਆਨੰਦਪੁਰ ਸਾਹਿਬ ਵਿਖੇ ਜਾਤ ਪਾਤ ਅਤੇ ਧਾਰਮਿਕ ਭਿੰਨ ਭੇਦ ਦਾ ਖਾਤਮਾ ਕਰਕੇ ਜੁਲਮ ਨਾਲ ਟੱਕਰ ਲੈਣ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਦੀ ਕੀਤੀ ਗਈ ਸਾਜਨਾ ਨਾਲ ਹੈ।

ਅੱਗੇ ਚੱਲਕੇ ਉਹਨਾ ਨੇ ਮਾਂ ਬੋਲੀ ਪੰਜਾਬੀ ਨੂੰ ਸਾਫ ਸੁਥਰਾ ਰੱਖਣ ਵਾਸਤੇ ਗੱਲਬਾਤ ਕਰਦਿਆਂ ਗਾਲਾਂ ਦੀ ਵਰਤੋਂ ਤੋਂ ਸਮੂਹ ਪੰਜਾਬੀਆਂ ਨੂੰ ਗੁਰੇਜ ਕਰਨਾ ਚਾਹੀਦਾ ਹੈ। ਇਸ ਸੰਬੰਧ ਵਿਚ ਉਹਨਾਂ ਉੱਘੇ ਅਮਰੀਕਣ ਲੇਖਕ ਤੇ ਪੱਤਰਕਾਰ ਅਰਨਿਸ਼ਟ ਹੈਮਿੰਗਵੇ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਇਸ ਸਬੰਧ ਚ ਘਰੇਲੂ ਮਾਹੌਲ ਤੇ ਸੰਸਕਾਰਾਂ ਬਹੁਤ ਵੱਡਾ ਸੋਗਦਾਨ ਪਾ ਸਕਦੇ ਹਨ। ਜ਼ਿਕਰਯੋਗ ਹੈ ਕਿ ਹੈ ਇਹ ਐਸੋਸੀਏਸ਼ਨ ਸਾਢੇ ਕੁ ਤਿੰਨ ਸਾਲ ਪਹਿਲਾਂ ਇਥੋਂ ਦੇ ਕਾਰੋਬਾਰੀ ਮੱਖਣ ਸਿੰਘ ਢਡਵਾੜ ਦੇ ਯਤਨਾ ਨਾਲ ਹੋਂਦ ਵਿਚ ਆਈ ਸੀ ਜੋ ਹੁਣ ਲੋਕ ਸੇਵਾ ਤੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਭਾਈਚਾਰੇ ਦੀਆਂ ਆਪਸੀ ਸਾਂਝਾ ਨੂੰ ਪੱਕਿਆਂ ਕਰਨ ਵਿਚ ਬਹੁਤ ਹੀ ਨਿੱਗਰ ਯੋਗਦਾਨ ਪਾ ਰਹੀ ਹੈ।

ਕੁਰੀਬ ਢਾਈ ਕੁ ਸੌ ਦੇ ਇਕੱਠ ਵਾਲੇ ਇਸ ਸਮਾਗਮ ਦੀ ਖਾਸ ਗੱਲ ਇਹ ਰਹੀ ਕਿ ਇਸ ਵਿਚ ਚੜ੍ਹਦੇ ਅਤੇ ਲਹਿੰਦੇ ਦੋਹਾਂ ਪੰਜਾਬਾਂ ਦੇ ਭਾਈਚਾਰੇ ਨੇ ਵੱਧ ਚੜ੍ਹਕੇ ਹਿੱਸਾ ਲਿਆ। ਮਰਦਾਂ ਨਾਲੋਂ ਔਰਤਾਂ ਅਤੇ ਬੱਚਿਆਂ ਦੀ ਸੰਖਿਆ ਵਧੇਰੇ ਸੀ।

ਇਸ ਮੌਕੇ 'ਤੇ ਕਰੀਰ ਡੀ ਜੇ ਗਰੁੱਪ ਵਲੋਂ ਬਹੁਤ ਹੀ ਸ਼ਾਨਦਾਰ ਰੰਗਾ ਰੰਗ ਪਰੋਗਰਾਮ ਪੇਸ਼ ਕੀਤਾ ਗਿਆ ਅਤੇ ਚਾਹ ਪਾਣੀ ਦਾ ਅਤੁੱਟ ਲੰਗਰ ਵੀ ਵਰਤਿਆ।

ਕੁੱਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਓਡਬੀ ਪੰਜਾਬੀ ਐਸੋਸੀਏਸ਼ਨ ਵਲੋਂ ਵੈਸਾਖੀ ਮੇਲੇ ਦਾ ਇਹ ਇਕ ਬਹੁਤ ਹੀ ਸਫਲ ਤੇ ਯਾਦਗਾਰੀ ਆਯੋਜਿਨ ਸੀ ਜੋ ਮਨੋਰੰਜਨ ਦੇ ਨਾਲ ਨਾਲ ਭਾਈਚਾਰਕ ਸਾਂਝਾ ਨੂੰ ਹੋਰ ਪੱਕਿਆਂ ਕਰ ਗਿਆ।

# ਪੀ ਟੀ ਸੀ ਦੇ ਪ੍ਰੋਗਰਾਮ 'ਵਿਚਾਰ ਤਕਰਾਰ' ਨੂੰ ਫਿਰ ਮਿਲਿਆ ਪੁਰਸਕਾਰ

ਪ੍ਰੋ. ਕੁਲਬੀਰ ਸਿੰਘ




ਕਿਸੇ ਟੈਲੀਵਿਜ਼ਨ ਪ੍ਰੋਗਰਾਮ ਵਿਚ ਸਾਲਾਂ ਤੱਕ ਲਗਾਤਾਰਤਾ ਅਤੇ ਮਿਆਰ ਬਣਾਈ ਰੱਖਣਾ ਮੁਸ਼ਕਲ ਹੁੰਦਾ ਹੈ। ਜੇਕਰ ਅਜਿਹਾ ਸੰਭਵ ਹੁੰਦਾ ਹੈ ਤਾਂ ਇਸਦੇ ਪਿੱਛੇ ਸੰਬੰਧਤ ਅਦਾਰੇ, ਚੈਨਲ, ਪ੍ਰੋਗਰਾਮ ਪੋਡਿਊਸਰ ਅਤੇ ਐਂਕਰ ਦੀ ਵੱਡੀ ਭੂਮਿਕਾ ਹੁੰਦੀ ਹੈ। 'ਵਿਚਾਰ ਤਕਰਾਰ' ਇਕ ਅਜਿਹਾ ਹੀ ਪ੍ਰੋਗਰਾਮ ਹੈ ਜਿਹੜਾ ਸਾਲਾਂ ਤੋਂ ਚਰਚਾ ਵਿਚ ਹੈ। ਜਿਸ ਵਿਚ ਲੋਕ-ਮੁੱਦਿਆਂ ਨੂੰ ਉਭਾਰਿਆ ਜਾਂਦਾ ਹੈ ਅਤੇ ਮਿਆਰ ਵੀ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸੇ ਲਈ ਇਸ ਚਲੰਤ ਮਾਮਲਿਆਂ 'ਤੇ ਆਧਾਰਿਤ ਪ੍ਰੋਗਰਾਮ ਨੂੰ ਲਗਾਤਾਰ ਤੀਸਰੀ ਵਾਰ ਈ.ਐਨ.ਬੀ.ਏ. ਐਵਾਰਡ ਮਿਲਿਆ ਹੈ। ਅਜਿਹਾ ਪੀ ਟੀ ਸੀ ਦੇ ਮੁਖ ਸੰਪਾਦਕ ਅਤੇ ਇਸ ਪ੍ਰੋਗਰਾਮ ਦੇ ਪੇਸ਼ਕਾਰ ਹਰਪ੍ਰੀਤ ਸਿੰਘ ਸਾਹਨੀ ਦੀ ਲਗਨ, ਮਿਹਨਤ, ਸਿਆਣਪ ਅਤੇ ਸ਼ਖ਼ਸੀਅਤ ਸਦਕਾ ਸੰਭਵ ਹੋਇਆ ਹੈ। ਉਹ ਜਿਸ ਸਹਿਜ ਅਤੇ ਸਮਝ ਨਾਲ ਇਹ ਪ੍ਰੋਗਰਾਮ ਪੇਸ਼ ਕਰਦੇ ਹਨ ਅੱਜ ਕਲ੍ਹ ਅਜਿਹੀਆਂ ਉਦਾਹਰਨਾਂ ਬਹੁਤ ਘੱਟ ਮਿਲਦੀਆਂ ਹਨ। ਇਸ ਮੁਕਾਮ 'ਤੇ ਪਹੁੰਚਣ ਲਈ ਹਰਪ੍ਰੀਤ ਸਿੰਘ ਸਾਹਨੀ ਨੂੰ ਸਖ਼ਤ ਮਿਹਨਤ ਕਰਨੀ ਪਈ।

ਜਿਸ ਸ਼ੌਕ ਤੇ ਸਬਰ, ਸਵੈ-ਵਿਸ਼ਵਾਸ ਤੇ ਸਮਝ ਨਾਲ ਉਹ ਟੈਲੀਵਿਜ਼ਨ ਪਰਦੇ 'ਤੇ ਪੇਸ਼ ਹੁੰਦਾ ਹੈ ਅਜਿਹੀਆਂ ਉਦਾਹਰਨਾਂ ਵੀ ਬਹੁਤ ਘੱਟ ਵੇਖਣ ਵਿਚ ਆਈਆਂ ਹਨ। ਪਹਿਰਾਵਾ ਤਾਂ ਹਰ ਕੋਈ ਪਹਿਨਦਾ ਹੈ ਪਰ ਸੁਹਜ-ਸੁਆਦ ਅਤੇ ਰੰਗਾਂ ਦੇ ਸੁਮੇਲ ਦੀ ਜੋ ਸਮਝ ਹਰਪ੍ਰੀਤ ਸਿੰਘ ਨੂੰ ਹੈ ਉਹ ਕਿਸੇ ਵਿਰਲੇ ਟਾਵੇਂ ਨੂੰ ਹੀ ਹੁੰਦੀ ਹੈ। ਇਸੇ ਲਈ ਜੱਚਦੇ ਫੱਬਦੇ ਸਰਦਾਰ ਵਜੋਂ ਉਸਨੂੰ ਬਹੁਤ ਸਾਰੇ ਇਸ਼ਤਿਹਾਰ ਮਿਲੇ ਹੋਏ ਹਨ ਅਤੇ ਬਹੁਤ ਸਾਰੇ ਅਦਾਰੇ ਉਸਦੀਆਂ ਸੇਵਾਵਾਂ ਲੈ ਰਹੇ ਹਨ।

ਹਰਪ੍ਰੀਤ ਸਿੰਘ ਸਾਹਨੀ ਦੀ ਇਹ ਵਿਸ਼ੇਸ਼ਤਾ ਰਹੀ ਹੈ ਕਿ ਬਤੌਰ ਨਿਊਜ਼ ਐਂਕਰ ਉਹ ਹਮੇਸ਼ਾ ਸਥਾਨਕ, ਕੌਮੀ ਅਤੇ ਕੌਮਾਂਤਰੀ ਖ਼ਬਰਾਂ ਪੇਸ਼ ਕਰਦੇ ਸਮੇਂ ਤੱਥਾਂ, ਅੰਕੜਿਆਂ 'ਤੇ ਆਧਾਰਿਤ ਗੱਲ ਕਰਦੇ ਹਨ। ਲੋੜ ਅਨੁਸਾਰ ਖੋਜ ਪੜਤਾਲ ਕਰਨੀ ਵੀ ਉਸਦੇ ਸਭਾ ਦਾ ਹਿੱਸਾ ਹੈ। ਆਪਣੇ ਸਹਿਯੋਗੀਆਂ ਅਤੇ ਸਮਕਾਲੀ ਮੀਡੀਆ ਸ਼ਖ਼ਸੀਅਤਾਂ ਨਾਲ ਤਾਲਮੇਲ ਬਣਾ ਕੇ ਰੱਖਣਾ ਵੀ ਉਸਨੂੰ ਆਉਂਦਾ ਹੈ। ਨਿਊਜ਼ ਐਂਕਰ ਲਈ ਲੋੜੀਂਦੀ ਸੰਜੀਦਾ ਦਿੱਖ ਨੂੰ ਬਣਾਈ ਰੱਖਣਾ ਵੀ ਉਸਨੂੰ ਖ਼ੂਬ ਆਉਂਦਾ ਹੈ ਅਤੇ ਜਿੱਥੇ ਮੁਸਕਰਾਹਟ ਦੀ ਜ਼ਰੂਰਤ ਹੋਵੇ, ਚਾਹੇ ਵਿਅੰਗ ਵਜੋਂ ਹੀ, ਉਹ ਵੀ ਬਖੇਰ ਜਾਂਦਾ ਹੈ।

ਉਸ ਦੁਆਰਾ ਵੱਖ ਵੱਖ ਖੇਤਰਾਂ ਦੀਆਂ ਚੁਣੀਂਦਾ ਸ਼ਖ਼ਸੀਅਤਾਂ ਨਾਲ ਕੀਤੀਆਂ ਵਿਸ਼ੇਸ਼ ਮੁਲਾਕਾਤਾਂ ਦਰਸ਼ਕ ਉਚੇਚ ਨਾਲ ਵੇਖਦੇ ਸੁਣਦੇ ਹਨ। ਜਿੱਥੇ ਉਸਨੂੰ ਹਰੇਕ ਮੁੱਦੇ-ਮਸਲੇ ਦੀ ਗਹਿਰਾਈ ਵਿਚ ਸਮਝ ਹੁੰਦੀ ਹੈ ਉਥੇ ਪੰਜਾਬੀ ਪਿਛੋਕੜ ਕਾਰਨ ਕਦੇ ਵੀ ਸੰਚਾਰ ਅਤੇ ਸ਼ਬਦ-ਚੋਣ ਦੀ ਸਮੱਸਿਆ ਨਹੀਂ ਆਈ। ਹਰੇਕ ਮੌਕੇ ਅਤੇ ਗੱਲਬਾਤ ਅਨੁਸਾਰ ਉਸ ਕੋਲ ਢੁੱਕਵੀਂ ਸ਼ਬਦਾਵਲੀ ਮੌਜੂਦ ਹੁੰਦੀ ਹੈ। ਆਪਣੀਆਂ ਇਨ੍ਹਾਂ ਵਿਸ਼ੇਸ਼ਤਾਵਾਂ ਸਦਕਾ ਹਰਪ੍ਰੀਤ ਸਿੰਘ ਸਾਹਨੀ ਨੇ ਬਤੌਰ ਨਿਊਜ਼ ਐਂਕਰ ਵਿਸ਼ਵ ਪੰਜਾਬੀ ਭਾਈਚਾਰੇ ਵਿਚ ਆਪਣੀ ਨਿਵੇਕਲੀ ਪਹਿਚਾਣ ਸਥਾਪਿਤ ਕਰ ਲਈ ਹੈ।

ਜਦ ਦੂਰਦਰਸ਼ਨ ਦਾ ਬੋਲਬਾਲਾ ਸੀ ਤਾਂ ਦੂਰਦਰਸ਼ਨ ਦੇ ਕੌਮੀ ਚੈਨਲ ਤੋਂ ਬੜੇ ਸੁਹਜ ਸਲੀਕੇ ਨਾਲ ਖ਼ਬਰ ਬੁਲਿਟਨ ਪੇਸ਼ ਕੀਤੇ ਜਾਂਦੇ ਸਨ। ਲੰਮਾ ਸਮਾਂ ਬੀਤ ਜਾਣ ਬਾਅਦ ਵੀ ਦਰਸ਼ਕ ਅੱਜ ਤੱਕ ਉਨ੍ਹਾਂ ਨੂੰ ਯਾਦ ਕਰਦੇ ਹਨ। ਉਨ੍ਹਾਂ ਕੋਲ ਉੱਚ-ਵਿਦਿਅਕ ਯੋਗਤਾ ਸੀ, ਪ੍ਰਭਾਵਸ਼ਾਲੀ ਸੰਚਾਰ-ਸਮਰੱਥਾ ਸੀ, ਆਕਰਸ਼ਕ ਤੇ ਸੰਜੀਦਾ ਦਿੱਖ ਸੀ, ਪਹਿਰਾਵੇ ਪ੍ਰਤੀ ਇਕ ਸਮਝ-ਸਲੀਕਾ ਸੀ, ਸਪਸ਼ਟ ਸਹੀ, ਸ਼ੁੱਧ ਉਚਾਰਨ ਸੀ। ਹਿੰਦੀ, ਅੰਗਰੇਜ਼ੀ ਦੇ ਬਹੁਤ ਸਾਰੇ ਨਿਊਜ਼ ਐਂਕਰਾਂ ਦੀ ਉਦੋਂ ਧਾਂਕ ਸੀ। ਵੱਡੀ ਗੱਲ ਦਰਸ਼ਕ ਦਿਲੋਂ ਪਿਆਰ ਸਤਿਕਾਰ ਕਰਦੇ ਸਨ।

ਤਸੱਲੀ ਵਾਲੀ ਗੱਲ ਹੈ ਕਿ ਹਰਪ੍ਰੀਤ ਸਿੰਘ ਸਾਹਨੀ ਵੀ ਉਸੇ ਸਹਿਜ, ਉਸੇ ਸਲੀਕੇ, ਉਸੇ ਸਵੈ-ਵਿਸ਼ਵਾਸ, ਉਸੇ ਸਮਝ, ਉਸੇ ਰੋਹਬ, ਉਸੇ ਮੜ੍ਹਕ, ਉਸੇ ਮਿਹਨਤ, ਉਸੇ ਲਗਨ ਨਾਲ ਅੱਗੇ ਵਧ ਰਿਹਾ ਹੈ। ਪੰਜਾਬੀ ਟੈਲੀਵਿਜ਼ਨ ਨੂੰ ਮਾਣ ਹੈ ਕਿ ਉਸ ਕੋਲ ਹਰਪ੍ਰੀਤ ਸਿੰਘ ਵਰਗੇ ਕਾਬਲ ਤੇ ਦਰਸ਼ਕਾਂ ਨੂੰ ਕਾਇਲ ਕਰ ਲੈਣ ਵਾਲੇ ਨਿਊਜ਼ ਐਂਕਰ ਹਨ। ਪੰਜਾਬੀ ਟੈਲੀਵਿਜ਼ਨ ਉਦਯੋਗ ਨੂੰ ਅੱਜ ਅਜਿਹੇ ਨਿਊਜ਼ ਐਂਕਰਾਂ ਦੀ ਡਾਹਢੀ ਲੋੜ ਹੈ।

ਅੱਜ ਬਹੁਤੇ ਨਿਊਜ਼ ਐਂਕਰ ਇਸ ਜ਼ਿੰਮੇਵਾਰੀ ਨੂੰ ਉਸ ਸੰਜੀਦਗੀ ਨਾਲ ਨਹੀਂ ਨਿਭਾਉਂਦੇ ਜਿਸਦੀ ਲੋੜ ਹੁੰਦੀ ਹੈ। ਹਰੇਕ ਪਹਿਲੂ 'ਤੇ ਧਿਆਨ ਦੇਣ ਦੀ, ਹੋਮ ਵਰਕ ਕਰਨ ਦੀ ਜ਼ਰੂਰਤ ਹੁੰਦੀ ਹੈ। ਵਧੇਰੇ ਨਿਊਜ਼ ਐਂਕਰ, ਵਧੇਰੇ ਆਤਮ-ਵਿਸ਼ਵਾਸ ਦੇ ਸ਼ਿਕਾਰ ਹੋ ਗਏ ਹਨ ਪਰ ਮਿਹਨਤ ਤੋਂ ਕੰਨੀਂ ਕਤਰਾਉਂਦੇ ਹਨ। ਜ਼ਿੰਦਗੀ ਵਿਚ ਸਫ਼ਲਤਾ ਲਈ ਹਰੇਕ ਖੇਤਰ ਵਿਚ ਲਗਾਤਾਰ ਮਿਹਨਤ ਦੀ ਲੋੜ ਹੁੰਦੀ ਹੈ ਪਰ ਮੀਡੀਆ ਦੇ ਖੇਤਰ ਵਿਚ ਇਹ ਮਿਹਨਤ ਕਈ ਗੁਣਾਂ ਵੱਧ ਕਰਨੀ ਪੈਂਦੀ ਹੈ।

# ਹਕੁ ਪਰਾਇਆ ਨਾਨਕਾ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋ: 98781-11445

ਮੇਰੇ ਪਿਤਾ ਜੀ ਨੇ ਬਚਪਨ ਵਿੱਚ ਇੱਕ ਵਾਰ ਸ਼ਾਮ ਦੇ ਸਮੇਂ ਮੈਨੂੰ ਆਵਾਜ਼ ਮਾਰੀ ਅਤੇ ਕਿਹਾ "ਮੇਰੀ ਜੇਬ ਵਿੱਚੋਂ ਕਣਕ ਵੱਢਕੇ ਆਏ ਮਜਦੂਰ ਨੂੰ ਦਿਹਾੜੀ ਦੇ ਪੈਸੇ ਦਿਉ" ਮੈਂ ਆਨਾ-ਕਾਨੀ ਕਰਕੇ ਕਿਹਾ ਨਹੀਂ ਸਵੇਰ ਨੂੰ ਇੱਕਠੇ ਦੇ ਦਿਆਂਗੇ ਪਰ ਮੇਰੇ ਪਿਤਾ ਜੀ ਨੇ ਮੈਨੂੰ ਸਬਕ ਦਿੱਤਾ "ਪੁੱਤ ਮਜਦੂਰ ਨੂੰ ਪਸੀਨਾ ਸੁੱਕਣ ਤੋਂ ਪਹਿਲਾ ਉਸ ਦੀ ਮਜਦੂਰੀ ਦੇਣੀ ਚਾਹੀਦੀ ਹੈ" ਉਹਨਾਂ ਦੀ ਇਹ ਸਿੱਖਿਆ ਅੱਜ ਜਦੋਂ ਮਜਦੂਰ ਵਰਗ ਦੀ ਤਰਾਸਦੀ ਵੱਲ ਵੇਖਦਾ ਹਾਂ ਤਾਂ ਆਪਣੇ ਆਪ ਲਈ ਸਬਕ ਮਿਲ ਜਾਂਦਾ ਹੈ। ਸਮਾਜ, ਕੌਮ ਅਤੇ ਮੁਲਕ ਦੀ ਬੁਨਿਆਦ ਮਜਦੂਰ ਜਮਾਤ ਉੱਤੇ ਨਿਰਭਰ ਕਰਦੀ ਹੈ। ਭਾਵੇਂ ਮਸ਼ੀਨੀ ਯੁੱਗ ਕਰਕੇ ਮਜਦੂਰ ਦੀ ਕੀਮਤ ਘੱਟ ਸਮਝੀ ਜਾਣ ਲੱਗੀ ਹੈ ਪਰ ਆਖਿਰ ਹੱਥ ਹਿਲਾਉਣਾ ਹੀ ਪੈਂਦਾ ਹੈ। ਜਦੋਂ ਹੱਥ ਹਿਲਾਉਣਾ ਪੈਂਦਾ ਹੈ ਤਾਂ ਉਹ ਇੱਕ ਕਿਸਮ ਦਾ ਮਜਦੂਰ ਹੀ ਹੁੰਦਾ ਹੈ। ਮਜਦੂਰ ਨਾਲ ਬੇ-ਇਨਸਾਫੀ ਅਤੇ ਹੱਕ ਮਰਨਾ ਸ਼ੁਰੂ ਤੋਂ ਨਾਲ ਹੀ ਰਿਹਾ। ਕਿਰਤੀ ਦੀ ਕਦਰ ਕਰਨਾ ਮਨੁੱਖਤਾ ਦਾ ਸੁਭਾਅ ਹੋਣਾ ਚਾਹੀਦਾ ਸੀ ਪਰ ਇਸ ਨੂੰ ਬੂਰ ਨਹੀਂ ਪਿਆ। ਕਿਰਤੀ ਮਜਦੂਰ ਦੀ ਉੱਪਜ ਧੰਨ ਹੰਦੀ ਹੈ ਕਿਰਤੀ ਜਮਾਤ ਇਸ ਧੰਨ ਦਾ ਖਜ਼ਾਨਾ ਹੁੰਦੀ ਹੈ। ਪੁਆੜਾ ਉਦੋਂ ਪੈਂਦਾ ਹੈ ਜਦੋਂ ਮਜਦੂਰ ਕਿਰਤੀ ਦੀ ਮਿਹਨਤ ਅਤੇ ਉੱਪਜ ਨੂੰ ਕੋਈ ਨਿੱਜੀ ਸਮਝ ਲੈਂਦਾ ਹੈ। ਕਿਰਤ ਇੱਕ ਸੂਖਮ ਜੀਵ ਹੈ ਜਦੋਂ ਕਿ ਮੋਟੇ ਪੂੰਜੀਵਾਦ ਇਹਨਾਂ ਨੂੰ ਖਾਈ ਜਾ ਰਹੇ ਹਨ। ਛੋਟਿਆਂ ਕੋਲ ਮਜਦੂਰ ਵਰਗ ਲਈ ਕੁੱਝ ਕਰਨ ਦੀ ਗੁੰਜਾਇਸ਼ ਹੈ ਪਰ ਵੱਡੇ ਤਾਂ ਮਜਦੂਰ ਦੀ ਸ਼ਕਤੀ ਨੂੰ ਹੜੱਪਣ ਦੀ ਕੋਸ਼ਿਸ ਵਿੱਚ ਰਹਿੰਦੇ ਹਨ। ਅੱਜ ਦੇ ਮਜਦੂਰ ਦਾ ਹਾਲ, ਸਮਾਜਿਕ ਢਾਂਚਾ ਅਤੇ ਜੀਵਨ ਜਾਂਚ ਦੇਖੀ ਘੋਖੀ ਅਤੇ ਪਰਖੀ ਜਾਵੇ ਤਾਂ ਇਹ ਵਰਗ ਵਿਤਕਰੇ ਅਤੇ ਨਾ-ਇਨਸ਼ਾਫੀ ਦੀ ਮੂਲ ਇਕਾਈ ਝੱਲਕਦੀ ਹੈ। ਇਤਿਹਾਸ ਗਵਾਹ ਹੈ ਕਿ ਮਜਦੂਰ ਕਿਰਤ ਵਿੱਚ ਖੁੱਭ ਕੇ ਜੀਵਨ ਜੀਊਂਦਾ ਹੈ ਪਰ ਕੁੱਲੀ, ਗੁੱਲੀ ਅਤੇ ਜੁੱਲੀ ਲਈ ਤਰਸਦਾ ਰਹਿੰਦਾ ਹੈ। ਸਭ ਤੋਂ ਲਚਾਰੀ ਉਦੋਂ ਹੁੰਦੀ ਹੈ ਜਦੋਂ ਆਪਣੇ ਬੱਚਿਆਂ ਦੀ ਰੀਝ ਪੂਰੀ ਕਰਨ ਨਾਲੋਂ ਪਰਿਵਾਰ ਦੇ ਲੂਣ, ਤੇਲ ਅਤੇ ਆਟੇ ਨੂੰ ਤਰਜੀਹ ਦੇਣੀ ਪੈਂਦੀ ਹੈ।

ਮਜਦੂਰਾਂ ਦੀ ਸਾਰ ਲੈਣ ਲਈ ਮਜਦੂਰ ਦਿਵਸ ਮਨਾ ਕੇ ਬੁੱਤਾ ਸਾਰ ਲਿਆ ਜਾਂਦਾ ਹੈ ਇਸ ਵਿੱਚ ਮਜਦੂਰ ਵਰਗ ਦੇ ਬੇਵੱਸੀ ਅਤੇ ਸਰਕਾਰੀ ਧਿਰ ਦੀ ਖਾਨਾਪੂਰਤੀ ਹੋ ਜਾਂਦੀ ਹੈ। ਲੋਟੂ ਜਮਾਤ ਜੋ ਮਜਦੂਰ ਦਾ ਖੂਨ ਪੀਂਦੀ ਹੈ ਉਹ ਨਾਨਕ ਸਿੰਘ ਦੇ ਕਥਨ "ਲੋਕ ਪਾਣੀ ਪੁਣ ਕੇ ਪੀਂਦੇ ਹਨ ਪਰ ਲੁਕਾਈ ਦਾ ਖੂਨ ਅਣਪੁਣਿਆਂ ਹੀ ਪੀ ਜਾਂਦੇ ਹਨ" ਦੇ ਕਥਨ ਅੱਜ ਵੀ ਢੁੱਕਵੇਂ ਹਨ। ਲੋਕਾਂ ਅਤੇ ਜੋਕਾਂ ਦਾ ਫਲਸਫਾ ਸ਼ੁਰੂ ਤੋਂ ਹੀ ਭਾਰੀ ਰਿਹਾ ਜਦੋਂ ਇਸ ਫਲਸਫੇ ਅਤੇ ਪਾੜੇ ਵਿਰੁੱਧ ਕੁੱਝ ਜਗਿਆਸਾ ਆਈ ਤਾਂ ਮਜਦੂਰ ਵਰਗ ਸੁਲਗਿਆ ਪਰ ਕਾਰਪੋਰੇਟ ਜਗਤ ਨੂੰ ਇਹ ਗੱਲ ਪਚੀ ਨਹੀਂ। ਇਸ ਲਈ ਹੰਉਮੈਂ ਅਤੇ ਹੰਕਾਰ ਵਿੱਚੋਂ ਮਜਦੂਰਾਂ ਦਾ ਘਾਣ ਕੀਤਾ। ਇਸੇ ਲਈ ਮਜਦੂਰ ਦਿਵਸ 01 ਮਈ 1886 ਤੋਂ ਮਜਦੂਰ ਦਿਵਸ ਮਨਾਉਣਾ ਸ਼ੁਰੂ ਹੋਇਆ। ਦੁਖਦ ਗੱਲ ਇਹ ਹੈ ਕਿ ਇਸ ਦਿਨ ਲਈ ਮਜਦੂਰਾਂ ਦਾ ਘਾਣ ਕੀਤਾ ਗਿਆ ਜਿਸ ਤੋਂ ਬਿਨਾ ਦਲੀਲਬਾਜੀ ਨਾਲ ਹੱਲ ਕੱਢਿਆ ਜਾ ਸਕਦਾ ਸੀ। ਇਸ ਵਰਤਾਰੇ ਪਿੱਛੇ ਕਾਰਪੋਰੇਟ ਦਾ ਹੰਕਾਰ ਗੂੰਜਿਆਂ। ਆਲਮੀ ਪੱਧਰ ਤੋਂ ਬਾਅਦ ਭਾਰਤ ਵਿੱਚ ਵੀ ਮਜਦੂਰਾਂ ਪ੍ਰਤੀ ਜਗਿਆਸਾ ਵਧੀ। ਇਸ ਲਈ ਭਾਰਤ ਵਿੱਚ ਮਜਦੂਰ ਨੂੰ 8 ਘੰਟੇ ਕੰਮ ਕਰਨ ਦਾ ਕਾਨੂੰਨ ਬਣਿਆ। ਹਾਂ ਇੱਕ ਗੱਲ ਜਰੂਰ ਹੈ 1991 ਤੋਂ ਭਾਰਤ ਮਾਤਾ ਅੰਦਰ ਕਿਰਤ ਸੁਧਾਰਾਂ ਦੀ ਕੋਸ਼ਿਸ ਸ਼ੁਰੂ ਹੋਈ। ਉਂਝ ਭਾਰਤ ਵਿੱਚ ਮਜਦੂਰ ਦਿਵਸ ਮਨਾਉਣ ਦੀ ਸ਼ੁਰੂਆਤ 01 ਮਈ 1923 ਤੋਂ ਚੇਨਈ ਤੋਂ ਸ਼ੁਰੂ ਹੋਈ। ਇਸ ਦੀ ਸ਼ੁਰੂਆਤ ਕਾਮਰੇਡ ਸਿੰਗਰਾਵੇਲੂ ਚੇਟਿਆਰ ਨੇ ਸ਼ੁਰੂ ਕੀਤੀ। ਅੱਜ ਸੰਸਾਰ ਦੇ 80 ਦੇ ਲੱਗਭਗ ਦੇਸ਼ ਮਜਦੂਰ ਦਿਵਸ ਮਨਾਉਂਦੇ ਹਨ। ਇਹਨਾਂ ਸਭ ਕਾਸੇ ਪਿੱਛੇ 1886 ਦਾ ਸਾਕਾ ਹੀ ਕੰਮ ਕਰਦਾ ਹੈ। ਮਜਦੂਰ ਦਿਵਸ ਮਜਦੂਰ ਨੂੰ ਆਪਣੀ ਹੋਂਦ ਅਤੇ ਕਿਰਤ ਸ਼ਕਤੀ ਲਈ ਉਤਸ਼ਾਹਿਤ ਕਰਦਾ ਹੈ। ਇਸ ਨਾਲ ਮਜਦੂਰ ਜਾਗਰੂਕ ਹੋਕੇ ਕੁੱਝ ਸਮੇਂ ਲਈ ਸੁਰੱਖਿਆ ਮਹਿਸੂਸ ਕਰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਰਾਜਨੀਤਿਕ ਵਰਗ ਵੀ ਜਵਾਬਦੇਹ ਬਣਦਾ ਹੈ।

ਮਜਦੂਰ, ਕਿਰਤ ਅਤੇ ਕਿਰਤ ਸ਼ਕਤੀ ਦੀ ਦਿਸ਼ਾ ਅਤੇ ਦਸ਼ਾ ਪਹਿਲੀ ਪਾਤਸ਼ਾਹੀ ਨੇ ਦੁਨਿਆਵੀ ਅਤੇ ਰੂਹਾਨੀ ਤੌਰ ਤੇ 1452 ਵਿੱਚ ਸੈਦਪੁਰ ਏਮਨਾਬਾਦ ਪਾਕਿਸਤਾਨ ਵਿੱਚ ਉਜਾਗਰ ਕੀਤੀ ਸੀ। "ਕਿਰਤ ਕਰੋ ਨਾਮ ਜਪੋ ਅਤੇ ਵੰਡ ਛਕੋ" ਦਾ ਸੁਨਹਿਰੀ ਸੁਨੇਹਾ ਵੀ ਇੱਥੋਂ ਹੀ ਮਿਲਦਾ ਹੈ। ਗੁਰੂ ਸਾਹਿਬ ਨੇ ਮਲਕ ਭਾਗੋ ਅਤੇ ਭਾਈ ਲਾਲੋ ਦਾ ਨਿਖੇੜ ਅਤੇ ਨਿਬੇੜ ਕਰਕੇ ਕਿਰਤ ਨੂੰ ਪ੍ਰਧਾਨ ਬਣਾਇਆ। ਅੱਜ ਭਾਵੇਂ ਸਮੇਂ ਦੇ ਹਾਣ ਅਨੁਸਾਰ ਮਲਕ ਭਾਗੋ ਨਵੇਂ ਜਾਮੇ ਵਿੱਚ ਆ ਜਾਂਦੇ ਹਨ ਪਰ ਫੈਸਲਾ ਉਹੀ ਹੁੰਦਾ ਹੈ ਜੋ ਗੁਰੂ ਸਾਹਿਬ ਨੇ ਦੱਸਿਆ ਸੀ। ਕਰਤਾਰਪੁਰ ਵਿੱਚ ਖੁਦ ਖੇਤੀ ਦੀ ਹੱਥੀ ਕਿਰਤ ਕਰਕੇ ਮਾਨਵਤਾ ਨੂੰ ਸੰਦੇਸ਼ ਦਿੱਤਾ। "ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹੁ ਪਛਾਣਹਿ ਸੇਇ" ਅੱਜ ਦੇ ਸਮੇਂ ਵਿੱਚ ਦੇਖਿਆ ਜਾਵੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਘੱਟ ਲੋਕ ਪਲੇ ਬੰਨਦੇ ਹਨ ਬਹੁਤੇ ਲੋਕ ਕਲਯੁੱਗ ਦੇ ਘੇਰੇ ਵਿੱਚ ਹੀ ਹਨ। ਮਜਦੂਰ ਵਰਗ ਲਈ ਅੱਜ ਵੀ ਇਹ ਗੱਲ ਤਰੋ ਤਾਜ਼ਾ ਰਹਿੰਦੀ ਹੈ ਕਿ ਇਸ ਨੂੰ ਘੱਟ ਪੈਸੇ ਦਿੱਤੇ ਜਾਣ। ਮਜਦੂਰ ਲੋਕ ਹੱਥੀਂ ਮਿਹਨਤ ਕਰਕੇ ਪਰਿਵਾਰ ਪਾਲਦੇ ਹਨ। ਬਚਪਨ ਵਿੱਚ ਜਦੋਂ ਅਸੀਂ ਸੋਝੀ ਸੰਭਲੀ ਤਾਂ ਸਾਡੇ ਬਜੁਰਗ ਖੇਤਾਂ ਦੇ ਕੰਮ ਲਈ ਮਜਦੂਰ ਦਿਹਾੜੀ ਉੱਤੇ ਲਾਉਂਦੇ ਸਨ ਇਸ ਦੇ ਨਾਲ ਉਹਨਾਂ ਨੂੰ ਤਨਖਾਹ ਦੇ ਨਾਲ ਰੋਟੀ, ਚਾਹ ਅਤੇ ਪਾਣੀ ਵੀ ਦਿੰਦੇ ਸਨ। ਮਜਦੂਰ ਦਾ ਹੱਕ ਮਾਰਨ ਦੀ ਕੋਈ ਗੱਲ ਹੀ ਨਹੀਂ ਹੁੰਦੀ ਸੀ। ਇਸੇ ਲਈ ਪਿੰਡਾਂ ਵਿੱਚ ਸੱਚੀਂ ਮੁੱਚੀਂ ਰੱਬ ਵੱਸਦਾ ਸੀ। ਮਜਦੂਰ ਦਾ ਹੱਕ ਅਤੇ ਪੈਸਾ ਮਾਰਨਾ ਆਪਣੀ ਸ਼ਾਨ ਅਤੇ ਹੱਕ ਸਮਝਣ ਵਾਲੇ ਲੋਕਾਂ ਨੂੰ ਗੁਰਬਾਣੀ ਦਾ ਇਹ ਹੁਕਮ ਮੰਨਣਾ ਪਵੇਗਾ।

*"ਹਕੁ ਪਰਾਇਆ ਨਾਨਕਾ*
*ਉਸੁ ਸੂਅਰ ਉਸੁ ਗਾਇ"*

ਅੱਜ ਮਜਦੂਰ ਦਾ ਘਾਣ, ਸ਼ੋਸ਼ਣ ਅਤੇ ਹੱਕ ਮਾਰਨ ਦਾ ਤਰੀਕਾ ਨਵੇਂ ਯੁੱਗ ਅਨੁਸਾਰ ਬਿਰਾਜਮਾਨ ਹੈ। ਭੱਠਾ ਮਜਦੂਰ, ਖੇਤੀ ਖੇਤਰ, ਉਦਯੋਗਿਕ ਖੇਤਰ ਅਤੇ ਮਜਦੂਰ ਵਰਗ ਦੇ ਹੋਰ ਖੇਤਰ ਆਪਣੀ ਕਿਰਤ ਰਾਹੀਂ ਕਿਰਤ ਵੇਚਕੇ ਗੁਜਾਰਾ ਕਰਦੇ ਹਨ। ਕਿਰਤੀ ਵਰਗ ਅੱਜ ਵੀ ਸੁਰੱਖਿਅਤ ਨਹੀਂ ਹੈ। ਛੁੱਟੀ ਲਈ ਤਰਸਦਾ ਰਹਿੰਦਾ ਹੈ ਮਿਹਨਤ ਦੀ ਕੀਮਤ ਘੱਟ ਮਿਲਦੀ ਹੈ। ਸਿਹਤ, ਸਿੱਖਿਆ ਅਤੇ ਸੁਰੱਖਿਆ ਪੱਖੋਂ ਵੀ ਵਿਹੂਣਾ ਹੈ। ਮਜਦੂਰ ਅਤੇ ਧਨਾਢ ਦਾ ਪਾੜਾ ਅੱਜ ਵੀ ਉਸੇ ਤਰ੍ਹਾਂ ਹੀ ਹੈ। ਮਜਦੂਰ ਵਰਗ ਦੀ ਸਭ ਤੋਂ ਵੱਡੀ ਤਰਾਸਦੀ ਇਹ ਹੈ ਕਿ ਜਦੋਂ ਉਮਰ ਦਾ ਪੜਾਅ ਠੀਕ ਹੁੰਦਾ ਹੈ ਤਾਂ ਮਿਹਨਤ ਕਰਕੇ ਜੀਵਨ ਗੁਜਾਰ ਲੈਂਦਾ ਹੈ ਪਰ ਜਦੋਂ ਬੁਢਾਪੇ ਵਿੱਚ ਜਾਂਦਾ ਹੈ ਤਾਂ ਇਹਨਾਂ ਦਾ ਬੁਢਾਪਾ ਸਰਾਪਿਆ ਜਾਂਦਾ ਹੈ। ਸਮਾਜਿਕ, ਆਰਥਿਕ ਅਤੇ ਸਿਹਤ ਦੀ ਰੱਖਿਆ ਲਈ ਮਜਦੂਰ ਵਰਗ ਦੀ ਕੋਈ ਗਰੰਟੀ ਨਹੀਂ ਹੈ। ਕਰੋਨਾ ਕਾਲ ਵਿੱਚ ਮਜਦੂਰ ਦੀ ਦਸ਼ਾ ਨੇ ਨਵੇਂ ਅਧਿਆਏ ਲਿਖੇ। ਜਦੋਂ ਕਿਰਤੀ ਨੂੰ ਕਿਰਤ ਦਾ ਮੁੱਲ ਠੀਕ ਨਹੀਂ ਲੱਗਦਾ ਤਾਂ ਉਹ ਬਾਹਰਲੇ ਮੁਲਕਾਂ ਨੂੰ ਭੱਜਦੇ ਹਨ। ਜੇ ਇਹਨਾਂ ਬਾਹਰ ਨੂੰ ਭੱਜਣ ਵਾਲਿਆਂ ਨੂੰ ਪੁੱਛਿਆ ਜਾਵੇ ਤਾਂ ਇਹਨਾਂ ਦਾ ਸਰਬ ਪ੍ਰਵਾਨਿਤ ਜਵਾਬ ਹੁੰਦਾ ਹੈ ਕਿ ਸਾਨੂੰ ਉਹਨਾਂ ਦੇਸ਼ਾਂ ਵਿੱਚ ਕਿਰਤ ਦਾ ਅਸਲੀ ਅਤੇ ਸਹੀ ਮੁੱਲ ਮਿਲਦਾ ਹੈ। ਜਦੋਂ ਕਿਰਤ ਸ਼ਕਤੀ ਦੂਜੇ ਦੇਸ਼ਾਂ ਵੱਲ ਜਾਂਦੀ ਹੈ ਤਾਂ ਇਸਦਾ ਦੂਜਾ ਪੱਖ ਇਹ ਵੀ ਹੈ ਕਿ ਸਾਡੇ ਦੇਸ਼ ਵਿੱਚ ਕਿਰਤ ਸ਼ਕਤੀ ਦੀ ਕਮੀ ਆਉਂਦੀ ਹੈ ਜਿਸ ਨਾਲ ਵਿਕਾਸ ਰੋਕਦਾ ਹੈ। ਸਾਡੇ ਆਪਣੇ ਮੁਲਕ ਵਿੱਚ ਸਰਕਾਰ ਨੂੰ ਹੋਰ ਵੀ ਮਜਦੂਰ ਵਰਗ ਲਈ ਸੁਰੱਖਿਆ ਪ੍ਰਦਾਨ ਕਰਨ ਲਈ ਕਾਨੂੰਨ ਕਾਇਦੇ ਕਾਇਮ ਹੋਣੇ ਚਾਹੀਦੇ ਹਨ। ਇਸ ਨਾਲ ਮਜਦੂਰ ਵਰਗ ਲਈ ਬਾਹਰਲੇ ਮੁਲਕਾਂ ਦੇ ਬਰਾਬਰ ਢੁੱਕਵੇ ਪ੍ਰਬੰਧ ਵੀ ਹੋਣੇ ਚਾਹੀਦੇ ਹਨ। ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ 2022 ਵਿੱਚ ਮਜਦੂਰ ਲਈ ਸੁਨੇਹਾ ਦਿੱਤਾ ਸੀ "ਮਜਦੂਰ ਦਿਵਸ ਤੇ ਮੈਂ ਸਾਡੇ ਮਜਦੂਰਾਂ ਦੇ ਯਤਨਾਂ ਅਤੇ ਅਣਥੱਕ ਜ਼ਜਬੇ ਨੂੰ ਸਲਾਮ ਕਰਦਾ ਹਾਂ, ਜਿਹਨਾਂ ਦੇ ਹੁਨਰ ਅਤੇ ਜਨੂੰਨ ਨੇ ਰਾਸ਼ਟਰ ਨਿਰਮਾਣ ਲਈ ਵਿਕਾਸ ਦੀਆਂ ਨਵੀਆਂ ਰਾਹਾਂ ਉੱਕਰੀਆਂ" ਸਾਡੇ ਦੇਸ਼ ਦੀ ਬਹੁ-ਗਿਣਤੀ ਦਸਾਂ ਨਹੁੰਆਂ ਦੀ ਕਿਰਤ ਕਰਦੀ ਹੈ ਪਰ ਉਜਰਤ ਘੱਟ ਮਿਲਦੀ ਹੈ। ਇਸ ਲਈ ਉਹਨਾਂ ਨੂੰ ਅਨਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਸਿੱਟਾ ਇਹ ਨਿਕਲਦਾ ਹੈ ਕਿ ਮਜਦੂਰ ਦੇ ਸਿਰ ਤੇ ਅਮੀਰ ਹੋਰ ਅਮੀਰ ਹੋਈ ਜਾਂਦਾ ਹੈ।

ਮਜਦੂਰ ਆਪਣੀ ਕਿਰਤ ਸ਼ਕਤੀ ਨੂੰ ਪੇਟ ਭਰਨ ਤੱਕ ਸੀਮਤ ਰਹਿੰਦਾ ਹੈ। ਸਿਆਣੇ ਲੋਕ ਮਜਦੂਰ ਦੀ ਮਜਦੂਰੀ ਦਾ ਖਿਆਲ ਰੱਖਦੇ ਹਨ। ਸਮਾਜ ਵਿੱਚ ਮਜਦੂਰੀ ਮਾਰਨ ਵਾਲੇ ਵੀ ਹੁੰਦੇ ਹਨ ਅਜਿਹੇ ਲੋਕ ਮਨੁੱਖਤਾ ਦੇ ਨਾਮ ਤੇ ਕਲੰਕ ਹੁੰਦੇ ਹਨ। ਪਿੰਡਾਂ ਦੇ ਲੋਕ ਰਸੋਈ ਆਪਣੇ ਅਤੇ ਮਜਦੂਰ ਲਈ ਇਕੋ ਤਰ੍ਹਾਂ ਦੀ ਰੱਖਦੇ ਹਨ। ਖਾਣੇ ਵਿੱਚ ਵਿਤਕਰਾ ਨਹੀਂ ਕਰਦੇ। ਅੱਜ ਸਭ ਤੋਂ ਮਾੜੀ ਹਾਲਤ ਬਾਲ ਮਜਦੂਰੀ ਕਰਕੇ ਵੀ ਹੁੰਦੀ ਹੈ। ਬਚਪਨ, ਚਾਅ ਮਲਾਰ ਅਤੇ ਖੇਲ ਖਿਲਾਰ ਛੱਡਕੇ ਜਦੋਂ ਬਾਲ ਮਜਦੂਰੀ ਲਈ ਮਜਬੂਰ ਹੋਣਾ ਪੈਂਦਾ ਹੈ ਤਾਂ ਬਾਲਪਣ ਦੇ ਅਰਮਾਨ ਮਰ ਜਾਂਦੇ ਹਨ। ਇਹ ਸਮਾਜ ਦੀ ਵੱਡੀ ਬੁਰਾਈ ਹੈ। ਦੇਸ਼ ਦੀ ਤਰੱਕੀ, ਸੱਭਿਅਤਾ ਅਤੇ ਆਲਮੀ ਮੁਹਾਂਦਰੇ ਲਈ ਮਜਦੂਰ ਦੀ ਤਰਾਸਦੀ ਸਭ ਤੋਂ ਖਤਰਨਾਕ ਅਤੇ ਪਿਛਾਂਹ ਖਿੱਚੂ ਸਮਝੀ ਜਾਂਦੀ ਹੈ। ਇਸ ਪਿੱਛੇ ਜਗੀਰੂ ਪ੍ਰਬੰਧ ਹੁੰਦਾ ਹੈ। ਇਸ ਕਰਕੇ ਕਈ ਵਾਰ ਮਜਦੂਰ ਦਿਵਸ ਵਿੱਚੋਂ ਮਜਬੂਰ ਦਿਵਸ ਦੀ ਝੱਲਕ ਪੈਂਦੀ ਹੈ। ਮਜਦੂਰ ਦਿਵਸ ਹੋਰ ਹੀ ਮਨਾਈ ਜਾਂਦੇ ਹਨ ਜਦੋਂ ਕਿ ਮਜਦੂਰ ਤਾਂ ਵਿਚਾਰਾ ਆਪਣੀ ਮਜਦੂਰੀ ਅਤੇ ਢਿੱਡ ਭਰਨ ਲਈ ਮਿਹਨਤ ਵਿੱਚ ਖੁੱਭਿਆ ਰਹਿੰਦਾ ਹੈ। ਵਿਦਿਆ, ਸਿਹਤ, ਭੁੱਖ ਅਤੇ ਸਮਾਜਿਕ ਤਰਾਸਦੀ ਨਾਲ ਜੂਝਦਾ ਰਹਿੰਦਾ ਹੈ। ਇਸ ਸਾਰੇ ਵਿਰਤਾਰੇ ਨੂੰ ਸੰਤ ਰਾਮ ਉਦਾਸੀ ਨੇ ਇਉਂ ਵਰਨਣ ਕੀਤਾ ਸੀ।

*"ਮਾਂ ਧਰਤੀਏ ਤੇਰੀ ਗੋਦ ਨੂੰ*
*ਚੰਨ ਹੋਰ ਬਥੇਰੇ,*
*ਤੂੰ ਮਘਦਾ ਰਹੀ ਵੇ ਸੂਰਜਾ*
*ਕੰਮੀਆਂ ਦੇ ਵਿਹੜੇ,*
*ਜਿਥੇ ਤੰਗ ਨਾਲ ਸਮਝਣ ਤੰਗੀਆਂ ਨੂੰ,*
*ਜਿਥੇ ਮਿਲਣ ਅੰਗੂਠੇ ਸੰਘੀਆਂ ਨੂੰ,*
*ਜਿਥੇ ਵਾਲ ਤਰਸਦੇ ਕੰਘੀਆਂ ਨੂੰ,*
*ਨੱਕ ਵਗਦੇ ਅੱਖਾਂ ਚੁੰਨੀਆਂ ਨੂੰ*
*ਤੇ ਦੰਦ ਕਰੇੜੇ,*
*ਤੂੰ ਮਘਦਾ ਰਹੀ ਵੇ ਸੂਰਜਾ*
*ਕੰਮੀਆਂ ਦੇ ਵਿਹੜੇ"*

ਅੱਜ ਮਜਦੂਰ ਦੇ ਹਾਲਾਤ ਅਤੇ ਤਰਾਸਦੀ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਲਿਖਣ ਦੀ ਲੋੜ ਹੈ। ਮਜਦੂਰ ਨੂੰ ਲੁੱਟਣ ਵਾਲਾ ਆਰਥਿਕ ਨਿਜ਼ਾਮ ਨੰਗਾ ਹੋਣਾ ਚਾਹੀਦਾ ਹੈ। ਇਸ ਨੂੰ ਸਿਆਸੀ ਅਤੇ ਅਮੀਰ ਵਰਗ ਦੇ ਪੱਖ ਤੋਂ ਵੀ ਘੋਖਣਾ ਚਾਹੀਦਾ ਹੈ। ਧਨਾਢ ਵਰਗ ਲਾਲਚ, ਦੌਲਤ, ਸ਼ਾਹੀ ਠਾਠਬਾਠ ਦੀ ਪ੍ਰਤੀਨਿਧਤਾ ਕਰਦਾ ਹੈ ਜਦਕਿ ਮਜਦੂਰ ਵਰਗ ਅੱਜ ਵੀ ਦੋ ਡੰਗ ਦੀ ਰੋਟੀ ਲਈ ਤਰਸਦਾ ਹੈ।

*"ਤੁਹਾਨੂੰ ਤਾਂ ਬਸ ਵੇਹਲ ਨਹੀਂ*
*ਆਪਣੀ ਆਯਾਸ਼ੀ ਤੋਂ,*
*ਤਾਹੀਉ ਤਾਂ ਅੱਜ ਮੇਰੇ ਨਾਂ ਤੇ*
*ਐਸ਼ ਕਰੀ ਜਾਂਦੇ ਹੋ,*
*ਮੈਂ ਤਾਂ ਹਮੇਸ਼ਾ ਦਬਿਆ ਰਹਾਂਗਾ,*
*ਲੁੱਟਿਆ ਜਾਂਦਾ ਰਹਾਂਗਾ ਤੁਹਾਡੇ ਹੱਥੋਂ,*
*ਕਿਉਂਕਿ ਮੈਂ ਮਜਦੂਰ ਹਾਂ*
*ਤੇ ਮਜਦੂਰ ਹੀ ਰਹਾਂਗਾ"*

ਮਜਦੂਰ ਦਿਵਸ ਦਾ ਉਦੇਸ਼ ਮਜਦੂਰਾਂ ਨੂੰ ਜਾਗਰੂਕ ਕਰਕੇ ਹਰ ਪੱਖ ਦੀ ਸੁਰੱਖਿਆ ਪ੍ਰਧਾਨ ਕਰਨਾ ਹੈ ਪਰ ਇਸ ਦੇ ਉਦੇਸ਼ ਜਿੱਥੋਂ ਚੱਲੇ ਸਨ ਉੱਥੇ ਹੀ ਦਬੇ ਪਏ ਹਨ। ਸਰਕਾਰਾਂ ਦੀਆਂ ਕੋਸ਼ਿਸ਼ਾਂ ਤਾਂ ਹੋਈਆਂ ਕੁੱਝ ਮਜਦੂਰ ਭਲਾਈ ਲਈ ਵੀ ਸਰਕਾਰਾਂ ਨੇ ਕੰਮ ਕੀਤੇ ਪਰ ਤਰਾਸਦੀ ਜਾਰੀ ਹੈ। ਕਿਸੇ ਵੀ ਸਮਾਜ ਦੇ ਵਿਕਾਸ ਲਈ ਮਜਦੂਰ ਹੱਥੀ ਕਿਰਤ, ਇਲਮ ਅਤੇ ਤਨਦੇਹੀ ਨਾਲ ਵਿਕਾਸ ਅਤੇ ਖੁਸ਼ਹਾਲੀ ਪੈਦਾ ਕਰਦਾ ਹੈ। ਇਸ ਨੂੰ ਤਰੋ ਤਾਜ਼ਾ ਰੱਖਣ ਲਈ ਸਰਮਾਏਦਾਰੀ ਬਨਾਮ ਕਿਰਤੀ ਸਵਰਾਜ ਵਿੱਚੋਂ ਮਜਦੂਰ ਜਮਾਤ ਨੂੰ ਇਨਕਲਾਬੀ ਰਾਹਾਂ ਦਾ ਪਾਂਧੀ ਬਨਣਾ ਚਾਹੀਦਾ ਹੈ।

* * * * * * * *

# ਜੈਸੀ ਕਰਨੀ ਵੈਸੀ ਭਰਨੀ

## ਕਹਾਣੀ

ਰਾਜਿੰਦਰ ਸਿੰਘ ਰਾਜਨ



ਮੋਟਰਸਾਈਕਲ ਤੇ ਜਾ ਰਹੇ ਦੋ ਨੌਜਵਾਨਾਂ ਨੂੰ ਪੁਲਿਸ ਦੀ ਨਾਕਾ ਟੀਮ ਨੇ ਘੇਰ ਲਿਆ। ਹਾਂ ਭਾਈ ਕਿੱਥੇ ਜਾ ਰਹੇ ਹੋ, ਪੁਲਿਸ ਮੁਲਾਜ਼ਮ। ਸਵੇਰੇ ਪੇਪਰ ਨੇ ਗੁਰੂ ਘਰ ਅਸ਼ੀਰਵਾਦ ਲੈਣ ਲਈ ਜਾ ਰਹੇ ਹਾਂ, ਮੋਟਰਸਾਈਕਲ ਨੌਜਵਾਨ।

ਹਾਂ ਦਿਖਾਓ ਮੋਟਰਸਾਈਕਲ ਦੇ ਕਾਗਜ਼ਾਤ, ਪੁਲਿਸ ਮੁਲਾਜ਼ਮ।

ਸੋਚਣ ਲੱਗਾ ਕਿ ਕਾਗਜ਼ਾਤ ਤਾਂ ਸਾਰੇ ਠੀਕ ਹਨ, ਹੈਲਮਟ ਵੀ ਪਾਇਆ ਹੋਇਆ, ਫਿਰ ਬੋਲਿਆ ਆਪਣਾ ਡਰਾਈਵਿੰਗ ਲਾਈਸੈਂਸ ਦਿਖਾਓ।

ਪੁਲਿਸ ਵਾਲੇ ਅੰਕਲ ਲਾਈਸੈਂਸ ਤਾਂ ਘਰ ਭੁੱਲ ਗਏ, ਮੋਟਰਸਾਈਕਲ ਚਾਲਕ ਨੌਜਵਾਨ ਬੋਲਿਆ। ਕੋਈ ਗੱਲ ਨਹੀਂ ਭੁੱਲ ਗਏ ਹੋ ਤਾਂ ਮੋਟਰਸਾਈਕਲ ਦਾ ਚਲਾਨ ਕਰਦੇ ਆਂ ਅਗਾਹ ਤੋਂ ਕਦੇ ਨਹੀਂ ਭੁੱਲੋਗੇ, ਪੁਲਿਸ ਮੁਲਾਜ਼ਮ।

ਪੁਲਿਸ ਵਾਲੇ ਅੰਕਲ ਮਾਫੀ ਦੇ ਦਿਓ ਅਗਾਂਹ ਤੋਂ ਇਹੋ ਜਿਹੀ ਭੁੱਲ ਨਹੀਂ ਕਰਾਂਗੇ, ਤੁਹਾਡੀ ਦਿੱਤੀ ਵਾਰਨਿੰਗ ਸਿਰ ਮੱਥੇ ਹੋਵੇਗੀ।

ਪੁਲਿਸ ਵਾਲਾ ਗੁੱਸੇ ਵਿੱਚ ! ਕਾਨੂੰਨ ਸਭ ਦੇ ਵਾਸਤੇ ਬਰਾਬਰ ਹੁੰਦੇ ਨੇ ਕੋਈ ਵਾਰਨਿੰਗ ਸ਼ਾਰਨਿੰਗ ਸਿਰ ਮੱਥੇ ਨਹੀਂ।

ਨਿਮੋਝਾਣੇ ਹੋਏ ਨੌਜਵਾਨ ਬੱਚੇ ਨੇ ਜੇਬ ਵਿੱਚੋ ਫੋਨ ਕੱਢਕੇ ਆਪਣੇ ਪਿਤਾ ਨਾਲ ਮਿਲਾਇਆ ਤੇ ਗੱਲ ਦਸੀ, ਬੱਚੇ ਦੇ ਪਿਤਾ ਨੇ ਕਿਹਾ ਕਰਾਉ ਗੱਲ ਪੁਲਿਸ ਵਾਲੇ ਭਰਾ ਨਾਲ। ਪੁਲਿਸ ਵਾਲੇ ਅੰਕਲ ਮੇਰੇ ਪਿਤਾ ਨਾਲ ਗੱਲ ਕਰਨਾ।

ਪੁਲਿਸ ਵਾਲਾ ਖਿੱਝਕੇ ਬੋਲਿਆ ! ਮੇਰੇ ਤੇ ਡੀ ਸੀ ਲੱਗਾ ਤੇਰਾ ਪਿਤਾ, ਮੈਂ ਨਹੀਂ ਕਰਦਾ ਕਿਸੇ ਨਾਲ ਗੱਲ। ਐ ਲੈ ਚੱਕ ਚਲਾਣ ਤੇ ਤੁਰਦਾ ਬਣ।

ਮੇਰੇ ਪਿਤਾ ਜੀ ਵੀ ਸਰਕਾਰੀ ਮੁਲਾਜ਼ਮ ਹਨ ਉਹਨਾਂ ਨਾਲ ਇੱਕ ਵਾਰ ਗੱਲ ਜਰੂਰ ਕਰ ਲਵੋ ਪਲੀਜ, ਨੌਜਵਾਨ ਬੱਚਾ।

ਹਾਂ ਕਰਾ, ਪੁਲਿਸ ਮੁਲਾਜ਼ਮ।

ਸਤਿ ਸ੍ਰੀ ਅਕਾਲ ਜਨਾਬ, ਮੈਂ ਰੋਡਵੇਜ਼ ਵਿੱਚ ਕੰਡਕਟਰ ਹਾਂ, ਬੱਚੇ ਦਾ ਡਰਾਈਵਿੰਗ ਲਾਈਸੰਸ ਵਟੱਸਐਪ ਤੇ ਭੇਜ ਦਿੰਦਾ, ਇੱਕ ਵਾਰ ਬੱਚਿਆਂ ਤੇ ਮਿਹਰਬਾਨੀ ਕਰ ਦਿਓ, ਨੌਜਵਾਨ ਬੱਚੇ ਦਾ ਪਿਤਾ।

ਨਹੀਂ ਨਹੀਂ ਅਸਲੀ ਦੇਖਣਾ, ਪੁਲਿਸ ਮੁਲਾਜ਼ਮ।

ਪੁਲਿਸ ਵਾਲਾ ਨਹੀਂ ਮੰਨਦਾ ਤੇ ਆਖਿਰ ਚਲਾਨ ਨੌਜੁਆਨ ਦੇ ਹੱਥ ਵਿੱਚ ਫੜਾ ਦਿੰਦਾ ਹੈ। ਪੁਲਿਸ ਨੇ ਚੈਕਿੰਗ ਨਾਕਾ ਵੀ ਸ਼ਹਿਰੋ ਬਾਹਰ 15 ਕਿਲੋਮੀਟਰ ਦੂਰੀ ਤੇ ਲਾਇਆ ਹੋਇਆ ਸੀ। ਗੱਲ ਕਿਸੇ ਤਣ-ਪੱਤਣ ਤੇ ਨਾ ਲੱਗੀ। ਬੇਵੱਸ ਹੋਏ ਨੌਜਵਾਨ ਬੱਚਿਆਂ ਨੂੰ ਆਖ਼ਿਰ ਚਲਾਨ ਲੈਣਾ ਪਿਆ।

ਅਗਲੇ ਹੀ ਦਿਨ ਮੋਟਰਸਾਈਕਲ ਵਾਲਾ ਨੌਜਵਾਨ ਬੱਚਾ ਆਪਣੇ ਪਿਤਾ ਨਾਲ ਬਾਜ਼ਾਰ ਵਿੱਚ ਜਾ ਰਿਹਾ ਸੀ ਤਾਂ ਆਪਣੇ ਪਿਤਾ ਨੂੰ ਦੱਸਦਾ ਹੈ ਕਿ ਉਹ ਜਾ ਰਿਹਾ ਹੈ ਪੁਲਿਸ ਮੁਲਾਜ਼ਮ ਜਿਸ ਨੇ ਮੇਰਾ ਚਲਾਨ ਕੱਟਿਆ ਸੀ।

ਹਾਂ ਇਥੇ ਸਹਿਰ ਵਿੱਚ ਕਈ ਵਾਰ ਦੇਖਿਆ ਇਸ ਨੂੰ ਘੁੰਮਦੇ ਫਿਰਦੇ ਨੂੰ, ਖੈਰ ਕੋਈ ਨਾ ਬੇਟਾ ਤੁਸੀਂ ਘਰੋਂ ਮੋਟਰਸਾਈਕਲ ਦੇ ਕਾਗਜ਼ਾਤ ਪੂਰੇ ਲੈ ਕੇ ਤੁਰਿਆ ਕਰੋ। ਟ੍ਰੈਫਿਕ ਨਿਯਮਾ ਦੀ ਪਾਲਣਾ ਕਰਨਾ ਤਾਂ ਸਾਡਾ ਸਾਰਿਆ ਦਾ ਫਰਜ਼ ਬਣਦਾ ਹੈ।

ਇੱਕ ਦਿਨ ਸਵੱਬ ਇਹ ਬਣਿਆ ਕਿ ਇਹੀ ਪੁਲਿਸ ਕਰਮਚਾਰੀ ਪੰਜਾਬ ਰੋਡਵੇਜ਼ ਦੀ ਉਸ ਬੱਸ ਵਿੱਚ ਸਵਾਰ ਹੋ ਗਿਆ ਜਿਸ ਵਿੱਚ ਮੋਟਰਸਾਈਕਲ ਨੌਜਵਾਨ ਦੇ ਪਿਤਾ ਕੰਡਕਟਰ ਸੀ ਅਤੇ ਟਿਕਟਾਂ ਕੱਟਦਾ-ਕੱਟਦਾ ਉਸ ਪੁਲਿਸ ਮੁਲਾਜ਼ਮ ਦੇ ਕੋਲ ਪਹੁੰਚ ਗਿਆ, ਹਾਂ ਜੀ ਟਿਕਟ।

ਪੁਲਿਸ ਮੁਲਾਜ਼ਮ ਹਾਂ।

ਆਪਣਾ ਸ਼ਨਾਖਤੀ ਕਾਰਡ ਦਿਖਾਓ, ਕੰਡਕਟਰ।

ਸ਼ਨਾਖਤੀ ਕਾਰਡ ਤਾਂ ਮੇਰੇ ਕੋਲੋ ਅੱਜ ਤੱਕ ਕਿਸੇ ਨਹੀ ਵੇਖਿਆ, ਪੁਲਿਸ ਮੁਲਾਜ਼ਮ।

ਪਰ ਮੈਂ ਜਰੂਰ ਵੇਖਾਂਗਾ, ਕੰਡਕਟਰ।

ਸਨਾਖਤੀ ਕਾਰਡ ਤਾਂ ਮੇਰੇ ਕੋਲ ਹੈ ਨਹੀਂ ਉਹ ਘਰ ਭੁੱਲ ਗਿਆ ਹਾਂ ਪੁਲਿਸ ਮੁਲਾਜ਼ਮ।

ਤਾਂ ਕੋਈ ਨਾ ਟਿਕਟ ਕਟਾਓ, ਤੁਹਾਡੇ ਕਿਹੜਾ ਮੱਥੇ ਤੇ ਲਿਖਿਆ ਕਿ ਤੁਸੀਂ ਪੁਲਿਸ ਕਰਮਚਾਰੀ ਹੋ, ਨਾ ਹੀ ਤੁਸੀਂ ਪੁਲਿਸ ਦੀ ਵਰਦੀ ਵਿੱਚ ਹੋ, ਕੰਡਕਟਰ।

ਤੈਨੂੰ ਪੁਲਿਸ ਵਾਲਿਆਂ ਦਾ ਪਤਾ ਨਹੀਂ ਹੈ ਕਿਹੋ ਜਿਹੇ ਹੁੰਦੇ ਨੇ, ਪੁਲਿਸ ਮੁਲਾਜ਼ਮ।

ਤੇ ਤੁਹਾਨੂੰ ਵੀ ਪਤਾ ਨਹੀਂ, ਕੰਡਕਟਰ ਕਿਹੋ ਜਿਹੇ ਹੁੰਦੇ ਨੇ। ਨਿਯਮ ਸਾਰਿਆਂ ਵਾਸਤੇ ਇੱਕੋ ਜਿਹੇ ਹੁੰਦੇ ਹਨ ਇਸ ਲਈ ਟਿਕਟ ਤੁਹਾਨੂੰ ਕਟਾਣੀ ਪਏਗੀ, ਨਾਲੇ ਤੁਸੀਂ ਕਿਹੜਾ ਕਿਸੇ ਨੂੰ ਵਾਰਨਿੰਗ ਦੇ ਕੇ ਸੱਡਦੇ ਹੋ। ਤੁਸੀਂ ਵੀ ਤਾਂ ਚਲਾਨ ਕੱਟ ਕੇ ਹੱਥ ਚ ਫੜਾਉਂਦੇ ਹੋ ਜਿਵੇਂ ਕਿ ਤੁਸੀਂ ਪਿਛਲੇ ਦਿਨ ਮੇਰੇ ਬੱਚੇ ਦੇ ਮੋਟਰਸਾਈਕਲ ਚਲਾਨ ਕੱਟਿਆ ਸੀ। ਮੇਰੀ ਬੇਨਤੀ ਉੱਤੇ ਵੀ ਤੁਸੀਂ ਉਸ ਨੂੰ ਛੱਡਿਆ ਨਹੀਂ ਸੀ ਤੇ ਚਲਾਨ ਕੱਟ ਕੇ ਛੱਡਿਆ, ਕੰਡਕਟਰ। ਇਸ ਦਾ ਮਤਲਬ ਹੈ ਤੂੰ ਅੱਜ ਤੂੰ ਵਾਰੀ ਦਾ ਵੱਟਾ ਲਾਉਣਾ ਹੈ, ਪੁਲਿਸ ਮੁਲਾਜ਼ਮ।

ਇਸ ਤੋਂ ਪਹਿਲਾ ਕਿ ਕੰਡਕਟਰ ਕੋਈ ਜਵਾਬ ਦੇਵੇ, ਪੁਲਿਸ ਮੁਲਾਜ਼ਮ ਦੇ ਨੇੜੇ ਬੈਠਾ ਇੱਕ ਬਜ਼ੁਰਗ ਜੋ ਕੰਡਕਟਰ ਤੇ ਪੁਲਿਸ ਮੁਲਾਜ਼ਮ ਵਿੱਚ ਹੋ ਰਹੀ ਵਾਰਤਾਲਾਪ ਬੜੇ ਧਿਆਨ ਨਾਲ ਸੁਣ ਰਿਹਾ ਸੀ। ਪੁਲਿਸ ਮੁਲਾਜ਼ਮ ਨੂੰ ਫੱਟ ਬੋਲਿਆ, ਬਦਲਾ ਨਹੀਂ ! ''ਜੈਸੀ ਕਰਨੀ ਵੈਸੀ ਭਰਨੀ'' ਆਖਿਰ ਸਾਹਮਣੇ ਆ ਹੀ ਜਾਂਦੀ ਹੈ।

ਮੋਬਾਈਲ ਨੰਬਰ 9417427656

*******

## ਅੱਖਾਂ ਤੋਂ ਪਰੇ


ਜਦੋਂ ਪਰਮਜੀਤ ਦੀ ਭੂਆ ਸਬਜ਼ੀ ਦੀ ਦੁਕਾਨ ਤੋਂ ਸਬਜ਼ੀ ਲੈਣ ਲੱਗੀ, ਤਾਂ ਉੱਥੇ ਉਸ ਨੂੰ ਸਬਜ਼ੀ ਵੇਚਣ ਵਾਲਾ ਜਿੰਦਰ ਆਖਣ ਲੱਗਾ, ''ਚਾਚੀ ਜੀ ਅੱਜ ਬਾਰ੍ਹਵੀਂ ਜਮਾਤ ਦਾ ਨਤੀਜਾ ਆ ਗਿਆ ਆ। ਤੁਹਾਡੀ ਪਰਮਜੀਤ ਨੇ ਵੀ ਬਾਰ੍ਹਵੀਂ ਦੇ ਪੇਪਰ ਪਾਏ ਹੋਏ ਆ। ਨਤੀਜੇ ਦਾ ਮੋਬਾਈਲ ਫ਼ੋਨ ਤੋਂ ਪਤਾ ਲੱਗ ਸਕਦਾ ਆ। ਉਹ ਮੇਰੇ ਕੋਲ ਰੋਲ ਨੰਬਰ ਲੈ ਕੇ ਆ ਜਾਵੇ, ਮੈਂ ਉਸ ਦਾ ਨਤੀਜਾ ਮੋਬਾਈਲ ਫ਼ੋਨ ਤੋਂ ਦੇਖ ਕੇ ਦੱਸ ਦਿਆਂਗਾ।''

ਘਰ ਆ ਕੇ ਪਰਮਜੀਤ ਦੀ ਭੂਆ ਨੇ ਉਸ ਨੂੰ ਇਹ ਗੱਲ ਦੱਸੀ। ਪਰਮਜੀਤ ਨੇ ਛੇਤੀ ਨਾਲ ਸਬਜ਼ੀ ਵੇਚਣ ਵਾਲੇ ਜਿੰਦਰ ਕੋਲ ਜਾ ਕੇ ਆਪਣਾ ਰੋਲ ਨੰਬਰ ਦੱਸਿਆ। ਜਿੰਦਰ ਨੇ ਤਿੰਨ ਕੁ ਮਿੰਟਾਂ ਵਿੱਚ ਉਸ ਨੂੰ ਉਸ ਦਾ ਨਤੀਜਾ ਦੱਸ ਦਿੱਤਾ। ਉਸ ਦਾ ਸਿਰ ਮਾਣ ਨਾਲ ਉੱਚਾ ਹੋ ਗਿਆ, ਜਦੋਂ ਜਿੰਦਰ ਨੇ ਦੱਸਿਆ ਕਿ ਉਸ ਦੇ 82.5 ਪ੍ਰਤੀਸ਼ਤ ਨੰਬਰ ਆਏ ਹਨ। ਉਹ ਖ਼ੁਸ਼ੀ, ਖ਼ੁਸ਼ੀ ਘਰ ਪਹੁੰਚ ਗਈ।

ਘਰ ਪਹੁੰਚ ਕੇ ਉਸ ਨੇ ਭੂਆ, ਫੁੱਫੜ ਨੂੰ ਆਪਣੇ ਨਤੀਜੇ ਬਾਰੇ ਦੱਸਿਆ ਤੇ ਨਾਲ ਹੀ ਡਰਦੀ, ਡਰਦੀ ਨੇ ਇਹ ਵੀ ਆਖ ਦਿੱਤਾ ਕਿ ਉਹ ਅੱਗੇ ਕਾਲਜ ਵਿੱਚ ਪੜ੍ਹਨਾ ਚਾਹੁੰਦੀ ਹੈ।

''ਦੇਖ ਧੀਏ, ਤੇਰੀ ਮਾਂ ਤੇਰੇ ਬਚਪਨ 'ਚ ਹੀ ਇਸ ਜਹਾਨ ਨੂੰ ਛੱਡ ਗਈ ਸੀ। ਤੇਰੇ ਪਿਉ ਨੂੰ ਤੇਰੀ ਕੋਈ ਪ੍ਰਵਾਹ ਹੀ ਨਹੀਂ। ਉਸ ਨੇ ਕਦੇ ਆ ਕੇ ਤੈਨੂੰ ਦੇਖਿਆ ਵੀ ਨਹੀਂ। ਅਸੀਂ ਵੀ ਤੈਨੂੰ ਅੱਗੇ ਪੜ੍ਹਾਨਾ ਚਾਹੁੰਦੇ ਆਂ।

ਅਸੀਂ ਤੈਨੂੰ ਪੁੱਤਾਂ ਵਾਂਗ ਪਾਲਿਆ ਆ ਤੇ ਅਸੀਂ ਤੈਨੂੰ ਕਦੇ ਵੀ ਆਪਣੀਆਂ ਅੱਖਾਂ ਤੋਂ ਪਰੇ ਨਹੀਂ ਹੋਣ ਦਿੱਤਾ। ਇਸ ਕਰਕੇ ਦਿਲ ਬਹੁਤ ਡਰਦਾ ਆ। ਅੱਜ ਕੱਲ੍ਹ ਜ਼ਮਾਨਾ ਬੜਾ ਭੈੜਾ ਆ ਗਿਆ ਆ। ਲੋਕ ਕਿਸੇ ਦੀ ਧੀ ਨੂੰ ਆਪਣੀ ਧੀ ਹੀ ਨਹੀਂ ਸਮਝਦੇ।''



''ਫੁੱਫੜ ਜੀ, ਮੈਨੂੰ ਤੁਹਾਡੀ ਚਿੱਟੀ ਪੱਗ ਦਾ ਪੂਰਾ ਖ਼ਿਆਲ ਆ। ਤੁਹਾਡੀ ਧੀ ਇਸ ਨੂੰ ਕਿਸੇ ਵੀ ਹਾਲਤ ਵਿੱਚ ਦਾਗ ਨਹੀਂ ਲੱਗਣ ਦੇਵੇਗੀ। ਆਪਣੀ ਧੀ ਤੇ ਭਰੋਸਾ ਰੱਖੋ।''

ਇਹ ਸੁਣ ਕੇ ਪਰਮਜੀਤ ਦੇ ਫੁੱਫੜ ਨੇ ਆਖਿਆ, ''ਠੀਕ ਆ ਧੀਏ, ਸਾਨੂੰ ਤੇਰੇ ਤੋਂ ਇਹੀ ਆਸ ਸੀ। ਤੂੰ ਜਿੰਨਾ ਮਰਜ਼ੀ ਪੜ੍ਹ ਲੈ, ਅਸੀਂ ਤੇਰੇ ਨਾਲ ਆਂ।''

ਮਹਿੰਦਰ ਸਿੰਘ ਮਾਨ

## ਛੇ ਕਿਸ਼ਤਾਂ ਦੀ ਸ਼ਾਨਦਾਰ ਬਾਲੀਵੁੱਡ ਅੰਦਾਜ਼ ਵਾਲੀ ਵੈੱਬ ਸੀਰੀਜ਼ ਜਲਦੀ ਆਏਗੀ ਆਖਰੀ ਗਾਂਵ



ਸੁਪਨਾ ਲਿਆ ਸੀ ਪੂਰਾ ਹੋਣ ਲੱਗਿਆ ਹੈ। ਰਾਹੀ ਕਰਿਏਸ਼ਨ ਨੇ ਮੇਘਸ਼੍ਰ ਫ਼ਿਲਮਜ਼ ਦੇ ਸਹਿਯੋਗ ਨਾਲ ਓਟੀ ਪਲੇਟਫਾਰਮ ਲਈ ਅਰਥਾਤ ਵੈੱਬ ਸੀਰੀਜ਼ ਦਰਸ਼ਕਾਂ ਲਈ ਇੱਕ ਸ਼ਾਨਦਾਰ ਹਿੰਦੀ ਵੈੱਬ ਸੀਰੀਜ਼ ''ਆਖ਼ਰੀ ਗਾਵ'' ਬਣਾਈ ਹੈ। ਨਿਰਮਾਤਾ ਅਸ਼ੋਕ ਕੁਮਾਰ ਨੇ ਆਪਣੀ ਇਸ ਵੈੱਬ ਲੜੀ ਬਾਬਤ ਦੱਸਿਆ ਕਿ ਇਸ ਦੀ ਹਰ ਕਿਸ਼ਤ ਅਰਥਾਤ ਐਪੀਸੋਡ ਮਨੋਰੰਜਕ ਤੇ ਰੁਮਾਂਚ ਵਾਲਾ ਹੋਏਗਾ। ''ਆਖ਼ਰੀ ਗਾਓਂ'' ਨੂੰ ਨਿਰਦੇਸ਼ਨ ਰਾਹੀ ਕ੍ਰਿਤ ਹੰਸ ਨੇ ਦਿੱਤਾ ਹੈ। ਇਸ ਸ਼ਾਨਦਾਰ ਵੈੱਬ ਸੀਰੀਜ਼ ਲਈ ਕਥਾ, ਪਟਕਥਾ ਤੇ ਸੰਵਾਦ ਗਗਨ ਸਿੰਘ ਦੇ ਹਨ ਜਿਸ ਦੀ ਲਿਖੀ ਫ਼ਿਲਮ ''ਤਬਾਹੀ ਰਿਲੋਡੱਡ'' ਇਸ ਵੇਲੇ ਚਰਚਾ ਵਿੱਚ ਹੈ। ਚੰਗੀ ਗੱਲ ਇਹ ਹੈ ਕਿ ਵੈੱਬ ਸੀਰੀਜ਼ ਦਾ ਕੈਮਰਾਮੈਨ ਵੀ ਖੁਦ ਰਾਹੀ ਹੰਸ ਹ ਤੇ ਇਸ ਤਰਾਂ ਜਿਹੜੀ ਮੰਗ ਨਿਰਦੇਸ਼ਕ ਦੀ ਹੁੰਦੀ ਓਹ ਮੰਗ ਕੈਮਰਾਮੈਨ ਪੂਰੀ ਕਰ ਦੇਵੇ ਤਾਂ ਰਾਹੀ ਅਨੁਸਾਰ ਗੱਲ ਸੋਨੇ ਤੇ ਸੁਹਾਗੇ ਵਾਲੀ ਹੁੰਦੀ ਹੈ। ਵੈੱਬ ਸੀਰੀਜ਼ ਦੀ ਸ਼ਾਨ ਜਿਹੜੇ ਸਿਤਾਰੇ ਬਣੇ ਹਨ ਓਹਨਾਂ ਵਿੱਚ ਕੰਚਨ ਰਾਏ ਤੇ ਦਲੇਰ ਮਹਿਤਾ ਸ਼ਾਮਿਲ ਹਨ। ਸ਼ੰਕਰ ਗੁਪਤਾ ਤੇ ਲਲਿਤਾ ਪੰਵਾਰ ਦੇ ਨਾਲ ''ਆਖਰੀ ਗਾਓਂ'' ਵਿੱਚ ਗੁਰਕੀਰਤ ਸਿੰਘ ਦਾ ਸੰਪਾਦਨ ਤੇ ਸ਼ੁੱਭਦੀਪ ਸਿੰਘ ਦਾ ਸੰਗੀਤ ਵੀ ਜਿਕਰਯੋਗ ਹੈ। ਬੱਬੀ ਮਾਨ ਤੇ ਸ਼ਿਵ ਵਾਲੀਆ ਨੇ ਵੀ ਇਸ ਵਿੱਚ ਕੰਮ ਕੀਤਾ ਹੈ। ਰਾਹੀ ਹੰਸ ਨੇ ਕਿਹਾ ਕਿ ਇਸ ਵੇਲੇ ਵੈੱਬ ਸੀਰੀਜ਼ ਬਜ਼ਾਰ ਗਰਮ ਹੈ ਤੇ ਓਸ ਨੇ ਜਿਸ ਮਿਹਨਤ ਤੇ ਲਗਨ ਨਾਲ ਇਸ ਨੂੰ ਤਿਆਰ ਕੀਤਾ ਹੈ ਓਸ ਨੂੰ ਆਸ ਹੈ ਕਿ ਦਰਸ਼ਕ ਓਸ ਦਾ ਮੁੱਲ ਮੋੜ ਦੇਣਗੇ ਤੇ ਓਹ ਚੰਗੇ ਮੇਕਰਾਂ ਦੀ ਕਤਾਰ ਵਿੱਚ ਸ਼ਾਮਿਲ ਹੋ ਜਾਏਗਾ। ਰਾਹੀ ਹੰਸ ਨੇ ਕਿਹਾ ਕਿ ਇਸ ਸੀਰੀਜ਼ ਨੂੰ ਤਿਆਰ ਕਰਨ ਬਾਅਦ ਓਹ ਅਗਲੀ ਸੀਰੀਜ਼ ਕਰਨ ਜਾ ਰਹੇ ਹਨ ਤੇ ਵੈੱਬ ਸੀਰੀਜ਼ ਦੁਨੀਆਂ ਵਿੱਚ ਨਾਮ ਬਣਾਉਣ ਬਾਅਦ ਫਿਰ ਫ਼ਿਲਮਾਂ ਬਾਬਤ ਫੈਸਲਾ ਲੈਣਗੇ। ਦੋ ਪੈਰ ਘੱਟ ਤੁਰਨਾ ਮਨਜ਼ੂਰ ਹੈ ਪਰ ਤੁਰਨਾ ਮੜਕ ਦੇ ਰਾਹੀ ਹੰਸ ਨੇ ਨਾਲ ਹੈ। ਨਿੱਕੀ ਉਮਰੇ ਵੱਡੀਆਂ ਆਸਾਂ ਤੇ ਓਹ ਵੀ ਸੰਪੂਰਨ ਤਾਂ ਫਿਰ ਰਾਹੀ ਹੰਸ ਦੀ ਬੱਲੇ ਬੱਲੇ ਹੈ।

-ਅੰਮ੍ਰਿਤ ਪਵਾਰ

# ਪ੍ਰੋਸੁਸ ਮੀਟ ਦੀ ਫੈਕਟਰੀ, ਵੇਸਕੋਵਾਤੋ, ਕਰੇਮੋਨਾ ਵਾਲੇ ਕੰਮ ਤੋਂ ਕੱਢੇ ਵਰਕਰਾਂ ਵੱਲੋਂ “ਮਜ਼ਦੂਰ ਦਿਵਸ” ’ਤੇ ਕੀਤਾ ਗਿਆ ਰੋਸ ਪ੍ਰਦਰਸ਼ਨ

ਕਰੇਮੋਨਾ ਇਟਲੀ (ਗੁਰਸ਼ਰਨ ਸਿੰਘ ਸੋਨੀ)-ਉੱਤਰੀ ਇਟਲੀ ਦੇ ਕਰਮੋਨਾ ਜ਼ਿਲ੍ਹੇ ਦੇ ਕਸਬਾ ਵੇਸਕੋਵਾਤੋ ਵਿਖੇ ਸਥਿਤ ਪ੍ਰੋਸੁਸ ਮੀਟ ਦੀ ਫੈਕਟਰੀ ਵਿੱਚੋਂ ਕੱਢੇ ਗਏ ਪੰਜਾਬੀ ਵਰਕਰਾਂ ਜੋ ਕਿ ਪਿਛਲੇ ਸੱਤ ਮਹੀਨੇ ਤੋਂ ਫੈਕਟਰੀ ਵਿਖੇ ਧਰਨੇ ਤੇ ਬੈਠੇ ਹੋਏ ਸਨ। ਉਹਨਾਂ ਵੱਲੋਂ ਬੀਤੀ 1 ਮਈ ਨੂੰ ਕੌਮਾਂਤਰੀ ਮਜ਼ਦੂਰ ਦਿਵਸ ਦੇ ਮੌਕੇ ਤੇ ਕਰੇਮੋਨਾ ਸ਼ਹਿਰ ਦੇ ਕੋਨਫੀਨ ਇੰਦੁਸਤਰੀਆ ਅਤੇ ਬਾਅਦ ਵਿੱਚ ਪਿਆਸਾ ਰੋਮਾਂ ਵਿਖੇ ਸ਼ਾਂਤਮਈ ਤਰੀਕੇ ਨਾਲ 10 ਵਜੇ ਤੋਂ 12 ਵਜੇ ਤੱਕ ਯੂ.ਐਸ.ਬੀ ਸੰਸਥਾ ਦੇ ਝੰਡੇ ਹੇਠ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਇਹਨਾਂ ਵੀਰਾਂ ਦੇ ਹੱਕ ਵਿੱਚ ਇਟਾਲੀਅਨ ਭਾਈਚਾਰੇ ਨੇ ਵੀ ਸ਼ਮੂਲੀਅਤ ਕੀਤੀ ਅਤੇ ਸਰਕਾਰੀ ਅਦਾਰੇ ਦੇਗੋਸ ਦੇ ਕਰਮਚਾਰੀ ਵੀ ਮੌਜੂਦ ਸਨ। ਇਸ ਮੌਕੇ ਬੀਤੇ ਦਿਨੀ ਇਟਲੀ ਦੇ ਫਿਰੈਂਸੇ ਸ਼ਹਿਰ ਵਿੱਚ ਇੱਕ ਬਿਲਡਿੰਗ ਦਾ ਨਿਰਮਾਣ ਕਰਦੇ ਸਮੇਂ ਮਾਰੇ ਗਏ ਤਿੰਨ ਮਜ਼ਦੂਰਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ।

ਵਰਕਰਾਂ ਵੱਲੋਂ ਇੱਕ ਨਾਟਕੀ ਝਾਕੀ ਦੇ ਤੌਰ ਤੇ ਕਰਮਚਾਰੀਆਂ ਨੂੰ ਮਰੇ ਹੋਏ ਵੀ ਦਿਖਾਇਆ ਗਿਆ ਅਤੇ ਸ਼ਰਧਾਂਜਲੀ ਰੂਪੀ ਫੁੱਲ ਵੀ ਭੇਂਟ ਕੀਤੇ ਗਏ। ਇਹਨਾਂ ਵਰਕਰਾਂ ਵੱਲੋਂ ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਇਹਨਾਂ ਦੀ ਸੰਸਥਾ ਹਮੇਸ਼ਾ “ਸਿਸਤੇਮਾ ਦੀ ਅਪਾਲਤੀ” ਦਾ ਵਿਰੋਧ ਕਰਦੀ ਆ ਰਹੀ ਹੈ। ਜਿਸ ਵਿੱਚ ਕਿ ਕੋਪਰਤੀਵਾ ਬਣਾ ਕੇ ਮਜ਼ਦੂਰਾਂ ਨੂੰ ਘੱਟ ਮਿਹਨਤਾਨਾ ਦਿੱਤਾ ਜਾਂਦਾ ਹੈ ਅਤੇ ਉਹਨਾਂ ਦੀ ਸੁਰੱਖਿਆ ਵਿੱਚ ਵੀ ਕਮੀਆਂ ਰਹਿੰਦੀਆਂ ਹਨ। ਜਿਸ ਕਾਰਨ ਬਹੁਤ ਸਾਰੇ ਮਜ਼ਦੂਰ ਆਪਣੀ ਜਾਨ ਗਵਾਅ ਬੈਠਦੇ ਹਨ ਜਾਂ ਉਹਨਾਂ ਦੇ ਸਰੀਰਕ ਅੰਗਾਂ ਦਾ ਨੁਕਸਾਨ ਹੁੰਦਾ ਹੈ।



ਇਸੇ ਤਰ੍ਹਾਂ ਹੀ ਪ੍ਰੋਸੁਸ ਫੈਕਟਰੀ ਵਿੱਚ ਪਿਛਲੇ 20 ਸਾਲਾਂ ਤੋਂ ਕੰਮ ਕਰਦੇ ਆ ਰਹੇ ਵਰਕਰਾਂ ਦੇ ਲੱਕ ਅਤੇ ਮੋਢਿਆਂ ਵਿੱਚ ਵੀ ਸਮੱਸਿਆਵਾਂ ਆਈਆਂ ਹਨ। ਉਹਨਾਂ ਨੇ ਆਪਣੀ ਜਿੰਦਗੀ ਆਪਣੀ ਸਿਹਤ ਇਸ ਕੰਮ ਨੂੰ ਦਿੱਤੀ ਹੈ,ਲੇਕਿਨ ਹੁਣ ਫੈਕਟਰੀ ਆਪਣੇ ਆਪ ਨੂੰ ਦਿਵਾਲੀਆ ਦਿਖਾ ਕੇ ਇਹਨਾਂ ਸਾਰੇ ਬੰਦਿਆਂ ਨੂੰ ਕੰਮ ਤੋਂ ਕੱਢ ਕੇ ਇਹਨਾਂ ਦੇ ਹੱਕਾਂ ’ਤੇ ਡਾਕਾ ਮਾਰਨਾ ਚਾਹੁੰਦੀ ਹੈ।

ਉਹਨਾਂ ਨੇ ਅੱਗੇ ਕਿਹਾ ਕਿ ਜਿਸ ਤਰ੍ਹਾਂ ਉਹ ਪਿਛਲੇ ਸੱਤ ਮਹੀਨਿਆਂ ਤੋਂ ਧਰਨੇ ਤੇ ਬੈਠ ਕੇ ਵਿਰੋਧ ਕਰ ਰਹੇ ਸਨ ਹੁਣ ਵੀ ਉਹ ਲਗਾਤਾਰ ਇਸ ਗੱਲ ਦਾ ਵਿਰੋਧ ਕਰਦੇ ਹਨ ਅਤੇ ਆਖਰੀ ਜਿੱਤ ਤੱਕ ਭਵਿੱਖ ਵਿੱਚ ਵੀ ਵਿਰੋਧ ਕਰਦੇ ਰਹਿਣਗੇ। ਜਦੋਂ ਤੱਕ ਕੇ ਫੈਕਟਰੀ ਮਾਲਕਾਂ ਨੂੰ ਇਹ ਗੱਲ ਸਮਝ ਵਿੱਚ ਨਹੀਂ ਆ ਜਾਂਦੀ।

# ਗਾਇਕ ਪਰਵਿੰਦਰ ਮੂਧਲ ਦਾ ਗੀਤ “ਓਹਦੇ ਰੰਗ” ਲੋਕ ਅਰਪਣ ਕਰਨ ਹਿਤ ਸਮਾਗਮ ਹੋਇਆ

## ✪ ਸ਼ਾਇਰ ਗਿੱਲ ਦੋਦਾ ਗਲਾਸਗੋ ਦੀ ਰਚਨਾ ਹੈ ਉਕਤ ਗੀਤ

ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-ਸਕਾਟਲੈਂਡ ਦੀ ਧਰਤੀ ’ਤੇ ਸੱਭਿਆਚਾਰਕ ਸਰਗਰਮੀਆਂ ਦੀ ਲੜੀ ਤਹਿਤ ਪੰਜ ਦਰਿਆ ਯੂਕੇ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਗਾਇਕ ਪਰਵਿੰਦਰ ਮੂਧਲ ਦਾ ਗਾਇਆ ਗੀਤ “ਓਹਦੇ ਰੰਗ” ਲੋਕ ਅਰਪਣ ਕੀਤਾ ਗਿਆ।



ਜ਼ਿਕਰਯੋਗ ਹੈ ਕਿ ਇਸ ਗੀਤ ਨੂੰ ਸ਼ਾਇਰ ਗਿੱਲ ਦੋਦਾ ਗਲਾਸਗੋ ਵੱਲੋਂ ਲਿਖਿਆ ਗਿਆ ਹੈ ਤੇ ਪੰਜ ਦਰਿਆ ਯੂਕੇ ਰਿਕਾਰਡਜ਼ ਦੇ ਬੈਨਰ ਹੇਠ ਰਿਲੀਜ ਹੋਏ ਇਸ ਗੀਤ ਦਾ ਸੰਗੀਤ ਸਿੱਧੂ ਸਾਹਿਬ ਤੇ ਟਰਿਪਲ ਐੱਸ ਵੱਲੋਂ ਤਿਆਰ ਕੀਤਾ ਗਿਆ ਹੈ। ਗੀਤ ਨੂੰ ਰਿਲੀਜ਼ ਕਰਨ ਲਈ ਹੋਏ ਸਮਾਗਮ ਦੌਰਾਨ ਕਰਤਾਰ ਸਿੰਘ ਵਿਰੀਆ, ਰਾਣਾ ਦੁਸਾਂਝ, ਹਰਪਾਲ ਸਿੰਘ, ਜਰਮਨਜੀਤ ਸਿੰਘ ਆਦਿ ਬੁਲਾਰਿਆਂ ਨੇ ਬੋਲਦਿਆਂ ਜਿੱਥੇ ਗਿੱਲ ਦੋਦਾ ਗਲਾਸਗੋ ਦੀ ਲੇਖਣੀ ਦੀ ਤਾਰੀਫ ਕੀਤੀ ਉੱਥੇ ਗਾਇਕ ਪਰਵਿੰਦਰ ਮੂਧਲ ਦੀ ਦਮਦਾਰ ਆਵਾਜ਼ ਦੀ ਵੀ ਤਾਰੀਫ ਕਰਦਿਆਂ ਸ਼ਾਬਾਸ਼ ਦਿੱਤੀ। ਬੁਲਾਰਿਆਂ ਨੇ ਕਿਹਾ ਕਿ ਅਜਿਹੇ ਸਾਫ ਸੁਥਰੇ ਤੇ ਪਰਿਵਾਰਿਕ ਗੀਤ ਅੱਜ ਦੇ ਸਮੇਂ ਦੀ ਮੁੱਖ ਲੋੜ ਹਨ।

ਉਹਨਾਂ ਹਾਜ਼ਰੀਨ ਨੂੰ ਕਿਹਾ ਕਿ ਜੇਕਰ ਅਸੀਂ ਸਾਡੇ ਸਮਾਜ ਵਿੱਚ ਸੁਚੱਜੀ ਗਾਇਕੀ ਤੇ ਲੇਖਣੀ ਨੂੰ ਉਤਸਾਹਿਤ ਕਰਨਾ ਹੈ ਤਾਂ ਅਜਿਹੇ ਗੀਤਾਂ ਨੂੰ ਪਿਆਰ ਕਰਨਾ ਸਾਡਾ ਫਰਜ਼ ਬਣਦਾ ਹੈ। ਪੰਜ ਦਰਿਆ ਯੂਕੇ ਦੇ ਮੁੱਖ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਉਹਨਾਂ ਦੀ ਟੀਮ ਵੱਲੋਂ ਪਿਛਲੇ ਕਾਫੀ ਲੰਮੇ ਸਮੇਂ ਤੋਂ ਪੰਜਾਬੀ ਗਾਇਕੀ ਦੇ ਬਾਰੇ ਵਿੱਚ ਆਏ ਨਿਘਾਰ ਬਾਰੇ ਬੇਬਾਕੀ ਨਾਲ ਬੋਲਿਆ ਜਾਂਦਾ ਰਿਹਾ ਹੈ।

ਅਸੱਭਿਅਕ ਤੇ ਖਰੂਦਪਾਊ ਗਾਇਕੀ ਦੀ ਲਕੀਰ ਅੱਗੇ ਆਪਣੀ ਵੱਖਰੀ ਲਕੀਰ ਖਿੱਚਣ ਦੇ ਮਨਸ਼ੇ ਨਾਲ ਹੀ ਅਜਿਹੇ ਗੀਤਾਂ ਨੂੰ ਸਰੋਤਿਆਂ ਦੀ ਕਚਹਿਰੀ ਵਿੱਚ ਪੇਸ਼ ਕਰਨ ਦਾ ਤਹੱਈਆ ਕੀਤਾ ਜਾ ਰਿਹਾ ਹੈ। ਧੰਨਵਾਦੀ ਭਾਸ਼ਣ ਦੌਰਾਨ ਸ਼ਾਇਰ ਗਿੱਲ ਦੋਦਾ ਗਲਾਗੋ ਨੇ ਕਿਹਾ ਕਿ ਉਹਨਾਂ ਦੀ ਇਸ ਕਿਰਤ ਨੂੰ ਹਾਜ਼ਰੀਨ ਵੱਲੋਂ ਸਲਾਹਿਆ ਜਾਣਾ ਉਹਨਾਂ ਦੀਆਂ ਜਿੰਮੇਵਾਰੀਆਂ ਵਿੱਚ ਹੋਰ ਵਾਧਾ ਕਰਦਾ ਹੈ। ਉਹਨਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਉਹ ਹੋਰ ਚੰਗੀ ਸ਼ਬਦਾਵਲੀ ਵਾਲੇ ਗੀਤ ਪੇਸ਼ ਕਰਨ ਲਈ ਬਚਨਵੱਧ ਹੋਣਗੇ। ਇਸ ਸਮੇਂ ਹੋਰਨਾਂ ਤੋਂ ਇਲਾਵਾ ਹਰਪ੍ਰੀਤ ਸਿੰਘ ਸੈਣੀ, ਸਵਰਨ ਸਿੰਘ ਕੈਂਥ, ਦਲਵੀਰ ਸਿੰਘ ਵਿਰਕ, ਕੁਲਵੀਰ ਸਿੰਘ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਪ੍ਰਵਾਸੀ ਨੇ ਵਿੱਛੜੇ ਵੀਰ ਦੀ ਯਾਦ ’ਚ ਬੀਰੋਵਾਲ਼ ਵਿਖੇ ਖ਼ੂਨਦਾਨ ਕੈਂਪ ਲਾਇਆ !

ਨਵਾਂਸ਼ਹਿਰ (ਤਰਲੋਚਨ ਸਿੰਘ ਦੁਪਾਲ ਪੁਰ)-ਦੁਆਬੇ ਦੇ ਪ੍ਰਸਿੱਧ ਪਿੰਡ ਬੀਰੋਵਾਲ ਦੇ ਸਾਬਕਾ ਸਰਪੰਚ ਇਕਬਾਲ ਸਿੰਘ ਵਿਰਕ, ਜੋ ਪਿਛਲੇ ਸਾਲ ਭਰ ਜਵਾਨੀ ਵਿੱਚ ਅਚਾਨਕ ਅਕਾਲ ਚਲਾਣਾ ਕਰ ਗਏ ਸਨ,ਉਨ੍ਹਾਂ ਦੇ ਅਮਰੀਕਾ ਰਹਿੰਦੇ ਛੋਟੇ ਵੀਰ ਜਸਪਾਲ ਸਿੰਘ ਵਿਰਕ ਨੇ ਬੀਤੇ ਦਿਨੀਂ ਪਿੰਡ ਬੀਰੋਵਾਲ ਪਹੁੰਚ ਕੇ ਗੁਰਦੁਆਰਾ ਸਾਹਿਬ ਵਿਖੇ ਖੂਨਦਾਨ ਕੈਂਪ ਆਯੋਜਿਤ ਕੀਤਾ ! ਬਲੱਡ ਬੈਂਕ ਨਵਾਂਸ਼ਹਿਰ ਦੀ ਟੀਮ ਦੇ ਸਹਿਯੋਗ ਨਾਲ ਇਸ ਪਿੰਡ ਵਿੱਚ ਪਹਿਲੀ ਵਾਰ ਲੱਗੇ ਇਸ ਖੂਨਦਾਨ ਕੈਂਪ ਵਿੱਚ ਪਿੰਡ ਵਾਸੀਆਂ ਦੇ ਨਾਲ਼ ਨਾਲ਼ ਇਲਾਕੇ ਭਰ ਦੇ ਨੌਜਵਾਨਾਂ ਨੇ ਭਰਪੂਰ ਮਿਲਵਰਤਣ ਦਿੱਤਾ।

ਇਸ ਮੌਕੇ ਸਾਬਕਾ ਵਿਧਾਨਕਾਰ ਬੀਬੀ ਗੁਰਇਕਬਾਲ ਕੌਰ ਬਬਲੀ, ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਕਮੇਟੀ ਅਤੇ ਇਲਾਕੇ ਦੇ ਪਿੰਡਾਂ ਤੋਂ ਪੰਚ-ਸਰਪੰਚਾਂ ਤੇ ਕਈ ਸਿਰਕਰਦਾ ਸਖਸ਼ੀਅਤਾਂ ਹਾਜ਼ਰ ਸਨ। ਯਾਦ ਰਹੇ ਜਸਪਾਲ ਸਿੰਘ ਵਿਰਕ ਨੇ ਅਮਰੀਕਾ ਤੋਂ ਇਲਾਵਾ ਆਪਣੀ ਜੰਮਣ ਭੋਇੰ ਪੰਜਾਬ ਦੇ ਮੋਹ ਸਦਕਾ ਨਵਾਂ ਸ਼ਹਿਰ ਵਿਖੇ ਵੀ ਕਾਰੋਬਾਰ ਸ਼ੁਰੂ ਕਰ ਦਿੱਤਾ ਹੈ।



# ਇਟਲੀ ਵਿੱਚ ਗਲਤ ਢੰਗ ਨਾਲ ਡਰਾਈਵਿੰਗ ਲਾਇਸੰਸ ਕਰਵਾਉਣ ਵਾਲੇ ਵੱਖ-ਵੱਖ ਸਕੂਲਾਂ ਦੇ ਕਥਿਤ 4 ਦੋਸ਼ੀ ਗ੍ਰਿਫਤਾਰ

## ✪ ਪੁਲਿਸ ਨੇ ਦੋਸ਼ੀਆ ਤੋਂ 20 ਲੱਖ ਯੂਰੋ ਜਬਤ ਕਰਕੇ 2000 ਡਰਾਈਵਿੰਗ ਲਾਇਸੰਸ ਦੀ ਕੀਤੀ ਜਾਂਚ ਸ਼ਰੂ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਉੱਤਰੀ ਇਟਲੀ ਦੇ ਲੰਬਾਰਦੀਆਂ ਸੂਬੇ ਦੇ ਸ਼ਹਿਰ ਬਰੇਸ਼ੀਆਂ ਵਿਖੇ ਪੁਲਿਸ ਪ੍ਰਸ਼ਾਸਨ ਨੇ ਇੱਕ ਅਜਿਹੇ ਸਕੂਲ (ਜੋ ਵਾਹਨ ਚਲਾਉਣ ਲਈ ਲਾਇਸੰਸ ਪਾਸ ਕਰਨ ਲਈ ਟ੍ਰੈਫਿਕ ਨਿਯਮਾਂ ਦਾ ਪੜ੍ਹਾਈ ਕਰਵਾਉਂਦੇ ਸੀ)ਦਾ ਪਰਦਾਫਾਸ਼ ਕੀਤਾ ਹੈ ਜਿਹੜੇ ਕਿ ਇਟਾਲੀਅਨ ਭਾਸ਼ਾ ਦਾ ਘੱਟ ਗਿਆਨ ਰੱਖਣ ਵਾਲੇ ਪ੍ਰਵਾਸੀਆਂ ਤੋਂ ਹਜ਼ਾਰਾਂ ਯੂਰੋ ਵਸੂਲ ਕੇ ਗਲਤ ਢੰਗ-ਤਰੀਕਿਆਂ ਨਾਲ ਲਾਇਸੰਸ ਪਾਸ ਕਰਵਾਉਂਦੇ ਸਨ। ਪੁਲਿਸ ਨੇ ਇਸ ਗੌਰਖ ਧੰਦੇ ਲਈ ਜਿੱਥੇ ਵੱਖ-ਵੱਖ ਸਕੂਲਾਂ ਦੇ 4 ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ ਉੱਥੇ 20 ਲੱਖ ਯੂਰੋ ਵੀ ਕਥਿਤ ਦੋਸ਼ੀਆਂ ਤੋਂ ਜਬਤ ਕੀਤਾ ਹੈ।



ਇਟਾਲੀਅਨ ਮੀਡੀਏ ਤੋਂ ਮਿਲੀ ਜਾਣਕਾਰੀ ਅਨੁਸਾਰ ਇਹ ਆਟੋ ਸਕੂਲ ਵਾਲੇ ਪ੍ਰਵਾਸੀਆਂ ਨੂੰ ਸੌਖੇ ਢੰਗ ਨਾਲ ਵਹਿਕਲਾਂ ਦੇ ਲਾਇਸੰਸ ਦੁਆਓਣ ਲਈ ਪ੍ਰੀਖਿਆ ਦੇਣ ਵਾਲੇ ਸਖ਼ਸ ਦੇ ਕੈਮਰੇ ਤੇ ਹੈੱਡਫੋਨ ਕਪੜਿਆਂ ਹੇਠ ਛੁਪੇ ਢੰਗ ਨਾਲ ਲਗਾਕੇ ਪੇਪਰ ਦੇਣ ਭੇਜ ਦੇ ਸਨ ਤੇ ਜਦੋਂ ਪੇਪਰ ਦੇਣ ਵਾਲਾ ਸਖ਼ਸ ਪ੍ਰੀਖਿਆ ਕੇਂਦਰ ਵਿੱਚ ਕੰਪਿਊਟਰ ਦੇ ਮੂਹਰੇ ਬੈਠਦਾ ਤਾਂ ਉਸ ਦਾ ਕਪੜਿਆਂ ਵਿੱਚ ਛੁਪਾਏ ਕੈਮਰੇ ਦੀ ਮਦਦ ਨਾਲ ਬਾਹਰ ਬੈਠ ਪੇਪਰ ਹੱਲ ਕਰ ਦਿੰਦੇ ਸੀ ਜਿਸ ਕੰਮ ਲਈ ਇਹ ਆਟੋ ਸਕੂਲਾਂ ਵਾਲੇ ਪ੍ਰਵਾਸੀਆਂ ਤੋਂ 2 ਤੋਂ 5 ਹਜ਼ਾਰ ਯੂਰੋ ਤੱਕ ਵਸੂਲ ਦੇ ਸਨ। ਜ਼ਿਲ੍ਹਾ ਬਰੇਸ਼ੀਆਂ ਦੇ ਪੁਲਿਸ ਪ੍ਰਸ਼ਾਸ਼ਨ ਨੂੰ ਜਦੋਂ ਇਸ ਧੋਖੇਬਾਜ਼ ਸਿਸਟਮ ਦਾ ਪਤਾ ਲੱਗਾ ਤਾਂ ਉਹਨਾਂ ਸਾਰੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰਦਿਆਂ ਵੱਖ-ਵੱਖ ਆਟੋ ਸਕੂਲਾਂ ਦੇ ਕਰਿੰਦਿਆਂ ਵੱਲੋਂ ਚਲਾਏ ਜਾ ਰਹੇ ਇਸ ਸਕੈਮ ਦਾ ਪ੍ਰਦਾਫਾਸ ਕਰ ਦਿੱਤਾ।

ਪੁਲਿਸ ਨੇ ਕਥਿਤ ਦੋਸ਼ੀਆਂ ਉਪੱਰ ਭ੍ਰਿਸ਼ਟਾਚਾਰ ,ਜਨਤਕ ਦਸਤਾਵੇਜ਼ ਨਾਲ ਖਿਲਵਾੜ ਕਰਨ ਤੇ ਕਈ ਹੋਰ ਸੰਗੀਨ ਧਰਾਵਾਂ ਹੇਠ ਕੇਸ ਦਰਜ਼ ਕਰ 60 ਤੋਂ ਵੱਧ ਲੋਕਾਂ ਦੀ ਜਾਂਚ ਸ਼ੁਰੂ ਕਰਦਿੱਤੀ ਹੈ ਜਦੋ ਕਿ 2000 ਤੋਂ ਵੱਧ ਡਰਾਈਵਿੰਗ ਲਾਇਸੰਸ ਜਿਹਨਾਂ ਵਿੱਚ ਏ,ਬੀ,ਸੀ,ਸੀ ਕਿਊ ਸੀ ਕਿਸਮ ਦੇ ਲਾਇਸੰਸ ਦਾ ਜ਼ਿਕਰ ਹੈ ਸਭ ਦੀ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ ਹੈ।ਪੁਲਿਸ ਅਨੁਸਾਰ ਇਸ ਸਕੈਮ ਦਾ ਹਿੱਸੇ ਬਣੇ ਕਈ ਅਜਿਹੇ ਪ੍ਰਵਾਸੀ ਵੀ ਹਨ ਜਿਹਨਾਂ ਨੂੰ ਇਟਾਲੀਅਨ ਭਾਸ਼ਾ ਚੰਗੀ ਤਰ੍ਹਾਂ ਬੋਲਣੀ ਵੀ ਨਹੀਂ ਆਉਂਦੀ ਪਰ ਉਹਨਾਂ ਕੋਲ ਟਰਾਲੇ/ਟਰੱਕ ਦਾ ਹੈਵੀ ਲਾਇਸੰਸ ਹੈ। ਇਸ ਘਟਨਾ ਨਾਲ ਪੂਰੇ ਜ਼ਿਲ੍ਹੇ ਵਿੱਚ ਤੜਥੱਲੀ ਮੱਚ ਗਈ ਹੈ ਤੇ ਉਹ ਲੋਕ ਬਖ਼ਸੇ ਨਹੀਂ ਜਾਣਗੇ ਜਿਹਨਾਂ ਇਸ ਧੋਖੇਬਾਜ਼ੀ ਵਾਲੇ ਰਾਸਤੇ ਨੂੰ ਅਪਣਾਇਆ।

ਜ਼ਿਕਰਯੋਗ ਹੈ ਕਿ ਇਟਲੀ ਵਿੱਚ ਜਿਹੜੇ ਪ੍ਰਵਾਸੀ ਲੋਕ ਕਾਮਯਾਬ ਹੋਣਾ ਲੋਚਦੇ ਹਨ ਉਹਨਾਂ ਲਈ ਸਭ ਤੋਂ ਜ਼ਰੂਰੀ ਹੈ ਇਟਾਲੀਅਨ ਭਾਸ਼ਾ ਦਾ ਪੂਰਨ ਗਿਆਨ ਜਿਸ ਨਾਲ ਪ੍ਰਵਾਸੀ ਲੋਕ ਕਾਮਯਾਬੀ ਦੀ ਹਰ ਉਹ ਪੌੜੀ ਚੜ੍ਹ ਸਕਦੇ ਹਨ ਜਿਹੜੀ ਉਹਨਾਂ ਨੂੰ ਕਾਮਯਾਬ ਕਰਦੀ ਹੈ ਪਰ ਅਫ਼ਸੋਸ ਇਟਲੀ ਵਿੱਚ ਪ੍ਰਵਾਸੀਆਂ ਨੂੰ ਸਮੇਂ ਦੀ ਘਾਟ ਕਾਰਨ ਇਟਾਲੀਅਨ ਭਾਸ਼ਾ ਦੇ ਗਿਆਨ ਦੀ ਤੰਗੀ ਉਹਨਾਂ ਨੂੰ ਹਰ ਮੋੜ ਉਪੱਰ ਢਾਹਡਾ ਤੰਗ ਕਰਦੀ ਹੈ ਜਿਸ ਤੋਂ ਬੱਚਣ ਲਈ ਪ੍ਰਵਾਸੀ ਲੋਕ ਅਨੇਕਾਂ ਪਾਪੜ ਵੇਲਕੇ ਆਪਣਾ ਕੰਮ ਸੂਤ ਕਰਨ ਦੀਆਂ ਦਿਨ-ਰਾਤ ਜੁਗਤਾਂ ਬਣਾਉਂਦੇ ਹਨ।

ਪ੍ਰਵਾਸੀਆਂ ਦੀ ਇਸ ਕਮਜ਼ੋਰੀ ਦਾ ਇਟਲੀ ਭਰ ਵਿੱਚ ਵੱਖ-ਵੱਖ ਖੇਤਰਾਂ ਦੇ ਲਾਲਚੀ ਲੋਕ ਰੱਜ ਕੇ ਫਾਇਦਾ ਚੁੱਕ ਰਹੇ ਹਨ ਜਿਹਨਾਂ ਤੋਂ ਪ੍ਰਵਾਸੀਆਂ ਨੂੰ ਬੱਚਣ ਲਈ ਇਟਾਲੀਅਨ ਭਾਸ਼ਾ ਦਾ ਮੁਕੰਮਲ ਗਿਆਨ ਹਾਸਿਲ ਕਰਨ ਲਈ ਸੰਜੀਦਾ ਹੋਣ ਦੀ ਅਹਿਮ ਲੋੜ ਹੈ।

# ਹਾਸਿਆਂ-ਠੱਠਿਆਂ, ਭਾਵੁਕਤਾ ਭਰੀ ਅਤੇ ਪਿਓ-ਪੁੱਤ ਦੇ ਰਿਸ਼ਤੇ ਦੀ ਕਹਾਣੀ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ'





ਜਿੰਦ ਜਵੰਦਾ
9463828000

ਪੰਜਾਬੀ ਸਿਨੇਮਾ ਤੇਜ਼ੀ ਨਾਲ ਅੱਗੇ ਵੱਲ ਨੂੰ ਵੱਧ ਰਿਹਾ ਹੈ ਤੇ ਦਰਸ਼ਕਾਂ ਲਈ ਨਵੇਂ ਨਵੇਂ ਵਿਸ਼ੇ ਤੇ ਤਿਆਰ ਫਿਲਮਾਂ ਲੈ ਕੇ ਆ ਰਿਹਾ ਹੈ।ਦਰਸ਼ਕ ਵੀ ਹੁਣ ਰਲਦੇ-ਮਿਲਦੇ ਵਿਸ਼ਿਆਂ ਵਾਲੀਆਂ ਫਿਲਮਾਂ ਨੂੰ ਨਕਾਰ ਕੇ ਕੁਝ ਵੱਖਰਾ ਵੇਖਣ ਦੀ ਚਾਹਤ ਰੱਖਦੇ ਹਨ। ਇਸੇ ਰੁਝਾਨ ਤਹਿਤ ਇੱਕ ਵੱਖਰੇ ਵਿਸ਼ੇ ਤੇ ਬਣ ਕੇ ਤਿਆਰ ਹੋਈ ਫ਼ਿਲਮ 'ਸ਼ਿੰਦਾ-ਸ਼ਿੰਦਾ ਨੋ ਪਾਪਾ' 10 ਮਈ ਨੂੰ ਰਿਲੀਜ਼ ਹੋਣ ਜਾ ਰਹੀ ਹੈ। ਜੋ ਕਿ ਪਿਉ ਪੁੱਤ ਦੀਆਂ ਦਿਲਚਸਪ ਸ਼ਰਾਰਤੀ ਘਟਨਾਵਾਂ 'ਤੇ ਅਧਾਰਤ ਹੈ। ਜਿਸ ਵਿਚ ਗਿੱਪੀ ਗਰੇਵਾਲ ਅਤੇ ਉਸਦਾ ਬੇਟਾ ਸ਼ਿੰਦਾ ਗਰੇਵਾਲ ਮੁੱਖ ਕਿਰਦਾਰਾਂ ਵਿੱਚ ਨਜ਼ਰ ਆਉਣਗੇ। ਸ਼ਿੰਦਾ ਨੇ ਛੋਟੀ ਉਮਰ ਤੋਂ ਹੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦਾ ਜਲਵਾ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ। ਉਸ ਦੇ ਕਿਊਟਨੇਸ ਨੂੰ ਫੈਨਜ਼ ਵੱਲੋਂ ਵੀ ਬੇਹੱਦ ਪਸੰਦ ਕੀਤਾ ਜਾ ਰਿਹਾ ਹੈ। ਫ਼ਿਲਮ ਦੀ ਕਹਾਣੀ ਸ਼ਿੰਦਾ ਦੀ ਹੈ, ਜੋ ਇੱਕ ਸ਼ਰਾਰਤੀ ਬੱਚਾ ਹੈ ਅਤੇ ਆਪਣੇ ਪਿਤਾ ਦਾ ਜੀਵਨ ਮੁਸ਼ਕਿਲ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦਾ। ਇਹ ਫ਼ਿਲਮ ਸ਼ਰਾਰਤੀ ਬੱਚਿਆਂ ਦੁਆਲੇ ਘੁੰਮਦੀ ਹੈ ਜੋ ਕਈ ਵਾਰ ਭਰੀ ਮਹਿਫ਼ਲ ਵਿਚ ਆਪਣੀਆਂ ਅਜ਼ੀਬ ਹਰਕਤਾਂ ਨਾਲ ਮਾਹੌਲ ਨੂੰ ਹਾਸੇ ਦਾ ਤਮਾਸ਼ਾ ਬਣਾ ਦਿੰਦੇ ਹਨ। ਪਿਓ-ਪੁੱਤ ਦੀ ਜੋੜੀ ਪਹਿਲੀ ਵਾਰ ਵੱਡੇ ਪਰਦੇ 'ਤੇ ਆਪਣੀ ਨੋਕ-ਝੋਕ ਨਾਲ ਦਰਸ਼ਕਾਂ ਦਾ ਖ਼ੂਬ ਮਨੋਰੰਜਨ ਕਰਨ ਲਈ ਤਿਆਰ ਹੈ। ਇਸ ਫਿਲਮ ਵਿੱਚ ਪਿਓ-ਪੁੱਤ ਦੀ ਮਜ਼ੇਦਾਰ ਜੁਗਲਬੰਦੀ ਨੂੰ ਦੇਸੀ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। 'ਬਿੱਗ ਬੌਸ ਸੀਜ਼ਨ-11' ਦੀ ਮੁਕਾਬਲੇਬਾਜ਼ ਹਿਨਾ ਦੀ ਇਹ ਪਹਿਲੀ ਪੰਜਾਬੀ ਫਿਲਮ ਹੈ। ਇਸ ਫ਼ਿਲਮ 'ਚ ਹਿਨਾ ਖ਼ਾਨ ਸ਼ਿੰਦਾ ਦੀ ਮਾਂ ਦੇ ਕਿਰਦਾਰ 'ਚ ਨਜ਼ਰ ਆ ਰਹੀ ਹੈ।

ਇਸ ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਸਕਰੀਨਪਲੇਅ ਨਰੇਸ਼ ਕਥੂਰੀਆ ਨੇ ਲਿਖਿਆ ਹੈ। ਫ਼ਿਲਮ ਅਮਰਪ੍ਰੀਤ ਜੀ. ਐੱਸ. ਛਾਬੜਾ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਫ਼ਿਲਮ ਦੇ ਨਿਰਮਾਤਾ ਗਿੱਪੀ ਗਰੇਵਾਲ, ਰਵਨੀਤ ਕੌਰ ਗਰੇਵਾਲ, ਬਿਕਰਮ ਮਹਿਰਾ ਅਤੇ ਸ਼ਿਧਾਰਤ ਆਨੰਦ ਕੁਮਾਰ ਹਨ। ਹੰਬਲ ਮੋਸ਼ਨ ਪਿਕਚਰਜ਼ ਅਤੇ ਸਾਰੇਗਾਮਾ ਦੀ ਪੇਸ਼ਕਸ ਇਸ ਫ਼ਿਲਮ ਵਿੱਚ ਗਿੱਪੀ ਗਰੇਵਾਲ, ਹੀਨਾ ਖ਼ਾਨ ਅਤੇ ਸ਼ਿੰਦਾ ਗਰੇਵਾਲ ਤੋਂ ਇਲਾਵਾ ਗਿੱਪੀ ਗਰੇਵਾਲ, ਸ਼ਿੰਦਾ ਗਰੇਵਾਲ, ਹਿਨਾ ਖ਼ਾਨ, ਪ੍ਰਿੰਸ ਕੰਵਲਜੀਤ ਸਿੰਘ, ਜਸਵਿੰਦਰ ਭੱਲਾ, ਨਿਰਮਲ ਰਿਸ਼ੀ, ਗੁਰੀ ਘੁੰਮਣ, ਰਘਵੀਰ ਬੋਲੀ, ਹਰਦੀਪ ਗਿੱਲ, ਸੀਮਾ ਕੌਸ਼ਲ, ਹਰਿੰਦਰ ਭੁੱਲਰ ਅਤੇ ਏਕੋਮ ਗਰੇਵਾਲ ਆਦਿ ਨੇ ਅਹਿਮ ਕਿਰਦਾਰ ਨਿਭਾਏ ਹਨ।

'ਸ਼ਿੰਦਾ ਸ਼ਿੰਦਾ ਨੋ ਪਾਪਾ' 10 ਮਈ ਨੂੰ ਸਿਨੇਮਾਘਰਾਂ 'ਚ ਦਸਤਕ ਦੇਣ ਜਾ ਰਹੀ ਹੈ। ਜਿਸ ਨੂੰ ਵੇਖਣ ਲਈ ਫੈਨਜ਼ ਕਾਫੀ ਉਤਸ਼ਾਹਿਤ ਹਨ ਤੇ ਬੜੀ ਹੀ ਬੇਸਬਰੀ ਨਾਲ ਇਸ ਫਿਲਮ ਦੀ ਰਿਲੀਜ਼ ਹੋਣ ਦੀ ਉਡੀਕ ਕਰ ਰਹੇ ਹਨ।

# ਲੋਕ ਨੁਮਾਇੰਦੇ ਕਿਸ ਤਰਾਂ ਦੇ ਹੋਣ ?

ਰਵਿੰਦਰ ਸਿੰਘ ਸੋਢੀ
001-604-369-2371
ਰਿਚਮੰਡ, ਕੈਨੇਡਾ



ਲੋਕ ਰਾਜ ਦਾ ਭਾਵ ਹੀ ਹੈ ਲੋਕਾਂ ਦਾ ਰਾਜ। ਲੋਕ ਰਾਜ ਭਾਵੇਂ ਕਿਸੇ ਕਿਸਮ ਦਾ ਵੀ ਹੋਵੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੁਆਰਾ ਹੀ ਚਲਾਇਆ ਜਾਂਦਾ ਹੈ। ਇਸ ਦਾ ਭਾਵ ਹੈ ਕਿ ਲੋਕ ਨੁਮਾਇੰਦੇ ਜਿੰਨੇ ਵੀ ਕਾਬਲ, ਦੂਰ ਅੰਦੇਸ਼ੀ, ਮਿਹਨਤੀ ਅਤੇ ਆਪਣੇ ਚੁਣਨ ਵਾਲੇ ਲੋਕਾਂ ਪ੍ਰਤੀ ਵਫ਼ਾਦਾਰ ਹੋਣਗੇ, ਉਤਨੇ ਹੀ ਉਹ ਆਪਣੇ ਦੇਸ ਦੀ ਆਮ ਜਨਤਾ ਲਈ ਭਲਾਈ ਵਾਲੇ ਕੰਮ ਕਰਨਗੇ। ਇਸ ਦੇ ਨਾਲ ਹੀ ਇਹ ਵੀ ਦੇਖਣ ਵਾਲੀ ਗੱਲ ਹੁੰਦੀ ਹੈ ਕਿ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਆਪਣੀ ਚੋਣ ਕਰਨ ਵਾਲਿਆਂ ਨਾਲ ਕਿੰਨੇ ਕੁ ਸੰਪਰਕ ਵਿਚ ਰਹਿੰਦੇ ਹਨ।

ਸੰਪਰਕ ਦਾ ਇਹ ਅਰਥ ਬਿਲਕੁਲ ਨਹੀਂ ਕਿ ਉਹ ਹਰ ਚੋਣ ਕਰਤਾ ਨਾਲ ਰਾਬਤਾ ਬਣਾ ਕੇ ਰੱਖਣ। ਇਹ ਤਾਂ ਕੇਵਲ ਪਿੰਡਾਂ ਦੇ ਪੱਧਰ ਤੇ ਹੀ ਸੰਭਵ ਹੋ ਸਕਦਾ ਹੈ। ਸੂਬਿਆਂ ਦੀਆਂ ਵਿਧਾਨ ਸਭਾਵਾਂ ਜਾਂ ਕੇਂਦਰੀ ਸਰਕਾਰ ਲਈ ਚੁਣੇ ਗਏ ਉਮੀਦਵਾਰਾਂ ਲਈ ਨਹੀਂ, ਕਿਉਂ ਜੋ ਉਹਨਾਂ ਦੇ ਚੋਣ ਹਲਕੇ ਵੱਡੇ ਹੁੰਦੇ ਹਨ। ਪਰ ਫੇਰ ਵੀ ਉਹ ਕਿਸੇ ਨਾ ਕਿਸੇ ਢੰਗ ਨਾਲ ਆਪਣੇ ਚੋਣ ਹਲਕੇ ਦੇ ਲੋਕਾਂ ਨਾਲ ਮੇਲ-ਮਿਲਾਪ ਰੱਖ ਸਕਦੇ ਹਨ। ਕਿਸੇ ਖਾਸ ਮੌਕੇ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਕੇ, ਆਪਣੇ ਇਲਾਕੇ ਵਿਚ ਸਮੇਂ-ਸਮੇਂ ਕੁਝ ਲੋਕਾਂ ਨੂੰ ਮਿਲ ਕੇ, ਜਾਂ ਕਿਸੇ ਨਿਊਜ਼ ਲੈਟਰ ਰਾਹੀਂ। ਅਸਲ ਵਿਚ ਇਹ ਸਭ ਕੁਝ ਜਨ-ਪਰਤੀਨਿਧੀਆਂ ਦੀ ਸੋਚ ਤੇ ਵੀ ਨਿਰਭਰ ਕਰਦਾ ਹੈ ਕਿ ਉਹ ਆਪਣੀ ਜ਼ਿੰਮੇਵਾਰੀ ਕਿਵੇਂ ਨਿਭਾਉਣਾ ਚਾਹੁੰਦੇ ਹਨ। ਉਹਨਾਂ ਦੇ ਦੇਸ ਦਾ ਸੰਵਿਧਾਨ, ਲੋਕ ਰਾਜੀ ਪਰੰਪਰਾਵਾਂ, ਕਾਨੂੰਨ ਉਹਨਾਂ ਤੋਂ ਕੀ ਆਸ ਕਰਦਾ ਹੈ ਅਤੇ ਸਭ ਤੋਂ ਵੱਧ, ਉਥੋਂ ਦੇ ਆਮ ਲੋਕ ਕਿੰਨੇ ਕੁ ਜਾਗਰੂਕ ਹਨ। ਆਮ ਲੋਕਾਂ ਨੂੰ ਇਸ ਗੱਲ ਦੀ ਸੋਝੀ ਹੋਣੀ ਚਾਹੀਦੀ ਹੈ ਕਿ ਉਹਨਾਂ ਦੁਆਰਾ ਚੁਣੇ ਨੁਮਾਇੰਦਿਆਂ ਦਾ ਇਹ ਇਖ਼ਲਾਕੀ ਫਰਜ਼ ਹੈ ਕਿ ਉਹਨਾਂ ਦੀਆਂ ਲੋੜਾਂ ਦਾ ਆਪ ਹੀ ਧਿਆਨ ਰੱਖਣ, ਪਰ ਜੇ ਚੁਣੇ ਹੋਏ ਮੈਂਬਰ ਉਹਨਾਂ ਦੀ ਕਸਵੱਟੀ ਤੇ ਪੂਰੇ ਨਹੀਂ ਉਤਰਦੇ ਤਾਂ ਨਿਸ਼ਚਿਤ ਤੌਰ ਤੇ ਅਗਲੀ ਬਾਰ ਉਹ ਅਜਿਹੇ ਮੈਂਬਰ ਨੂੰ ਸਬਕ ਜਰੂਰ ਸਿਖਾ ਸਕਦੇ ਹਨ।

ਅਮਰੀਕਾ, ਕੈਨੇਡਾ ਅਤੇ ਪੱਛਮੀ ਮੁਲਕਾਂ ਵਿਚ ਸਰਕਾਰ ਚਲਾ ਰਹੀ ਜਾਂ ਵਿਰੋਧੀ ਬੈਂਚਾਂ ਤੇ ਬੈਠੇ ਮੈਂਬਰ ਆਮ ਤੌਰ ਤੇ ਆਪਣੇ-ਆਪਣੇ ਸੰਸਦੀ ਖੇਤਰਾਂ ਵਿਚ ਸੁਰੱਖਿਆ ਕਰਮਚਾਰੀਆਂ ਤੋਂ ਬਿਨਾ ਹੀ ਘੁੰਮਦੇ ਫਿਰਦੇ ਹਨ। ਜਿਆਦਾ ਸਮਾਂ ਆਪਣੇ ਦਫ਼ਤਰ ਵਿਚ ਰਹਿੰਦੇ ਹਨ। ਆਮ ਲੋਕ ਉਹਨਾਂ ਦੇ ਦਫ਼ਤਰੀ ਕਰਮਚਾਰੀਆਂ ਨਾਲ ਸੰਪਰਕ ਕਰ ਕੇ ਉਹਨਾਂ ਨੂੰ ਵਿਅਕਤੀਗਤ ਤੌਰ ਤੇ ਮਿਲਣ ਦਾ ਸਮਾਂ ਲੈ ਸਕਦੇ ਹਨ ਜਾਂ ਆਪਣੀ ਸਮੱਸਿਆਵਾਂ ਦੱਸ ਸਕਦੇ ਹਨ। ਪਰ ਕੀ ਸਾਡੇ ਦੇਸ਼ ਵਿਚ ਇਹ ਸਭ ਕੁਝ ਵਾਪਰ ਰਿਹਾ ਜਾਂ ਵਾਪਰ ਸਕਦਾ ਹੈ ? ਇਹ ਇਕ ਵੱਡਾ ਸਵਾਲ ਹੈ। ਇਸ ਤੋਂ ਪਹਿਲਾਂ ਕਿ ਆਪਣੇ ਦੇਸ਼ ਦੇ ਚੁਣੇ ਨੁਮਾਇੰਦਿਆਂ ਦੀ ਗੱਲ ਕੀਤੀ ਜਾਵੇ, ਅਮਰੀਕਾ ਅਤੇ ਕੈਨੇਡਾ ਦੇ ਜਨ ਪਰਤੀਨਿਧੀਆਂ ਅਤੇ ਆਮ ਜਨਤਾ ਦੇ ਆਪਸੀ ਸੰਬੰਧਾਂ ਦੀਆਂ ਕੁਝ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕਰਨਾ ਜਰੂਰੀ ਹੈ ਜਿੰਨਾਂ ਸੰਬੰਧੀ ਇਹਨਾਂ ਸਤਰਾਂ ਦੇ ਲੇਖਕ ਨੂੰ ਵਿਅਕਤੀਗਤ ਤੌਰ ਤੇ ਜਾਣਕਾਰੀ ਹੈ। ਪਹਿਲੀ ਘਟਨਾ 25 ਕੁ ਸਾਲ ਪੁਰਾਣੀ ਹੈ। ਪੰਜਾਬ ਦੇ ਇਕ ਪ੍ਰਸਿੱਧ ਰਿਹਾਇਸ਼ੀ ਸਕੂਲ ਦਾ ਅਮਰੀਕਾ ਦੀ ਇਕ ਯੂਨੀਵਰਸਿਟੀ ਨਾਲ ਸਮਝੌਤਾ ਹੋਇਆ ਕਿ ਯੂਨੀਵਰਸਿਟੀ ਆਏ ਸਾਲ ਉਸ ਸਕੂਲ ਦੇ ਬਾਹਰਵੀਂ ਕਲਾਸ ਦੇ ਕੁਝ ਵਿਦਿਆਰਥੀਆਂ ਦੀ ਚੋਣ ਕਰਕੇ ਅਗਲੀ ਪੜਾਈ ਲਈ ਦਾਖ਼ਲਾ ਦੇਵੇਗੀ ਅਤੇ ਕੁਝ ਸ਼ਕਾਲਰਸ਼ਿਪ ਵੀ ਦੇਵੇਗੀ।




ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਰਹਿੰਦੇ ਹੋਏ ਮੈਂ ਦੇਖਿਆ ਹੈ ਕਿ ਅਸੈਂਬਲੀ ਮੈਂਬਰ ਅਤੇ ਫੈਡਰਲ ਸਰਕਾਰ (ਕੇਂਦਰੀ ਸਰਕਾਰ) ਦੇ ਚੁਣੇ ਹੋਏ ਨੁਮਾਇੰਦੇ ਆਪਣੇ-ਆਪਣੇ ਇਲਾਕੇ ਦੇ ਲੋਕਾਂ ਨੂੰ ਸਮੇਂ-ਸਮੇਂ ਤੇ ਦੋ-ਚਾਰ ਪੰਨਿਆਂ ਦੇ ਨਿਊਜ਼ ਲੈਟਰ ਭੇਜਦੇ ਰਹਿੰਦੇ ਹਨ ਅਤੇ ਆਪਣੇ ਇਲਾਕੇ ਦੇ ਆਮ ਲੋਕਾਂ ਨਾਲ ਸੰਪਰਕ ਵਿਚ ਰਹਿੰਦੇ ਹਨ। ਇਸ ਸਮੇਂ ਮੇਰੇ ਸਾਹਮਣੇ ਰਿਚਮੰਡ (ਬੀ ਸੀ) ਦੇ ਐਮ ਪੀ ਦੇ ਦੋ ਨਿਊਜ਼ ਲੈਟਰ ਪਏ ਹਨ। ਫਰਵਰੀ 2024 ਦੇ ਨਿਊਜ਼ ਲੈਟਰ ਵਿਚ ਐਮ ਪੀ, ਪਰਮ ਬੈਂਸ ਨੇ ਦੱਸਿਆ ਹੈ ਕਿ ਉਸ ਦੇ ਯਤਨਾਂ ਸਦਕਾ ਉਸਦੀ ਪਾਰਟੀ ਦੀ ਫੈਡਰਲ ਸਰਕਾਰ ਵੱਲੋਂ ਉਸਦੇ ਸੰਸਦੀ ਖੇਤਰ ਵਿਚ ਪਿਛਲੇ ਤਿੰਨ ਸਾਲਾਂ ਵਿਚ ਚਾਰ ਸੌ ਮਿਲੀਅਨ ਡਾਲਰਾਂ ਤੋਂ ਵੱਧ ਦਾ ਖਰਚ ਹੋਇਆ ਹੈ।

ਪਹਿਲੇ ਸਾਲ ਪੰਜ ਵਿਦਿਆਰਥੀ ਅਮਰੀਕਾ ਚਲੇ ਵੀ ਗਏ ਅਤੇ ਉਹਨਾਂ ਦਾ ਪੱਧਰ ਦੇਖ ਕੇ ਯੂਨੀਵਰਸਿਟੀ ਵੱਲੋਂ ਇਹ ਸਕੀਮ ਜਾਰੀ ਰੱਖਣ ਦੀ ਸਹਿਮਤੀ ਵੀ ਹੋ ਗਈ। ਦੂਜੇ ਸਾਲ ਪੰਜ ਵਿਦਿਆਰਥੀਆਂ ਦੀ ਚੋਣ ਕੀਤੀ ਗਈ, ਪਰ ਅਮਰੀਕਨ ਅੰਬੈਸੀ ਨੇ ਕਿਸੇ ਨੂੰ ਵੀ ਵੀਜ਼ਾ ਨਾ ਦਿੱਤਾ। ਵਿਜ਼ੇ ਲਈ ਇੰਟਰਵੀਊ ਲੈ ਰਹੀ ਅਫਸਰ ਨੇ ਬਹੁਤੀ ਗੱਲਬਾਤ ਕਰੇ ਬਿਨਾਂ ਹੀ ਇਸ ਮੁੱਦੇ ਤੇ ਇਨਕਾਰ ਕੀਤਾ ਕਿ ਵਿਦਿਆਰਥੀਆਂ ਦੀ ਪਰਿਵਾਰਕ ਆਰਥਿਕ ਅਵਸਥਾ ਅਮਰੀਕਾ ਦਾ ਖਰਚਾ ਝੱਲਣ ਯੋਗ ਨਹੀਂ। ਉਹਨਾਂ ਦਿਨਾਂ ਵਿਚ ਹੀ ਅਮਰੀਕਨ ਯੂਨੀਵਰਸਿਟੀ ਦਾ ਉੱਚ ਅਫਸਰ ਸੰਬੰਧਿਤ ਸਕੂਲ ਵਿਚ ਆਇਆ ਹੋਇਆ ਸੀ। ਜਦੋਂ ਉਸ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਵੀਜ਼ਾ ਲੈਣ ਗਈ ਇਕ ਲੜਕੀ ਨੂੰ ਬੁਲਾ ਕੇ ਸਭਕੁਛ ਪੁੱਛਿਆ। ਉਸ ਦੀ ਗੱਲ ਸੁਣ ਕੇ ਉਸ ਨੂੰ ਮਹਿਸੂਸ ਹੋਇਆ ਕਿ ਇੰਟਰਵਿਊ ਲੈਣ ਵਾਲੀ ਵੀਜ਼ਾ ਅਫਸਰ ਦਾ ਬੱਚਿਆਂ ਪ੍ਰਤੀ ਵਿਵਹਾਰ ਠੀਕ ਨਹੀਂ ਸੀ। ਉਸ ਨੇ ਲੜਕੀ ਨੂੰ ਅੰਬੈਸੀ ਵਿਚ ਜੋ ਕੁਝ ਵੀ ਵਾਪਰਿਆ ਉਹ ਲਿਖਤੀ ਰੂਪ ਵਿਚ ਦੇਣ ਨੂੰ ਕਿਹਾ। ਉਹ ਰਿਪੋਰਟ ਉਸ ਨੇ ਸਕੂਲ ਦੇ ਹੈਡਮਾਸਟਰ ਦੇ ਸਾਹਮਣੇ ਹੀ ਇਕ ਖਾਲੀ ਲਿਫਾਫੇ ਵਿਚ ਬੰਦ ਕਰ ਦਿੱਤੀ। ਉਸ ਤੋਂ ਅਗਲੇ ਦਿਨ ਹੀ ਉਸ ਨੇ ਅਮਰੀਕਾ ਵਾਪਿਸ ਜਾਣਾ ਸੀ। ਅਮਰੀਕਾ ਜਾਂਦੇ ਹੀ ਉਸ ਨੇ ਆਪਣੇ ਇਲਾਕੇ ਦੇ ਐਮ ਪੀ ਨੂੰ ਮਿਲਣ ਦਾ ਸਮਾਂ ਲਿਆ ਅਤੇ ਸਾਰੀ ਗੱਲ ਦੱਸੀ ਅਤੇ ਵੀਜ਼ੇ ਲਈ ਗਈ ਲੜਕੀ ਦੀ ਰਿਪੋਰਟ ਵਾਲਾ ਬੰਦ ਲਿਫਾਫਾ ਵੀ ਐਮ ਪੀ ਨੂੰ ਫੜਾ ਦਿੱਤਾ। ਐਮ ਪੀ ਨੇ ਯੂਨੀਵਰਸਿਟੀ ਦੇ ਅਧਿਕਾਰੀ ਨੂੰ ਭਰੋਸਾ ਦਿੱਤਾ ਕਿ ਉਹ ਇਸ ਸੰਬੰਧੀ ਦਿੱਲੀ ਅੰਬੈਸੀ ਨਾਲ ਗੱਲ ਕਰੇਗਾ।

ਹਫ਼ਤੇ ਬਾਅਦ ਹੀ ਅਮਰੀਕਨ ਅੰਬੈਸੀ ਵੱਲੋਂ ਉਸ ਲੜਕੀ ਨੂੰ ਫੋਨ ਆ ਗਿਆ ਕਿ ਉਹ ਆਪਣੇ ਨਾਲ ਦੇ ਸਾਥੀਆਂ ਨੂੰ ਵੀ ਦੱਸ ਦੇਵੇ ਕਿ ਨਿਸ਼ਚਿਤ ਦਿਨ 11 ਵਜੇ ਅੰਬੈਸੀ ਪਹੁੰਚ ਕੇ ਵੀਜ਼ਾ ਸੈਕਸ਼ਨ ਦੀ ਇੰਚਾਰਜ ਕੋਲ ਪਹੁੰਚ ਜਾਣ। ਨਿਯਤ ਦਿਨ ਉਹਨਾਂ ਵਿਦਿਆਰਥੀਆਂ ਨਾਲ ਗੱਲ ਬਾਤ ਤੋਂ ਬਾਅਦ ਸਭ ਨੂੰ ਵੀਜ਼ਾ ਦੇ ਦਿੱਤਾ ਗਿਆ ਅਤੇ ਐਮ ਪੀ ਨੂੰ ਰਿਪੋਰਟ ਭੇਜੀ ਗਈ ਕਿ ਪੰਜੇ ਵਿਦਿਆਰਥੀ ਵੀਜ਼ੇ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਦੂਜੀ ਘਟਨਾ ਵੀ ਅਮਰੀਕਾ ਦੀ ਹੀ ਹੈ। ਇਕ ਪੰਜਾਬੀ ਲੜਕਾ (ਇਹਨਾਂ ਸਤਰਾਂ ਦੇ ਲੇਖਕ ਦੀ ਜਾਣ ਪਹਿਚਾਣ ਵਾਲਾ) ਅਮਰੀਕਾ ਪੜਾਈ ਲਈ ਗਿਆ ਹੋਇਆ ਸੀ। ਪੜਾਈ ਪੂਰੀ ਕਰਨ ਬਾਅਦ ਉਸ ਨੇ ਇਕ ਗੋਰੀ ਨਾਲ ਵਿਆਹ ਕਰਵਾ ਲਿਆ। ਕੁਝ ਦੇਰ ਬਾਅਦ ਉਸ ਨੇ ਆਪਣੇ ਮਾਤਾ-ਪਿਤਾ ਨੂੰ ਵਿਜ਼ਟਰ ਵੀਜ਼ੇ ਤੇ ਬੁਲਵਾਉਣ ਲਈ ਕਾਗਜ਼ ਭੇਜ ਦਿੱਤੇ, ਪਰ ਉਹਨਾਂ ਨੂੰ ਵੀਜ਼ਾ ਨਾ ਮਿਲਿਆ। ਇਹ ਪਤਾ ਲੱਗਦੇ ਹੀ ਲੜਕਾ ਕਾਫੀ ਮਾਊਸ ਹੋ ਗਿਆ। ਉਸ ਦੀ ਅਮਰੀਕਨ ਪਤਨੀ ਨੇ ਆਪਣੇ ਪਤੀ ਦੀ ਇਹ ਹਾਲਤ ਦੇਖ ਕੇ ਆਪ ਹੀ ਕੁਝ ਕਰਨ ਦਾ ਫੈਸਲਾ ਕੀਤਾ।

ਸਮਾਂ ਮਿਲਦੇ ਹੀ ਉਸ ਨੇ ਆਪਣੇ ਇਲਾਕੇ ਦੇ ਐਮ ਪੀ ਨੂੰ ਫੋਨ ਕੀਤਾ। ਉਸ ਸਮੇਂ ਐਮ ਪੀ ਦੇ ਦਫ਼ਤਰ ਦਾ ਟੈਲੀਫ਼ੋਨ ਵਾਈਸ ਮੈਸੇਜ ਤੇ ਲੱਗਿਆ ਹੋਇਆ ਸੀ। ਉਸ ਨੇ ਸੁਨੇਹਾ ਛੱਡ ਦਿੱਤਾ ਕਿ ਇਕ ਜਰੂਰੀ ਕੰਮ ਲਈ ਐਮ ਪੀ ਦੀ ਸਹਾਇਤਾ ਦੀ ਜ਼ਰੂਰਤ ਹੈ। ਜਦੋਂ ਐਮ ਪੀ ਨੇ ਆਪਣੇ ਦਫਤਰ ਪਹੁੰਚ ਕੇ ਮੈਸੇਜ ਚੈਕੱ ਕੀਤਾ ਤਾਂ ਉਸੇ ਸਮੇਂ ਉਸ ਨੂੰ ਫੋਨ ਮਿਲਾਇਆ। ਗੋਰੀ ਕੁੜੀ ਨੇ ਉਸ ਨਾਲ ਆਪਣੇ ਸੱਸ-ਸਹੁਰੇ ਨੂੰ ਵੀਜ਼ਾ ਨਾ ਮਿਲਣ ਦੀ ਗੱਲ ਕੀਤੀ ਅਤੇ ਦੱਸਿਆ ਕਿ ਉਸ ਦਾ ਪਤੀ ਪੰਜ ਸਾਲ ਤੋਂ ਆਪਣੇ ਮਾਂ-ਪਿਉ ਨੂੰ ਨਹੀਂ ਮਿਲਿਆ। ਐਮ ਪੀ ਨੇ ਉਸ ਨੂੰ ਕਿਹਾ ਕਿ ਉਹ ਆਪਣੇ ਸੱਸ-ਸਹੁਰਾ ਦੇ ਸਾਰੇ ਕਾਗਜ਼ ਉਸ ਨੂੰ ਫੈਕਸ ਕਰ ਦੇਵੇ, ਉਹ ਅਮਰੀਕਨ ਅੰਬੈਸੀ ਨਾਲ ਗੱਲ ਕਰੇ ਗਾ। ਕੁਝ ਦਿਨਾਂ ਬਾਅਦ ਹੀ ਉਹਨਾਂ ਨੂੰ ਵੀਜ਼ਾ ਮਿਲ ਗਿਆ। ਪਰ ਇਕ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਜੇ ਸਬੰਧਿਤ ਐਮ ਪੀ ਨੂੰ ਲੱਗਦਾ ਹੈ ਕਿ ਜਿਹੜੇ ਬੰਦੇ ਸੰਬੰਧੀ ਉਹ ਅੰਬੈਸੀ ਨਾਲ ਸੰਪਰਕ ਕਰ ਰਿਹਾ ਹੈ, ਉਹ ਠੀਕ ਹੈ ਤਾਂ ਹੀ ਉਹ ਅਗੇ ਗੱਲ ਕਰਦਾ ਹੈ। ਇਹ ਨਹੀਂ ਕਿ ਆਪਣੀ ਪਾਰਟੀ ਦੇ ਕਿਸੇ ਬੰਦੇ ਜਾ ਹਮਾਇਤੀ ਦੀ ਸਿਫ਼ਾਰਿਸ਼ ਤੇ ਗਲਤ ਬੰਦੇ ਬਾਰੇ ਕਹੇ ਗਾ।

ਪਿਛਲੇ ਕੁਝ ਸਾਲਾਂ ਤੋਂ ਕੈਨੇਡਾ ਰਹਿੰਦੇ ਹੋਏ ਮੈਂ ਦੇਖਿਆ ਹੈ ਕਿ ਅਸੈਂਬਲੀ ਮੈਂਬਰ ਅਤੇ ਫੈਡਰਲ ਸਰਕਾਰ (ਕੇਂਦਰੀ ਸਰਕਾਰ) ਦੇ ਚੁਣੇ ਹੋਏ ਨੁਮਾਇੰਦੇ ਆਪਣੇ-ਆਪਣੇ ਇਲਾਕੇ ਦੇ ਲੋਕਾਂ ਨੂੰ ਸਮੇਂ-ਸਮੇਂ ਤੇ ਦੋ-ਚਾਰ ਪੰਨਿਆਂ ਦੇ ਨਿਊਜ਼ ਲੈਟਰ ਭੇਜਦੇ ਰਹਿੰਦੇ ਹਨ ਅਤੇ ਆਪਣੇ ਇਲਾਕੇ ਦੇ ਆਮ ਲੋਕਾਂ ਨਾਲ ਸੰਪਰਕ ਵਿਚ ਰਹਿੰਦੇ ਹਨ। ਇਸ ਸਮੇਂ ਮੇਰੇ ਸਾਹਮਣੇ ਰਿਚਮੰਡ (ਬੀ ਸੀ) ਦੇ ਐਮ ਪੀ ਦੇ ਦੋ ਨਿਊਜ਼ ਲੈਟਰ ਪਏ ਹਨ। ਫਰਵਰੀ 2024 ਦੇ ਨਿਊਜ਼ ਲੈਟਰ ਵਿਚ ਐਮ ਪੀ, ਪਰਮ ਬੈਂਸ ਨੇ ਦੱਸਿਆ ਹੈ ਕਿ ਉਸ ਦੇ ਯਤਨਾਂ ਸਦਕਾ ਉਸਦੀ ਪਾਰਟੀ ਦੀ ਫੈਡਰਲ ਸਰਕਾਰ ਵੱਲੋਂ ਉਸਦੇ ਸੰਸਦੀ ਖੇਤਰ ਵਿਚ ਪਿਛਲੇ ਤਿੰਨ ਸਾਲਾਂ ਵਿਚ ਚਾਰ ਸੌ ਮਿਲੀਅਨ ਡਾਲਰਾਂ ਤੋਂ ਵੱਧ ਦਾ ਖਰਚ ਹੋਇਆ ਹੈ।

ਇਹ ਰਕਮ ਕਿਹੜੇ-ਕਿਹੜੇ ਖੇਤਰਾਂ ਲਈ ਵਰਤੀ ਗਈ, ਇਸ ਦਾ ਵੇਰਵਾ ਦਿੱਤਾ ਹੋਇਆ ਹੈ। ਪਿਛਲੇ ਸਮੇਂ ਦੌਰਾਨ ਉਸ ਨੇ ਆਪਣੇ ਖੇਤਰ ਦੇ ਕਿਹੜੇ ਸਮਾਗਮਾਂ ਵਿਚ ਸ਼ਿਰਕਤ ਕੀਤੀ, ਉਹਨਾਂ ਦੀਆਂ ਫ਼ੋਟੋਆਂ ਹਨ। ਇਸ ਤੋਂ ਇਲਾਵਾ ਉਸ ਨੇ ਪਾਰਲੀਮੈਂਟ ਮੈਂਬਰ ਹੋਣ ਕਰਕੇ ਉਹ ਆਮ ਲੋਕਾਂ ਦੀ ਕਿਹੜੇ ਮਾਮਲਿਆਂ ਵਿਚ ਮਦਦ ਕਰ ਸਕਦਾ ਹੈ, ਇਸ ਦਾ ਬਿਊਰਾ ਵੀ ਦਿੱਤਾ ਗਿਆ ਹੈ। ਇਹ ਵੀ ਦੱਸਿਆ ਹੈ ਕਿ ਐਮ ਐਲ ਏ ਅਤੇ ਸ਼ਹਿਰ ਦੇ ਸਿਟੀ ਹਾਲ ਦੇ ਮੈਂਬਰ ਲੋਕਾਂ ਦੀ ਕਿਹੜੇ-ਕਿਹੜੇ ਕੰਮ ਲਈ ਸਹਾਇਤਾ ਕਰ ਸਕਦੇ ਹਨ ਅਤੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸੰਬੰਧਿਤ ਕੰਮ ਲਈ ਉਸਦੇ ਦਫਤਰ ਨਾਲ ਸੰਪਰਕ ਕਰਨ। ਸੰਪਰਕ ਕਰਨ ਲਈ ਟੈਲੀਫ਼ੋਨ ਨੰਬਰ, ਈ ਮੇਲ ਆਈ ਡੀ, ਇੰਸਟਾਗਰਾਮ, ਵੈਬਸਾਈਟ ਆਦਿ ਦਾ ਵੇਰਵਾ ਦਿੱਤਾ ਗਿਆ ਹੈ।

ਦੂਜੇ ਨਿਊਜ਼ ਲੈਟਰ ਵਿਚ ਕੈਨੇਡਾ ਦੀ ਕੇਂਦਰੀ ਸਰਕਾਰ ਵੱਲੋਂ ਕੈਨੇਡਾ ਦੇ ਨਾਗਰਿਕਾਂ ਲਈ ਦੰਦਾਂ ਦੇ ਇਲਾਜ ਲਈ ਨਵੀਂ ਸਕੀਮ ਸੰਬੰਧੀ ਜਾਣਕਾਰੀ ਦੇਣ ਦੇ ਨਾਲ-ਨਾਲ ਲੋਕਾਂ ਨੂੰ ਇਹ ਵੀ ਕਿਹਾ ਗਿਆ ਹੈ

ਬਾਕੀ ਹਿਸਾ ਸਫਾ 62 ਤੇ ਪੜ੍ਹੋ

# ਈ ਦੀਵਾਨ ਸੋਸਾਇਟੀ ਕੈਲਗਰੀ ਵਲੋਂ ਵਿਸਾਖ ਮਹੀਨੇ ਦਾ ਦੂਜਾ ਆਨਲਾਈਨ ਕਵੀ ਦਰਬਾਰ

ਰਿਪੋਰਟ ਕਰਤਾ :
**ਸ ਜਸਵਿੰਦਰ ਸਿੰਘ ਰੁਪਾਲ**
ਕੈਲਗਰੀ (+1 403 465 1586)

ਈ ਦੀਵਾਨ ਸੋਸਾਇਟੀ, ਕੈਲਗਰੀ ਵੱਲੋਂ ਆਪਣੇ ਹਫਤਾਵਾਰੀ ਪ੍ਰੋਗਰਾਮ ਵਿੱਚ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸਾਖ ਮਹੀਨੇ ਵਿੱਚ ਦੂਜਾ ਆਨਲਾਈਨ ਅੰਤਰਰਾਸ਼ਟਰੀ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਦੇਸ਼ਾਂ ਤੋਂ ਕਵੀ ਜਨਾਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਇਹ ਸੋਸਾਇਟੀ ਗੁਰੂ ਗੋਬਿੰਦ ਸਿੰਘ ਜੀ ਦੀ ਚਲਾਈ ਕਵੀ - ਦਰਬਾਰ ਸਜਾਉਣ ਦੀ ਪਿਰਤ ਨੂੰ ਜਿੰਦਾ ਰੱਖ ਰਹੀ ਹੈ।

ਸਭ ਤੋਂ ਪਹਿਲਾਂ ਸੋਸਾਇਟੀ ਦੇ ਸੰਸਥਾਪਕ ਸ.ਜਗਬੀਰ ਸਿੰਘ ਕੋਹਲੀ ਜੀ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਵੀ ਦਰਬਾਰ ਦੇ ਮਕਸਦ ਤੇ ਚਾਨਣਾ ਪਾਇਆ। ਪ੍ਰੋਗਰਾਮ ਦਾ ਆਰੰਭ, ਟੋਰਂਟੋ ਤੋਂ ਪਹੁੰਚੇ ਪਰਮਜੀਤ ਸਿੰਘ, ਪਰਨੀਤ ਕੌਰ ਤੇ ਸਿਮਰਲੀਨ ਕੌਰ ਵਲੋਂ ਗਾਇਨ ਕੀਤੇ ਸ਼ਬਦ-"ਬਾਬਾ ਆਖੇ ਹਾਜੀਆ ਸ਼ੁਭ ਅਮਲਾਂ ਬਾਝੋਂ ਦੋਨੋਂ ਰੋਈ" ਨਾਲ ਕੀਤਾ ਗਿਆ। ਟੋਰਾਂਟੋ ਤੋਂ ਹੀ ਆਈਆਂ ਬੱਚੀਆਂ- ਅਨੁਰੀਤ ਕੌਰ, ਅਮਿਤੋਜ਼ ਕੌਰ ਅਤੇ ਮਨਰੀਤ ਕੌਰ ਨੇ ਗੀਤ 'ਸਾਜਿਆ ਗੁਰਾਂ ਨੇ ਨਿਆਰਾ ਖਾਲਸਾ' ਨਾਲ ਕਵੀ ਦਰਬਾਰ ਦੀ ਆਰੰਭਤਾ ਕੀਤੀ। ਲੁਧਿਆਣਾ ਤੋਂ ਸ਼ਾਮਲ ਹੋਏ ਕਵੀ ਸ.ਪਰਮਿੰਦਰ ਸਿੰਘ ਅਲਬੇਲਾ ਨੇ "ਸੱਚ ਬੋਲਦੀ ਪੂਰਾ ਤੋਲਦੀ, ਗੁਰੂ ਨਾਨਕ ਦੀ ਬਾਣੀ" ਗੀਤ ਤਰੰਨਮ ਚ ਸੁਣਾਇਆ। ਚੰਡੀਗੜ੍ਹ ਤੋਂ ਸ੍ਰੀ ਮਤੀ ਦਵਿੰਦਰ ਕੌਰ ਢਿੱਲੋਂ ਜੀ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਇਕ ਗੀਤ "ਛੇੜ ਮਰਦਾਨਿਆ ਰਬਾਬ ਬਾਣੀ ਆਈ ਏ" ਗਾ ਕੇ ਸਰੋਤਿਆਂ ਨੂੰ ਝੂੰਮਣ ਲਾ ਦਿੱਤਾ। ਪੰਥਕ ਸਟੇਜਾਂ ਦੇ ਮਾਹਰ ਕਵੀ ਡਾ. ਹਰੀ ਸਿੰਘ ਜਾਚਕ ਲੁਧਿਆਣਾ ਨੇ ਗੁਰੂ ਅੰਗਦ ਸਾਹਿਬ ਜੀ ਬਾਰੇ ਕਵਿਤਾ ਆਪਣੀ ਬੁਲੰਦ ਅਵਾਜ਼ ਵਿਚ ਸੁਣਾ ਕੇ ਵਾਹ ਵਾਹ ਖੱਟੀ। ਕੁਲਵਿੰਦਰ ਸਿੰਘ ਗਾਖਲ ਜਲੰਧਰ ਵਾਲਿਆਂ ਨੇ, ਗੁਰੂ ਨਾਨਕ ਚਮਤਕਾਰਾਂ ਨੂੰ ਇੱਕ ਖੂਬਸੂਰਤ ਗ਼ਜ਼ਲ ਨਾਲ ਗਾ ਕੇ ਸੁਣਾਇਆ। ਛੰਦਾਬੰਦੀ ਦੇ ਮਾਹਰ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਭੈਣੀ ਸਾਹਿਬ ਜੀ ਨੇ ਦੋਤਾਰਾ ਛੰਦ ਵਿੱਚ ਲਿਖੀ ਕਵਿਤਾ "ਭਾਰਤ ਦੀ ਰਾਖੀ ਲਈ, ਸਤਿਗੁਰ ਨਾਨਕ ਜੱਗ ਤੇ ਆਇਆ" ਗਾ ਕੇ ਸੁਣਾਈ। ਮਸਕਟ ਓਮਾਨ ਤੋਂ ਆਏ, ਬਲਕਾਰ ਸਿੰਘ ਬੱਲ ਨੇ, ਹਰੀ ਸਿੰਘ ਜਾਚਕ ਜੀ ਦੀ ਲਿਖੀ ਕਵਿਤਾ ਬੁਲੰਦ ਅਵਾਜ਼ ਵਿਚ ਪੇਸ਼ ਕੀਤੀ।

ਸੰਸਾਰ ਦੀ ਪਹਿਲੀ ਇਸਤਰੀ ਗ੍ਰੰਥੀ ਅਤੇ ਪ੍ਰਸਿੱਧ ਲੇਖਕ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਨੇ ਇੱਕ ਗੀਤ "ਛੇਤੀ ਛੇਤੀ ਤੁਰ ਅੰਮੀਏ, ਨਨਕਾਣੇ ਜਾਣਾ ਏ" ਵੈਰਾਗਮਈ ਅੰਦਾਜ਼ ਵਿਚ ਗਾਇਆ। ਸਿਆਟਲ ਤੋਂ ਆਏ ਅਵਤਾਰ ਸਿੰਘ ਆਦਮਪੁਰੀ ਜੀ ਨੇ ਆਪਣਾ ਗੀਤ "ਸਤਿਗੁਰ ਨਾਨਕ ਤੇਰੀ ਬਾਣੀ ਦਾ ਸਾਰੇ ਜੱਗ ਵਿਚ ਚਾਨਣ ਹੈ" ਤਰੰਨਮ ਵਿਚ ਸਾਂਝਾ ਕੀਤਾ। ਟੋਰਾਂਟੋ ਤੋਂ ਪਹੁੰਚੇ ਉਸਤਾਦ ਸ਼ਾਇਰ, ਸੁਜਾਨ ਸਿੰਘ ਸੁਜਾਨ ਜੀ ਨੇ ਕਵਿਤਾ "ਤਾਹੀਓਂ ਤਾਂ ਉਹ ਗੁਰੂ ਦੀ ਪਦਵੀ ਨੂੰ ਪਾ ਗਏ" ਰਾਹੀਂ ਭਾਈ ਲਹਿਣਾ ਜੀ ਦੇ ਗੁਰੂ ਅੰਗਦ ਬਣਨ ਦਾ ਸਫਰ ਬਿਆਨ ਕੀਤਾ। ਕੈਲਗਰੀ ਦੇ ਸੁਖਵਿੰਦਰ ਸਿੰਘ ਤੂਰ ਜੀ ਨੇ ਗੁਰਦੀਸ਼ ਕੌਰ ਗਰੇਵਾਲ ਦਾ ਲਿਖਿਆ ਗੀਤ "ਧੰਨ ਗੁਰੂ ਨਾਨਕ ਤੇਰੀ ਧੰਨ ਵਡਿਆਈ ਏ" ਗਾ ਕੇ ਸਰੋਤਿਆਂ ਨੂੰ ਨਿਹਾਲ ਕਰ ਦਿੱਤਾ। ਕੈਲਗਰੀ ਤੋਂ ਹੀ, ਜਸਵਿੰਦਰ ਸਿੰਘ ਰੁਪਾਲ ਜੀ ਨੇ ਆਪਣੀ ਕਵਿਤਾ "ਸ਼ਬਦ ਸ਼ਕਤੀ ਦਾ ਇਤਿਹਾਸ" ਰਾਹੀਂ ਗੁਰੂ ਨਾਨਕ ਦੇਵ ਜੀ ਵਲੋਂ ਵਰਤੀ ਗਈ ਸ਼ਬਦ ਸ਼ਕਤੀ ਨੂੰ ਨਮਸਕਾਰ ਕੀਤੀ। ਛੰਦਬੰਦੀ ਦੇ ਮਾਹਰ ਕਵੀ ਜਸਵੰਤ ਸਿੰਘ ਸੇਖੋਂ ਜੀ ਨੇ, ਇਕ ਕਲੀ ਰਾਹੀਂ ਨਾਨਕ ਜੀ ਨੂੰ ਪਿਤਾ ਵਲੋਂ ਗੁੱਸੇ ਹੋਣ ਤੇ ਨਾਨਕੀ ਦੇ ਪ੍ਰਤੀਕਰਮ ਵਾਲੇ ਪ੍ਰਸੰਗ ਨੂੰ ਪੇਸ਼ ਕੀਤਾ। ਹਰਭਜਨ ਸਿੰਘ ਬੱਲ ਜੀ ਦੀ ਕਵਿਤਾ "ਦਸ਼ਮੇਸ਼ ਤੇਰਾ ਖਾਲਸਾ" ਨਾਲ ਕਵੀ ਦਰਬਾਰ ਸਮਾਪਤੀ ਵੱਲ ਵਧਿਆ। ਗੁਰਦੀਸ਼ ਕੌਰ ਗਰੇਵਾਲ ਜੀ, ਜੋ ਸਾਰੇ ਪ੍ਰੋਗਰਾਮ ਵਿੱਚ ਸਟੇਜ ਸਕੱਤਰ ਦਾ ਰੋਲ ਨਿਭਾ ਰਹੇ ਸਨ, ਉਨ੍ਹਾਂ ਇੱਕ ਆਪਣੀ ਲਿਖੀ ਕਵਿਤਾ 'ਭਾਈ ਲਹਿਣਾ ਤੋਂ ਗੁਰੂ ਅੰਗਦ ਤੱਕ' ਸੁਣਾਈ- ਜਿਸ ਵਿਚ ਭਾਈ ਲਹਿਣਾ ਜੀ ਦੀ ਗੁਰੂ ਨਾਨਕ ਜੀ ਨਾਲ ਪਹਿਲੀ ਮਿਲਣੀ ਦਾ ਰੋਚਕ ਜਿਕਰ ਸੀ। ਡਾ.ਕਾਬਲ ਸਿੰਘ ਜੀ ਨੇ ਹਾਜਰ ਕਵੀਆਂ ਦਾ ਧੰਨਵਾਦ ਕਰਦੇ ਹੋਏ, ਕਵੀ ਸਾਹਿਬਾਨਾਂ ਨੂੰ, ਸੋਸਾਇਟੀ ਦੇ ਮਾਸਿਕ ਮੈਗਜ਼ੀਨ 'ਸਾਂਝੀ ਵਿਰਾਸਤ' ਲਈ ਆਪਣੀਆਂ ਕਵਿਤਾਵਾਂ ਭੇਜਣ ਦਾ ਸੱਦਾ ਦਿੱਤਾ। ਅੰਤ ਤੇ ਜਗਬੀਰ ਸਿੰਘ ਜੀ ਨੇ ਸੰਗਤੀ ਰੂਪ ਚ ਆਨੰਦ ਸਾਹਿਬ ਪੜ੍ਹਿਆ- ਉਪਰੰਤ ਅਰਦਾਸ ਅਤੇ ਹੁਕਮਨਾਮੇ ਨਾਲ ਇਸ ਗੁਰਮਤਿ ਕਵੀ ਦਰਬਾਰ ਦੀ ਸਮਾਪਤੀ ਹੋਈ। ਸਰੋਤਿਆਂ ਨੇ ਇਸ ਕਵੀ ਦਰਬਾਰ ਦਾ ਭਰਪੂਰ ਆਨੰਦ ਮਾਣਿਆਂ।

ਵਧੇਰੇ ਜਾਣਕਾਰੀ ਲਈ ਸ. ਬਲਰਾਜ ਸਿੰਘ ਜੀ (+1 403 978 2419) ਅਤੇ ਸ. ਜਗਬੀਰ ਸਿੰਘ ਜੀ (+1 587 718 8100) ਨਾਲ ਸੰਪਰਕ ਕੀਤਾ ਜਾ ਸਕਦਾ ਹੈ।






## ਸਫ਼ੇ ਦੀ ਬਾਕੀ

ਕਿ ਜੇ ਇਸ ਨਵੀਂ ਸਕੀਮ ਸੰਬੰਧੀ ਉਹਨਾਂ ਨੇ ਕੁਝ ਪੁਛ-ਗਿੱਛ ਕਰਨੀ ਹੈ ਤਾਂ ਉਸ ਦੇ ਦਫਤਰ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਇਹ ਹੁੰਦੇ ਹਨ ਲੋਕਾਂ ਦੁਆਰਾ ਚੁਣੇ ਗਏ ਪਰਤੀਨਿਧੀਆਂ ਦੇ ਫਰਜ਼। ਕੀ ਅਸੀਂ ਭਾਰਤ ਦੇ ਕਿਸੇ ਵੀ ਐਮ ਐਲ ਏ ਜਾਂ ਐਮ ਪੀ ਤੋਂ ਅਜਿਹੀ ਆਸ ਕਰ ਸਕਦੇ ਹਾਂ ? ਇਸ ਵਿਚ ਕਈ ਵਾਰ ਕਸੂਰ ਆਮ ਲੋਕਾਂ ਦਾ ਵੀ ਹੁੰਦਾ ਹੈ।

ਬਹੁਤੇ ਲੋਕ ਜਨ ਪਰਤੀਨਿਧੀਆਂ ਕੋਲ ਨੌਕਰੀ ਜਾਂ ਬਦਲੀ ਦੀ ਸਿਫ਼ਾਰਸ਼ ਕਰਨ ਦੀ ਬੇਨਤੀ ਕਰਨ ਜਾਂਦੇ ਹਨ ਜਾਂ ਪੁਲਿਸ ਤੋਂ ਕੋਈ ਜਾਇਜ਼-ਨਜਾਇਜ਼ ਕੰਮ ਕਰਵਾਉਣ। ਪੱਛਮੀ ਮੁਲਕਾਂ ਵਿਚ ਚੁਣੇ ਹੋਏ ਨੁਮਾਇੰਦੇ ਸਰਕਾਰੀ ਤੰਤਰ ਵਿਚ ਇਸ ਤਰਾਂ ਦੀ ਦਖ਼ਲ ਅੰਦਾਜ਼ੀ ਨਹੀਂ ਕਰਦੇ। ਇਸ ਦਾ ਇਕ ਕਾਰਨ ਹੋਰ ਵੀ ਹੈ ਕਿ ਪੁਲਿਸ ਜਾਂ ਸਰਕਾਰੀ ਦਫ਼ਤਰ ਰਾਜਸੀ ਦਖ਼ਲ ਅੰਦਾਜ਼ੀ ਤੋਂ ਮੁਕਤ ਹਨ।

ਸਾਡੇ ਦੇਸ ਦੀ ਚੋਣ ਪ੍ਰਕਿਰਿਆ ਵੀ ਦੋਸ਼ ਪੂਰਨ ਹੈ। ਸਾਰੀਆਂ ਹੀ ਪਾਰਟੀਆਂ ਬਹੁਤੀ ਵਾਰ ਪੜ੍ਹੇ ਲਿਖੇ ਸੂਝਵਾਨ ਉਮੀਦਵਾਰਾਂ ਦੀ ਥਾਂ ਅਣ ਪੜ੍ਹ, ਚਰਿੱਤਰ ਹੀਨ, ਬਦਮਾਸ਼ ਕਿਸਮ ਦੇ ਲੋਕਾਂ ਨੂੰ ਉਮੀਦਵਾਰ ਬਣਾਉਂਦੇ ਹਨ, ਜੋ ਪੈਸੇ ਦੇ ਸਿਰ ਜਾਂ ਪੋਲਿੰਗ ਬੂਥਾ ਤੇ ਕਬਜ਼ਾ ਕਰ ਕੇ ਜਿੱਤਦੇ ਹਨ। ਸਾਡੀ ਜਨਤਾ ਵੀ ਸੂਝਵਾਨ ਉਮੀਦਵਾਰਾਂ ਦੀ ਜਗਾ ਕਿਸੇ ਖਾਸ ਪਾਰਟੀ, ਖਾਸ ਨੇਤਾ ਪ੍ਰਤੀ ਵਫ਼ਾਦਾਰੀ ਨੂੰ ਮੁਖ ਰੱਖਦੇ ਹਨ। ਇਸੇ ਲਈ ਫ਼ਿਲਮੀ ਐਕਟਰ, ਕਲਾਕਾਰ, ਖਿਡਾਰੀ, ਗਾਇਕ ਆਦਿ ਜੋ ਰਾਜਨੀਤੀ ਦੇ 'ੳ, ਅ' ਤੋਂ ਵੀ ਅਣਜਾਣ ਹੁੰਦੇ ਹਨ, ਚੋਣ ਜਿੱਤ ਜਾਂਦੇ ਹਨ। ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ ਕਿ ਇਕ ਵਾਰ ਰਾਜੀਵ ਗਾਂਧੀ ਨੇ ਸ੍ਰੀ ਵਾਜਪਾਈ ਵਿਰੁਧ ਅਮਿਤਾਬ ਬਚਨ ਨੂੰ ਖੜਾ ਕਰ ਦਿੱਤਾ। ਸਾਡੀ ਜਨਤਾ ਦਾ ਵੀ ਹਾਲ ਦੇਖ ਲਓ ਕਿ ਵਾਜਪਾਈ ਸਾਹਿਬ ਵਰਗੇ ਸੁਲਝੇ ਹੋਏ ਰਾਜਸੀ ਨੇਤਾ ਦੀ ਥਾਂ ਅਮਿਤਾਬ ਬਚਨ ਨੂੰ ਚੁਣ ਲਿਆ। ਬੀ ਜੇ ਪੀ ਨੇ ਵੀ ਹੇਮਾ ਮਾਲਿਨੀ, ਧਰਮਿੰਦਰ, ਸੰਨੀ ਦਿਉਲ, ਵਿਨੋਦ ਖੰਨਾ ਵਰਗੇ ਐਕਟਰਾਂ ਨੂੰ ਪਾਰਲੀਮੈਂਟ ਵਿਚ ਭੇਜਿਆ। ਦੂਜੀਆਂ ਪਾਰਟੀਆਂ ਵੀ ਇਹੋ ਕੰਮ ਕਰਨ ਤੋਂ ਪਿੱਛੇ ਨਹੀਂ ਹਟਦੀਆਂ। ਜੇ ਦੇਖਿਆ ਜਾਵੇ ਮੁਹੰਮਦ ਸਦੀਕ ਜਾਂ ਹੰਸ ਰਾਜ ਹੰਸ ਵਰਗੇ ਪਾਰਲੀਮੈਂਟ ਵਿਚ ਕੀ ਕਰਨ ਗੇ। ਜੇ 2024 ਦੀਆਂ ਵਰਤਮਾਨ ਚੋਣਾਂ ਵਿਚ ਕਰਮਜੀਤ ਅਨਮੋਲ ਜਿੱਤ ਜਾਵੇ ਤਾਂ ਉਹ ਕੀ ਕਰੇ ਗਾ ?

ਇਸੇ ਤਰਾਂ ਹਰਭਜਨ ਸਿੰਘ ਨੂੰ ਰਾਜ ਸਭਾ ਵਿਚ ਭੇਜਣ ਦਾ ਕੀ ਫਾਇਦਾ ਹੋਇਆ ? ਸਚਿਨ ਤੇਂਡੁਲਕਰ ਨੂੰ ਰਾਜ ਸਭਾ ਦਾ ਮਨੋਨੀਤ ਮੈਂਬਰ ਬਣਾ ਕੇ ਕੀ ਖਟਿਆ ਸੀ ? ਕਿਸੇ ਸਮੇਂ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ ਆਪਣੇ ਡਰਾਇਵਰ ਕਿੱਕਰ ਸਿੰਘ ਨੂੰ ਵੀ ਐਮ ਪੀ ਬਣਾ ਦਿੱਤਾ ਸੀ। ਕਈ ਐਮ ਪੀ ਅਤੇ ਰਾਜਾਂ ਦੇ ਐਮ ਐਲ ਏ ਅਜਿਹੇ ਹਨ ਜਿੰਨਾ ਵਿਰੁਧ ਕਈ ਅਪਰਾਧਿਕ ਮਾਮਲੇ ਦਰਜ ਹਨ। ਇਹ ਕਿਸੇ ਇਕ ਪਾਰਟੀ ਵਿਚ ਨਹੀਂ, ਤਕਰੀਬਨ ਸਾਰੀਆਂ ਹੀ ਪਾਰਟੀਆਂ ਵਿਚ ਹੈ। ਕੀ ਅਜਿਹੇ ਜਨ ਪਰਤੀਨਿਧੀਆਂ ਤੋਂ ਅਸੀਂ ਪੱਛਮੀ ਮੁਲਕਾਂ ਦੇ ਚੁਣੇ ਨੁਮਾਇੰਦਿਆਂ ਵਰਗੇ ਕੰਮਾਂ ਦੀ ਆਸ ਕਰ ਸਕਦੇ ਹਾਂ ?

* * * * * *


# ਮਹਾਨ ਤਪੱਸਵੀ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲੇ



## ਬਰਸੀ ਤੇ ਵਿਸ਼ੇਸ਼


ਸੁਖਵਿੰਦਰ ਸਿੰਘ ਮੁੱਲਾਂਪੁਰ

ਮੋਬਾ : 9914184794

ਕੁਦਰਤ ਦੀ ਸਾਜੀ ਹੋਈ ਸ੍ਰਿਸ਼ਟੀ ਵਿਚ ਕਈ ਵਾਰ ਪ੍ਰਮਾਤਮਾਂ ਇਸ ਦੁਨੀਆਂ ਉੱਪਰ ਤਪੱਸਵੀ, ਭਜਨੀਕ, ਨਿਰਭੈ, ਸੂਰਬੀਰ, ਜਤੀ ਸਤੀ,ਲੋਕ ਸੇਵਕ, ਸਮਾਜ ਸੁਧਾਰਕ, ਕੁਰਬਾਨੀ ਦੇ ਪੁੰਜ ਮਹਾਂਪੁਰਸ਼ ਇਸ ਦੁਨੀਆਂ ਤੇ ਭੇਜਦਾ ਹੈ ਜੋ ਆਮ ਵਿਆਕਤੀਆਂ ਦੀ ਸਮਝ ਤੋਂ ਬਾਹਰ ਹੁੰਦੇ ਹਨ ਇਹ ਲੋਕਾਂ ਦੀ ਪ੍ਰਮਾਤਮਾਂ ਵਲੋਂ ਭੇਜੀ ਰੱਬੀ ਰੂਹ ਨੂੰ ਜਾਨਣ ਦੀ ਸਮਰੱਥਾ ਨਹੀਂ ਹੁੰਦੀ।ਕਈ ਵਾਰ ਰਾਜੇ ਮਹਾਰਾਜੇ ਆਪਣੀ ਕੁਰਸੀ ਦੀ ਭੁੱਖ ਖ਼ਾਤਰ ਜਾਂ ਹਉਮੈ ਹੰਕਾਰ ਵਿਚ ਆ ਕੇ ਅਜਿਹੇ ਮਹਾਪੁਰਸ਼ਾਂ ਨੂੰ ਵੀ ਕਸ਼ਟ ਦੇਣ ਤੋਂ ਵੀ ਸੰਕੋਚ ਨਹੀਂ ਕਰਦੇ।

ਅਜਿਹੇ ਹੀ ਇਕ ਮਹਾਂਪੁਰਸ਼ ਸੰਤ ਬਾਬਾ ਬੀਰ ਸਿੰਘ ਜੀ ਹੋਏ ਹਨ ਜਿੰਨਾਂ ਦਾ ਜਨਮ ਸ੍ਰ. ਸੇਵਾ ਸਿੰਘ ਢਿੱਲੋਂ ਦੇ ਘਰ ਮਾਤਾ ਧਰਮ ਕੌਰ ਦੀ ਕੁੱਖੋਂ ਬ੍ਰਿਕਮੀ ਸੰਮਤ 1825, ਤਿੰਨ ਸਾਵਣ ਮੁਤਾਬਿਕ 1768 ਈਸਵੀ ਦਿਨ ਬੁੱਧਵਾਰ ਨੂੰ ਪਿੰਡ ਗਗੋਬੂਆ ਜ਼ਿਲਾ ਅੰਮ੍ਰਿਤਸਰ (ਹੁਣ ਤਰਨ ਤਾਰਨ) ਵਿਖੇ ਹੋਇਆ। ਪਿੰਡ ਦੇ ਵਿਚਕਾਰ ਬਾਬਾ ਬੀਰ ਸਿੰਘ ਜੀ ਦੇ ਜਨਮ ਅਸਥਾਨ ਦੇ ਕੱਚੇ ਕੋਠੇ ਦੀ ਨਿਸ਼ਾਨ ਦੇਹੀ ਕਰਕੇ ਸ਼ੀਸ਼ਿਆਂ ਵਿਚ ਕਵਰ ਕਰ ਦਿੱਤਾ ਗਿਆ ਹੈ ਅੰਦਰ ਉਹ ਵੱਡੇ ਪਾਵਿਆਂ ਵਾਲਾ ਮੰਜਾ ਰੱਖਿਆ ਹੋਇਆ ਹੈ ਜਿਸ ਉੱਪਰ ਬਾਬਾ ਜੀ ਦਾ ਜਨਮ ਹੋਇਆ ਸੀ ਇਹ ਇਕ ਵੱਡਾ ਸ਼ਾਨਦਾਰ ਹਾਲ ਵਾਲਾ ਗੁਰਦੁਵਾਰਾ ਸਾਹਿਬ ਹੈ।

ਬਾਬਾ ਬੀਰ ਸਿੰਘ ਜੀ ਦਾ ਬਚਪਨ ਪਿੰਡ ਗਗੋਬੂਆ ਵਿਚ ਹੀ ਬੀਤਿਆ ਮਾਤਾ ਪਿਤਾ ਜੀ ਦੀ ਨਿਗਰਾਨੀ ਹੇਠ ਇਹਨਾਂ ਦੀ ਦੇਖਭਾਲ ਅਤੇ ਸਿੱਖਿਆ ਹੋਈ ਚੰਗੇ ਸੁਭਾਹ ਅਤੇ ਆਗਿਆਕਾਰ ਹੋਣ ਕਰਕੇ ਸਾਰੇ ਇਹਨਾਂ ਨੂੰ ਪਿਆਰ ਕਰਦੇ ਸਨ। ਇਹਨਾਂ ਦਾ ਖੇਤੀਬਾੜੀ ਵਾਲਾ ਘਰ ਹੋਣ ਕਰਕੇ ਇਹ ਖੇਤਾਂ ਵਿਚ ਹੱਥ ਵਟਾਉਣ ਲੱਗ ਪਏ ਸਨ। ਇੱਥੇ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਦੁਵਾਰਾ ਸਾਹਿਬ ਬਣਿਆ ਹੋਇਆ ਹੈ ਬਾਬਾ ਜੀ ਗੁਰਦੁਵਾਰਾ ਸਾਹਿਬ ਜਾ ਕੇ ਰੋਜ਼ਾਨਾਂ ਨਿਤਨੇਮ ਅਤੇ ਸੇਵਾ ਕਰਦੇ।

ਇਕ ਵਾਰ ਇਹਨਾਂ ਦੇ ਪਿੰਡ ਤਿੰਨ ਸਾਧੂ ਆ ਗਏ ਬਾਬਾ ਬੀਰ ਸਿੰਘ ਜੀ ਨੇ ਛੇਵੇਂ ਪਾਤਿਸ਼ਾਹ ਜੀ ਦੇ ਗੁਰਦੁਵਾਰਾ ਸਾਹਿਬ ਉਹਨਾ ਨੂੰ ਰਾਤ ਰੱਖ ਕੇ ਬੁਹਤ ਸੇਵਾ ਕੀਤੀ ਜਦ ਸਵੇਰ ਵੇਲੇ ਸਾਧੂ ਜਾਣ ਲੱਗੇ ਤਾਂ ਬਾਬਾ ਜੀ ਉਹਨਾਂ ਨੂੰ ਛੱਡਣ ਨਾਲ ਹੀ ਤੁਰ ਪਏ। ਫਿਰ ਸਾਧੂਆਂ ਨੇ ਖਲੋ ਕੇ ਬਾਬਾ ਜੀ ਨੂੰ ਕਿਹਾ ਤੁਸੀਂ ਘਬਰਾਉ ਨਾ ਜਾਉ ਹੁਣ ਤੁਸੀਂ ਘਰ ਚਲੇ ਜਾਉ ਤੁਹਾਨੂੰ ਪੂਰਨ ਯੋਗੀ ਗਿਆਨੀ ਮਿਲਣਗੇ ਜੋ ਤੁਹਾਡੇ ਮਨੋਰਥ ਨੂੰ ਪੂਰਾ ਕਰਨਗੇ।

ਬਾਬਾ ਬੀਰ ਸਿੰਘ ਜੀ ਦੇ ਪਿਤਾ ਭਾਈ ਸੇਵਾ ਜੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸ੍ਰ. ਨਿਹਾਲ ਸਿੰਘ ਅਟਾਰੀ ਵਾਲੇ (ਪਿਤਾ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ) ਦੀ ਕਮਾਨ ਹੇਠ ਫ਼ੋਜ ਵਿਚ ਚੰਗੇ ਰੁਤਬੇ ਦੀ ਜਗ੍ਹਾ ਤੇ ਕੰਮ ਕਰਦੇ ਸਨ। ਜਦ ਪਹਿਲੀ ਵਾਰ ਸਿੱਖ ਫ਼ੌਜ ਨੇ ਮੁਲਤਾਨ ਤੇ ਚੜ੍ਹਾਈ ਕੀਤੀ ਤਾਂ ਇਸ ਜੰਗ ਵਿਚ ਭਾਈ ਸੇਵਾ ਸਿੰਘ ਸ਼ਹੀਦ ਹੋ ਗਏ।

ਇਸ ਟਾਇਮ ਬਾਬਾ ਬੀਰ ਸਿੰਘ ਜੀ ਦੀ ਚੜ੍ਹਦੀ ਉਮਰ ਸੀ ਉਚਾ ਲੰਮਾ ਕੱਦ ਸੋਹਣੇ ਸਰੀਰ ਦੇ ਸਨ।ਉਸ ਟਾਇਮ ਫ਼ੌਜੀ ਨੌਕਰੀ ਇਕ ਖਾਨਦਾਨੀ ਪੇਸ਼ਾ ਸੀ ਇਸ ਕਰਕੇ ਇਹ ਸ੍ਰ. ਨਿਹਾਲ ਸਿੰਘ ਅਟਾਰੀ ਵਾਲੇ ਕੋਲ ਫੌਜ ਵਿਚ ਭਰਤੀ ਹੋਣ ਚਲੇ ਗਏ ਸਨ। ਸ੍ਰ. ਨਿਹਾਲ ਸਿੰਘ ਅਟਾਰੀ ਵਾਲੇ ਨੇ ਇਹਨਾਂ ਨੂੰ ਪਿਤਾ ਦੀ ਥਾਂ ਤੇ ਭਰਤੀ ਕਰ ਲਿਆ।

ਥੋੜੇ ਸਮੇਂ ਬਾਅਦ ਬਾਬਾ ਬੀਰ ਸਿੰਘ ਜੀ ਦੀਆਂ ਧਾਰਮਿਕ ਰੁਚੀਆਂ, ਸਾਥੀਆਂ ਨਾਲ ਮੇਲ ਮਿਲਾਪ, ਗੁਰੂ ਘਰ ਨਾਲ ਪਿਆਰ ਅਤੇ ਨੌਕਰੀ ਪ੍ਰਤੀ ਵਫ਼ਾਦਾਰੀ ਵੇਖ ਕੇ ਇਨ੍ਹਾਂ ਦੀ ਪਹਿਰੇ ਦੀ ਡਿਊਟੀ ਖ਼ਤਮ ਕਰਕੇ ਸਵਾਰੀ ਲਈ ਘੋੜਾ ਦੇ ਦਿੱਤਾ ਤਾਂ ਕੇ ਇਹ ਸਸ਼ਤਰ ਕਲਾ, ਨੇਜਾਬਾਜ਼ੀ, ਘੋੜਾ ਦੜਾਉਣ ਅਤੇ ਕਦਾਉਣ ਵਿਚ ਪ੍ਰਪੱਕ ਹੋ ਜਾਣ।

ਬਾਬਾ ਜੀ ਨੇ ਫ਼ੌਜ ਵਿਚ ਨੌਕਰੀ ਕਰਦੇ ਸਮੇਂ ਆਪਣੇ ਸਰੀਰ ਨੂੰ ਕਸਟ ਦੇ ਕੇ ਆਪਣੇ ਮੁਤਾਬਿਕ ਢਾਲ ਲਿਆ ਸੀ। ਪਹਿਰ ਰਾਤ ਰਹਿੰਦੀ ਤੋਂ ਉਠ ਖੜ੍ਹਦੇ ਇਸ਼ਨਾਨ ਕਰਕੇ ਨਾਮ ਸਿਮਰਨ ਵਿਚ ਮਨ ਲਗਾ ਲੈਂਦੇ ਫਿਰ ਫੌਜੀ ਕਵਾਇਦ ਤੋਂ ਬਾਅਦ ਆਪਣੇ ਘੋੜੇ ਦੀ ਸੇਵਾ ਸੰਭਾਲ ਵੱਲ ਧਿਆਨ ਦਿੰਦੇ ਆਪ ਨੂੰ ਜੋ ਤਨਖ਼ਾਹ ਮਿਲਦੀ ਉਹ ਸਤਿਸੰਗ ਵੇਲੇ ਪ੍ਰਸ਼ਾਦ ਦੇ ਰੂਪ ਵਿਚ ਸੰਗਤਾਂ ਨੂੰ ਵੰਡ ਦਿੰਦੇ ਹਰ ਵੇਲੇ ਮੁਖੋਂ ਸਿਮਰਨ ਕਰਨਾ ਕਿਸੇ ਨੂੰ ਚੰਗਾ ਮਾੜਾ ਨਾ ਬੋਲਣਾ ਮਾਇਆ ਨਾਲ ਮੋਹ ਨਾ ਕਰਨਾ ਇਹ ਸਭ ਕੁਝ ਵੇਖ ਕੇ ਸਭ ਸਾਥੀ ਹੈਰਾਨ ਸਨ ਕੇ ਬਾਬਾ ਬੀਰ ਸਿੰਘ ਜੀ ਕੋਈ ਮਾੜੀ ਮੋਟੀ ਆਤਮਾਂ ਨਹੀਂ ਇਹ ਪ੍ਰਮਾਤਮਾਂ ਦੀ ਭੇਜੀ ਹੋਈ ਰੱਬੀ ਰੂਹ ਹੈ।

ਇਕ ਵਾਰ ਬਾਬਾ ਜੀ ਲੜਦੇ ਲੜਦੇ ਪਠਾਣੀ ਦਲਾਂ ਦੇ ਵਿਚਕਾਰ ਜਾ ਪੁੱਜੇ।ਉਨ੍ਹਾਂ ਨਾਲ ਲੜਦਿਆਂ ਅਚਾਨਕ ਬਾਬਾ ਜੀ ਦਾ ਖੰਡਾ ਟੁੱਟ ਗਿਆ।ਉਸ ਟਾਇਮ ਆਪਣੇ ਆਪ ਨੂੰ ਸ਼ਸ਼ਤਰ ਹੀਣ ਅਤੇ ਦੁਸ਼ਮਣਾ ਵਿਚ ਘਿਰਿਆ ਸਮਝ ਕੇ ਆਪ ਨੇ ਅਕਾਲ ਪੁਰਖ ਪ੍ਰਮਾਤਮਾਂ ਦੇ ਚਰਨਾਂ ਵਿਚ ਅਰਦਾਸ ਕੀਤੀ ਤੇ ਬਚ ਕੇ ਨਿਕਲ ਆਏ। ਆਪ ਨੇ ਆ ਕੇ ਆਪਣੇ ਸਾਥੀਆਂ ਨੂੰ ਦੱਸਿਆ ਕੇ ਵਾਹਿਗੁਰੂ ਨੇ ਮੈਨੂੰ ਦੁਸ਼ਮਣਾ ਦੀ ਮਾਰ ਤੋਂ ਬਚਾਇਆ ਹੈ ਇਉਂ ਜਾਪਦਾ ਸੀ ਕੇ ਮੈਂ ਉਹਨਾਂ ਨੂੰ ਵੇਖਦਾ ਹਾਂ ਪਰ ਉਹ ਸਾਨੂੰ ਨਹੀ ਵੇਖ ਰਹੇ ਸਨ।

ਇਸ ਘਟਨਾ ਦਾ ਆਪ ਦੀ ਜਿੰਦਗੀ ਤੇ ਅਸਚਰਜ ਪ੍ਰਭਾਵ ਪਿਆ। ਉਸ ਦਿਨ ਤੋਂ ਆਪ ਨੇ ਸਾਰੀ ਜਿੰਦਗੀ ਵਾਹਿਗੁਰੂ ਦੇ ਅਰਪਨ ਕਰ ਦਿੱਤੀ ਹਰ ਸਮੇਂ ਭਜਨ ਸਿਮਰਨ ਵਿਚ ਜੁੜੇ ਰਹਿਣ ਲੱਗ ਪਏ।

ਕੁਝ ਦਿਨ ਬਾਅਦ ਬਾਬਾ ਜੀ ਨੇ ਫ਼ੌਜ ਵਿਚੋਂ ਨਾਵਾਂ ਕਟਾ ਲਿਆ ਨੌਕਰੀ ਛੱਡ ਕੇ ਪਿੰਡ ਆ ਗਏ।ਭਜਨ, ਸਿਮਰਨ, ਸਤਿਸੰਗ ਅਤੇ ਸੇਵਾ ਵਿਚ ਜੁਟ ਗਏ ਕੁਝ ਸਮੇਂ ਬਾਅਦ ਘਰ ਤੋਂ ਸੰਤ ਬਾਬਾ ਭਾਗ ਸਿੰਘ ਜੀ ਕੁਰੀ ਵਾਲਿਆਂ ਜਿਲ੍ਹਾ ਰਾਵਲਪਿੰਡੀ (ਹੁਣ ਪਾਕਿਸਤਾਨ ਵਿਚ) ਦੇ ਰਸਤੇ ਨੂੰ ਤੁਰ ਪਏ। ਉੱਥੇ ਸੰਤ ਬਾਬਾ ਭਾਗ ਸਿੰਘ ਜੀ ਕੋਲ ਇਕ ਸਾਲ ਰਹੇ ਉੱਥੋਂ ਭਜਨ ਸਿਮਰਨ ਦੀ ਪ੍ਰਾਪਤੀ ਕਰਕੇ ਉਹਨਾਂ ਮਹਾਪੁਰਸ਼ਾਂ ਦੇ ਹੁਕਮਾਂ ਨਾਲ ਬਾਬਾ ਸਾਹਿਬ ਸਿੰਘ ਬੇਦੀ ਜੀ ਕੋਲ ਊਨਾਂ ਸਾਹਿਬ ਚਲੇ ਗਏ। ਬਾਬਾ ਸਾਹਿਬ ਸਿੰਘ ਬੇਦੀ ਜੀ ਕੋਲੋਂ ਹੀ ਸੰਤ ਬਾਬਾ ਭਾਗ ਸਿੰਘ ਜੀ ਨੂੰ ਗਿਆਨ ਦੀ ਪ੍ਰਾਪਤੀ ਹੋਈ ਸੀ।

ਜਦ ਬਾਬਾ ਬੀਰ ਸਿੰਘ ਜੀ ਨੇ ਬਾਬਾ ਸਾਹਿਬ ਸਿੰਘ ਜੀ ਕੋਲੋਂ ਸਤਿਸੰਗ, ਭਜਨ ਸਿਮਰਨ ਦੀ ਦਾਤ ਪ੍ਰਾਪਤੀ ਕਰ ਲਈ ਉਹਨਾਂ ਨੇ ਸਿੱਖੀ ਦੇ ਪ੍ਰਚਾਰ ਲਈ ਬਾਬ ਬੀਰ ਸਿੰਘ ਜੀ ਨੂੰ ਮਾਝੇ ਦੀ ਧਰਤੀ ਤੇ ਸਿੱਖੀ ਦੇ ਪ੍ਰਚਾਰ ਲਈ ਭੇਜ ਦਿੱਤਾ। ਬਾਬਾ ਜੀ ਨੇ ਆਪਣਾ ਡੇਰਾ ਤਰਨ ਤਾਰਨ ਤੋਂ ਗੋਬਿੰਦਵਾਲ ਸਾਹਿਬ ਵਾਲੀ ਸੜਕ ਉੱਪਲ ਸਤ ਕਿਲੋਮੀਟਰ ਦੀ ਦੂਰੀ ਤੇ ਪਿੰਡ ਨੌਰੰਗਾਬਾਦ ਵਿਖੇ ਬਣਾ ਲਿਆ। ਇਸ ਕਰਕੇ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਦੇ ਨਾਮ ਨਾਲ ਪ੍ਰਸਿੱਧ ਹੋਏ।

ਬਾਬਾ ਜੀ ਨੇ 365 ਗੁਰਦੁਵਾਰੇ ਬਣਵਾਏ ਉਹਨਾਂ ਦੇ ਧਾਰਮਿਕ ਅਸਥਾਨਾਂ ਦੀ ਮਾਝੇ ਵਿਚ ਗਿਣਤੀ ਬਹੁਤ ਜਿਆਦਾ ਹੈ। ਸਭ ਨਾਲੋਂ ਵੱਡਾ ਲੰਗਰ ਬਾਬਾ ਜੀ ਦੇ ਗੁਰਦੁਆਰਾ ਨੌਰੰਗਾਬਾਦ ਚੱਲਦਾ ਸੀ ਜਿਸ ਵਿਚ ਰੋਜ਼ਾਨਾ ਪੰਦਰਾ ਸੋ ਵਿਆਕਤੀ ਲੰਗਰ ਛੱਕਦੇ ਸਨ। ਬਾਬਾ ਜੀ ਦੀ ਸੇਵਾ ਵਿਚ ਬਾਬਾ ਜੀ ਕੋਲ ਦੋ ਸੋ ਬੰਦੂਕਚੀ, ਬਾਰ੍ਹਾਂ ਸੋ ਪੈਦਲ ਅਤੇ ਤਿੰਨ ਸੋ ਘੋੜ ਸਵਾਰ ਰਹਿੰਦੇ ਸਨ। ਬਾਬਾ ਜੀ ਦੇ ਡੇਰੇ ਵਿਚ ਇਕ ਖੂਹ ਲੱਗਿਆ ਹੋਇਆ ਸੀ ਇਕ ਵਾਰ ਹੈਜੇ ਦੀ ਬਿਮਾਰੀ ਫੈਲ ਗਈ ਬਾਬਾ ਜੀ ਕਹਿੰਦੇ ਜੋ ਇਸ ਖੂਹ ਦਾ ਜਲ ਛੱਕ ਲਵੇਗਾ ਉਹ ਠੀਕ ਹੋ ਜਾਵੇਗਾ। ਇਸ ਕਰਕੇ ਉਸ ਖੂਹ ਦਾ ਜਲ ਛੱਕ ਕੇ ਲੱਖਾਂ ਪ੍ਰਾਣੀ ਠੀਕ ਹੋਏ। ਮਹਾਰਾਜਾ ਰਣਜੀਤ ਸਿੰਘ ਲਾਹੌਰ ਤੋਂ ਚੱਲ ਕੇ ਨੌਰੰਗਾਬਾਦ ਬਾਬਾ ਜੀ ਦਾ ਧੰਨਵਾਦ ਕਰਨ ਆਇਆ।

ਬਾਬਾ ਜੀ ਦੇ ਡੇਰੇ ਵਿਚ ਅਤਰ ਸਿੰਘ ਸੰਧਾਵਾਲੀਆ, ਕੰਵਰ ਕਸ਼ਮੀਰਾ ਸਿੰਘ ਰਹਿੰਦੇ ਸਨ।ਹੀਰਾ ਸਿੰਘ ਡੋਗਰਾ ਜੋ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਅਤੇ ਆਪਣੇ ਪਿਤਾ ਰਾਜਾ ਧਿਆਨ ਸਿੰਘ ਡੋਗਰੇ ਦੀ ਮੌਤ ਤੋਂ ਬਾਅਦ ਮਹਾਰਾਜਾ ਦਲੀਪ ਸਿੰਘ ਦਾ ਵਜ਼ੀਰ ਬਣਿਆ ਸੀ ਉਸ ਨੇ ਬਾਬਾ ਜੀ ਨੂੰ ਕਿਹਾ ਅਤਰ ਸਿੰਘ ਸਾਡਾ ਦੁਸ਼ਮਣ ਹੈ ਤੁਸੀਂ ਇਸਨੂੰ ਸਾਨੂੰ ਪਕੜਾ ਦੇਵੋ। ਬਾਬਾ ਜੀ ਨੇ ਕਿਹਾ ਜੋ ਸਾਡੇ ਡੇਰੇ ਵਿਚ ਆ ਜਾਵੇ ਅਸੀਂ ਨਾ ਉਸ ਨੂੰ ਜਾਣ ਲਈ ਕਹਿੰਦੇ ਹਾਂ ਨਾ ਆਉਣ ਲਈ ਕਹਿੰਦੇ ਹਾਂ ਤੁਹਾਡੀ ਇੱਛਾ ਹੈ ਤੁਸੀਂ ਆਪ ਆ ਕੇ ਪਕੜ ਲਵੋ ਰਾਜਾ ਹੀਰਾ ਸਿੰਘ ਡੋਗਰੇ ਨੇ ਲਾਹੌਰ ਦਰਬਾਰ ਤੋਂ ਹਮਲਾ ਕਰਕੇ ਬਾਬਾ ਜੀ, ਬੱਚੇ, ਬਜੁਰਗਾਂ ਅਤੇ ਔਰਤਾਂ ਸਮੇਤ 700 ਸੋ ਵਿਆਕਤੀਆ ਨੂੰ ਸ਼ਹੀਦੀ ਕਰ ਦਿੱਤਾ ਸੀ। ਇਹ ਸ਼ਹੀਦੀ ਬਾਬਾ ਜੀ ਅਤੇ ਸਮੂਹ ਸੰਗਤ ਨੇ ਸਾਂਤਮਈ ਰਹਿ ਕੇ ਦਿੱਤੀ ਸੀ।

ਇਹ ਇਤਿਹਾਸਕ ਘਟਨਾ 7 ਮਈ 27 ਵਿਸਾਖ ਦਿਨ ਮੰਗਲਵਾਰ 1844 ਨੂੰ ਲੱਲਾ ਵਾਲਾ ਥੇਹ (ਭੰਗਾਲਾ) ਨੇੜੇ ਪਿੰਡ ਮੁਠਿਆਂਵਾਲਾ ਵਿਖੇ ਵਾਪਰੀ। ਉਸ ਟਾਇਮ ਬਾਬਾ ਜੀ ਦੀ ਉਮਰ 76 ਸਾਲ ਸੀ।

# ਕੌੜੀਆਂ ਪਰ ਸੱਚੀਆਂ

ਪ੍ਰੋ. ਨਵ ਸੰਗੀਤ ਸਿੰਘ



ਪ੍ਰਸਿੱਧ ਵਿਅੰਗਕਾਰ ਹਰੀਸ਼ੰਕਰ ਪਰਸਾਈ (22.8.1922-10.8.1955) ਦੀਆਂ ਅੱਜ ਤੋਂ ਕਰੀਬ 50 ਸਾਲ ਪਹਿਲਾਂ ਰਚੀਆਂ ਵੱਖ ਵੱਖ ਵਿਅੰਗ ਰਚਨਾਵਾਂ 'ਚੋਂ 20 ਪੰਕਤੀਆਂ ਚੁਣ ਕੇ ਤੁਹਾਡੇ ਸਾਹਮਣੇ ਪੇਸ਼ ਹਨ, ਜੋ ਅੱਜ ਵੀ ਉਨੀਆਂ ਹੀ ਤਾਜ਼ਾ-ਤਰੀਨ ਹਨ। ਇਹ ਰਚਨਾਵਾਂ ਤੁਹਾਨੂੰ ਮਿਰਚਾਂ ਨਾਲੋਂ ਵੀ ਵੱਧ ਕੌੜੀਆਂ ਅਤੇ ਤਿੱਖੀਆਂ ਲੱਗਣਗੀਆਂ :


1. ਮੁੰਡਿਆਂ ਨੂੰ ਆਪਣਾ ਇਮਾਨਦਾਰ ਪਿਓ ਨਿਕੰਮਾ ਲੱਗਦਾ ਹੈ।

2. ਦਿਵਸ ਹਮੇਸ਼ਾ ਕਮਜ਼ੋਰ ਦਾ ਹੀ ਮਨਾਇਆ ਜਾਂਦਾ ਹੈ ਜਿਵੇਂ 'ਮਾਤ ਭਾਸ਼ਾ ਦਿਵਸ', 'ਮਹਿਲਾ ਦਿਵਸ', 'ਅਧਿਆਪਕ ਦਿਵਸ', 'ਮਜ਼ਦੂਰ ਦਿਵਸ' ਆਦਿ। ਕਦੇ ਵੀ 'ਥਾਣੇਦਾਰ ਦਿਵਸ' ਨਹੀਂ ਮਨਾਇਆ ਜਾਂਦਾ।

3. ਕੰਮ ਵਾਲੇ ਬੰਦੇ ਨੂੰ ਆਪਣਾ ਕੰਮ ਕਰਨ ਵਿੱਚ ਜਿੰਨੀ ਅਕਲ ਦੀ ਲੋੜ ਪੈਂਦੀ ਹੈ, ਉਸ ਤੋਂ ਵੱਧ ਅਕਲ ਬੇਕਾਰ ਬੰਦੇ ਨੂੰ ਸਮਾਂ ਬਿਤਾਉਣ ਵਿੱਚ ਲੱਗਦੀ ਹੈ।

4. ਜਿਨ੍ਹਾਂ ਦੀ ਹੈਸੀਅਤ ਹੈ, ਉਹ ਇੱਕ ਤੋਂ ਵੱਧ ਪਿਓ ਰੱਖਦੇ ਹਨ। ਇੱਕ ਘਰ ਵਿੱਚ, ਇੱਕ ਦਫ਼ਤਰ ਵਿੱਚ, ਇੱਕ-ਦੋ ਬਜ਼ਾਰ ਵਿੱਚ, ਇੱਕ-ਇੱਕ ਹਰ ਰਾਜਨੀਤਕ ਪਾਰਟੀ ਵਿੱਚ।

5. ਆਤਮ-ਵਿਸ਼ਵਾਸ ਕਈ ਤਰ੍ਹਾਂ ਦਾ ਹੁੰਦਾ ਹੈ- ਧਨ ਦਾ, ਸ਼ਕਤੀ ਦਾ, ਗਿਆਨ ਦਾ। ਪਰ ਮੂਰਖਤਾ ਦਾ ਆਤਮ-ਵਿਸ਼ਵਾਸ ਸਭ ਤੋਂ



ਉੱਤੇ ਹੁੰਦਾ ਹੈ।

6. ਸਭ ਤੋਂ ਨਿਰਾਰਥਕ ਅੰਦੋਲਨ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਹੁੰਦਾ ਹੈ। ਇੱਕ ਤਰ੍ਹਾਂ ਦਾ ਇਹ ਮਨੋਰੰਜਨ ਹੈ ਜੋ ਰਾਜਨੀਤਕ ਪਾਰਟੀ ਕਦੇ ਕਦੇ ਖੇਡ ਲੈਂਦੀ ਹੈ, ਜਿਵੇਂ ਕ੍ਰਿਕਟ ਜਾਂ ਕਬੱਡੀ ਦੇ ਮੈਚ।

7. ਰੋਜ਼ ਵਿਧਾਨ ਸਭਾ ਦੇ ਬਾਹਰ ਇੱਕ ਬੋਰਡ ਤੇ 'ਅੱਜ ਦਾ ਬਜ਼ਾਰ ਭਾ' ਲਿਖਿਆ ਹੋਣਾ ਚਾਹੀਦਾ ਹੈ। ਨਾਲ ਹੀ ਉਨ੍ਹਾਂ ਵਿਧਾਇਕਾਂ ਦੀ ਸੂਚੀ ਚਿਪਕੀ ਹੋਣੀ ਚਾਹੀਦੀ ਹੈ, ਜੋ ਵਿਕਣ ਨੂੰ ਤਿਆਰ ਹੋਣ। ਇਸ ਨਾਲ ਖਰੀਦਾਰ ਨੂੰ ਵੀ ਸੁਵਿਧਾ ਹੋਵੇਗੀ ਅਤੇ ਮਾਲ ਨੂੰ ਵੀ।

8. ਸਾਡੇ ਲੋਕਤੰਤਰ ਦੀ ਇਹ ਟ੍ਰੈਜਿਡੀ ਅਤੇ ਕਾਮੇਡੀ ਹੈ ਕਿ ਕਈ ਲੋਕ, ਜਿਨ੍ਹਾਂ ਨੂੰ ਜੀਵਨ ਭਰ ਜੇਲ੍ਹਖਾਨੇ ਵਿੱਚ ਰਹਿਣਾ ਚਾਹੀਦਾ ਹੈ, ਉਹ ਜ਼ਿੰਦਗੀ ਭਰ ਸੰਸਦ ਜਾਂ ਵਿਧਾਨ ਸਭਾ ਵਿੱਚ ਬੈਠਦੇ ਹਨ।

9. ਵਿਚਾਰ ਜਦੋਂ ਅਲੋਪ ਹੋ ਜਾਂਦਾ ਹੈ ਜਾਂ ਵਿਚਾਰ ਪ੍ਰਗਟ ਕਰਨ ਵਿੱਚ ਰੁਕਾਵਟ ਹੁੰਦੀ ਹੈ ਜਾਂ ਕਿਸੇ ਵਿਰੋਧ ਤੋਂ ਡਰ ਲੱਗਣ ਲੱਗਦਾ ਹੈ ਤਾਂ ਤਰਕ ਦੀ ਥਾਂ ਹੁੱਲੜਬਾਜ਼ੀ ਜਾਂ ਗੁੰਡਾਗਰਦੀ ਲੈ ਲੈਂਦੀ ਹੈ।

10. ਧਨ ਉਧਾਰ ਦੇ ਕੇ ਸਮਾਜ ਦਾ ਸ਼ੋਸ਼ਣ ਕਰਨ ਵਾਲੇ ਧਨਪਤੀ ਨੂੰ ਜਿਸ ਦਿਨ 'ਮਹਾਜਨ' ਕਿਹਾ ਗਿਆ ਹੋਵੇਗਾ, ਉਸੇ ਦਿਨ ਹੀ ਮਨੁੱਖਤਾ ਦੀ ਹਾਰ ਹੋ ਗਈ।

11. ਅਸੀਂ ਮਾਨਸਿਕ ਤੌਰ ਤੇ ਦੋਗਲੇ ਨਹੀਂ ਤਿਗਲੇ ਹਾਂ। ਸੰਸਕਾਰਾਂ ਤੋਂ ਸਾਮੰਤਵਾਦੀ ਹਾਂ, ਜੀਵਨ-ਮੁੱਲ ਅਰਧ-ਪੂੰਜੀਵਾਦੀ ਹਨ ਅਤੇ ਗੱਲਾਂ ਸਮਾਜਵਾਦ ਦੀਆਂ ਕਰਦੇ ਹਾਂ।

12. ਫਾਸ਼ਿਸ਼ਟ ਸੰਗਠਨ ਦੀ ਵਿਸ਼ੇਸ਼ਤਾ ਹੁੰਦੀ ਹੈ ਕਿ ਦਿਮਾਗ਼ ਸਿਰਫ਼ ਨੇਤਾ ਕੋਲ ਹੁੰਦਾ ਹੈ, ਬਾਕੀ ਸਾਰੇ ਕਾਰਜਕਰਤਾਵਾਂ ਕੋਲ ਸਿਰਫ਼ ਸਰੀਰ ਹੁੰਦਾ ਹੈ।

13. ਬੇਇੱਜ਼ਤੀ ਵਿੱਚ ਜੇ ਦੂਜੇ ਨੂੰ ਵੀ ਸ਼ਾਮਲ ਕਰ ਲਓ ਤਾਂ ਅੱਧੀ ਇੱਜ਼ਤ ਬਚ ਜਾਂਦੀ ਹੈ।

14. ਦੁਨੀਆਂ ਵਿੱਚ ਭਾਸ਼ਾ, ਅਭਿਵਿਅਕਤੀ ਦੇ ਕੰਮ ਆਉਂਦੀ ਹੈ। ਇਸ ਦੇਸ਼ ਵਿੱਚ ਦੰਗਿਆਂ ਦੇ ਕੰਮ ਆਉਂਦੀ ਹੈ।

15. ਜਦੋਂ ਸ਼ਰਮ ਦੀ ਗੱਲ ਗੌਰਵ ਦੀ ਗੱਲ ਬਣ ਜਾਵੇ ਤਾਂ ਸਮਝੋ ਕਿ ਲੋਕਤੰਤਰ ਵਧੀਆ ਚੱਲ ਰਿਹਾ ਹੈ।

16. ਜੋ ਪਾਣੀ ਛਾਣ ਕੇ ਪੀਂਦੇ ਹਨ, ਉਹ ਆਦਮੀ ਦਾ ਖ਼ੂਨ ਬਿਨਾਂ ਛਾਣੇ ਹੀ ਪੀ ਜਾਂਦੇ ਹਨ।

17. ਸੋਚਣਾ ਇੱਕ ਰੋਗ ਹੈ। ਜੋ ਇਸ ਰੋਗ ਤੋਂ ਮੁਕਤ ਹਨ, ਸਿਹਤਮੰਦ ਹਨ, ਉਹ ਧੰਨ ਹਨ।

18. ਹੀਣਤਾ ਦੇ ਰੋਗ ਵਿੱਚ ਕਿਸੇ ਦੇ ਅਹਿਤ ਦਾ ਇੰਜੈਕਸ਼ਨ ਬੜਾ ਕਾਰਗਰ ਹੁੰਦਾ ਹੈ।

19. ਨਾਰੀ-ਮੁਕਤੀ ਦੇ ਇਤਿਹਾਸ ਵਿੱਚ ਇਹ ਵਾਕ ਅਮਰ ਰਹੇਗਾ ਕਿ "ਇੱਕ ਦੀ ਕਮਾਈ ਨਾਲ ਪੂਰਾ ਨਹੀਂ ਪੈਂਦਾ।"

20. ਇੱਕ ਵਾਰ ਕਚਹਿਰੀ ਚੜ੍ਹ ਜਾਣ ਪਿੱਛੋਂ ਸਭ ਤੋਂ ਵੱਡਾ ਕੰਮ ਹੈ, ਆਪਣੇ ਵਕੀਲ ਤੋਂ ਆਪਣੀ ਰੱਖਿਆ ਕਰਨੀ।

(ਬਠਿੰਡਾ) 9417692015

* * * * * * * *

# ਨੌਜਵਾਨ ਗਾਇਕ ਜੋੜੀ ਤੇਜ਼ੀ ਨਾਲ ਚੋਟੀ ਦੀਆਂ ਗਾਇਕ ਜੋੜੀਆਂ ਵਿੱਚ ਹੋਈ ਸ਼ਾਮਿਲ ਸ਼ੰਮੀ ਖਾਨ ਤੇ ਕਿਰਨ ਰੰਧਾਵਾ



ਨਵੀਂ ਪੀੜ੍ਹੀ ਦੇ ਪੰਜਾਬੀ ਗਾਇਕ ਕਲਾਕਾਰਾਂ ਵਿੱਚ ਸ਼ੰਮੀ ਖਾਨ ਦਾ ਨਾਮ ਤੇਜ਼ੀ ਨਾਲ ਉੱਭਰ ਕਿ ਸਾਹਮਣੇ ਆਇਆ ਹੈ। ਸ਼ੰਮੀ ਖਾਨ ਇਸ ਵੇਲੇ ਅੱਜ ਆਸਟ੍ਰੇਲੀਆ , ਭਾਰਤ ਤੇ ਪੰਜਾਬ ਵਿੱਚ ਸ਼ੋ ਲਾ ਰਿਹਾ ਹੈ ਤਾਂ ਜਵਾਨ ਉਮਰ ਵਿੱਚ ਹੀ "ਟਾਈਮ ਟੀਵੀ" ਲਈ ਰਾਇਲਟੀ ਸੰਗੀਤ ਸ਼ੋ "ਸਟਾਰ ਪੰਜਾਬ ਦੇ" ਲਈ ਜੱਜ ਬਣ ਆਉਣਾ ਵੀ ਓਸ ਦੀ ਅਹਿਮ ਪ੍ਰਾਪਤੀ ਹੈ।ਇਹੀ ਹੀ ਨਹੀਂ ਸ਼ੰਮੀ ਖਾਨ ਦੋਗਾਣਾ ਗਾਇਕੀ ਵਿੱਚ ਵੀ ਮਾਝੇ ਵਿੱਚੋਂ ਇੱਕ ਨੰਬਰ ਤੇ ਅਤੇ ਪੰਜਾਬ ਵਿੱਚ ਚੋਟੀ ਦੇ ਦੱਸ ਦੋਗਾਣਾ ਗਾਇਕ ਜੋੜਿਆਂ ਵਿੱਚ ਸ਼ਾਮਿਲ ਹਨ। ਬਟਾਲਾ ਤੋਂ ਆਪਣਾ ਗਾਇਕੀ ਜੀਵਨ ਸ਼ੁਰੂ ਕਰਨ ਵਾਲੇ ਸ਼ੰਮੀ ਖਾਨ ਨੇ ਮੰਗੀ ਖਾਂ ਤੋਂ ਬਕਾਇਦਾ ਸੰਗੀਤ ਸਿੱਖਿਆ ਤੇ "ਸੜਕ ਸਰਕਾਰੀ "ਨਰਸ ਪਟਿਆਲੇ" ਸ਼ੰਮੀ ਦੇ ਗਾਏ ਓਹ ਦੋਗਾਣੇ ਨੇ ਜਿਹਨਾਂ ਨਾਲ ਓਸ ਦੀ ਤੇ ਕਿਰਨ ਰੰਧਾਵਾ ਦੀ ਗਾਇਕ ਜੋੜੀ ਪ੍ਰਵਾਨਿਤ ਬਣੀ ਤੇ ਦੋਵੇਂ ਜੀਵਨ ਵਿੱਚ ਵੀ ਜੋੜੀਦਾਰ ਬਣੇ ਹਨ। ਸ਼ੰਮੀ ਦੇ ਸੰਬੰਧ ਵਿੱਚ ਸੰਗੀਤਕਾਰ ਪ੍ਰਗਟ ਨੇ ਕਿਹਾ ਸੀ ਕਿ ਇਕੱਲੇ ਗਾਉਣ ਲਈ ਇਸ ਗਾਇਕ ਨੂੰ "ਮਿਰਜ਼ਾ" ਤੇ "ਜਿਉਣਾ ਮੌੜ" ਜਿਹੇ ਉੱਚੀ ਸੁਰ ਦੇ ਗੀਤ ਚਾਹੀਦੇ ਹਨ। "ਉਡਾਈਏ ਗੁੱਡੀਆਂ" ਗੀਤ ਨੇ ਸ਼ੰਮੀ ਤੇ ਕਿਰਨ ਨੂੰ "ਮਾਝੇ ਦੀ ਉੱਤਮ ਗਾਇਕ ਜੋੜੀ" ਦਾ ਸਨਮਾਨ ਦਿਵਾਇਆ। ਇਸ ਤੋਂ ਬਾਅਦ ਓਸ ਦੇ ਜਿੰਨੇ ਵੀ ਗੀਤ ਆਏ ਸਫਲ ਰਹੇ। ਇਸ ਦੌਰਾਨ "ਕਬੱਡੀਆਂ" ਦੋਗਾਣੇ ਨਾਲ ਸ਼ੰਮੀ ਤੇ ਕਿਰਨ ਨੂੰ ਖੇਡ ਮੈਦਾਨਾਂ ਵਿੱਚ ਵੀ ਸਨਮਾਨਿਤ ਕੀਤਾ ਗਿਆ ਹੈ। ਕੰਵਲਜੀਤ ਮਾਨਾਂਵਾਲਾ ਨੇ "ਨਗਾਰਾ ਟੀਵੀ" ਸ਼ੰਮੀ ਖਾਨ ਨੂੰ "ਬ੍ਰਾਂਡ ਸਟਾਰ" ਰੱਖਿਆ ਹੋਇਆ ਹੈ। ਇਸ ਦੌਰਾਨ ਜਦ "ਸਟਾਰ ਪੰਜਾਬ ਦੇ" ਲਈ ਸ਼ੰਮੀ ਖਾਨ ਨੇ ਪਾਕਸਤਾਨੀ ਸੰਗੀਤਕਾਰ ਸਰਦਾਰ ਜਸਪਾਲ, ਸਾਬਰਕੋਟੀ ਨਾਲ ਜੱਜ ਦਾ ਰੋਲ ਅਦਾ ਕੀਤਾ ਤਾਂ ਓਸ ਨੇ ਅਹਿਦ ਕੀਤਾ ਕਿ ਦੋਗਾਣੇ ਵਿੱਚ ਓਹ ਸਦੀਕ ਰਣਜੀਤ ਕੌਰ ਦੀ ਤਰਾਂ ਕਾਮਯਾਬ ਹੋਏਗਾ ਤੇ ਆਮ ਗਾਇਕੀ ਵਿੱਚ ਸ਼ੰਮੀ ਖਾਨ ਦਾ ਇਰਾਦਾ ਸੁਰਜੀਤ ਬਿੰਦਰਖੀਆ ਦੀ ਤਰਾਂ ਅੱਗੇ ਆਓਣ ਲਈ ਬੇਤਾਬ ਹਨ। ਸ਼ੰਮੀ ਖਾਨ ਨੇ ਅਸ਼ੋਕ ਪੁਰੀ ਦੀ ਫ਼ਿਲਮ "ਕ੍ਰਾਂਤੀ ਦੂਤ" ਲਈ ਪਲੇ ਬੈਕ ਦਿੱਤਾ ਹੈ । ਸ਼ੰਮੀ ਖਾਨ ਨੇ ਹੁਣ ਮਾਡਰਨ ਮਿਰਜ਼ਾ ਵੀਡਿਓ ਤੇ ਇਤਹਾਸਕ ਮਿਰਜ਼ਾ ਆਡੀਓ ਵਿੱਚ ਗਾ ਕਿ ਲੱਖਾਂ ਦੀ ਗਿਣਤੀ ਵਿੱਚ ਇਸ ਦੇ ਵਿਊ ਲਏ ਹਨ। ਸ਼ੰਮੀ ਖਾਨ ਦੀ ਗਾਇਕੀ ਨੂੰ ਵਿਸ਼ਵ ਪੱਧਰ ਦੀ ਗਾਇਕੀ ਬਣਾਉਣ ਵਿੱਚ ਗੁਰਦੀਪ ਸੰਧੂ ਤੇ ਕੰਵਲਜੀਤ ਮਾਨਾਂਵਾਲਾ ਦਾ ਵਿਸ਼ੇਸ਼ ਯੋਗਦਾਨ ਹੈ। ਸ਼ੰਮੀ ਖਾਨ ਨੇ ਹੁਣ ਆਸਟ੍ਰੇਲੀਆ ਵਿਖੇ ਕਰਜ਼ੇ ਵਿੱਚ ਡੁੱਬੇ ਕਿਸਾਨ ਤੇ ਉਸਦੀ ਖੁਦਕਸ਼ੀ ਤੇ ਜ਼ਿੰਦ ਸੁਰ ਸਿੰਘ ਦਾ ਲਿਖਿਆ ਗੀਤ ਗਾਇਆ ਹੈ। "ਜੁੱਤੀ ਰਹਿ ਗਈ ਖੇਤ" ਗੀਤ ਜਿਸ ਦਿਨ ਪ੍ਰਸਾਰਿਤ ਹੋਇਆ ਸ਼ੰਮੀ ਖਾਨ ਗਾਇਕੀ ਵਿੱਚ ਸਟਾਰ ਗਾਇਕ ਬਣੇਗਾ ਰਹੀ ਗੱਲ ਦੋਗਾਣਾ ਗਾਇਕੀ ਦੀ ਤਾਂ ਇਸ ਵਿੱਚ ਓਹ ਕਾਫ਼ੀ ਹੱਦ ਤੱਕ ਸਫ਼ਲ ਹੈ। ਸ਼ੰਮੀ ਖਾਨ ਨੇ ਖੁਦ ਕਿਹਾ ਹੈ ਕਿ ਦੋ ਸਾਲ ਵਿੱਚ ਓਹ ਨਾਮਵਰ ਪੰਜਾਬੀ ਗਾਇਕ ਕਲਾਕਾਰਾਂ ਦੀ ਟੋਪ ਦੱਸ ਵਿੱਚ ਸ਼ਾਮਿਲ ਹੋਇਆ ਹੀ ਸਮਝੋ।

-ਅੰਮ੍ਰਿਤ ਪਵਾਰ

## ਦੋ ਖ਼ਾਸ ਖਬਰਾਂ, ਇੱਕ "ਤਬਾਹੀ ਰਿਲੋਡਡ" ਪੰਜਾਬ ਹਿਤੈਸ਼ੀਆਂ ਦੀ ਪਹਿਲੀ ਪਸੰਦ ਫ਼ਿਲਮ ਤੇ ਦੂਜੀ "ਖੁਣੀਆਂ ਪੈਣਗੀਆਂ"




ਪੰਜਾਬ ਦੇ ਵੱਖ ਵੱਖ ਸਿਨੇਮਾ ਘਰਾਂ ਤੋਂ "ਤਬਾਹੀ ਰਿਲੋਡਡ" ਦੀ ਫੀਡ ਬੈਕ ਲਈ ਤੇ "ਗੁਲਾਬ ਕੌਰ" ਦੇ ਕਿਰਦਾਰ ਨੂੰ ਬਹੁਤ ਪਸੰਦ ਕੀਤਾ ਗਿਆ ਕਿਹਾ ਇਹ ਰੋਲ ਮਾਡਲ ਬਣਾਓ ਸੱਚ ਸੁੱਚੀ ਬਿਰਗਿ ਨੇ ਜ਼ਬਰਦਸਤ ਐਕਟਿੰਗ ਕੀਤੀ। ਅੱਜ ਆਰਕੈਸਟਰਾਂ ਕੁੜੀਆਂ ਨਾਲ ਅਜਿਹਾ ਹੋ ਰਿਹਾ ਨੰਗਾ ਸੱਚ ਸਾਮਣੇ ਲਿਆਉਣ ਲਈ ਗੁਆ ਕਿ ਅੱਗੇ ਆਉਣਾ ਪੈਂਦਾ ਫ਼ਿਲਮ ਕਿਵੇਂ ਵੀ ਰਹੇ ਪੈਸਾ ਅਗਲੀ ਵਿੱਚ ਕਮਾ ਲੈਣਗੇ ਪਰ ਭਲਾ ਤਾਂ ਕੀਤਾ ਸੱਚ ਲਿਆ ਤੇ ਇਧਰ "ਖੁਤੀਆਂ ਪੈਣ ਵਾਲੀਆਂ ਨੇ "ਦਿਲਜੀਤ ਦੁਸਾਂਝ ਤੇ ਨੀਰੂ ਬਾਜਵਾ ਦੀ" 3" ਹਿੱਸਾ ਜੱਟ ਤੇ ਜੂਲੀਅਟ ਆ ਰਹੀ ਹੈ।

ਜਗਦੀਪ ਸਿੱਧੂ ਫ਼ਿਲਮ ਦਾ ਲੇਖਕ ਤੇ ਨਿਰਦੇਸ਼ਕ ਹੈ ਤੇ ਆਖ਼ਿਰ ਵਿੱਚ ਸਵਰਨ ਸਿੰਘ ਸੱਚ ਦਾ ਸੀ ਐਮ ਲੱਗਿਆ, ਪੂਜਾ ਗਾਬਾ ਸ਼ਾਰਦਾ ਕੋਲ ਸਾਰਾ ਕੁਝ ਏ ਗਲੈਮਰ ਤੇ ਅਭਿਨੈ ਵੀ, ਕਰਨ ਅਰਜਨ ਜਰਮਨ ਮੱਲ੍ਹੀ ਤੇ ਮਨਜੋਤ ਸਿੰਘ ਸੈਣੀ ਜ਼ਿੰਦਾਬਾਦ, ਉਭਰਿਆ ਦਲੇਰ ਮਹਿਤਾ। ਜਨਤਾ ਨੇ ਕਿਹਾ ਚਰਨਜੀਤ ਸਿੰਘ ਬਰਾੜ ਜਿਹੇ ਨੇਤਾ ਤੇ ਬਾਬੂ ਚੰਡੀਗੜ੍ਹੀਆ ਨੇ ਕਿਹਾ ਤਬਾਹੀ ਰਿਲੋਡਡ ਬਣਾ ਖੱਟਿਆ ਪੰਜਾਬ ਦਾ ਦਿਲੋਂ ਪਿਆਰ ,ਪੰਜਾਬ ਲਈ ਇਹ ਇਤਿਹਾਸਕ ਫ਼ਿਲਮ ਏ ਤੇ ਇਧਰ ਜਗਦੀਪ ਸਿੱਧੂ ਨੇ "ਜੱਟ ਤੇ ਜੂਲੀਅਟ 3" ਲਈ ਟੈਗ ਲਾਈਨ "ਖੁੱਟੀਆਂ ਪੈਣਗੀਆਂ" ਰੱਖੀ ਹੈ।

-ਅੰਮ੍ਰਿਤ ਪਵਾਰ